ੴ

ਜਪੁਜੀ ਤੇ ਸੁਖਮਨੀ ਦਾ ਨੂਰ

BVP - 1982
16/3/18

1/5

ੴ

ਜਪੁਜੀ
ਤੇ
ਸੁਖਮਨੀ ਦਾ ਨੂਰ

ਅਨੁਵਾਦਕ
ਅਨੂਪ ਸਿੰਘ 'ਨੂਰੀ'
ਕਰਤਾਰਪੁਰ

5 ਆਬ
ਪ੍ਰਕਾਸ਼ਨ, ਜਲੰਧਰ

ਚੌਥਾ ਸੰਸਕਰਣ: 2017

JAPJI
TE
SUKHMANI DA NOOR

Translated in Poetry

by

ANUP SINGH 'NURI'

Kartarpur

ਕੀਮਤ : 350/-

ਪ੍ਰਕਾਸ਼ਕ: 5 ਆਬ ਪ੍ਰਕਾਸ਼ਨ

1-2ਦੇਸ਼ ਭਗਤ ਯਾਦਗਾਰ ਬਿਲਡਿੰਗ, ਜਲੰਧਰ

ਫ਼ੋਨ: 98140-87063

5aabparkashan@gmail.com www. 5aabparkashan.com

ਟਾਈਪ ਸੈਟਿੰਗ: ਵੈਕ ਕੰਪਿਊਟਰਜ਼, ਜਲੰਧਰ

ਪ੍ਰਿੰਟਰਜ਼: 5ਆਬ ਪ੍ਰਿੰਟਰਜ਼ ਜਲੰਧਰ

ਸਮਰਪਣ

ਦਾਸ, ਜਨ, ਬਾਣੀ ਦੇ ਬੋਹਿਥੁ ਜਸ ਕਰਦੈ ਜੋ ਪ੍ਰਭੁ ਦੇ ਘਰ ਦਾ
ਸ਼ਾਇਰ ਕਵੀ ਮੈਂ ਢਾਡੀ ਰਬ ਦਾ ਮਾਣ ਨਾਲ ਨਾਂ ਆਪਣੇ ਧਰਦਾ
ਜਿਸ ਵਰਗਾ ਕੋਈ ਹੋਇਆ ਨ ਹੋਊ, ਹਰਿ ਇਕ ਇਨ੍ਹਾਂ ਦੀ ਹਾਮੀਭਰਦਾ
ਉਸ ਨਾਨਕ ਦੇ ਦਰ ਤੇ 'ਨੂਰੀ' ਪੁਸਤਕ ਇਹ ਸਮਰਪਣ ਕਰਦਾ

-ਸਾਹਿਤ ਕਾਰ

ਅਨੂਪ ਸਿੰਘ ਨੂਰੀ
98556-30313
98722-59199

ਅਨੂਪ ਸਿੰਘ ਨੂਰੀ ਦੀਆਂ ਕਿਤਾਬਾਂ ਜੋ ਛਪ ਚੁੱਕੀਆਂ ਹਨ:

1. ਬਾਰਾਂ ਮਾਹ ਦਾ 'ਨੂਰ' (ਅਨੁਵਾਦ ਬਾਰਾਂ ਮਾਹ)
2. ਸੁਖਮਨੀ ਦਾ ਨੂਰ (ਅਨੁਵਾਦ ਸੁਖਮਨੀ)
3. ਗੁਰੂ ਕ੍ਰਿਪਾ (ਧਾਰਮਿਕ ਕਵਿਤਾਵਾਂ)
4. ਜਪੁਜੀ ਦਾ ਨੂਰ (ਅਨੁਵਾਦ ਜਪੁਜੀ ਸਾਹਿਬ)
5. ਅੰਮ੍ਰਿਤਬਾਣੀ ਭਗਤ ਨਾਮਦੇਵ ਜੀ (ਕਾਵਿ ਅਨੁਵਾਦ)
6. ਹੁਕਮਨਾਮੇ ਸ੍ਰੀ ਦਰਬਾਰ ਸਾਹਿਬ (ਕਵਿਤਾ ਵਿਚ)
7. ਅੰਮ੍ਰਿਤ ਦਰਸ਼ਨ (ਅਨੁਵਾਦ ਨਿਤਨੇਮ ਦੀਆਂ ਬਾਣੀਆਂ)
8. ਸੋਵੀਨਰ ਸ੍ਰੀ ਗੁਰੂ ਅਰਜਨ ਦੇਵ ਜੀ
9. ਇਕ ਸਰਵੇਖਣ ਕਰਤਾਰਪੁਰ
10. ਸਰਵੇਖਣ ਪੁਸਤਕ ਨਡਾਲਾ ਬਲਾਕ, ਕਪੂਰਥਲਾ
11. ਅਜਨਾਮੇ ਦੋਇਮ ਛਪ ਰਹੇ
12. ਕੁਝ ਮਹਾਨ ਸ਼ਖ਼ਸੀਅਤਾਂ ਅਤੇ ਮੇਰੇ ਸਹਿਯੋਗੀਆਂ ਦਾ ਗੁਲਦਸਤਾ
13. ਯੁੱਗ ਪੁਰਸ਼ ਭਗਤ ਰਵਿਦਾਸ ਮਹਾਰਾਜ ਜੀ
14. ਸੋਵੀਨਰ ਸਾਹਿਬ-ਏ-ਕਮਾਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ
15. ਅਨੁਪਮ ਕਾਵਯ ਉਡਾਰੀਆਂ
16. ਸ਼ਹੀਦਾਨਿ ਵਫਾ ਅਤੇ ਗਜਿ ਸ਼ਹੀਦਾਂ (ਕਾਵਿ ਅਨੁਵਾਦ)
17. ਆਸਾ ਦੀ ਵਾਰ (ਕਾਵਿ ਅਨੁਵਾਦ)
18. ਸ਼ਹੀਦੇ ਗੰਜ ਤੇ ਸ਼ਹੀਦਾਨੇ ਵਫ਼ਾ (ਅੱਲਾ ਯਾਰ ਖਾਂ ਯੋਗੀ, ਉਰਦੂ ਨਜ਼ਮਾਂ ਦਾ ਪੰਜਾਬੀ ਅਨੁਵਾਦ)
19. ਸ਼੍ਰੋਮਣੀ ਭਗਤ ਨਾਮਦੇਵ ਜੀ ਦੇ ਸ਼ਬਦਾਂ ਦਾ ਅਨੁਵਾਦ



ਨੰਦਪੁਰ ਕਲੌੜ ਵਿਖੇ ਨੂਰੀ ਜੀ ਨੂੰ ਗਿ. ਦਿੱਤ ਸਿਘ
ਐਵਾਰਡ ਨਾਲ ਸਨਮਾਨਿਤ ਕੀਤਾ ਗਿਆ।

AKAL COLLEGE COUNCIL, MASTUANA SAHIB

LIFETIME ACHIEVEMENT AWARD, 2013

Akal College Council, Mastuana Sahib is honoured to confer

LIFETIME ACHIEVEMENT

to

S. Anup Singh Noori

for his exceptional & dedicated contribution

in the field of Punjabi Literature

Dr. B. S. Punia
Director
Akal College Council

ਮੁੱਖ ਸ਼ਬਦ

ਗੁਰਬਾਣੀ ਇਕ ਅਜਿਹਾ ਸਿਰਜਣਾਤਮਕ ਪ੍ਰਵਚਨ ਹੈ ਜਿਸ ਦੀਆਂ ਡੂੰਘੀਆਂ ਰਮਜ਼ਾਂ ਨੂੰ ਪਕੜਨ ਲਈ ਸਮੇਂ-ਸਮੇਂ ਵਿਦਵਾਨਾਂ, ਚਿੰਤਕਾਂ, ਖੋਜੀਆਂ ਅਤੇ ਨਾਮ ਰਸੀਆ ਵੱਲੋਂ ਯਤਨ ਹੁੰਦੇ ਰਹੇ ਹਨ। ਪਰ ਇਸ ਦੇ ਬਾਵਜੂਦ ਇਸ ਅਧਿਆਤਮਿਕ ਸਿਰਜਣਾ ਦੇ ਡੂੰਘੇ ਸਮੁੰਦਰ ਵਿਚ ਉਤਰਨਾ ਤੇ ਇਸਦੀ ਥਾਹ ਪਾਉਣੀ ਵਿਦਵਾਨਾਂ ਲਈ ਵੱਡੀ ਚੁਣੌਤੀ ਰਹੀ ਹੈ। ਦਿਲਚਸਪ ਗੱਲ ਇਹ ਹੈ ਕਿ ਇਸ ਦੀਆਂ ਅਸੀਮ ਤੇ ਅਨੰਤ ਪਰਤਾਂ ਨੂੰ ਸਮਝਣ ਲਈ ਜਿਸ ਨੇ ਜਿੰਨੀ ਡੂੰਘੀ ਤਾਰੀ ਲਾਈ ਉਨ੍ਹਾਂ ਹੀ ਉਹ ਵਿਸਮਾਦੁ ਨਾਲ ਸ਼ਰਸਾਰ ਹੋਇਆ। ਅਜਿਹੇ ਸ਼ੁਭ ਕਾਰਜ ਵਿਚ ਪ੍ਰਮਾਤਮਾ ਦੀ ਬਖਸ਼ਿਸ਼ ਨਾਲ ਵੱਖਰੀ ਪਿਰਤ ਪਾਉਂਦਿਆਂ ਅਨੂਪ ਸਿੰਘ ਨੂਰੀ ਨੇ ਜਪੁਜੀ ਅਤੇ ਸੁਖਮਨੀ ਦਾ ਅਨੁਵਾਦ ਕਾਵਿ ਰੂਪ ਵਿਚ ਕੀਤਾ ਹੈ, ਜਿਸ ਦੀ ਗੁਰਮਤਿ ਦੇ ਜਗਿਆਸੂਆਂ ਵੱਲੋਂ ਕਾਫੀ ਪ੍ਰਸੰਸਾ ਹੋਈ ਹੈ।

'ਜਪੁਜੀ' ਗੁਰੂ ਜੀ ਦੀ ਆਰੰਭਲੀ ਰਚਨਾ ਹੈ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਆਰੰਭ ਵਿਚ ਦਰਜ ਹੈ ਤੇ ੧ਓ ਭਾਵ ਇਕ ਪ੍ਰਮਾਤਮਾ ਬਾਰੇ ਦ੍ਰਿੜ ਕਰਵਾਉਂਦੀ ਹੈ। ਗੁਰੂ ਨਾਨਕ ਦੇਵ ਜੀ ਨੇ ਦੇਵ ਭਾਸ਼ਾ ਨੂੰ ਨਕਾਰਦੇ ਹੋਏ ਲੋਕਾਂ ਦੀ ਭਾਸ਼ਾ ਵਿਚ ਪ੍ਰਮਾਤਮਾ ਦਾ ਜ਼ਿਕਰ ਕੀਤਾ ਹੈ। ਅਨੂਪ ਸਿੰਘ ਨੂਰੀ ਨੇ ਆਪਣੀ ਕਾਵਿ ਸ਼ੈਲੀ ਤੇ ਸੁਚੱਜਤਾ ਨਾਲ ਜਿਥੇ 'ਜਪੁਜੀ' ਦੇ ਗੁੱਝੇ ਭਾਵਾਂ ਨੂੰ ਸੂਖਮ ਤਰੀਕੇ ਨਾਲ ਸਮਝਾਇਆ ਹੈ, ਉਥੇ ਪੰਚਮ ਪਾਤਸ਼ਾਹ ਦੀ ਅਨਮੋਲ ਰਚਨਾ ਸੁਖਮਨੀ ਸਾਹਿਬ ਦੇ ਕਾਵਿ ਅਨੁਵਾਦ ਵੱਲ ਪੁਟਿਆ ਨੂਰੀ ਸਾਹਿਬ ਦਾ ਇਹ ਨਿਵੇਕਲਾ ਕਦਮ ਪਰੰਪਰਕ ਅਨੁਵਾਦ ਨਾਲੋਂ ਦਿਸ਼ਾ ਅਤੇ ਦ੍ਰਿਸ਼ਟੀ ਪੱਖੋ ਅਜਿਹਾ ਹੈ ਜਿਸ ਦੀ ਅਜੇ ਤੱਕ ਘਾਟ ਹੀ ਮਹਿਸੂਸ ਕੀਤੀ ਜਾਂਦੀ ਰਹੀ ਸੀ।

ਨੂਰੀ ਸਾਹਿਬ ਦੀਆਂ ਕਵਿਤਾਵਾਂ ਪੜ੍ਹ ਕੇ ਮੈਨੂੰ ਚਾਅ ਜਿਹਾ ਚੜ੍ਹ ਜਾਂਦਾ ਹੈ ਅਤੇ ਕਿਤਾਬ ਪੜ੍ਹ ਕੇ ਆਨੰਦ ਅਤੇ ਸਕੂਨ ਮਹਿਸੂਸ ਕਰਦਾ ਹਾਂ। ਉਨ੍ਹਾਂ ਦੀ ਕਵਿਤਾ ਦੀ ਸਭ ਤੋਂ ਵੱਡੀ ਵਿਲੱਖਣਤਾ ਇਹ ਹੈ ਕਿ ਉਸ ਵਿਚ ਗੁਰਮਤਿ ਅਤੇ

ਬਾਣੀ ਪ੍ਰਤੀ ਸਤਿਕਾਰ ਨਾਲ ਭਰਪੂਰ ਜਜ਼ਬਾ ਡੁੱਲ੍ਹ-ਡੁੱਲ੍ਹ ਪੈਂਦਾ ਹੈ।

ਖੁਸ਼ੀਂ ਦੀ ਗੱਲ ਇਹ ਹੈ ਕਿ ਅਹਿਮ ਕਵੀ ਦਰਬਾਰਾਂ ਦੀ ਸ਼ਾਨ ਰਿਹਾ ਨੂਰੀ ਉਮਰ ਦੇ ਨੌਂਵੇਂ ਦਹਾਕੇ 'ਚ ਵੀ ਅਡੋਲ, ਬੁਲੰਦ ਇਰਾਦੇ ਅਤੇ ਕਾਵਿ ਜਨੂੰਨ ਨਾਲ ਭਰਪੂਰ ਹੈ।

ਮੈਂ ਸ਼੍ਰੋਮਣੀ ਕਵੀ ਸ. ਅਨੂਪ ਸਿੰਘ ਨੂਰੀ ਦੀ ਹੱਥਲੀ ਪੁਸਤਕ 'ਜਪੁਜੀ ਅਤੇ ਸੁਖਮਨੀ ਦਾ ਨੂਰ' ਨੂੰ ਵੀ ਖੁਸ਼ਆਮਦੀਦ ਆਖਦਾ ਹੋਇਆਂ ਮੁਬਾਰਕਬਾਦ ਪੇਸ਼ ਕਰਦਾ ਹਾਂ।

-ਡਾ. ਗੋਬਿੰਦ ਸਿੰਘ
ਪ੍ਰਿੰਸੀਪਲ
ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ
ਭਗਤਾ ਭਾਈ ਕਾ, ਬਠਿੰਡਾ

ਕੁਝ ਲੇਖਕ ਵੱਲੋਂ

ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ ਦੀ ਪਹਿਲੀ ਪੋਥੀ ਵਿਚ ਮਹਾਨ ਵਿਦਵਾਨ ਟੀਕਾਕਾਰ ਪ੍ਰਿੰਸੀਪਲ ਸਾਹਿਬ ਸਿੰਘ ਜੀ ਨੇ ਜਪੁਜੀ ਦਾ ਸਮੁੱਚਾ ਭਾਵ ਲਿਖਦਿਆਂ ਕੁਝ ਪ੍ਰਸ਼ਨ ਉੱਤਰ ਦਿੱਤੇ ਹਨ। ਜਿਵੇਂ:-

ਪ੍ਰਸ਼ਨ- ਮਨੁੱਖ ਦੀ ਰੱਬ ਨਾਲੋਂ ਜੋ ਵਿੱਥ ਪੈ ਰਹੀ ਹੈ ਇਹ ਕਿਵੇਂ ਹਟ ਸਕਦੀ ਹੈ?

ਉੱਤਰ- ਰੱਬ ਦਾ ਹੁਕਮ ਮੰਨਿਆ-(ਜਿਵੇਂ ਜੇ ਪੁੱਤਰ ਪਿਉ ਦਾ ਹੁਕਮ ਮੰਨਦਾ ਰਹੇ ਤਾਂ ਪਿਉ ਪੁੱਤਰ ਵਿਚ ਵਿੱਥ ਨਹੀਂ ਪੈਂਦੀ)

ਦਾਨ ਕੀਤਿਆਂ, ਤੀਰਥਾਂ ਤੇ ਇਸ਼ਨਾਨ ਕੀਤਿਆਂ ਨਾ ਪ੍ਰਾਣਾ ਯਾਮ ਦੀ ਰਾਹੀਂ ਉਮਰ ਵਧਾਇਆ ਇਹ ਵਿੱਥ ਦੂਰ ਹੋ ਸਕਦੀ ਹੈ।

(ਪਉੜੀ ੧ ਤੋਂ ੭)

ਪ੍ਰਸ਼ਨ- ਹੁਕਮ ਮੰਨਣ ਦਾ ਕੀ ਤਰੀਕਾ ਹੈ?

ਉੱਤਰ- ਜਿਵੇਂ-ਜਿਵੇਂ ਮਨੁੱਖ ਗੁਰੂ ਦੇ ਦੱਸੇ ਰਾਹ ਤੇ ਤੁਰ ਕੇ ਪ੍ਰਮਾਤਮਾ ਦਾ ਭਜਨ ਕਰਦਾ ਹੈ ਤਿਵੇਂ-ਤਿਵੇਂ ਇਸ ਨੂੰ ਪ੍ਰਭੂ ਦੀ ਰਜਾ ਮਿੱਠੀ ਲੱਗਣ ਲੱਗ ਪੈਂਦੀ ਹੈ। ਸੋ ਹੁਕਮ ਵਿਚ, ਉਸ ਦੀ ਰਜ਼ਾ ਵਿਚ ਤੁਰਨ ਲਈ ਜੀਵ ਨੇ ਪ੍ਰਭੂ ਦੀ ਸਿਫ਼ਤ ਸਲਾਹ ਵਿਚ ਸੁਰਤ ਜੋੜਨੀ ਹੈ।

(੮ ਤੋਂ ੧੫)

ਸੁਰਤ ਜੋੜਨ ਦਾ ਇਹ ਸਿੱਟਾ ਕਦੇ ਵੀ ਨਹੀਂ ਨਿਕਲ ਸਕੇਗਾ ਕਿ ਜੀਵ ਪ੍ਰਮਾਤਮਾ ਦਾ ਜਾਂ ਉਸ ਦੀ ਰਚਨਾ ਦਾ ਅੰਤ ਪਾ ਸਕੇ। ਉਹ ਆਪ ਬੇਅੰਤ ਹੈ, ਉਸ ਦੀ ਰਚਨਾ ਵੀ ਬੇਅੰਤ ਹੈ। ਸਿਫਤਿ-ਸਲਾਹ ਵਿਚ ਸੁਰਤ ਜੋੜਨ ਦਾ ਸਿੱਟਾ ਇਕੋ ਹੀ ਹੋਵੇਗਾ ਕਿ ਉਸ ਦੀ ਰਜ਼ਾ ਵਿਚ ਰਹਿਣ ਦਾ ਸੁਭਾਉ ਪੱਕ ਸਕੇਗਾ। (੧੬ ਤੋਂ ੨੭)। ਜਿਵੇਂ ਦਾ ਦਾਨ, ਨਾ ਤੀਰਥ-ਇਸ਼ਨਾਨ, ਨਾ ਪ੍ਰਾਣਾਯਾਮ ਤੇ ਨਾ ਰਚਨਾ ਬਾਰੇ ਉਪਨਿਸ਼ਦਾਂ ਦੀ ਫਿਲਾਸਫ਼ੀ ਜੀਵ ਦੀ ਰੱਬ ਨਾਲੋਂ ਵਿੱਥ ਦੂਰ ਕਰਨ ਦੇ ਸਮਰੱਥ ਹੈ, ਤਿਵੇਂ ਜੋਗੀਆਂ ਦੇ ਮੁੰਦਾ ਖਿੰਥਾ ਆਦਿਕ ਵੀ ਇਹ ਵਿੱਥ ਦੂਰ ਨਹੀਂ

ਕਰ ਸਕਦੇ, ਸਿਮਰਨ ਅਤੇ ਯਾਦ ਹੀ ਇਕੋ ਵਸੀਲਾ ਹੈ ਜਿਸ ਨੂੰ ਯਾਦ ਕਰਦੇ ਰਹੀਏ, ਉਸ ਦੇ ਨਾਲ ਪਿਆਰ ਵੱਧਦਾ ਹੈ। ਪਿਆਰ ਦੀ ਸਹਾਇਤਾ ਨਾਲ ਸੁਭਾਉ ਵੀ ਮਿਲ ਜਾਂਦਾ ਹੈ। ਜਦੋਂ ਪ੍ਰਭੂ ਦੀ ਮਿਹਰ ਹੋਵੇ, ਜੀਵ-ਆਪਾ ਮਿਟਾ ਕੇ ਸਿਮਰਨ ਕਰਦਾ ਹੈ, 'ਵਿੱਥ ਮਿਟਾਉਣ ਦਾ, ਬੱਸ! ਇਹੀ ਇਕ ਵਸੀਲਾ ਹੈ।

(ਪਉੜੀ ੨੮ ਤੋਂ ੩੩)

ਪ੍ਰਭੂ ਦੀ ਮਿਹਰ ਨਾਲ ਮਨੁੱਖ ਸਾਧਾਰਨ ਹਾਲਾਤ ਤੋਂ ਉੱਚਾ ਹੋ ਕੇ ਪਹਿਲਾਂ ਇਹ ਹਾਸਲ ਕਰਦਾ ਹੈ ਕਿ ਜਗਤ ਵਿਚ ਉਸ ਦੇ ਆਉਣ ਦਾ ਮਨੋਰਥ ਕੀ ਹੈ, ਕਿਸ ਫਰਜ਼ ਦੀ ਅਦਾਇਗੀ ਲਈ ਇਹ ਭੇਜਿਆ ਗਿਆ ਹੈ, ਇਹ ਸੂਝ ਆਇਆਂ ਜੀਵ ਆਪਣੇ ਨਿੱਕੇ ਜਿਹੇ ਟੱਬਰ ਦੇ ਮੋਹ ਦੀ ਤੰਗ-ਦਿਲੀ ਵਿਚੋਂ ਨਿਕਲਦਾ ਹੈ। ਫਿਰ ਉਹ ਇਸ ਵੱਡੇ ਟੱਬਰ ਦੀ ਸੇਵਾ ਲਈ ਘਾਲ ਕਮਾਈ ਕਰਦਾ ਹੈ। ਮਾਲਕ ਦੀ ਯਾਦ ਵਿਚ ਜੁੜਦਾ ਹੈ, ਸੁਆਰਥ ਦੀਆਂ ਹੱਦਾਂ ਪਾਰ ਕਰ ਕੇ ਜਿਵੇਂ-ਜਿਵੇਂ ਜੀਵ ਬੇਅੰਤ ਵਿਸ਼ਾਲ ਹੁੰਦਾ ਹੈ, ਤਿਉਂ-ਤਿਉਂ ਪ੍ਰਭੂ ਦੀ ਬਖਸ਼ਿਸ਼ ਦਾ ਦਰਵਾਜ਼ਾ ਇਸ ਉੱਤੇ ਖੁੱਲ੍ਹਦਾ ਹੈ, ਪ੍ਰਭੂ ਨਾਲ ਇਕ ਰੂਪ ਹੋ ਜਾਂਦਾ ਹੈ। ਪਰ ਜਿਵੇਂ ਸੁਨਿਆਰੇ ਦੀ ਕੁਠਾਲੀ ਵਿਚ ਸੋਨਾ ਤਾਉ ਸਹਾਰਦਾ ਹੈ। ਅਹਿਰਣ ਤੇ ਸੱਟਾ ਖਾਂਦਾ ਹੈ, ਤਿਵੇਂ ਜੀਵ ਨੇ ਵੀ ਸਿਮਰਨ ਦੀ ਸੱਚੀ ਟਕਸਾਲ ਵਿਚ ਮਨ ਨੂੰ ਘੜਨਾ ਹੈ।

ਉਹ ਟਕਸਾਲ ਕੀ ਹੈ? ਜਤ, ਧੀਰਜ, ਮਤ, ਗਿਆਨ, ਭਉ, ਘਾਲ ਤੇ ਪ੍ਰੇਮ (ਭਾਵ, ਸਭ ਤੋਂ ਪਹਿਲਾਂ ਆਚਰਨ ਪਵਿੱਤਰ ਹੋਵੇ, ਦੂਜਿਆਂ ਦੀ ਵਧੀਕੀ ਨੂੰ ਸਹਾਰਨ ਜੋਗਾ ਹੋਵੇ। ਸਮਝ ਉੱਚੀ ਤੇ ਵਿਸ਼ਾਲ ਹੋਵੇ, ਅਕਾਲ ਪੁਰਖ ਦਾ ਡਰ ਅਦਬ ਹਿਰਦੇ ਵਿਚ ਟਿਕਿਆ ਰਹੇ, ਸੇਵਾ ਦੀ ਘਾਲ ਤੇ ਖਲਕਤ ਦਾ ਪਿਆਰ ਦਿਲ ਵਿਚ ਹੋਵੇ।

(੩੪ ਤੋਂ ੩੮)

ਪ੍ਰਸ਼ਨ- ਇਸ ਬਾਣੀ ਦਾ ਨਾਮੁ 'ਜਪੁ' ਕਿਉਂ ਰੱਖਿਆ ਗਿਆ? ਗੁਰੂ ਅਰਜਨ ਸਾਹਿਬ ਨੇ ਇਸ ਨੂੰ ਗੁਰੂ ਗ੍ਰੰਥ ਸਾਹਿਬ ਦੇ ਅਰੰਭ ਵਿਚ ਕਿਉਂ ਦਰਜ ਕੀਤਾ? ਇਸ ਦਾ ਪਾਠ ਕਿਉਂ ਹਰ ਰੋਜ਼ ਕਰਨਾ?

ਉੱਤਰ- ਇਸ ਬਾਣੀ ਦੀ ਪਹਿਲੀ ਹੀ ਪਾਉੜੀ ਵਿਚ ਪ੍ਰਸ਼ਨ ਹੈ?

ਕਿਵ ਸਚਿਆਰਾ ਹੋਇਐ ਕਿਵ ਕੂੜੈ ਤੁਟੈ ਪਾਲਿ॥

ਤੇ ਅਗਲੀ ਹੀ ਤੁਕ ਵਿਚ ਉੱਤਰ ਹੈ:

ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ॥

ਪ੍ਰਸ਼ਨ- ਉਸ ਦੇ ਹੁਕਮ ਵਿਚ ਤੁਰਿਆ ਕਿਵੇਂ ਜਾਵੇ। ਪ੍ਰਭੂ ਦੀ ਰਜ਼ਾ ਕਿਵੇਂ

ਮਿੱਠੀ ਲੱਗੇ?

ਪ੍ਰਭੂ ਦਾ ਸਿਮਰਨ ਕਰਨ ਨਾਲ ਜਿਉਂ-ਜਿਉਂ ਜੀਵ ਪ੍ਰਭੂ ਨੂੰ ਯਾਦ ਕਰਦਾ ਹੈ। ਤਿਉਂ-ਤਿਉਂ ਉਸ ਨਾਲ ਜੀਵ ਦਾ ਪਿਆਰ ਬਣਦਾ ਹੈ ਤੇ ਪਿਆਰ ਦੀ ਬਰਕਤਿ ਨਾਲ ਉਸ ਦੇ ਕੀਤੇ ਕੰਮ ਚੰਗੇ ਲੱਗਣ ਲੱਗ ਪੈਂਦੇ ਹਨ, ਉਸ ਦੀ ਰਜ਼ਾ ਮਿੱਠੀ ਲੱਗਦੀ ਹੈ। ਸੋ ਸਿਮਰਨ ਜਾਂ ਜਪੁ ਹੀ ਇਕ ਐਸਾ ਵਸੀਲਾ ਹੈ ਜੋ ਜੀਵ ਦੀ ਪ੍ਰਭੂ ਨਾਲੋਂ ਵਿੱਥ ਮਿਟਾ ਸਕਦਾ ਹੈ। ਇਸ ਸਾਰੀ ਬਾਣੀ ਵਿਚ ਸਿਰਫ ਇਹੋ ਵਿਚਾਰ ਹੈ ਕਿ ਦਾਨ ਪੁੰਨ, ਤੀਰਥ, ਯਾਤਰਾ, ਪ੍ਰਾਣਾਂ ਯਾਮ, ਜਗਤ ਰਚਨਾ ਬਾਰੇ ਵਿਚਾਰ ਜੋਗ ਦੇ ਖਿੰਥਾ ਮੁੰਦਾ ਆਦਿਕ ਚਿੰਨ-ਇੰਨ੍ਹਾਂ ਵਿਚੋਂ ਕੋਈ ਵੀ ਪ੍ਰਭੂ ਨਾਲੋਂ ਵਿਛੜੇ ਜੀਵ ਨੂੰ ਪ੍ਰਭੂ ਨਾਲ ਮਿਲਾ ਨਹੀਂ ਸਕਦਾ। ਪ੍ਰਭੂ ਦਾ ਸਿਮਰਨ ਹੀ ਇਕੋ ਇਕ ਐਸਾ ਵਸੀਲਾ ਹੈ। ਸਿਮਰਨ ਦੀ ਹੀ ਇਸ ਬਾਣੀ ਵਿਚ ਵਿਆਖਿਆ ਹੈ। ਇਸੇ ਵਾਸਤੇ ਇਸ ਦਾ ਨਾਮ ਵੀ 'ਜਪੁ' ਹੀ ਰੱਖਿਆ ਗਿਆ। ਜਪੁ ਦਾ ਅਰਥ ਹੈ ਸਿਮਰਨ, ਬੰਦਗੀ, ਭਜਨ।

੧) ਗੁਰੂ ਗ੍ਰੰਥ ਸਾਹਿਬ ਦੀ ਸਾਰੀ ਬਾਣੀ ਦੀ ਤਰਤੀਬ ਜੇ ਗਹੁ ਨਾਲ ਵੇਖੀਏ ਤਾਂ ਹਰੇਕ ਰਾਗ ਵਿਚ ਸਭ ਤੋਂ ਪਹਿਲਾਂ ਗੁਰੂ ਨਾਨਕ ਦੇਵ ਜੀ ਦੀ ਬਾਣੀ ਦਰਜ ਮਿਲਦੀ ਹੈ। ਇਸ ਤੋਂ ਪਿਛੋਂ ਗੁਰੂ ਅਮਰਦਾਸ ਜੀ ਦੀ ਫਿਰ ਗੁਰੂ ਗੁਰੂ ਰਾਮਦਾਸ ਜੀ, ਗੁਰੂ ਅਰਜਨ ਸਾਹਿਬ ਅਤੇ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਬਾਣੀ ਦਰਜ ਹੈ। ਹਰੇਕ ਰਾਗ ਵਿਚ ਪਹਿਲਾਂ ਸ਼ਬਦ, ਫਿਰ ਅਸ਼ਟਪਦੀਆਂ, ਫਿਰ ਛੰਤ ਆਦਿਕ ਇਸ ਉੱਪਰ ਦੱਸੀ ਤਰਤੀਬ ਅਨੁਸਾਰ ਹੀ ਦਰਜ ਹਨ। ਸੋ ਗੁਰੂ ਗ੍ਰੰਥ ਸਾਹਿਬ ਦੇ ਅਰੰਭ ਵਿਚ ਗੁਰੂ ਨਾਨਕ ਦੇਵ ਜੀ ਦੀ ਹੀ ਬਾਣੀ ਹੋ ਸਕਦੀ ਸੀ।

ਸਿੱਖ ਧਰਮ ਦਾ ਮੁੱਖ ਨਿਸ਼ਾਨਾ ਹੈ ਸਿਮਰਨ। ਸਿਮਰਨ, ਮਾਨੋਂ ਇਕ ਐਸੀ ਨੀਂਹ ਹੈ ਜਿਸ ਦੇ ਉੱਪਰ 'ਧਰਮ' ਦੀ ਇਮਾਰਤ ਦੀ ਉਸਾਰੀ ਕੀਤੀ ਗਈ ਹੈ ਸੋ ਗੁਰੂ ਗ੍ਰੰਥ ਸਾਹਿਬ ਦੇ ਅਰੰਭ ਵਿਚ ਵੀ ਉਸੇ ਹੀ ਬਾਣੀ ਦਾ ਦਰਜ ਕੀਤਾ ਜਾਣਾ ਫੱਬਦਾ ਸੀ, ਜੋ ਇਸ ਕੇਂਦਰੀ ਅਸੂਲ ਤੇ ਖੁੱਲ੍ਹੀ ਵਿਆਖਿਆ ਹੋਵੇ ਤੇ ਇਸ ਮਜ਼ਮੂਨ ਉੱਤੇ ਸਭ ਤੋਂ ਵਧੀਕ ਢੁੱਕਵੀ ਬਾਣੀ ਹੈ ਜਪੁ- ਸੋ, ਗੁਰੂ ਅਰਜਨ ਸਾਹਿਬ ਨੇ ਇਸੇ ਬਾਣੀ ਨੂੰ ਗੁਰੂ ਗ੍ਰੰਥ ਸਾਹਿਬ ਦੇ ਅਰੰਭ ਵਿਚ ਦਰਜ ਕੀਤਾ।

੨) ਇਸ ਦਾ ਪਾਠ ਕਿਉਂ ਹਰ ਰੋਜ਼ ਕਰਨਾ ਹੈ?

ਪ੍ਰਭੂ ਦੀਆਂ ਬੇਅੰਤ ਦਾਤਾਂ ਮਿਲਿਆਂ ਵੀ ਜੀਵ ਦੁਖੀ ਹੈ, ਕਿਉਂਕਿ ਇਹ ਸੁਖ ਦੇ ਸਮੇਂ ਪ੍ਰਭੂ ਪਿਤਾ ਨਾਲੋਂ ਵਿਛੜਿਆ ਹੋਇਆ ਹੈ। ਰੂਹ ਰੱਬ ਦੀ ਅੰਸ਼ ਹੈ ਹਜ਼ਰਤ ਈਸਾ ਨੇ ਵੀ ਪ੍ਰਮਾਤਮਾ ਤੇ ਆਤਮਾ ਦੇ ਰਿਸ਼ਤੇ ਨੂੰ ਬਾਪ ਅਤੇ ਬੇਟੇ ਦਾ

ਰਿਸ਼ਤਾ ਕਿਹਾ ਹੈ: ਯਹੂਦੀ ਮੱਤ ਅਨੁਸਾਰ ਪ੍ਰਮਾਤਮਾ ਨੇ ਇਨਸਾਨ ਨੂੰ ਆਪਣੀ ਸ਼ਕਲ ਉੱਤੇ ਬਣਾਇਆ ਹੈ। God Created man in his own image. ਸ਼ਕਲ ਦਾ ਭਾਵ ਪੰਜਾਂ ਤੱਤ ਦੇ ਨਾਸ਼ਵਾਨ ਸਰੀਰ ਵੱਲ ਨਹੀਂ। ਇਸ ਵਿਚ ਕੰਮ ਕਰ ਰਹੀ ਆਤਮ ਰੂਪੀ ਤੱਤ ਵੱਲ ਹੈ-ਬਾਈਬਲ ਵਿਚ ਆਉਂਦਾ ਹੈ। ਆਤਮਾ ਪ੍ਰਮਾਤਮਾ ਦੀ ਜੋਤ ਹੈ ਕਿਉਂਕਿ ਪ੍ਰਮਾਤਮਾ ਨੇ ਇਸ ਵਿਚ ਆਪਣਾ ਪ੍ਰਕਾਸ਼ ਰੱਖਿਆ ਹੈ।

The Spirit of man is the Candle of the Lord.

He has given us of his own Spirit !

ਕਬੀਰ ਸਾਹਿਬ ਵੀ ਬੜੇ ਸੋਹਣੇ ਢੰਗ ਨਾਲ ਜੀਵ ਨੂੰ ਉਪਦੇਸ਼ ਕਰਦੇ ਹਨ ਕਿ ਤੂੰ ਇਹ ਸਮਝਣ ਦਾ ਯਤਨ ਕਰ ਕਿ ਤੂੰ ਕੌਣ ਹੈ, ਕਿੱਥੋਂ ਆਇਆ ਹੈ ਤੇ ਤੇਰਾ ਅਸਲੀ ਘਰ ਜਾਂ ਦੇਸ਼ ਕਿਹੜਾ ਹੈ, ਤੂੰ ਸੰਸਾਰ ਵਿਚ ਕਿਸ ਵਸਤੂ ਦੀ ਤਲਾਸ਼ ਵਿਚ ਭਟਕ ਰਿਹਾ ਹੈ ਅਤੇ ਮੌਤ ਤੋਂ ਉਪਰੰਤ ਤੇਰਾ ਕਿੱਥੇ ਵਾਸਾ ਹੁੰਦਾ ਹੈ ਇਹ ਦੂਰੀ ਕਿਵੇਂ ਮਿਟੇ। ਪ੍ਰਭੂ ਦੇ ਹੁਕਮ ਵਿਚ ਤੁਰਿਆ, ਉਸ ਦੇ ਸਭਾਉ ਨਾਲ ਆਪਣਾ ਸੁਭਾਉ ਮਿਲਾਇਆਂ। ਸਭਾਉ ਤਦੋਂ ਹੀ ਮਿਲ ਸਕਦਾ ਹੈ ਜੇ ਜੀਵ ਪ੍ਰਭੂ ਨੂੰ ਸਦਾ ਯਾਦ ਕਰ ਕੇ ਉਸ ਨਾਲ ਪਿਆਰ ਦਾ ਰਿਸ਼ਤਾ ਗੰਢੇ। ਇਹ ਇਕ ਐਸਾ ਸਵਾਲ ਹੈ ਜਿਸ ਦੀ ਹਰ ਇਕ ਜੀਵ ਨੂੰ ਆਪਣੇ ਦੁੱਖ ਕਲੇਸ਼ ਤ੍ਰਿਸ਼ਨਾ ਆਦਿਕ ਮਿਟਾਉਣ ਲਈ ਗਹੁ ਨਾਲ ਵਿਚਾਰਨ ਦੀ ਹਮੇਸ਼ਾ ਲੋੜ ਹੈ ਤੇ ਏਸ ਸਵਾਲ ਦਾ ਉੱਤਰ ਗੁਰੂ ਨਾਨਕ ਦੇਵ ਜੀ ਦੀ ਲਿਖੀ ਬਾਣੀ ਜਪੁ ਵਿਚ ਖਾਸ ਤੌਰ ਤੇ ਵਿਸਥਾਰ ਨਾਲ ਵਿਚਾਰਿਆ ਗਿਆ ਹੈ। ਤਾਹੀਉਂ ਇਸ ਬਾਣੀ ਦਾ ਹਰ ਰੋਜ਼ ਪਾਠ ਕਰਨ ਦੀ ਸਤਿਗੁਰੂ ਵੱਲੋਂ ਹਦਾਇਤ ਹੈ ਤਾਂ ਕਿ ਜੀਵ ਨੂੰ ਹਰ ਰੋਜ਼ ਇਹ ਚੇਤਾ ਆਉਂਦਾ ਰਹੇ ਕਿ ਪ੍ਰਭੂ ਨਾਲੋਂ ਪਈ ਵਿੱਥ ਨੂੰ ਮਿਟਾਉਣ ਦਾ ਇਕੋ ਵਸੀਲਾ ਹੈ ਤੇ ਉਹ ਹੈ ਉਸ ਦਾ ਸਿਮਰਨ ਉਸ ਦੇ ਨਾਮ ਦੀ ਯਾਦ ਉਸ ਦੇ ਗੁਣਾਂ ਦਾ 'ਜਪੁ'।

ਜਪੁਜੀ ਦੇ ਟੀਕਿਆਂ ਦੇ ਜਪੁਜੀ ਦੀਆਂ ਵਿਆਖਿਆਵਾਂ ਦੀਆਂ ਕਈ ਪੁਸਤਕਾਂ ਮਿਲਦੀਆਂ ਹਨ। ਕਵਿਤਾ ਵਿਚ ਵੀ ਕੁਝ ਸ਼ਾਇਰਾਂ ਵੱਲੋਂ ਇਸਦੇ ਉਲਥੇ ਹੋਏ ਹਨ। ਦਾਸ ਨੇ ਵੀ ਇਸਦਾ ਉਲੱਥਾ ਕਵਿਤਾ ਵਿਚ ਜਪੁਜੀ ਨੂੰ ਸਮਝਣ ਦਾ ਇਕ ਨਿਮਾਣਾ ਜਿਹਾ ਉਦਮ ਕੀਤਾ ਹੈ।

ਗੁਰੂ ਨਾਨਕ ਦੇਵ ਜੀ ਦੀਆਂ ਰਚਨਾਵਾਂ ਆਮ ਤੌਰ ਤੇ ਬੜੀਆਂ ਕਠਿਨ ਹਨ ਤੇ ਜਪੁਜੀ ਉਹਨਾਂ ਵਿਚੋਂ ਸਭ ਤੋਂ ਕਠਿਨ ਹੈ ਇਸਦੇ ਕਈ ਕਾਰਨ ਹਨ। ਗੁਰੂ ਜੀ ਦੀ ਲਿਖਣ ਸ਼ੈਲੀ ਆਪਣੀ ਕਿਸਮ ਦੀ ਹੀ ਹੈ। ਉਹਨਾਂ ਦੀ ਸ਼ਬਦ ਵਰਤੋਂ ਬਹੁਤ ਹੀ ਸੰਕੋਚਵੀ ਹੈ। ਥੋੜ੍ਹੇ ਤੇ ਥੋੜ੍ਹੇ ਸ਼ਬਦਾਂ ਵਿਚ ਆਪਣੇ ਵਿਚਾਰਾਂ ਨੂੰ ਪ੍ਰਗਟਾਉਣ

ਦਾ ਉਹਨਾਂ ਦਾ ਖਾਸ ਅੰਦਾਜ਼ ਸੀ ਤੇ ਉਹਨਾਂ ਦੇ ਖਿਆਲਾਂ ਦਾ ਵਹਿਣ ਐਨਾ ਤੇਜ਼ ਸੀ ਕਿ ਮਾਨੋ ਹੜ੍ਹ ਵਗ ਪੈਂਦਾ ਸੀ ਤੇ ਬੋਲੀ ਨੂੰ ਉਹਨਾਂ ਨਾਲ ਤੁਰਨਾ ਔਖਾ ਸੀ।

ਜਪੁਜੀ ਇਕ ਬਹੁਤ ਹੀ ਮਹਾਨ ਰਚਨਾ ਹੈ ਗੁਰਮਤਿ ਫਿਲਾਸਫ਼ੀ ਦਾ ਮਾਨੋਇਹ ਨਿਚੋੜ ਹੈ ਤੇ ਇਸ ਦਾ ਵੱਧ ਤੋਂ ਵੱਧ ਸਰੂਪ ਨਖੇੜ ਕੇ ਵਿਖਾਉਣ ਦੀ ਬਹੁਤ ਹੀ ਲੋੜ ਹੈ। ਇਸ ਦੇ ਤਰਜਮੇ (ਉਲੱਥੇ) ਤਕਰੀਬਨ ਸਾਰੀਆਂ ਹੀ ਜ਼ੁਬਾਨਾਂ ਵਿਚ ਹੋ ਚੁੱਕੇ ਹਨ। ਜੇਕਰ ਇਨ੍ਹਾਂ ਕੀਤੇ ਗਏ ਟੀਕਿਆਂ ਦਾ ਜ਼ਿਕਰ ਕਰਨ ਲੱਗੀਏ ਤਾਂ ਇਹ ਇਕ ਵੱਖਰੀ ਹੀ ਕਿਤਾਬ ਬਣ ਜਾਵੇਗੀ। ਵਿਸਥਾਰ ਦੇ ਡਰ ਤੋਂ ਕੁਝ ਇਕ ਦਾ ਜ਼ਿਕਰ ਏਥੇ ਕੀਤਾ ਜਾ ਰਿਹਾ ਹੈ।

ੳ) ਮਿਹਰਬਾਨ ਸੰਪ੍ਰਦਾਇ ਦੇ ਟੀਕੇ:-

ਜਪੁਜੀ ਦਾ ਪੂਰੇ ਰੂਪ ਵਿਚ ਪਹਿਲਾ ਟੀਕਾ ਸੋਢੀ ਮਿਹਰਬਾਨ ਦਾ ਕਿਹਾ ਜਾਂਦਾ ਹੈ। ਪਰ ਵਾਸਤਵ ਵਿਚ ਇਹ ਟੀਕਾ ਉਸ ਦੇ ਪੁੱਤਰ ਹਰਜੀ ਦਾ ਹੈ। ਇਸ ਟੀਕੇ ਦੇ ਅਧਿਐਨ ਤੋਂ ਇਸ ਤਰ੍ਹਾਂ ਜਾਪਦਾ ਹੈ ਕਿ ਟੀਕਾਕਾਰ ਦੇ ਮਨ ਵਿਚ ਮੁਖ ਮੰਤਵ ਗੁਰੂ ਨਾਨਕ ਬਾਣੀ ਦੀ ਵਿਆਖਿਆ ਅਤੇ ਉਸਦਾ ਪਰਮਾਰਥ ਉਜਾਗਰ ਕਰਨਾ ਹੈ।

ਅ) ਉਦਾਸੀ ਸੰਪ੍ਰਦਾਇ ਦੇ ਟੀਕੇ:-

ਮਿਹਰਬਾਨ ਸੰਪ੍ਰਦਾਇ ਤੋਂ ਪਿਛੋਂ ਜਪੁਜੀ ਦੀ ਟੀਕਾਕਾਰੀ ਦਾ ਸੰਬੰਧ 'ਉਦਾਸੀ ਸੰਪ੍ਰਦਾਇ' ਨਾਲ ਹੈ। ਇਸ ਸੰਪ੍ਰਦਾਇ ਦੇ ਵਿਦਵਾਨ ਸਾਧੂਆਂ ਵਿਚੋਂ ਪ੍ਰਮੁੱਖ ਤੇ ਪ੍ਰਤੀਨਿਧ ਵਿਦਵਾਨ ਟੀਕਾਕਾਰ ਸੁਆਮੀ ਆਨੰਦ ਘਨ ਹੈ।

ਆਪਣੇ ਟੀਕੇ ਵਿਚ ਸ਼ਬਦਾਂ ਦੀ ਤੋੜ-ਮਰੋੜ, ਅੱਖਰਾਂ ਤੇ ਮਾਤ੍ਰਾਵਾਂ ਦਾ ਅੰਗ ਭੰਗ ਅਤੇ ਕਈ ਸ਼ਬਦਾਂ ਦੇ ਇਕ ਇਕ ਅੱਖਰ ਦੀ ਮਨ ਮਾਨੀ ਵਿਆਖਿਆ ਕਰਦੇ ਹਨ। ਉਨ੍ਹਾਂ ਦੇ ਟੀਕੇ ਦੀ ਸ਼ੈਲੀ ਪ੍ਰਾਚੀਨ ਪੰਡਤਾਂ ਵਾਲੀ ਹੈ।

ੲ) ਨਿਰਮਲਾ ਸੰਪ੍ਰਦਾਇ ਦੇ ਟੀਕੇ:-

ਉਦਾਸੀ ਸੰਪ੍ਰਦਾਇ ਤੋਂ ਬਾਅਦ ਨਿਰਮਲੇ ਸੰਤਾ ਤੇ ਵਿਦਵਾਨਾਂ ਦੀ ਸ਼ਾਖਾ ਹੈ। ਜਿਨਾਂ ਦੇ ਬਹੁ ਗਿਣਤੀ ਵਿਚ ਜਪੁ ਦੇ ਟੀਕੇ ਲਿਖੇ ਮਿਲਦੇ ਹਨ। ਇਨ੍ਹਾਂ ਵਿਚੋਂ ਮਹਾਂ ਕਵੀ ਭਾਈ ਸੰਤੋਖ ਸਿੰਘ ਤੇ ਪੰਡਿਤ ਤਾਰਾ ਸਿੰਘ "ਨਰੋਤਮ" ਮੁਖ ਟੀਕਾਕਾਰ ਹਨ।

ਭਾਈ ਸੰਤੋਖ ਸਿੰਘ ਨੇ ਗਰਬ-ਗੰਜਿਨੀ ਨਾਮ ਦਾ ਟੀਕਾ ਸੰਨ 1920 ਈਸਵੀ ਆਨੰਦਘਨ ਦੇ 'ਜਪੁ' ਦੇ ਪ੍ਰਤੀਕਰਮ ਵਜੋਂ ਲਿਖਿਆ। ਉਨ੍ਹਾਂ ਅਨੁਸਾਰ ਆਨੰਦਘਨ ਨੇ ਗੁਰੂ ਨਾਨਕ ਬਾਰੇ ਸਤਿਕਾਰ ਭਰੇ ਸ਼ਬਦਾਂ ਦੀ ਵਰਤੋਂ ਨਹੀਂ ਕੀਤੀ

ਅਤੇ ਅਲੰਕਾਰ ਜਾਂ ਕਾਵਿ-ਸੌਂਦਰਜ (ਖ਼ੂਬੀਆਂ) ਤੋਂ ਜਪੁ ਨੂੰ ਹੀਣਾ ਦੱਸਿਆ ਹੈ। ਇਸ ਤੋਂ ਛੁਟ ਆਨੰਦਘਨ ਨੇ ਸੁਰਤੀਆਂ ਤੇ ਸਿਮ੍ਰਤੀਆਂ ਦੀਆਂ ਉਦਾਹਰਣਾਂ ਨਾਲ ਗੁਰਬਾਣੀ ਨੂੰ ਸਪੱਸ਼ਟ ਕਰਨ ਦਾ ਯਤਨ ਕੀਤਾ ਹੈ। ਜੋ ਕਿ ਭਾਈ ਸੰਤੋਖ ਸਿੰਘ ਨੂੰ ਠੀਕ ਨਹੀਂ ਲੱਗਾ। ਗੁਰਬਾਣੀ ਦੀ ਵਿਆਖਿਆ ਲਈ ਉਹ ਬੌਧਿਕਤਾ ਦਾ ਸਹਾਰਾ ਨਾ ਲੈਣ ਦੀ ਪ੍ਰੇਰਨਾ ਕਰਦੇ ਹਨ ਅਤੇ ਸ਼ਰਧਾ ਦਾ ਆਸਰਾ ਲੈਣਾ ਉਚਿਤ ਸਮਝਦੇ ਹਨ। ਉਨ੍ਹਾਂ ਅਨੁਸਾਰ "ਘਰੁ ਬੁਧੀ-ਗੁਰੂ ਜੀ ਦੀ ਬਾਣੀ ਦੇ ਅਰਥ ਲਿਖਣੇ ਉਚਿਤ ਨਹੀਂ।"

ਸ) ਗਿਆਨੀ ਸੰਪ੍ਰਦਾਇ ਦੇ ਟੀਕੇ:-

ਪੁਰਾਤਨ ਟੀਕਿਆਂ ਵਿਚੋਂ ਗਿਆਨੀ ਸੰਪ੍ਰਦਾਇ ਦੇ ਟੀਕੇ ਭਾਈ ਮਨੀ ਸਿੰਘ ਦਾ ਟੀਕਾ ਕਾਫੀ ਪ੍ਰਮਾਣਿਕ ਹੈ। ਇਸ ਵਿਚ 'ਜਪੁ' ਬਾਣੀ ਨੂੰ ਸਿੱਧਾਂ ਨਾਲ ਹੋਈ ਗੋਸ਼ਟ ਦੱਸਿਆ ਹੈ। ਇਹ ਟੀਕਾ 'ਜੁਪ' ਦੇ ਸ਼ਬਦ ਭਾਵ ਦੇ ਨੇੜੇ ਹੈ। ਅਰਥਾਂ ਉਪਰੰਤ ਪਾਉੜੀਆਂ ਦੇ ਅੰਤ ਵਿਚ ਇਨ੍ਹਾਂ ਦੇ ਪਾਠ ਦੇ ਮਹਾਤਮ ਵੀ ਦਿੱਤੇ ਹਨ। ਗਿਆਨੀ ਸੰਪ੍ਰਦਾਇ ਦੇ ਹੋਰ ਟੀਕਿਆਂ ਤੋਂ ਭਾਈ ਮਨੀ ਸਿੰਘ ਦੇ ਇਸ ਟੀਕੇ ਦੀ ਛਾਪ ਪ੍ਰਤੱਖ ਵੇਖੀ ਜਾ ਸਕਦੀ ਹੈ।

ਇਸ ਵਿਆਖਿਆ ਪ੍ਰਣਾਲੀ ਦਾ ਇਕ ਹੋਰ ਟੀਕਾ ਫਰੀਦਕੋਟ ਵਾਲਾ ਟੀਕਾ ਹੈ। ਪ੍ਰਸ਼ਨੋਤਰ ਸ਼ੈਲੀ ਵਿਚ ਅਤੇ ਸਾਧ ਭਾਸ਼ਾ ਵਿਚ ਲਿਖਿਆ ਹੈ। ਆਦਿ ਗ੍ਰੰਥ ਦਾ ਇਹ ਟੀਕਾ 1877 ਈਸਵੀ ਵਿਚ ਆਰੰਭ ਹੋਇਆ ਅਤੇ 1883 ਈਸਵੀ ਵਿਚ ਸੰਪੂਰਨ ਹੋਇਆ।

ਹ) ਅਧੁਨਿਕ ਟੀਕੇ:-

ਆਧੁਨਿਕ ਟੀਕਾਕਾਰਾਂ ਨੇ 'ਜਪੁ' ਵਿਚ ਆਏ ਵਿਚਾਰਾਂ ਦਾ ਵਿਗਿਆਨਕ ਢੰਗ ਨਾਲ ਵਿਸ਼ਲੇਸ਼ਨ ਕੀਤਾ ਹੈ। ਇਨ੍ਹਾਂ ਦੀ ਸ਼ੈਲੀ ਆਲੋਚਨਾਤਮਕ ਹੈ ਤੇ ਇਹਨਾਂ ਬੜੇ ਮਨੋਵਿਗਿਆਨਕ ਢੰਗ ਨਾਲ ਕਈ ਪੁਰਾਤਨ ਟੀਕਿਆਂ ਦੇ ਧੁੰਦਲੇਪਨ ਨੂੰ ਦੂਰ ਕਰਨ ਦੇ ਸਫਲ ਯਤਨ ਕੀਤੇ ਹਨ। ਇਸ ਤੋਂ ਛੁੱਟ ਇਨ੍ਹਾਂ ਨੇ ਅਰਥਾਂ ਤੇ ਵਿਆਖਿਆ ਕਰਨ ਵੇਲੇ ਦਲੀਲ ਨੂੰ ਨਜ਼ਰੋਂ ਉਹਲੇ ਨਹੀਂ ਕੀਤਾ। ਇਨ੍ਹਾਂ ਟੀਕਾਕਾਰ ਵਿਦਵਾਨਾਂ ਵਿਚ ਸ੍ਰੇਸ਼ਟ ਟੀਕਾਕਾਰ ਹਨ ਭਾਈ ਵੀਰ ਸਿੰਘ ਜੀ, ਪ੍ਰਿੰਸੀਪਲ ਤੇਜਾ ਸਿੰਘ ਜੀ, ਭਾਈ ਜੋਧ ਸਿੰਘ ਜੀ, ਡਾ. ਮੋਹਨ ਸਿੰਘ ਜੀ, ਪ੍ਰਿੰਸੀਪਲ ਸਾਹਿਬ ਸਿੰਘ ਜੀ ਖੋਜੀ ਤੇ ਸ਼ਿਰੋਮਣੀ ਨਿਰਣਾਇਕ ਹੋਣ ਕਰਕੇ ਉਨ੍ਹਾਂ ਕੋਈ ਐਸਾ ਅਰਥ ਨਹੀਂ ਕੀਤਾ, ਜਿਸ ਤੇ ਕਿੰਤੂ ਕੀਤਾ ਜਾ ਸਕੇ।

ਡਾ. ਮੋਹਨ ਸਿੰਘ 'ਦੀਵਾਨਾ' ਨੇ ਆਪਣੇ ਜਪੁ ਟੀਕੇ 'ਪੰਜਾਬੀ ਭਾਸ਼ਾ

ਵਿਗਿਆਨ ਅਤੇ ਗੁਰਮਤਿ ਗਿਆਨ'[1] ਵਿਚ ਮੂਲ ਸ਼ਬਦ, ਅਰਥ, ਪਰਮਾਰਥ ਤੇ ਪ੍ਰਸੰਗ ਆਦਿ ਦੇ ਕੇ ਬਾਣੀ ਦੇ ਅਰਥਾਂ ਨੂੰ ਸੁਖੈਨ ਕੀਤਾ ਹੈ। ਅਰਥਾਂ ਨੂੰ ਸਰਲ ਤੇ ਸਪੱਸ਼ਟ ਕਰਨ ਲਈ ਉਨ੍ਹਾਂ ਗੁਰਬਾਣੀ ਤੇ ਭਾਈ ਗੁਰਦਾਸ ਦੀਆਂ ਵਾਰਾਂ ਵਿਚੋਂ ਅਨੁਸਾਰੀ ਤੁਕਾਂ ਦਿੱਤੀਆਂ ਹਨ। ਟੀਕੇ ਵਿਚ ਹੋਰ ਵਾਧਾ ਇਹ ਹੈ ਕਿ ਉਨ੍ਹਾਂ ਨੇ ਜਪੁ ਬਾਣੀ ਦੇ ਸਿਧਾਂਤਕ ਸ਼ਬਦਾਂ ਦੀ ਵਿਆਖਿਆ ਕੀਤੀ ਹੈ। ਉਹ ਭਾਸ਼ਾ ਦੇ ਵਿਦਵਾਨ ਹਨ ਤੇ ਸ਼ਬਦਾਂ ਦੇ ਨਵੇਂ-ਨਵੇਂ ਭਾਵਾਂ ਦੇ ਖੋਜੀ ਹਨ।

ਪ੍ਰੋ: ਸਾਹਿਬ ਸਿੰਘ ਗੁਰਮਤਿ ਦੇ ਮਹਾਨ ਖੋਜੀ ਤੇ ਵਿਆਕਰਣ ਆਚਾਰੀਆ ਹਨ। 'ਜਪੁਜੀ ਸਾਹਿਬ ਸਟੀਕ'[2] ਵਿਚ ਅਰਥ ਕਰਨ ਲੱਗਿਆਂ ਉਨ੍ਹਾਂ ਵਿਆਕਰਣ ਨੂੰ ਮੁੱਖ ਰੱਖਿਆ ਹੈ ਅਤੇ ਪੁਰਾਣੀ ਪੰਜਾਬੀ ਦੇ ਵਿਆਕਰਣ ਦੀ ਹਰ ਇਕ ਗੁੰਝਲ ਤੇ ਕਠਨਾਈ ਨੂੰ ਸਪੱਸ਼ਟ ਕਰਨ ਦਾ ਯਤਨ ਕੀਤਾ ਹੈ। ਇਨ੍ਹਾਂ ਨੇ ਪਹਿਲਾਂ ਪਦ ਅਰਥ, ਫਿਰ ਅਰਥ ਅਤੇ ਕਈ ਥਾਵਾਂ ਤੇ ਭਾਵਾਰਥ ਵੀ ਦਿੱਤੇ ਹਨ। ਇਸ ਟੀਕੇ ਵਿਚ ਇਕ ਵਾਧਾ ਇਹ ਹੈ ਕਿ ਮੂਲ ਬਾਣੀ ਨੂੰ ਬਿਸਰਾਮ ਲਾ ਕੇ ਸਪੱਸ਼ਟ ਕੀਤਾ ਗਿਆ ਹੈ। ਇਨ੍ਹਾਂ ਦਾ ਟੀਕਾ ਸਭ ਤੋਂ ਵੱਧ ਗਿਣਤੀ ਵਿਚ ਛਪਿਆ ਹੈ ਕਿਉਂਕਿ ਇਹ ਵਿਦਵਾਨਾਂ ਤੇ ਸਾਧਾਰਣ ਪਾਠਕਾਂ, ਸਭ ਵਲੋਂ ਸਲਾਹਿਆ ਗਿਆ ਹੈ।

ਭਾਈ ਵੀਰ ਸਿੰਘ ਗੁਰਮਤਿ ਦੇ ਮਹਾਨ ਖੋਜੀ, ਵਿਆਖਿਆਕਾਰ ਤੇ ਵਿਆਕਰਣ ਦੇ ਪੰਡਤ ਸਨ। ਆਪਣੇ 'ਜਪੁ' ਟੀਕੇ[1] ਵਿਚ ਉਨ੍ਹਾਂ ਬਾਣੀ ਦੇ ਅਰਥ ਤੇ ਵਿਆਖਿਆ ਆਦਿ ਵਿਸਤਾਰ ਨਾਲ ਦਿੱਤੇ ਹੋਏ ਹਨ। ਉਦਾਹਰਣ ਵਜੋਂ '੧ਓ' ਤੋਂ 'ਗੁਰ ਪ੍ਰਸਾਦਿ' ਦੀ ਵਿਆਖਿਆ[2]। ਇਸ ਟੀਕੇ ਵਿਚ ਉਨ੍ਹਾਂ ਵਿਧੀ ਇਹ ਅਪਣਾਈ ਹੈ ਕਿ ਪਹਿਲਾਂ ਸ਼ਬਦ ਦਾ ਅਤਿ ਸੰਖੇਪ ਤਾਤਪਰਜ ਦਿੰਦੇ ਹਨ, ਫਿਰ ਸ਼ਬਦ ਦਾ ਮੂਲ ਤੇ ਭਾਵਾਰਕ ਦੇ ਕੇ ਵਿਆਖਿਆ ਕਰਦੇ ਹਨ। ਉਨ੍ਹਾਂ ਕਿਸੇ ਇਕ ਪੱਖ ਸੰਬੰਧੀ ਨਿੱਜੀ ਕੋਈ ਖਿੱਚੋਤਾਣ ਨਹੀਂ ਕੀਤੀ। ਜੋ ਬਾਣੀ ਦੇ ਸ਼ਬਦ ਠੀਕ ਰਾਹ ਦਿੰਦੇ ਹਨ, ਉਹੀ ਅਰਥ ਕੀਤੇ ਹਨ। ਉਹ ਇਕ ਅਨੁਭਵੀ ਪੁਰਸ਼ ਸਨ ਤੇ ਉਨ੍ਹਾਂ ਲਈ ਗੁਰਬਾਣੀ ਨੂੰ ਸਮਝਣਾ ਗੁਰੂ ਨਾਨਕ ਦੇ ਮਨ ਵਿਚ ਇਕ ਝਾਤ ਮਾਰਨੀ ਹੈ।

ਪ੍ਰਿੰ: ਤੇਜਾ ਸਿੰਘ ਰਚਿਤ 'ਜਪੁ' ਟੀਕੇ ਦੇ ਅਧਿਐਨ ਤੋਂ ਇਉਂ ਪ੍ਰਤੀਤ ਹੁੰਦਾ ਹੈ ਕਿ ਉਨ੍ਹਾਂ ਨੇ ਸ਼ਬਦਾਰਥ ਨੂੰ ਜਾਣਨ ਦੀ ਬੜੀ ਸਾਧਨਾ ਕੀਤੀ ਹੈ। ਉਨ੍ਹਾਂ ਨੇ ਤੁੱਕਾਂ ਦੇ ਗੂੜ੍ਹ ਭਾਵਾਂ ਨੂੰ ਖੋਲ੍ਹ ਕੇ ਦੱਸਣ ਦਾ ਯਤਨ ਕੀਤਾ ਹੈ ਤੇ ਪਉੜੀਆਂ ਵਿਚ ਆਏ ਵਿਚਾਰਾਂ ਦੀ ਲੜੀ ਦੱਸ ਕੇ ਸਮੁੱਚਾ ਭਾਵ ਵੀ ਦਿੱਤਾ ਹੈ। ਅਰਥ ਕਰਨ ਲੱਗਿਆਂ, ਜਿਥੇ ਉਨ੍ਹਾਂ ਨੇ ਗੁਰਮਤਿ ਦੇ ਦ੍ਰਿਸ਼ਟੀਕੋਣ ਨੂੰ ਮੁੱਖ ਰੱਖਿਆ ਹੈ, ਉਥੇ ਵਿਆਕਰਣਕ ਨਿਯਮਾਂ ਦਾ ਵੀ ਪੂਰਾ ਪਾਲਣ ਕੀਤਾ ਹੈ। ਇਨ੍ਹਾਂ ਗੁਣਾ ਕਰਕੇ ਹੀ ਸ਼੍ਰੋਮਣੀ

ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇਸ ਟੀਕੇ ਨੂੰ ਸਰਬੋਤਮ ਮੰਨਿਆ ਹੈ।[5] ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ "ਇਹ ਟੀਕਾ ਗੁਰਬਾਣੀ ਦੇ ਵਿਆਕਰਣ ਅਨੁਸਾਰ ਅਤੇ ਸਤਿਗੁਰੂ ਦੇ ਭਾਵ ਅਨੁਕੂਲ ਲਿਖਿਆ ਗਿਆ ਹੈ।

ਡਾ: ਭਾਈ ਜੋਧ ਸਿੰਘ ਦਾ 'ਜਪੁ' ਜੀ ਸਟੀਕ ਇਕ ਨਵੇਂ ਢੰਗ ਦਾ ਟੀਕਾ ਹੈ।[6] ਕੇਵਲ ਇਸ ਵਿਚ ਔਖੇ ਪਦਾਂ ਦਾ ਅਰਥ ਹੀ ਨਹੀਂ ਕੀਤੇ ਗਏ, ਸਗੋਂ ਜਿਹੜੇ ਸਿਧਾਂਤ ਇਸ ਬਾਣੀ ਵਿਚ ਅੰਕਿਤ ਹਨ, ਉਨ੍ਹਾਂ ਨੂੰ ਵੀ ਸਪੱਸ਼ਟ ਕੀਤਾ ਹੈ। ਅਰਥ ਸਪੱਸ਼ਟ ਕਰਨ ਲਈ ਉਨ੍ਹਾਂ ਇਹ ਮੰਨਿਆ ਹੈ ਕਿ ਇਸ ਬਾਣੀ ਵਿਚ ਦਿੱਤਾ ਉਪਦੇਸ਼ ਕਿਸੇ 'ਜਗਿਆਸੂ' ਪ੍ਰਤੀ ਹੈ, ਜੋ ਪ੍ਰਸ਼ਨ ਕਰਦਾ ਹੈ ਅਤੇ ਗੁਰੂ ਜੀ ਅਗੋਂ ਉੱਤਰ ਦਿੰਦੇ ਹਨ। ਗੁਰਮਤਿ ਦੇ ਟੀਕਾਕਾਰਾਂ ਵਿਚੋਂ ਇਹ ਪੰਜੇ ਸਭ ਤੋਂ ਪਹਿਲੇ ਹਨ ਤੇ ਹਰੇਕ ਦੀ ਆਪਣੀ-ਆਪਣੀ ਵਿਸ਼ੇਸ਼ਤਾ ਹੈ। ਭਾਈ ਵੀਰ ਸਿੰਘ ਵਿਚ ਦੋ ਪ੍ਰਣਾਲੀਆਂ-ਟਕਸਾਲੀ ਵਿਦਵਤਾ ਤੇ ਸਿੰਘ ਸਭਾਈ ਭਾਵਨਾ ਦਾ ਸੁਮੇਲ ਹੈ। ਪ੍ਰਿੰਸੀਪਲ ਤੇਜਾ ਸਿੰਘ ਵਿਚ ਸਾਹਿਤਕ ਸੂਝ ਤੇ ਵਿਆਕਰਣਕ ਸੂਝ ਦ੍ਰਿਸ਼ਟੀਗੋਚਰ ਹੁੰਦੀ ਹੈ। ਉਨ੍ਹਾਂ ਵਿਚ ਜੀਵਨ ਨੂੰ ਰਸ ਭਰਪੂਰ ਬਣਾਉਣ ਦੀ ਬੜੀ ਰੀਝ ਹੈ। ਭਾਇ ਜੋਧ ਸਿੰਘ ਵਿਚ ਅੰਗਰੇਜ਼ੀ ਵਿਦਵਤਾ, ਸਾਇੰਸ ਤੇ ਪਰੰਪਰਾਈ ਪ੍ਰਣਾਲੀ ਦਾ ਸੁਮੇਲ ਹੈ। ਡਾ: ਮੋਹਨ ਸਿੰਘ ਵਿਚ ਰਹੱਸਵਾਦੀ ਅੰਸ਼ ਪ੍ਰਧਾਨ ਹੈ। ਉਨ੍ਹਾਂ ਦਾ ਪੂਰਬੀ ਕਲਾਸਕੀ ਸਾਹਿਤ ਦਾ ਅਧਿਐਨ ਬੜਾ ਗੰਭੀਰ ਹੈ ਅਤੇ ਉਨ੍ਹਾਂ ਨੂੰ ਆਧੁਨਿਕ ਵਿਦਿਆ ਪ੍ਰਣਾਲੀ ਦੀ ਬੜੀ ਸੂਝ ਹੈ। ਪ੍ਰੋ: ਸਾਹਿਬ ਸਿੰਘ ਵਿਚ ਸੰਸਕ੍ਰਿਤ ਪ੍ਰਣਾਲੀ, ਵਿਗਿਆਨਕ ਸੂਝ ਤੇ ਵਿਆਕਰਣਕ ਸੂਝ ਦਾ ਸੁਮੇਲ ਹੈ। ਆਧੁਨਿਕ ਸੋਚਣੀ ਵਿਸ਼ੇਸ਼ ਕਰਕੇ ਆਮ ਲੋਕਾਂ ਦੇ ਉਥਾਨ ਵੱਲ, ਉਨ੍ਹਾਂ ਦੀ ਬੜੀ ਰੁਚੀ ਹੈ।

ਗਿਆਨੀ ਹਰਬੰਸ ਸਿੰਘ (ਭਾਈ ਸਾਹਿਬ) ਫੈਲੋ ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ ਦਰਸ਼ਨ ਨਿਰਣੈ ਸਟੀਕ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸੰਪੂਰਨ ਸਟੀਕ ਤੁਲਨਾਤਮਿਕ ਅਧਿਐਨ ਕੀਤਾ ਹੈ, ਇਸ ਲੜੀ ਵਿਚ ਚੰਗਾ ਵਾਧਾ ਹੈ।

ਇਹ ਟੀਕਾ ਕ੍ਰਮਵਾਰ, ਮੂਲ ਪਾਠ, ਪਦ ਅਰਥ, ਸਰਲ ਅਰਥ, ਵਿਸ਼ੇਸ਼ ਵਿਚਾਰ ਤੇ ਸ਼ੰਕਾਵਾਦੀ ਸ਼ਬਦਾਂ ਦੇ ਅਰਥਾਂ ਦਾ ਨਿਰਣਯ ਕੀਤਾ ਹੈ, ਸਭ ਤੋਂ ਪਹਿਲਾਂ ਜਪੁ ਬਾਣੀ ਦੀ ਇਤਿਹਾਸ ਦਿੱਤਾ ਹੈ। ਜੋ ਬਹੁਤ ਖੋਜ ਨਾਲ ਸਬੰਧ ਰੱਖਦਾ ਹੈ। ਸਭ ਤੋਂ ਵੱਡੀ ਸਿਫ਼ਤ ਇਹ ਹੈ ਕਿ ਗਿਆਨੀ ਜੀ ਨੇ ਜਪੁ ਦੇ ਅਰਥ-ਭਾਵ ਗੁਰਬਾਣੀ ਦੇ ਪ੍ਰਮਾਣਾਂ ਤੇ ਸ਼ਬਦ ਜੋੜਾਂ ਨੂੰ ਮੁਖ ਰੱਖ ਕੇ ਆਦਿ ਗ੍ਰੰਥ ਵਿਚ ਲਿਖੇ ਹੋਏ ਅਗਲੇ ਪਿਛਲੇ ਸ਼ਬਦਾਂ ਦੇ ਭਾਵਾਂ ਨੂੰ ਜਪੁ ਨਾਲ ਮਿਲਾਕੇ ਇਕੋ ਅਰਥ ਕੀਤੇ ਹਨ। ਜੋ ਬਾ-ਕਮਾਲ ਤੇ ਢੁੱਕਵੇਂ ਹਨ।

ਦਾਸ ਨੇ ਉਪਰੋਕਤ ਵਿਦਵਾਨਾਂ 'ਚੋਂ ਸਤਿਕਾਰਯੋਗ ਪ੍ਰਿੰਸੀਪਲ ਸਾਹਿਬ ਸਿੰਘ ਜੀ ਤੇ ਗਿਆਨੀ ਹਰਬੰਸ ਸਿੰਘ ਜੀ ਦੇ ਕੀਤੇ ਹੋਏ ਟੀਕਿਆਂ ਨੂੰ ਧਿਆਨ ਵਿਚ ਰੱਖਦੇ ਹੋਏ ਜਪੁ ਦੇ (ਅਰਥ) ਅਨੁਵਾਦ ਕਵਿਤਾ ਵਿਚ ਕਰਨ ਦਾ ਯਤਨ ਕੀਤਾ ਹੈ।

ਪਰ ਗੁਰਬਾਣੀ ਅਗਾਧ ਬੋਧ ਹੈ। ਗੁਰਬਾਣੀ ਦੇ ਅਗਾਧ ਬੋਧ ਅਰਥਾਂ ਨੂੰ ਸੌ ਫੀਸਦੀ ਸਮਝ ਸਕਣਾ ਤੇ ਉਸਨੂੰ ਵਿਆਖਿਆ ਕਰਨ ਦਾ ਦਾਅਵਾ ਕਰਨਾ ਠੀਕ ਲਿਖ ਸਕਣਾ ਇਹ ਉਸ ਵਿਅਕਤੀ ਦੀ ਹਉਮੈ ਹੀ ਕਹੀ ਜਾ ਸਕਦੀ ਹੈ। ਇਸ ਵਿਸ਼ਾਲ ਸਾਗਰ ਦੀ ਥਾਹ ਨਹੀਂ ਪਾਈ ਜਾ ਸਕਦੀ। ਫਿਰ ਵੀ ਇਹ ਇਕ ਯਤਨ ਹੈ ਅਤੇ ਯਤਨ ਹੁੰਦੇ ਰਹਿਣੇ ਚਾਹੀਦੇ ਹਨ ਤਾਂ ਕਿ ਕੁਝ ਕੁ ਗਿਆਨ ਹਾਸਲ ਹੋ ਸਕੇ।

ਗੁਰੂ ਪੰਥ ਦਾ ਦਾਸ:-
ਅਨੂਪ ਸਿੰਘ ਨੂਰੀ
ਸਾਬਕਾ ਮੈਨੇਜਰ ਗੁਰਦੁਆਰਾ ਬੇਬੇ ਨਾਨਕੀ ਜੀ
ਸੁਲਤਾਨਪੁਰ ਲੋਧੀ (ਕਪੂਰਥਲਾ)

ੴ

ੴ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ ਸ਼ਬਦ ਹੈ

ਜੇ ਇਸ ਨੂੰ ਬੀਜ ਕਹਿ ਲਈਏ ਤਾਂ ਸਾਰਾ ਜਪੁਜੀ ਸਾਹਿਬ ਇਸਦੀ ਅੰਗੂਰੀ ਯਾਨੀ ਉਪਜ ਹੈ ਅਤੇ ਸਾਰਾ ਸ੍ਰੀ ਗੁਰੂ ਗ੍ਰੰਥ ਸਾਹਿਬ ਇਸ ਦਾ ਤਣਾ ਹੈ, ਸ਼ਾਖਾਂ ਤੇ ਫਲ ਫੁੱਲ ਹਨ। ੴ ਸ਼ਬਦ ਪਹਿਲਾਂ ਵੀ ਪ੍ਰਚਲਤ ਸੀ।

ਪਹਿਲਾਂ ਹਿੰਦੂ, ਬੁੱਧ ਤੇ ਜੈਨ ਧਰਮਾਂ ਨੇ ਵੀ ੴ ਸ਼ਬਦ ਦੀ ਵਰਤੋਂ ਕੀਤੀ, ਪਰ ੴ ਦੀ ਵਰਤੋਂ ਕੇਵਲ ਗੁਰੂ ਨਾਨਕ ਦੇਵ ਜੀ ਨੇ ਸ਼ੁਰੂ ਕੀਤੀ।

ਹਿੰਦੂ ਧਰਮ ਵਿਚ ੴ ਸ਼ਬਦ ਨੂੰ ਤਿੰਨ ਅੱਖਰਾਂ ਵਿਚ ਬਦਲ ਕੇ ਅਓਮ ਸਮਝ ਕੇ ਭਾਵ ਤਿੰਨ ਦੇਵਤਿਆਂ ਦੇ ਨਾਮ ਨਾਲ ਜੋੜਿਆ ਜਾਂਦਾ ਹੈ। ਅ ਵਿਸ਼ਨੂੰ, ੴ ਬ੍ਰਹਮਾ ਅਤੇ ਮ ਸ਼ਿਵਾਜੀ ਲਈ। ਪਰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ੴ ਤੋਂ ਪਹਿਲਾਂ (੧) ਲਾ ਕੇ ਇਹ ਸਿੱਧ ਕੀਤਾ ਹੈ ਕਿ ੴ ਕੇਵਲ ਇਕ ਹੈ ਤੇ ਉਹ ਕੇ ਵਲ ੧ ਹੀ ਪੂਜਣ ਤੇ ਮੰਨਣਯੋਗ ਹੈ ਅਤੇ ਬਾਕੀ ਸਾਰੇ ਦੇਵੀ ਦੇਵਤੇ ਉਸ ੴ ਦੀ ਕਿਰਤ ਹਨ। ਇਸ ਲਈ ਗੁਰੂ ਜੀ ਨੇ ਇਕ ਅੱਖਰਾਂ ਵਿਚ ਨਹੀਂ ਲਿਖਿਆ ਸਗੋਂ ਹਿੰਦਸੇ ਵਿਚ ਲਿਖਕੇ ਇਸ ਇਕ ਦੇ ਭਾਵ ਨੂੰ ਪ੍ਰਗਟ ਕੀਤਾ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ੴ ਤੋਂ ਆਰੰਭ ਹੁੰਦਾ ਹੈ ਅਤੇ ਸਮਾਪਤੀ ਸਭ ਨਾਨਕ ਬ੍ਰਹਮ ਪਸਾਰੋ ਤੇ ਹੁੰਦੀ ਹੈ। ਇਸ ਦਾ ਭਾਵ ਹੈ ਕਿ ਜਿਵੇਂ ਇਕ ਬੀਜ ਦਾ ਪਸਾਰਾ ਹੀ ਸਾਰੇ ਰੁਖ ਵਿਚ ਹੁੰਦਾ ਹੈ, ਇਸੇ ਤਰ੍ਹਾਂ ਇਹ ਸ੍ਰਿਸ਼ਟੀ ਵੀ ੴ ਤੇ ਉਸ ਬ੍ਰਹਮ ਦੇ ਪਸਾਰੇ ਤੋਂ ਨਿਖੇੜਿਆ ਨਹੀਂ ਜਾ ਸਕਦਾ।

ਗੁਰਮਤਿ ਦੇ ਵਿਦਵਾਨ ੴ ਨੂੰ ਮੂਲ ਵੀ ਕਹਿੰਦੇ ਹਨ। ਇਸ਼ੇ ਲਈ ੴ ਤੋਂ ਲੈ ਕੇ ਗੁਰ ਪ੍ਰਸਾਦਿ ਤੱਕ ਮੂਲ ਮੰਤਰ ਹੈ। ਜਿਵੇਂ ੴ ਸਤਿਨਾਮ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤ ਅਜੂਨੀ ਸੈਭੰ ਗੁਰ ਪ੍ਰਸਾਦਿ॥

ਇਸ ਮੂਲ ਮੰਤਰ ਦੀ ਹੀ ਵਿਆਖਿਆ ਸਾਰਾ ਜਪੁਜੀ ਸਾਹਿਬ ਹੈ ਅਤੇ ਜਪੁਜੀ ਸਾਹਿਬ ਦੀ ਵਿਆਖਿਆ ਸਾਰਾ ਗੁਰੂ ਗ੍ਰੰਥ ਸਾਹਿਬ ਹੈ। ਮੂਲ ਦਾ ਅਰਥ ਜੜ੍ਹ ਜਾਂ ਅਸਲੀ ਮੂਲ (ਰਕਮ) ਵੀ ਹੁੰਦਾ ਹੈ। ਮੂਲ ਤੋਂ ਬਗੈਰ ਸ਼ਾਖਾ ਨਹੀਂ ਹੁੰਦੀਆਂ

ਤੇ ਮੂਲ ਤੋਂ ਬਗੈਰ ਵਿਆਜ ਵੀ ਨਹੀਂ ਹੁੰਦਾ।

ਗੁਰਬਾਣੀ ਦਾ ਵਾਕ ਹੈ:-

ਮੋਹਿ ਐਸੇ ਬਨਜ ਸਿਉ ਨਹੀ ਨ ਕਾਜੁ॥
ਜਿਹ ਘਟੈ ਮੂਲੁ ਨਿਤ ਬਢੈ ਬਿਆਜੁ॥

(ਗੁਰੂ ਗ੍ਰੰਥ ਸਾਹਿਬ ਪੰ: ੧੧੯੫)

ਭਾਵ ਮੈਨੂੰ ਅਜਿਹੇ ਵਿਉਪਾਰ ਨਾਲ ਕੋਈ ਕੰਮ ਨਹੀਂ ਜਾਂ ਵਾਸਤਾ ਨਹੀਂ ਜਿਸ ਵਿਉਪਾਰ ਵਿਚ ਮੂਲ ਤਾਂ ਘਟਦਾ ਜਾਂਦਾ ਹੈ ਪਰ ਵਿਆਜ ਨਿਤ ਵਧਦਾ ਜਾਵੇ।

ਇਕ ਸੇਠ ਨੇ ਕਿਸੇ ਤੋਂ ਕਰਜ਼ਾ ਲੈਣਾ ਸੀ। ਕਰਜ਼ਾ ਦੇਣ ਵਾਲਾ ਸੇਠ ਦੇ ਪੈਸੇ ਵਾਪਸ ਨਾ ਕਰ ਸਕਿਆ। ਸੇਠ ਨੇ ਅਦਾਲਤ ਵਿਚ ਮੁਕੱਦਮਾ ਕਰ ਦਿੱਤਾ। ਜਿਸ ਵਿਚ ਮੂਲ ਅਤੇ ਵਿਆਜ ਦੀ ਰਕਮ ਕਾਫੀ ਬਣ ਗਈ, ਬਲਕਿ ਮੂਲ ਦੀ ਰਕਮ ਨਾਲੋਂ ਵਿਆਜ ਦੀ ਰਕਮ ਕਾਫੀ ਬਣ ਗਈ, ਬਲਕਿ ਮੂਲ ਦੀ ਰਕਮ ਨਾਲੋਂ ਵਿਆਜ ਦੀ ਰਕਮ ਕਾਫੀ ਵੱਧ ਗਈ।

ਮੁਕੱਦਮੇ ਦੌਰਾਨ ਜੱਜ ਨੇ ਸੇਠ ਨੂੰ ਕਿਹਾ ਕਿ ਤੂੰ ਮੂਲ ਜਾਂ ਵਿਆਜ ਇਕ ਚੀਜ਼ ਛੱਡ ਦੇਹ। ਸੇਠ ਨੇ ਸੋਚਿਆ ਵਿਆਜ ਬਹੁਤਾ ਹੈ ਮੂਲ ਛੱਡ ਦਿੰਦਾ ਹਾਂ। ਸੇਠ ਨੇ ਉੱਤਰ ਦਿੱਤਾ ਜਨਾਬ ਮੈਂ ਮੂਲ ਛੱਡ ਦਿੰਦਾ ਹਾਂ। ਜੱਜ ਨੇ ਫੈਸਲਾ ਕੀਤਾ ਕਿ ਜਿਸ ਚੀਜ਼ ਦਾ ਮੂਲ ਹੀ ਨਹੀਂ ਹੈ ਉਸਦਾ ਵਿਆਜ ਵੀ ਕੀ ਹੋ ਸਕਦਾ ਹੈ ਕੇਸ ਖਾਰਜ।

ਇਸੇ ਤਰ੍ਹਾਂ ਗੁਰੂ ਨਾਨਕ ਦੇਵ ਜੀ ਨੇ ਸਿੱਖ ਨੂੰ ੧ਓ ਦੇ ਮੂਲ ਨੂੰ ਨਾ ਛੱਡਣ ਦੀ ਤਾਅਕੀਦ ਕੀਤੀ ਹੈ।

ਕੁਰੂਕੁਸ਼ੇਤਰ ਦੇ ਮੈਦਾਨ ਵਿਚ ਮਹਾਂਭਾਰਤ ਦੀ ਜੰਗ ਤੋਂ ਬਾਅਦ ਕੌਰਵਾਂ ਤੇ ਪਾਂਡਵਾਂ ਦੀ ਚਾਲੀ ਲੱਖ ਫੌਜ ਵਿਚੋਂ ਸਿਰਫ ਦਸ ਆਦਮੀ ਹੀ ਬਚੇ ਸਨ। ਇਨ੍ਹਾਂ ਵਿਚੋਂ ਪੰਜ ਪਾਂਡਵ, ਕ੍ਰਿਸ਼ਨ ਜੀ ਉਨ੍ਹਾਂ ਦਾ ਭਰਾ ਬਲਰਾਮ ਅਤੇ ਤਿੰਨ ਕੌਰਵ ਸਨ। ਤਿੰਨ ਕੌਰਵ 1. ਕ੍ਰਿਪਾਚਾਰਯ, 2. ਕ੍ਰਿਪੁਣਾ, 3. ਅਸਵਤਥਾਮਾਂ। ਕੌਰਵਾਂ ਦੀ ਮਾਤਾ ਗੰਧਾਰੀ ਨੇ ਸੰਜਯ ਨੂੰ ਪੁਛਿਆ ਕਿ ਪਾਂਡਵਾਂ ਦੇ ਸੱਤ ਅਤੇ ਕੌਰਵਾਂ ਦੇ ਕੇਵਲ ਤਿੰਨ ਕਿਉਂ ਬਚੇ ਹਨ। ਉਸਨੇ ਉੱਤਰ ਦਿੱਤਾ ਕਿ ਸੱਤ ਅਤੇ ਤਿੰਨ ਮਿਲਕੇ ਦਸ ਬਣਦੇ ਹਨ। ਦਸ ਅੰਕ ਵਿਚ ਇਕ ਦੀ ਖਾਸ ਮਹਾਨਤਾ ਹੈ। ਜੇ ਇਕ ਨਾ ਹੋਵੇ ਤਾਂ ਸਿਫਰ ਦਾ ਆਪਣਾ ਕੋਈ ਮੁੱਲ ਨਹੀਂ ਹੈ। ਮਾਤਾ ਨੂੰ ਸੱਤ ਤੇ ਤਿੰਨ ਦੇ ਚੱਕਰਾਂ ਵਿਚ ਨਾ ਪੈ ਇਹ ਕੇਵਲ ਇਕ ਕ੍ਰਿਸ਼ਨ ਜੀ ਦੇ ਸਦਕੇ ਹੀ ਬਾਕੀ ਬਚੇ ਹਨ। ਸੱਚ ਹੈ

ਸਿਫਰਾਂ ਭਾਵੇਂ ਸੈਂਕੜੇ ਪਾ ਦੇਈਏ ਉਨ੍ਹਾਂ ਦਾ ਕੋਈ ਮੁੱਲ ਨਹੀਂ ਹੈ ਜੇ ਇਕ ਹਿੰਦਸਾ ਉਨ੍ਹਾਂ ਨਾਲ ਜੋੜ ਦੇਈਏ ਤਾਂ ਉਹ ਦਸ ਸੌ, ਹਜ਼ਾਰ, ਲੱਖ ਤੇ ਕਰੋੜ ਬਣ ਜਾਂਦੇ ਹਨ। ਬਣੀ ਦਾ ਵਾਕ ਹੈ:-

ਆਢ ਦਾਮ ਕੋ ਛੀਪਰੋ ਹੋਇਓ ਲਾਖੀਣਾਂ। ਪੰਨਾ (੪੮੭)

ਕਉਡੀ ਕਾ ਲਖ ਹੂਆ ਮੂਲੁ। ਪੰਨਾ (੮੯੮)

ਕਬੀਰ ਜੀ, ਰਵਿਦਾਸ ਜੀ, ਨਾਮ ਦੇਵ ਜੀ, ਧੰਨਾ ਜੀ, ਸਧਨਾ ਜੀ ਭਗਤ ਨੀਚ ਤੇ ਛੋਟੀਆਂ ਕਹੀਆਂ ਜਾਤੀਆਂ ਜਾਤਾਂ ਦੇ ਲੋਕ ਵੀ ੧ੴ ਨਾਲ ਸਾਂਝ ਪਾ ਕੇ ਸਿਫਰਾਂ ਤੋਂ ਲੱਖਾਂ ਦੇ ਬਣ ਗਏ। ਏਸੇ ਲਈ ਗੁਰੂ ਨਾਨਕ ਦੇਵ ਜੀ ਨੇ ਹਰ ਸਿੱਖ ਦੀ ਸਾਂਝ ੧ੴ ਦੇ ਮੂਲ-ਮੰਤ੍ਰ ਨਾਲ ਪਾਈ ਹੈ।

ਗੁਰੂ ਗੋਬਿੰਦ ਸਿੰਘ ਜੀ ਵੱਡੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਦੇ ਕੇ ਚਮਕੌਰ ਦੀ ਗੜ੍ਹੀ ਵਿਚੋਂ ਨਿਕਲੇ। ਭਾਈ ਦਯਾ ਸਿੰਘ ਤੇ ਭਾਈ ਮਾਨ ਸਿੰਘ ਕੁੱਝ ਘੰਟਿਆਂ ਬਾਅਦ ਆਪ ਜੀ ਨੂੰ ਮਿਲੇ। ਭਾਈ ਦਇਆ ਸਿੰਘ ਜੀ ਨੇ ਕਿਹਾ ਗਰੀਬ ਨਿਵਾਜ਼ ਅਸੀਂ ਹੁਣ ਕੇਵਲ ਤਿੰਨ ਹੀ ਹਾਂ ਪਰ ਦੂਰ ਵੈਰੀਆਂ ਦੀਆਂ ਬਹੁਤ ਫੌਜਾਂ ਅੱਗੇ ਨਜ਼ਰ ਆ ਰਹੀਆਂ ਹਨ ਤਾਂ ਕਲਗੀਧਰ ਪਾਤਸ਼ਾਹ ਕਹਿਣ ਲੱਗੇ, ਭਾਈ ਦਯਾ ਸਿੰਘ ਜੀ ਅਸੀਂ ਤਿੰਨ ਨਹੀਂ ਬਲਕਿ ਚਾਰ ਹਾਂ। ਭਾਈ ਦਇਆ ਸਿੰਘ ਨੇ ਪੁੱਛਿਆ ਮਹਾਰਾਜ ਚੌਥਾ ਕੌਣ ਹੈ ਤਾਂ ਉੱਤਰ ਮਿਲਿਆ ੧ੴ ਸਾਡੇ ਨਾਲ ਹੈ, ਜੋ ਸਭ ਤੋਂ ਸ਼ਕਤੀਵਾਨ ਤੇ ਸਾਰਿਆਂ ਦਾ ਸੱਚਾ ਸਾਥੀ ਹੈ। ਉਸ ਇਕ ਦੇ ਨਾਲ ਹੁੰਦਿਆਂ ਸੈਂਕੜੇ ਦੁਸ਼ਮਣ ਵੀ ਸਾਡਾ ਕੁਝ ਨਹੀਂ ਵਿਗਾੜ ਸਕਦੇ।

ਜ਼ਫ਼ਰਨਾਮੇ ਵਿਚ ਆਪ ਜੀ ਦਾ ਫਰਮਾਨ ਹੈ:-

ਹਕੇ ਯਾਰ ਬਾਸ਼ਦ 'ਚ ਦੁਸ਼ਮਨ ਕੁਨਦ॥

ਅਗਰ ਦੁਸ਼ਮਨੀ ਰਾ ਬਸਦ ਤਨ ਕੁਨਦ॥

ਗੁਰੂ ਗ੍ਰੰਥ ਸਾਹਿਬ ਪੰ: (੧੧੦)

ਇਸ ਤੋਂ ਗੁਰੂ ਨਾਨਕ ਦੇਵ ਜੀ ਦੇ ੧ੴ ਦੇ ਸਿਧਾਂਤ ਦਾ ਸੋਹਣੀ ਤਰ੍ਹਾਂ ਪਤਾ ਲੱਗਦਾ ਹੈ ਕਿ ੧ੴ ਨੂੰ ਇਕ ਨਾਲ ਜੋੜ ਕੇ ਕਿਸ ਤਰ੍ਹਾਂ ਦੁਨੀਆਂ ਨੂੰ ੧ੴ ਦਾ ਉਪਾਸਿਕ ਬਣਾਇਆ।

ਆਪ ਬਾਣੀ ਵਿਚ ਦੱਸਦੇ ਹਨ:-

ਅਸਤਿ ਏਕਦਿਗਰ ਕੁਈ॥

ਏਕ ਤੁਈ ਏਕ ਤੁਈ॥

ਗੁਰੂ ਗ੍ਰੰਥ ਸਾਹਿਬ ਪੰ: (੧੧੦)

ਜਪੁਜੀ ਸਾਹਿਬ ਵਿਚ ਹਜ਼ੂਰ ਫਰਮਾਉਂਦੇ ਨੇ:

ਗੁਰਾ ਇਕ ਦੇਹਿ ਬੁਝਾਈ॥

ਸਭਨਾਂ ਜੀਅ ਕਾ ਇਕੁ ਦਾਤਾ

ਸੋ ਮੈ ਵਿਸਰ ਨ ਜਾਈ॥

ਗੁਰੂ ਗ੍ਰੰਥ ਸਾਹਿਬ ਪੰ: (੧੧੦)

ਇਕ ਇਸਤਰੀ (ਧਾਨ) ਮੂੰਜੀ ਉਖਲੀ ਵਿਚ ਛੜ ਰਹੀ ਸੀ। ਇਕ ਸਾਧੂ ਉਸ ਘਰ ਵਿਚ ਭਿਖਿਆ ਮੰਗਣ ਗਿਆ ਤੇ ਦਰਵਾਜ਼ੇ ਵਿਚ ਖੜਾ ਹੋ ਗਿਆ। ਉਸਨੇ ਵੇਖਿਆ ਕਿ ਧਾਨ ਕੁਟਦਿਆਂ ਹੋਇਆਂ ਇਸਤਰੀ ਦੀਆਂ ਵੰਗਾਂ ਆਪੋ ਵਿਚ ਵੱਜ-ਵੱਜ ਕੇ ਛਣਕ ਰਹੀਆਂ ਸਨ। ਇਸਤਰੀ ਨੇ ਖੜਕਾ ਘਟਾਉਣ ਲਈ ਪਹਿਲੇ ਇਕ ਵੰਗ ਲਾਹੀ ਫਿਰ ਦੂਜੀ, ਫਿਰ ਤੀਜੀ। ਪਰ ਫਿਰ ਵੀ ਵੰਗਾਂ ਛਣਕ ਰਹੀਆਂ ਸਨ। ਜਦੋਂ ਆਖਰੀ ਇਕੋ ਹੀ ਵੰਗ ਰਹਿ ਗਈ ਤਾਂ ਜਾ ਕੇ ਵੰਗਾਂ ਦੀ ਛਣਕਾਰ ਬੰਦ ਹੋਈ। ਸਾਧੂ ਨੂੰ ਗਿਆਨ ਹੋ ਗਿਆ ਜਿੰਨਾ ਚਿਰ ਮਨੁੱਖ ਦੇ ਅੰਦਰ ਹੋਰ ਖਾਹਸਾਂ ਹਨ ਓਨਾ ਚਿਰ ਮਨ ਵਿਚ ਖੜਕਾ ਹੁੰਦਾ ਰਹੇਗਾ। ਜਦੋਂ ਕੇਵਲ ਇਕ ਹੀ ਆਖਰੀ ਬਾਕੀ ਰਹਿ ਗਈ ਤਾਂ ਮਨ ਦਾ ਸ਼ੋਰ ਬੰਦ ਹੋ ਜਾਵੇਗਾ।

ਗੁਰੂ ਸਾਹਿਬ ਦਾ ਸਿੱਖ ਲਈ ਹੁਕਮ ਹੈ:

ਏਕੋ ਜਪੁ ਏਕੋ ਸਾਲਾਹਿ॥

ਏਕੋ ਸਿਮਰਿ ਏਕੋ ਮਨ ਆਹਿ॥

(ਗਉੜੀ ਸੁਖਮਨ ਮ: ੫ ਪੰ: ੨੮੯)

ਸਦਾ ਸਦਾ ਸੋ ਸੇਵਿਐ ਜੋ ਸਭ ਮਹਿ ਰਹੈ ਸਮਾਇ॥

ਅਵਰੁ ਦੂਜਾ ਕਿਉ ਸੇਵੀਐ ਜੰਮੈ ਤੈ ਮਰਿ ਜਾਇ॥ *(ਪੰਨਾ ੪)*

ਜਿਹੜਾ ਕੁੱਤਾ ਇਕ ਦਾ ਹੋ ਕੇ ਰਹੇ ਉਹ ਆਪਣੇ ਮਾਲਕ ਦਾ ਵਫਾਦਾਰ ਹੁੰਦਾ ਹੈ। ਮਾਲਕ ਨੂੰ ਵੀ ਉਸਦਾ ਫਿਕਰ ਹੁੰਦਾ ਹੈ। ਪਰ ਇਸਦੇ ਉਲਟ ਦਰ-ਦਰ ਫਿਰਨ ਵਾਲੇ ਕੁੱਤੇ ਦੀ ਕੋਈ ਬਾਤ ਨਹੀਂ ਪੁੱਛਦਾ। ਇਸੇ ਲਈ ਇਕ ਸ਼ਾਇਰ ਨੇ ਕਿਹਾ ਹੈ।

ਜੋ ਕੁੱਤਾ ਦਰ-ਦਰ ਫਿਰੇ,

ਦਰ-ਦਰ ਦੂਰ-ਦੂਰ ਹੋਏ।

ਜੋ ਇਕ ਦਾ ਹੋ ਕੇ ਰਹੇ,

ਦੂਰ-ਦੂਰ ਕਰੇ ਨਾ ਕੋਏ।

ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਉਪਦੇਸ਼ ਵੇਖੋ:

ਸੁਆਮੀ ਕੋ ਗ੍ਰਿਹ ਜਿਉ ਸਦਾ,
ਸੁਆਨ ਤਜਤ ਨਹੀਂ ਨਿਤ।
ਨਾਨਕ ਇਹ ਬਿਧ ਹਰਿ ਭਜਉ
ਇਕ ਮਨਿ ਹੁਇ ਇਕ ਚਿਤਿ।

ਗ੍ਰੰਥ ਸਾਹਿਬ ਪੰ: (੧੪੨)

ਮਾਲਕ ਦਾ ਘਰ ਰੱਖਿਆ ਕੁੱਤਾ, ਘਰ ਨ ਉਸਦਾ ਛਡੇ।
ਜੋ ਵੀ ਪੁਰਸ਼ ਪਰਾਇਆ ਆਵੇ, ਉਸ ਦੇ ਤਾਂਈ ਵੱਢੇ।
ਸਤਿਗੁਰ ਕਹਿਣ ਕਿ ਏਦਾਂ ਬੰਦੇ ਸਿਮਰਨ ਵਿਚ ਚਿਤ ਲਾਉ।
ਇਕ ਚਿਤ ਹੋਕੇ ਇਕ ਪ੍ਰਭੂ ਨੂੰ ਨੂਰੀ ਚਿਤੋ ਧਿਆਉ।

ਭਾਈ ਨੰਦ ਲਾਲ ਜੀ ਸਾਹਿਬ ਗੁਰੂ ਗੋਬਿੰਦ ਸਿੰਘ ਜੀ ਦੇ ਸ਼ਰਧਾਲੂ ਸਿੱਖ ਸਨ। ਉਹ ਕਲਗੀਧਰ ਰੂਪੀ ਸ਼ਮਾਂ ਦੇ ਪਰਵਾਨੇ ਸਨ। ਹਵਾ ਨੂੰ ਸੰਬੋਧਨ ਕਰਕੇ ਕਹਿਣ ਲੱਗੇ:-

ਐ ਹਵਾ! ਅੰਤ ਸਮੇਂ ਜਦੋਂ ਮੇਰੇ ਸਰੀਰ ਦੀ ਖਾਕ ਬਣ ਜਾਵੇ ਤਾਂ ਕਿਰਪਾ ਕਰਕੇ ਇਸ ਖਾਕ ਨੂੰ ਕਲਗੀਧਰ ਪਿਤਾ ਦੇ ਦਰ ਤੇ ਰਹਿਣ ਦੇਵੀਂ ਕਿਸੇ ਹੋਰ ਦਰ ਤੇ ਲੈ ਜਾਕੇ ਨਾ ਸੁੱਟ ਦੇਵੀਂ। ਨਹੀਂ ਤਾਂ ਮੇਰੇ ਨਿੰਦਕ ਆਖਣਗੇ ਕਿ ਨੰਦ ਲਾਲ ਹਰਜ਼ਾਈ ਹੈ, ਉਹ ਇਕ ਦਾ ਦੀਵਾਨਾ ਨਹੀਂ ਹੈ।

ਮਬਰ ਐ ਬਾਦਿ ਖਾਕਮ, ਅਜ਼ ਦਰਿ ਦੂਸਤ।
ਦੁਸ਼ਮਨਮ ਸਰਜ਼ਨੱਸ਼ ਕੁਨਦ ਕਿ ਹਰਜਾਈਸਤ।

ਗੁਰਸਿੱਖ ਤੇ ੧ਓ ਦੀ ਸਾਂਝ ਤਾਂ ਇਸ ਤਰ੍ਹਾਂ ਦੀ ਹੋਣੀ ਚਾਹੀਦੀ ਹੈ ਕਿ ਉਸਦੀ ਮਿੱਟੀ ਵਿਚੋਂ ਵੀ ੧ਓ-੧ਓ ਦੀ ਆਵਾਜ਼ ਆਵੇ। ਜਦੋਂ ਇਹ ਸਮਾਂ ਤੇ ਸਰਿਸ਼ਟੀ ਅਜੇ ਨਹੀਂ ਸੀ ਹੋਂਦ 'ਚ ਆਏ। ਉਸ ਵੇਲੇ ਵੀ ਕਾਇਮ ਪ੍ਰਭੂ ਸੀ। ਇਸ ਬਾਰੇ ਇਕ ਸ਼ਾਇਰ ਨੇ ਕਿਹਾ ਹੈ:-

ਕੂਚਾ ਏ ਯਾਰ ਮੇਂ ਬੈਠ ਨਕਸ਼ੇ ਪਾ ਕੀ ਤਰ੍ਹਾਂ।
ਕੋਈ ਮਿਟਾ ਤੋ ਸਕੇ, ਪਰ ਉਠਾ ਨ ਸਕੇ।

ਸੋ ਸਿੱਖ ਹਮੇਸ਼ਾ ਹੀ ੧ਓ ਦੀ ਓਟ ਲੈਂਦਾ ਹੈ, ਆਪਣਾ ਮਨ ਉਸ ਵਿਚ ਟਿਕਾਉਂਦਾ ਹੈ ਤੇ ਸੁਖ ਅਨੰਦ ਮਾਣਦਾ ਹੋਇਆ ਹਮੇਸ਼ਾ ਏਹੋ ਕਹਿੰਦਾ ਹੈ:-

ਤੁਮਹਿ ਛਾਡਿ ਕੋਈ ਅਵਰ ਨਾ ਧਿਯਾਉ॥
ਜੋ ਬਰ ਚਹੋਂ ਸੁ ਤੁਮ ਤੇ ਪਾਊ॥

ਕਬਿਯੋਬਾਚ ਬੇਨਤੀ॥ ਚੌਪਈ॥

ਸੋ ੧ਓ ਬਾਰੇ ਆਪਣੀ ਕਵਿਤਾ ਹਾਜ਼ਰ ਹੈ:-

੧ਓ

ਹਰ ਇਕ ਦੀ ਓਟ ਤੂੰ ਏਂ, ਹਰ ਇਕ ਨੂੰ ਆਸ ਤੇਰੀ।
ਕਣ-ਕਣ 'ਚ ਵਾਸ ਤੇਰੀ, ਫੁੱਲਾਂ 'ਚ ਬਾਸ ਤੇਰੀ।
'ਨੂਰੀ' ਨੂੰ ਦਰਦ ਦੇ ਕੇ, ਸ਼ਾਇਰ ਬਣਾਉਣ ਵਾਲੇ।
ਵਿਰਲੇ ਕਿਸੇ ਨੂੰ ਆਈ, ਐ ਪ੍ਰਭ ਸ਼ਨਾਸ਼ ਤੇਰੀ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ ਸ਼ਬਦ ਹੈ ੧ਓ ਕਾਰ।
ਐ ਪ੍ਰਾਣੀ ਚਾਹੀਦਾ ਹੈ ਤੈਨੂੰ, ਏਸ ਸ਼ਬਦ ਨੂੰ ਹਿਰਦੇ ਧਾਰ।

ਜਪੁਜੀ ਸਾਹਿਬ ਅੰਗੂਰੀ ਇਸਦੀ, ਗੁਰੂ ਗ੍ਰੰਥ ਜੀ ਫਲ/ਫੁੱਲ ਜਾਣ।
ਸ਼ਾਖਾ ਤਣੇ ਤੇ ਹੋਰ ਸਮੱਗਰੀ, ਏਸ ਤਾਂਈ ਪਿਆਰੇ ਪਹਿਚਾਣ।

ਓ ਸ਼ਬਦ ਪਹਿਲਾਂ ਵੀ ਹੈ ਸੀ, ਹਿੰਦੂ ਧਰਮਾਂ ਦੇ ਅਨੁਸਾਰ।
ਗੁਰੂ ਨਾਨਕ ਜੀ ਏਕਾ ਲਾ ਕੇ, ਦੱਸੀ ਇਸਦੀ ਠੀਕ ਵਿਚਾਰ।

ਹਿੰਦੂ ਧਰਮ ਇਹਨੂੰ ਅ ਓ ਮ ਬਣਾਕੇ, ਤਿੰਨ ਦੇਵਤੇ ਏਦਾਂ ਜਾਨਣ।
ਅ ਵਿਸ਼ਨੂੰ, ਓ ਬ੍ਰਹਮਾ, ਮ ਸ਼ਿਵਜੀ ਰੂਪ ਪਛਾਨਣ।

ਪਰ ਗੁਰੂ ਨਾਨਕ ਜੀ ਓ ਤੋਂ ਪਹਿਲਾਂ ੧ ਅੰਕ ਜਿਹੜਾ ਹੈ ਲਾਇਆ।
ਕਿ ਓ ਕੇਵਲ ਇਕ ੧ਓ ਹੈ, ਪੂਜੋ ਇਸਨੂੰ ਗੁਰੂ ਫੁਰਮਾਇਆ।

ਏਸੇ ਲਈ ਸਤਿਗੁਰ ਇਹ ਏਕਾ, ਅੱਖਰਾਂ ਵਿੱਚ ਨਹੀਂ ਲਿਖ ਪਾਇਆ।
ਹਿੰਦਸੇ ਵਿੱਚ ਇਹਨੂੰ ਅੰਕਤ ਕਰਕੇ, ਭਾਵ ਸਪਸ਼ਟ ਉਹਨਾਂ ਪ੍ਰਗਟਾਇਆ।

ਪਾਠ ਅਰੰਭ ੧ਓ ਤੋਂ ਹੁੰਦਾ, ਨਾਨਕ ਬ੍ਰਹਮ ਪਸਾਰੋ ਅੰਤ।
ਇਕ ਬੀਜ਼ ਦਾ ਜਿਵੇਂ ਪਸਾਰਾ, ਰੁੱਖ ਸਾਰੇ ਵਿੱਚ ਹੋਏ ਬੇਅੰਤ।

ਇਸ ਤਰ੍ਹਾਂ ਇਹ ਸਾਰੀ ਸ੍ਰਿਸ਼ਟੀ, ੴ ਦਾ ਇਕ ਪਸਾਰਾ
ੴ ਤੇ ਬ੍ਰਹਮ ਪਾਸਾਰਾ, ਵੱਖ ਵੱਖ ਕਦੇ ਨ ਹੋਏ ਦੋ-ਬਾਰਾ।

ਇਕ ਸਿੱਕੇ ਦੇ ਦੋਵੇਂ ਪਾਸੇ, ਕਦੇ ਨਿਖੇੜੇ ਜਾ ਨਹੀਂ ਸਕਦੇ।
ਗੁਰਮਤਿ ਦੇ ਵਿਦਵਾਨਾਂ ਤੋਂ ਬਿਨਾਂ, ਥਹੁ ਇਸਦੀ ਨੂੰ ਪਾ ਨਹੀਂ ਸਕਦੇ।

ਗੁਰੂ ਸਾਹਿਬ ਨੇ ਧਿਆਨ ਅਸਾਡਾ, ੴ ਦੇ ਵਲ ਦਿਵਾਇਆ।
ਖੰਡ ਬ੍ਰਹਮੰਡ ਇਹਦੇ ਤੋਂ ਸਿਰਜੇ, ਇਹ ਭੇਦ ਸਾਨੂੰ ਸਮਝਾਇਆ।

ਓਅੰਕਾਰਿ ਬ੍ਰਹਮਾ ਉਤਪਤਿ॥ ਓਅੰਕਾਰ ਕੀਆ ਜਿਨਿ ਚਿਤਿ॥
ਓਅੰਕਾਰ ਸੈਲ ਜੁਗ ਭਏ॥ ਓਅੰਕਾਰ ਬੇਦ ਨਿਰਮਏ॥

ੴ ਤੋਂ ਗੁਰਪ੍ਰਸਾਦਿ ਤੱਕ ਮੂਲ ਮੰਤਰ ਕਹਿੰਦੇ ਵਿਦਵਾਨ।
ਮੂਲ ਮੰਤ੍ਰ ਦੀ ਹੀ ਵਿਆਖਿਆ, ਸਤਿਗੁਰ ਜਪੁਜੀ ਵਿੱਚ ਫੁਰਮਾਨ।

ਮੂਲ ਦਾ ਅਰਥ ਜੜ੍ਹ ਹੁੰਦਾ ਹੈ, ਮੂਲ ਦਾ ਜਾਣੋਂ ਅਸਲੀ ਰਾਜ਼।
ਮੂਲ ਬਿਨਾਂ ਨਹੀਂ ਪ੍ਰਾਪਤ ਹੁੰਦਾ, ਪ੍ਰਾਣੀ ਦੇ ਤਾਂਈ ਕਦੇ ਵਿਆਜ਼।

ਇਕ ਸੇਠ ਨੇ ਕਿਸੇ ਨੂੰ ਦਿੱਤੇ, ਕੁੱਝ ਰੁਪਈਏ ਸਨ ਹੁਦਾਰ।
ਜਿਸ ਵਿਚ ਮੂਲ ਵਿਆਜ ਇੰਞ ਦੋਵੇਂ, ਬਣ ਗਏ ਹੈ ਸਨ ਕਈ ਹਜ਼ਾਰ।

ਅਦਾਲਤ ਵਿੱਚ ਮੁਕੱਦਮਾ ਚਲਿਆ, ਜੱਜ ਸੇਠ ਦੇ ਤਾਂਈ ਸੁਣਾਇਆ।
ਤੂੰ ਦੋਹਾਂ 'ਚੋਂ ਇਕ ਨੂੰ ਛੱਡ ਦੇ, ਵਿਆਜ਼ ਜਾਂ ਮੂਲ ਕੀ ਚਾਹੁੰਨਾ ਪਾਇਆ?

ਸੇਠ ਸੋਚਦਾ ਵਿਆਜ ਬਹੁਤਾ ਹੈ, ਇਸ ਲਈ ਮੈਂ ਵਿਆਜ ਪੁਕਾਰਾਂ।
ਮੂਲ ਤਾਂ ਹੁਣ ਰਹਿ ਗਿਆ ਏਂ ਥੋੜ੍ਹਾ ਮੂਲ ਨੂੰ ਮੈਂ ਹੁਣ ਦਿਲੋਂ ਵਿਸਾਰਾਂ।

ਜੱਜ ਸੀ ਸੁਣਿਆ ਬਹੁਤਾ ਸਿਆਣਾ, ਉਸਨੇ ਤਦ ਇਹ ਹੁਕਮ ਸੁਣਾਇਆ।
ਜਿਹੜੀ ਸ਼ੈ ਦਾ ਮੂਲ ਹੀ ਹੈ ਨਹੀਂ, ਵਿਆਜ ਓਸਦਾ ਕਿਥੋਂ ਆਇਆ।

ਏਸ ਤਰ੍ਹਾਂ ਹੀ ਸਤਿਗੁਰ ਨਾਨਕ ਐ ਬੰਦੇ ਤੈਨੂੰ ਫੁਰਮਾਇਆ।
ੴ ਦਾ ਮੂਲ ਨ ਛੱਡੀਂ, ਏਹੋ ਹੈ ਤੇਰਾ ਸਰਮਾਇਆ।

ਕੌਰਵਾਂ ਪਾਂਡਵਾਂ ਦੇ ਜੰਗ ਦੇ ਵਿਚ ਮਰ ਗਈ, 40 ਲੱਖ ਦੀ ਫੌਜ ਮਹਾਨ।
ਉਨ੍ਹਾਂ ਚੋਂ 10 ਬਚੇ ਸੀ ਕੇਵਲ, ਉਹ ਵੀ ਇਹ ਸਨ ਪਿਆਰੇ ਜਾਨ।

5 ਪਾਂਡਵ ਕ੍ਰਿਸ਼ਨ ਤੇ ਉਸਦਾ, ਪਿਆਰਾ ਭਾਈ ਛੋਟਾ ਬਲਰਾਮ।
3 ਕੌਰਵ ਕ੍ਰਿਪਾਚਾਰਥ, ਕ੍ਰਿਪਣਾ ਤੇ ਤੀਜਾ ਹੈ ਸੀ ਅਸਤਥਾਮ।

ਕੌਰਵਾਂ ਦੀ ਮਾਂ ਪੁੱਛੇ ਗੰਧਾਰੀ, ਤੁਸੀਂ ਤਿੰਨ ਤੇ ਬਚੇ ਉਹ ਪੰਜ।
ਮੈਨੂੰ ਤਾਂ ਹੈ ਆਈ ਜਾਂਦਾ ਏਸ ਬਾਤ ਦਾ ਬੜਾ ਹੀ ਰੰਜ।

ਸੰਜਯ ਨੇ ਇਹ ਉਤਰ ਦਿੱਤਾ ਸਤ ਤੇ ਤਿੰਨ ਮਿਲ ਦਸ ਬਣ ਜਾਣ।
10 ਦੇ ਅੰਕ ਵਿਚ ਤੂੰ ਕੇਵਲ, ਇਕ ਨੂੰ ਸਭ ਤੋਂ ਉਪਰ ਮਾਨ।

ਜੇ ਇਸਦੇ ਵਿਚ ਇਕ ਨ ਹੋਵੇ ਫਿਰ ਸਿਫਰੇ ਦਾ ਮੁਲ ਨਹੀਂ ਕੋਈ।
ਇਸ ਕਰਕੇ ਹੀ ਦਸ ਬਚ ਗਏ ਨੇ ਇਸ ਏਕੇ ਦੇ ਤੁਲ ਨਹੀਂ ਕੋਈ।

ਕੇਵਲ ਇਕ ਕ੍ਰਿਸ਼ਨ ਦੇ ਸਦਕੇ, ਬਾਕੀ ਇਹ 9 ਬੱਚ ਕੇ ਆਏ।
ਏਸ ਬਾਤ ਨੂੰ ਚਾਹੀਦਾ ਮਾਏਂ, ਹਰ ਇਕ ਪ੍ਰਾਨੀ ਚਿਤ ਵਸਾਏ।

ਇਕ ਪ੍ਰਮੇਸ਼ਰ ਦੇ ਸੰਗ ਜੁੜਕੇ, ਨਾਚੀਜ਼ ਵੀ ਪਾਉਂਦਾ ਮਾਨ।
ਕਬੀਰ, ਰਵਿਦਾਸ, ਨਾਮਦੇਵ, ਧੰਨਾ, ਸਧਨੇ ਵਰਗੇ ਜਾਣੇ ਜਾਣ।

ੴ ਨਾਲ ਪ੍ਰੀਤਾਂ ਪਾ ਕੇ, ਲੱਖਾਂ ਦੇ ਇਹ ਬਣੇ ਮਹਾਨ।
ਤਾਹੀਓ ਤਾਂ ਹਰ ਇਕ ਦੇ ਤਾਈਂ, ਸਤਿਗੁਰ ਨਾਨਕ ਇਹ ਫੁਰਮਾਨ।

ੴ ਵਸਾਕੇ ਹਿਰਦੇ ਇਸਨੂੰ ਜਾਣੋਂ ਜਿੰਦ ਪ੍ਰਾਣ।
ਇਸ਼ ਏਕੇ ਬਿਨ, ਤੇਰਾ ਸਾਥੀ, ਕੋਈ ਨਹੀਂ ਇਸ ਬਾਤ ਨੂੰ ਜਾਣ।

ਸਾਹਿਬਜ਼ਾਦੇ ਦਸ਼ਮੇਸ਼ ਪਿਤਾ ਦੇ ਅਜੀਤ ਸਿੰਘ ਤੇ ਸਿੰਘ ਜੁਝਾਰ।
ਹੋਏ ਸ਼ਹੀਦ ਚਮਕੌਰ ਗੜ੍ਹੀ ਵਿਚ, ਵੈਰੀ ਕਈ ਬੁਲਾ ਕੇ ਪਾਰ।

ਗੋਬਿੰਦ ਸਿੰਘ ਜੀ ਏਸ ਗੜ੍ਹੀ ਚੋਂ, ਲੜਦੇ ਲੜਦੇ ਆਏ ਬਾਹਰ।
ਹੋਏ ਸ਼ਹੀਦ ਚਮਕੌਰ ਗੜ੍ਹੀ ਵਿੱਚ, ਵੈਰੀ ਕਈ ਬੁਲਾ ਕੇ ਪਾਰ।

ਦਇਆ ਸਿੰਘ ਨੇ ਆਖਿਆ ਸਤਿਗੁਰ, ਜਾਣੀ ਜਾਣ ਤੁਸੀਂ ਦਾਤਾਰ।
ਹੁਣ ਕੇਵਲ ਆਪਾਂ ਤਿੰਨ ਹੀ ਰਹਿ ਗਏ, ਓਧਰ ਵੈਰੀ ਕਈ ਹਜ਼ਾਰ।

ਕਲਗੀਧਰ ਜੀ ਅੱਗੋਂ ਬੋਲੇ, ਤਿੰਨ ਨਹੀਂ ਆਪਾਂ ਹਾਂ ਚਾਰ।
ਸ਼ਕਤੀਵਾਨ ਉਹ ਸਾਡਾ ਸਾਥੀ, ਉਸ ਵਰਗਾ ਕਿਹੜਾ ਬਲਕਾਰ।

ਉਸਦੇ ਸਾਡੇ ਨਾਲ ਹੁੰਦੀਆਂ, ਦੁਸ਼ਮਨ ਭਾਵੇਂ ਹੋਣ ਹਜ਼ਾਰ।
ਵਾਲ ਵਿੰਗਾ ਸਾਡਾ ਹੋ ਨਹੀਂ ਸਕਦਾ, ਇਸ ਲਈ ਤੂੰ ਇਹ ਹਿਰਦੇ ਧਾਰ।

ਦਇਆ ਸਿੰਘ ਫਿਰ ਅੱਗੋਂ ਕਹਿੰਦਾ, ਵੇਖ ਰਿਹਾਂ ਮੈਂ ਝਾਤੀ ਮਾਰ।
ਚੌਥਾ ਕਿਧਰੇ ਨਜ਼ਰ ਨਹੀਂ ਆਉਂਦਾ, ਤੁਸੀਂ ਕਹਿੰਦੇ ਹੋ ਆਪਾਂ ਚਾਰ।

ਤਾਂ ਫਿਰ ਕਲਗੀਧਰ ਜੀ ਕਹਿੰਦੇ, ਸਾਡੇ ਨਾਲ ਹੈ ੴ ਕਾਰ।
ੴ ਕਾਰ ਹੈ ਜਿਸਦੇ ਨਾਲ, ਉਹ ਨੂਰੀ ਨਹੀਂ ਸਕਦਾ ਹਾਰ।

ਐ ਸਤਿਗੁਰ ਦੇ ਸਿੰਘ ਸਰਦਾਰੋ, ਬੀਬੇ ਬਚਿਉ ਗੁਰਮੁਖ ਨਾਰੋ।
ੴ ਨੂੰ ਹਿਰਦੇ ਧਾਰੋ, ਇਸ ਥੀਂ ਆਪਣੇ ਜਨਮ ਸਵਾਰੋ।

ਸਤਨਾਮੁ

ਉਸਦਾ ਨਾਮ ਸਦਾ ਹੈ ਸੱਚਾ, ਸਭ ਕੁਝ ਝੂਠਾ ਹੋਰ ਹਜ਼ੂਰ।
ਭੂਤ, ਭਵਿਖ, ਵਰਤਮਾਨ ਵਿਚ, ਹਰ ਵੇਲੇ ਉਹਦਾ ਕਾਇਮ ਨੂਰ।
ਸਤ ਪ੍ਰਮੇਸ਼ਰ ਉਹ ਅਭਿਨਾਸ਼ੀ, ਨਾਮ ਰਹਿਤ ਉਸ ਤਾਂਈ ਜਾਣੋ।
ਸਤਨਾਮ ਦਾ ਮੰਤ੍ਰ ਐਸਾ, ਇਸ ਦੇ ਤਾਂਈ ਵਿਸ਼ੇਸ਼ ਪਛਾਣੋ।
ਸਤਨਾਮ ਪ੍ਰਭ ਕਾ ਸੁਖਦਾਈ, ਥਹੁ ਇਸਦੀ ਸਤਿਗੁਰ ਤੋਂ ਪਾਈ।

ਕਿਰਤਮ ਨਾਮ ਕਥੇ ਤੇਰੀ ਜੀਭਾ, ਸਿਮਰਨ ਕਰ ਤੂੰ ਇਸਦਾ ਭਾਈ।
ਛੇਵੇਂ ਗੁਰ ਗੋਬਿੰਦ ਦੇ ਤਾਂਈ, ਚੜ੍ਹਿਆ ਸੀ ਜਿਸ ਵੇਲੇ ਤਾਪ।
ਗੁਰੂ ਅਰਜਨ ਜੀ ਸਤਨਾਮ ਦਾ, ਕੀਤਾ ਸੀ ਉਸ ਵੇਲੇ ਜਾਪ।
ਸਤਨਾਮ ਜੋ ਮੁਖੋਂ ਉਚਾਰੇ, ਤਾਪ, ਪਾਪ ਸਭ ਕਸ਼ਟ ਨਿਵਾਰੇ।
ਚਾਹੀਦਾ ਹੈ ਸਤਿਨਾਮ ਨੂੰ ਪਿਆਰੇ, ਹਰ ਪ੍ਰਾਨੀ ਹੀ ਹਿਰਦੇ ਧਾਰੇ।
ਤੀਨੇ ਤਾਪ ਨਿਵਾਰਨ ਵਾਲਾ, ਸਤਿਨਾਮ ਹੈ ਐਸਾ ਨਾਮ।
ਧਨ ਉਹ ਮੁਖ ਜੋ ਸਤਿਗੁਰ ਕਹਿੰਦੇ, ਜਪਦੇ ਨੂਰੀ ਨੇ ਸਤਿਨਾਮ।

ਕਰਤਾ

ਕਰਨਹਾਰ ਕਰਤਾਰ ਹੈ ਕਰਤਾ, ਜਗ ਦਾ ਸਿਰਜਣਹਾਰ ਹੈ ਕਰਤਾ।
ਦੁਸ਼ਟਾਂ ਦੇ ਤਾਂਈ ਸੋਧਣ ਵਾਲਾ, ਭਗਤਾਂ ਦਾ ਇਹ ਯਾਰ ਹੈ ਕਰਤਾ।
ਸਭ ਦੇ ਤਾਂਈ ਰਿਜ਼ਕ ਪਹੁੰਚਾਵੇ, ਸਭ ਦਾ ਇਹ ਦਾਤਾਰ ਹੈ ਕਰਤਾ।
ਇਸਨੂੰ ਕਦੇ ਭੁਲਾ ਨਾ ਭਾਈ, ਇਹ ਤੇਰਾ ਗਮਖਾਰ ਹੈ ਕਰਤਾ।

ਪੁਰਖੁ

ਇਹੋ ਹੀ ਇਕ ਪੁਰਖ ਹੈ ਪਿਆਰੇ, ਬਾਕੀ ਅਸੀਂ ਹਾਂ ਇਸਦੀਆਂ ਨਾਰਾਂ।
ਪੂਰਨ ਪੁਰਖ ਇਹ ਪ੍ਰਭ ਅਬਿਨਾਸ਼ੀ, ਇਹ ਹੀ ਸਭ ਦੀਆਂ ਰੱਖੇ ਸਾਰਾਂ।
ਦੁੱਖ ਭੁੱਖ ਤੇ ਰੰਜ ਗਮ ਵਿਚ, ਇਹ ਹੀ ਸਾਡੀਆਂ ਸੁਣੇ ਪੁਕਾਰਾਂ।
ਇਸ ਨੂੰ ਸਦਾ ਵਸਾ ਰੱਖ ਹਿਰਦੇ, ਜੇ ਚਾਹਨਾਂ ਤੂੰ ਮੌਜ ਬਹਾਰਾਂ।

ਨਿਰਭਉ

ਉਹ ਨਿਰਭਉ ਹੈ ਕੇਵਲ ਇਕੋ, ਜੋ ਨਹੀਂ ਕਿਸੇ ਦੇ ਪਾਸੋਂ ਡਰਦਾ।
ਦੁਸ਼ਟਾਂ ਨੂੰ ਡਰ ਦੇਵਣ ਵਾਲਾ, ਦੁਖੀਆਂ ਦੇ ਉਹ ਦੁਖੜੇ ਹਰਦਾ।
ਉਸਨੂੰ ਨਹੀਂ ਡਰ ਖੌਫ ਕਿਸੇ ਦਾ, ਜੋ ਵੀ ਉਹ ਚਾਹੁੰਦਾ ਹੈ ਕਰਦਾ।
ਐ ਨੂਰੀ ਨਿਰਭਉ ਹੋਣ ਲਈ, ਤੂੰ ਵੀ ਹੋ ਜਾ ਉਸਦੇ ਦਰਦਾ।

ਨਿਰਵੈਰੁ

ਉਹ ਨਿਰਵੈਰ ਹੈ ਪ੍ਰਭੂ ਪਿਆਰਾ, ਕਿਸੇ ਨਾਲ ਨਹੀਂ ਉਸਦਾ ਵੈਰ।
ਹਰ ਇਕ ਨੂੰ ਉਹ ਆਪਣਾ ਜਾਣੇ, ਕਿਸੇ ਨੂੰ ਨ ਉਹ ਸਮਝੇ ਗੈਰ।
ਉਹ ਪਿਆਰੇ ਸਭ ਦਾ ਰਖਵਾਲਾ, ਹਰ ਇਕ ਦੀ ਉਹ ਚਾਹੁੰਦਾ ਖੈਰ।
ਤੈਨੂੰ ਵੀ ਚਾਹੀਦਾ ਐ ਨੂਰੀ, ਐਸੇ ਪ੍ਰਭ ਦੇ ਪੂੰਜੇਂ ਪੈਰ।

ਅਕਾਲ ਮੂਰਤਿ

ਮੂਰਤ ਉਸਦੀ ਬੜੀ ਕਮਾਲ, ਛੋਹ ਸਕਦਾ ਨਹੀਂ ਜਿਸਨੂੰ ਕਾਲ।
ਬਿਰਧ ਜਵਾਨ ਤੇ ਨ ਉਹ ਬਾਲ, ਉਹ ਇਕ ਐਸਾ ਪੁਰਖ ਅਕਾਲ।
ਸਰਬ ਮਈ ਇਸ ਮੂਰਤ ਵਿਚੋਂ, ਪੁਰਖ ਪ੍ਰਭ ਦਾ ਰੂਪ ਪਛਾਣੋਂ।
ਇਸ ਮੂਰਤ ਦਾ ਨਾਸ ਨਹੀਂ ਹੋਣਾ, ਇਸ ਨੂੰ ਅਮਰ ਸਦੀਵੀਂ ਜਾਣੋਂ।

ਅਜੂਨੀ

ਜੂਨਾਂ ਦੇ ਵਿਚ ਉਹ ਨਹੀਂ ਆਉਂਦਾ, ਪੂਰਨ ਪੁਰਖ ਉਹ ਪ੍ਰਭ ਦਾਤਰ।
ਉਹ ਅਬਿਨਾਸੀ ਸਦਾ ਸਦੀਵੀਂ, ਉਹ ਹੈ ਜਗ ਦਾ ਸਿਰਜਣਹਾਰ।
ਉਸ ਵਰਗਾ ਜਾਂ ਉਸ ਤੋਂ ਵੱਡਾ, ਹੋਰ ਨਹੀਂ ਕੋਈ ਜਗ ਤੇ ਪਿਆਰੇ।
ਕਣ-ਕਣ ਵਿਚ ਉਸਦਾ ਹੈ ਵਾਸਾ, ਉਸਦੀ ਹੀ ਸਭ ਓਟ ਸਹਾਰੇ।

ਸੈਭੰ

ਸੰਸੇ ਦੂਰ ਕਰ ਉਹ ਸਭ ਦੇ, ਹਰ ਇਕ ਦਾ ਕਰ ਸਕਦਾ ਨਾਸ।
ਦਾਸਾਂ ਦੀ ਕਰਦਾ ਉਹ ਰੱਖਿਆ, ਬਣਕੇ ਖੁਦ ਦਾਸਾ ਦਾ ਦਾਸ।
ਮਰਨ ਜਨਮ ਤੋਂ ਰਹਿਤ ਉਹ ਜਾਣੋਂ, ਉਹ ਨਹੀਂ ਮਾਤ ਕਿਸੇ ਨੇ ਜਾਇਆ।
ਆਪਣੇ ਆਪ ਤੋਂ ਪ੍ਰਗਟ ਹੋਕੇ, ਨੂਰ ਉਹਦਾ ਹੈ ਨੂਰੀ ਆਇਆ।

ਗੁਰ

ਉਹ ਵੱਡਾ ਹੈ ਗਿਆਨ ਦਾ ਸਾਗਰ, ਅਗਿਆਨ ਹਨੇਰ ਮਿਟਾਵਣ ਵਾਲਾ।
ਭੁੱਲੀ ਹੋਈ ਲੁਕਾਈ ਤਾਂਈ, ਸੱਚ ਦੇ ਮਾਰਗ ਪਾਵਣ ਵਾਲਾ।
ਸੋਚ, ਸਮਝ, ਸੁਮੱਤ ਬਖਸ਼ਕੇ, ਸਭ ਨੂੰ ਆਹਰੇ ਲਾਵਣ ਵਾਲਾ।
ਜੋ ਕੋਈ ਖੋਜੇ ਉਹ ਹੀ ਬਖਸ਼ੇ, ਸਭ ਦੀ ਆਸ ਪੁਜਾਵਣ ਵਾਲਾ।

ਪ੍ਰਸਾਦਿ

ਸੱਚ, ਪਵਿੱਤਰ, ਖੁਸ਼ੀਆਂ ਖੇੜੇ, ਨੂਰੀ ਪ੍ਰਭ ਦਾ ਇਹ ਪ੍ਰਸ਼ਾਦਿ।
ਇਹ ਸਭ ਹੋਣ ਪ੍ਰਾਪਤ ਉਸਨੂੰ, ਜੋ ਚਿਤੋਂ ਉਹਨੂੰ ਕਰਦਾ ਯਾਦ।
ਗੁਰ ਪ੍ਰਸਾਦ ਪਰਮ ਪਦ ਪਾਇਆ, ਜਿਸਦੀ ਇਸ ਕੀਤੀ ਇਮਦਾਦ।
ਸੇਵਾ ਸਿਮਰਨ ਦੇ ਵਿਚ ਲਾ ਉਹ, ਰੱਖਦਾ ਹੈ ਉਸ ਨੂੰ ਪ੍ਰਭ ਸ਼ਾਦ।
ਰੂਪ ਰੇਖਾ ਨਿਰੰਕਾਰ ਦੀ ਹੈ, ਇਹ ਇਸ ਨੂੰ ਨੂਰੀ ਚਿਤ ਵਸਾਓ।
ਹਿਰਦੇ ਵਿਚ ਵਸਾਕੇ ਪਿਆਰੇ, ਜਦ ਚਾਹੋ ਪ੍ਰਭ ਦਰਸ਼ਨ ਪਾਓ।

ਜਪੁ ॥

ਜਪੁ ਹੈ ਇਸ ਬਾਣੀ ਦਾ ਨਾਮ, ਇਸਨੂੰ ਪਿਆਰੇ ਚਿਤ ਵਸਾਓ।
ਤੁਸੀਂ ਏਸਦਾ ਸਿਮਰਨ ਕਰਕੇ, ਹੋਰਾਂ ਤੋਂ ਸਿਮਰਨ ਕਰਵਾਓ।
ਇਸ ਲਈ ਜਪੁ ਹੈ ਨਾਮ ਏਸਦਾ, ਤਾਕਿ ਸਭ ਇਹ ਨੇਮ ਬਣਾਵਨ।
ਨੇਮ ਨਾਲ ਇਹਦਾ ਸਿਮਰਨ ਕਰਕੇ, ਨੇਮ ਨਾਲ ਪ੍ਰਭ ਦੇ ਗੁਣ ਗਾਵਨ।
ਰੇ ਮਨ ਮੂੜ ਤੂੰ ਤਾਕਉ ਜਾਪੁ॥ ਗੁਰੂ ਅਰਜਨ ਫਰਮਾਉਂਦੇ ਆਪੁ।
ਅੰਮ੍ਰਿਤ ਵੇਲੇ ਦੀ ਇਹ ਬਾਣੀ, ਅੰਮ੍ਰਿਤ ਵੇਲੇ ਇਸਨੂੰ ਜਾਪੁ।
ਗੁਰ ਸਿੱਖਾਂ, ਵਿਦਵਾਨਾਂ ਨੇ ਜੋ, ਰਹਿਤਨਾਮੇ ਨੇ ਲਿਖੇ, ਵਿਚਾਰੇ।
ਜਪੁ ਬਾਰੇ ਉਹਨਾਂ ਦੀ ਸਿਖਿਆ, ਹਰ ਇਕ ਜਪੁ ਨੂੰ ਹਿਰਦੇ ਧਾਰੇ।
ਬਿਨ ਜਪੁ ਪੜ੍ਹੇ ਪ੍ਰਸਾਦ ਜੋ ਪਾਵੇ, ਬਿਨ ਰਹਿਰਾਸ ਜੋ ਸਮਾਂ ਗੁਜਾਰੈ।
ਕੀਰਤਨ ਪੜ੍ਹੇ ਬਿਨਾਂ ਜੋ ਸੋਵੈ, ਧ੍ਰਿਗ ਤਿਸ ਜਨਮ ਜੋ ਧਰਮ ਬਿਸਾਰੈ।
ਇਸ ਪੈ ਨੇਮ ਜੁ ਏਕ ਕਰਾਇ, ਸੋ ਸਿਖ ਅਮਰ ਪੁਰੀ ਮਹਿ ਜਾਇ।
ਅਮਰ ਪੁਰੀ ਨੂੰ ਜਾਣ ਲਈ ਨੂਰੀ, ਹਰ ਪ੍ਰਾਨੀ ਜਪੁ ਰਿਦੈ ਬਸਾਇ।

ਸੱਚ-ਸਰੂਪ-ਰੱਬ

ਆਦਿ ਸਚੁ ਜੁਗਾਦਿ ਸਚੁ॥
ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥੧॥

ਅਨੁਵਾਦ

ਮੁਢ ਤੋਂ ਹੀ ਹੈ ਹੋਂਦ ਪ੍ਰਭੂ ਦੀ, ਯੁਗਾਂ ਤੋਂ ਇਸਦਾ ਵਿਸਥਾਰ।
ਹੁਣ ਭੀ ਉਹ ਮੌਜੂਦ ਹੈ ਪਿਆਰਾ, ਰਹੂ ਮੌਜੂਦ ਸਦਾ ਕਰਤਾਰ।
ਜਦੋਂ ਅਜੇ ਇਹ ਸਮਾਂ ਤੇ ਸਿਰਿਸ਼ਟੀ, ਅਜੇ ਨਹੀਂ ਸੀ ਹੋਂਦ 'ਚ ਆਇਆ।
ਉਸ ਵੇਲੇ ਵੀ ਕਾਇਮ ਪ੍ਰਭੂ ਸੀ, ਇਹ ਸਾਨੂੰ ਨਾਨਕ ਫੁਰਮਾਇਆ।

ਰੱਬ ਪ੍ਰਾਪਤੀ ਦੇ ਉਪਾਉ

ਸੋਚੈ ਸੋਚਿ ਨ ਹੋਵਈ ਜੇ ਸੋਚੀ ਲਖਵਾਰ॥

ਇਸ ਤੁਕ ਦੇ ਅਰਥ ਦੋ ਤਰ੍ਹਾਂ, ਕਰਦੇ ਨੇ ਵਿਦਵਾਨ।
ਸੋਚੁ ਤਾਂਈ ਕਈ ਸੁਚਮ ਕਹਿਕੇ, ਕਰਦੇ ਨੇ ਫੁਰਮਾਨ।
ਸੁੱਚ ਰੱਖਣ ਲਈ, ਸੁਚੇ ਹੋਣ ਲਈ, ਲੱਖ ਵੇਰ੍ਹਾਂ ਕੋਈ ਮਲ ਮਲ ਨ੍ਹਾਵੇ।
ਮਨ ਤੋਂ ਮੈਲ ਵਿਕਾਰਾਂ ਵਾਲੀ, ਐ ਪ੍ਰਾਨੀ ਇਹ ਕਦੇ ਨ ਜਾਵੇ।

ਪਰ ਦੂਜੇ ਕੁੱਝ ਵਿਦਵਾਨ ਇਸ ਤਰ੍ਹਾਂ, ਦਸਦੇ ਨੇ ਇਹ ਬਾਤ ਪਿਆਰੇ।
ਸੋਚੁ ਦਾ ਭਾਵ ਹੈ ਸੋਚਣ ਦੇ ਨਾਲ, ਕਿਨ੍ਹਾਂ ਕੋਈ ਬੇਸ਼ਕ ਸੋਚ ਵਿਚਾਰੇ।
ਸੋਚਿਆਂ ਉਸਦੀ ਸੋਚ ਨਹੀਂ ਆਉਂਦੀ, ਲੱਖ ਯਤਨ ਕੋਈ ਬੇਸ਼ਕ ਲਾਵੇ।
ਮਨ ਬੁੱਧੀ ਤੋਂ ਪਰੇ ਪ੍ਰਭੂ ਹੈ, ਕੌਣ ਜੋ ਅੰਤ ਓਸਦਾ ਪਾਵੇ।

ਗੁਰਬਾਣੀ ਵਿਚ ਸੋਚਿ ਸ਼ਬਦ ਦਾ, ਪਿਆਰੇ ਇਹ ਵੇਖ ਪ੍ਰਮਾਣ।
ਸੋਚਣ ਦੇ ਨਾਲ ਅਰਥ ਨੇ ਢੁਕਦੇ, ਏਸ ਬਾਤ ਦੇ ਤਾਂਈ ਪਛਾਣ।
ਹਿੰਦੂ ਤੁਰਕ ਨੇ ਕਹਾਂ ਤੇ ਆਏ, ਕਿਨਿ ਏਹ ਰਾਹ ਚਲਾਈ
ਦਿਲਮਹਿ ਸੋਚਿ ਬਿਚਾਰਿ ਕਵਾਦੇ, ਭਿਸਤ ਦੋਜਕ ਕਿਨਿ ਪਾਈ।
'ਕਾਜੀ ਸਾਹਿਬੁ ਏਕੁ ਤੋਹੀ ਮਹਿ ਤੇਰਾ ਸੋਚਿ ਬਿਚਾਰ ਨ ਦੇਖੈ।
ਸੋਚੇ ਸ਼ਬਦ ਇਹ ਤੀਜੀ ਵਾਰੀ, ਜਪੁਜੀ ਵਿਚ ਹੈ ਆਇਆ।
ਉਪਰਲੇ ਪ੍ਰਮਾਣ ਤੋਂ ਜਾਂਦਾ, ਇਹ ਅੰਦਾਜ਼ਾ ਲਾਇਆ।
ਕਿ ਇਸ ਸ਼ਬਦ ਦੇ ਅਰਥਾਂ ਤਾਂਈ, ਸੋਚ ਦੇ ਨਾਲ ਪਛਾਣੋ।
ਸੁਚ ਜਾ ਸੁਚਮ ਨਾਲ ਨ ਭਾਈ, ਅਰਥ ਏਸਦੇ ਜਾਣੋਂ।
ਸੁਚ ਰੱਖਣ ਲਈ ਜੇਕਰ ਪ੍ਰਾਣੀ ਸੁੱਚੇ ਰਹਿਣ ਦੇ ਕਰਦਾ ਚਾਰੇ।
ਫਿਰ ਵੀ ਇੰਨੀ ਸੁੱਚ ਰਖਿਆ ਤੇ ਮਨ ਦੀ ਮੈਲ ਨਾ ਜਾਏ ਪਿਆਰੇ।

ਇਸ ਲਈ ਵਿਦਵਾਨਾਂ ਨੇ ਅਕਸਰ ਇਸ ਤੁਕ ਬਾਰੇ ਏਦਾ ਫੁਰਮਾਇਆ।
ਤਾਂ ਭਈ ਇਸ ਨੂੰ ਠੀਕ ਹੀ ਜਾਣੋ ਇਹ ਜਾਂਦਾ ਨਹੀਂ ਪਿਆਰੇ ਝੁਠਲਾਇਆ।

ਚੁਪੈ ਚੁਪ ਨ ਹੋਵਈ ਜੇ ਲਾਇ ਰਹਾ ਲਿਵਤਾਰ॥

ਚੁਪ ਰਹੇ ਜੇ ਬੋਲੇ ਨ ਕੁਝ ਤਾਂ ਕੀ ਉਹ ਬਣ ਜਾਊ ਸਚਿਆਰਾ।
ਮਨ ਵਿਚ ਵਾਸਨਾ ਲਾਊ ਦੜੰਗੇ, ਕੀ ਕਰੂ ਇਹ ਜੀਵ ਵਿਚਾਰਾ।
ਬੋਲਣ ਨਾਲੋਂ ਚੁਪ ਕਰਿਆਂ ਵੀ, ਆਉਂਦੀ ਨਹੀਂ ਹੈ ਉਸਦੀ ਸਾਰ।
ਭਾਵੇਂ ਕੋਈ ਸਮਾਧੀ ਲਾਕੇ, ਲਾਵੇ ਲਿਵ ਅਨੇਕਾਂ ਵਾਰ।

ਭੁਖਿਆ ਭੁਖ ਨ ਉਤਰੀ, ਜੇ ਬੰਨਾ ਪੁਰੀਆ ਭਾਰ॥

ਭੁੱਖੇ ਰਹਿ ਵਰਤ ਰੱਖਣ ਦੇ, ਯਤਨ ਕਰੇ ਕੋਈ ਭਾਵੇਂ ਭਾਰੇ।
ਸਭ ਪੁਰੀਆਂ ਦੇ ਧਨ ਪਦਾਰਥ ਪ੍ਰਾਪਤ ਕਰ ਲੈ ਜੱਗ ਦੇ ਸਾਰੇ।
ਵਾਸ਼ਨਾਵਾਂ ਦੇ ਕੂੜ ਪਦਾਰਥ, ਕੀ ਕੋਈ ਪ੍ਰਾਨੀ ਛੱਡ ਸਕਦਾ ਹੈ।
ਬਣਨ ਦੇ ਲਈ ਸੁਚਿਆਰਾ ਬੰਦਾ, ਕੀ ਇਹ ਹਿਰਦਿਉਂ ਕੱਢ ਸਕਦਾ ਹੈ।

ਸਹਸ ਸਿਆਣਪਾ ਲਖ ਹੋਹਿ, ਤ ਇਕ ਨ ਚਲੈ ਨਾਲਿ॥

ਅਨੁਵਾਦ

ਲੱਖ ਹਜ਼ਾਰ ਸਿਆਣਪ ਪਾਕੇ, ਪ੍ਰਾਨੀ ਬੇਸ਼ਕ ਹੋਏ ਕਮਾਲ।
ਅੰਤ ਸਮੇਂ ਐਪਰ ਨਹੀਂ ਜਾਂਦੀ ਇਕ ਸਿਆਣਪ ਉਸਦੇ ਨਾਲ।
ਜ਼ੋਰਾਵਰ ਪ੍ਰਭੂ ਦੇ ਅੱਗੇ, ਚਲ ਸਕਦਾ ਨਹੀਂ ਉਸਦਾ ਜ਼ੋਰ।
ਕਿਨ੍ਹਾਂ ਵੀ ਕੋਈ ਭਾਵੇਂ ਵੱਡਾ, ਹੋਵੇ ਉਹ ਪ੍ਰਾਨੀ ਸ਼ਾਹ ਜ਼ੋਰ।

ਕਿਵ ਸਚਿਆਰਾ ਹੋਈਐ, ਕਿਵ ਕੂੜੇ ਤੁਟੇ ਪਾਲਿ?

ਅਨੁਵਾਦ

ਰੂਪ ਸੱਚੇ ਦਾ ਹੋਣ ਵਾਸਤੇ, ਕਿਹੜੀ ਪਿਆਰੇ ਜੁਗਤ ਬਣਾਉਣੀ।
ਪ੍ਰਭ ਦੇ ਦਰ ਸਚਿਆਰਾ ਹੋਵੇ, ਕੰਧ ਝੂਠ ਦੀ ਕਿੱਦਾਂ ਢਾਉਣੀ।
ਅਗਲੇ ਸ਼ਬਦ 'ਚ ਖੁਦ ਹੀ ਸਤਿਗੁਰ, ਏਸ ਬਾਤ ਦੀ ਦਸਦੇ ਸਾਰ।
ਪਾਲ ਝੂਠ ਦੀ ਕਿਵੇਂ ਤੋੜਨੀ, ਐ ਭਾਈ ਇਹ ਬਾਤ ਵਿਚਾਰ।

ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ॥੧॥

ਅਨੁਵਾਦ

ਪ੍ਰਭ ਦੇ ਹੁਕਮ ਰਜ਼ਾ ਵਿਚ ਚਲੋ, ਇਹ ਸਚਿਆਰੇ ਹੋਣ ਦਾ ਢੰਗ ਹੈ।
ਦੁੱਖ ਸੁੱਖ ਨੂੰ ਹਸਕੇ ਝੱਲੋ, ਇਹ ਸਚਿਆਰੇ ਹੋਣ ਦਾ ਢੰਗ ਹੈ।
ਧੁਰ ਤੋਂ ਹੁਕਮ ਜੋ ਲਿਖਿਆ ਆਇਆ, ਉਹ ਨਹੀਂ ਕਦੇ ਮਿਟਾਇਆ ਜਾਣਾ।
ਸਤਿਗੁਰ ਪ੍ਰਭ ਦੇ ਹੁਕਮ 'ਚ ਚਲ ਕੇ ਕੂੜ ਦਾ ਪੜਦਾ ਲਾਹਿਆ ਜਾਣਾ।
ਹੁਕਮ ਉਹਦੇ ਨੂੰ ਕਿਹੜਾ ਦੱਸੇ, ਹੁਕਮ ਉਹਦੇ ਨੂੰ ਕਿਹੜਾ ਜਾਣੇ।
ਆਪਣੇ ਹੁਕਮ ਦੀ ਆਪ ਪ੍ਰਭ ਹੀ, ਹਰ ਇਕ 'ਨੂਰੀ' ਰਮਜ਼ ਪਛਾਣੇ।

ਦੂਜੀ ਪਉੜੀ

ਮੂਲ

ਹੁਕਮੀ ਹੋਵਨਿ ਆਕਾਰ ਹੁਕਮੁ ਨ ਕਹਿਆ ਜਾਈ॥

ਅਨੁਵਾਦ

ਹੁਕਮ ਪ੍ਰਭੂ ਤੋਂ ਪੈਦਾ ਹੋਇਆ, ਇਹ ਜਗਦਾ ਸਾਰਾ ਪਾਸਾਰ।
ਹੁਕਮ ਉਹਦੇ ਦੇ ਬਲ ਨੂੰ ਪਿਆਰੇ, ਸਕਦਾ ਜਗਤੇ ਕੌਣ ਪੁਕਾਰ।

ਮੂਲ

ਹੁਕਮੀ ਹੋਵਨਿ ਜੀਅ ਹੁਕਮਿ ਮਿਲੈ ਵਡਿਆ ਈ॥

ਅਨੁਵਾਦ

ਹੁਕਮ ਪ੍ਰਭੂ ਵਿਚ ਪੈਦਾ ਹੋਵਣ, ਜੀਅ, ਜੰਤ, ਸ੍ਰਿਸ਼ਟੀ ਦੇ ਸਾਰੇ।
ਹੁਕਮ ਪ੍ਰਭੂ ਥੀਂ ਨੇਕੀ ਕਰਕੇ, ਪ੍ਰਾਨੀ ਪਾਵਣ ਮਾਣ ਪਿਆਰੇ।

ਮੂਲ

ਹੁਕਮੀ ਉਤਮੁ ਨੀਚੁ ਹੁਕਮਿ ਲਿਖਿ ਦੁਖ ਸੁਖ ਪਾਈਅਹਿ।
ਹੁਕਮ ਪ੍ਰਭੂ ਤੋਂ ਪੈਦਾ ਹੁੰਦੇ, ਚੰਗੇ ਮੰਦੇ ਜੋ ਵੀ ਸਾਰੇ।
ਹੁਕਮ ਪ੍ਰਭੂ ਤੋਂ ਹੀ ਲਿਖ ਹੁੰਦੇ, ਦੁੱਖ ਸੁੱਖ ਕਰਮਾਂ ਦੇ ਪਿਆਰੇ।

ਮੂਲ

ਇਕਨਾ ਹੁਕਮੀ ਬਖਸੀਸ ਇਕਿ ਹੁਕਮੀ ਸਦਾ ਭਵਾਈਅਹਿ॥

ਅਨੁਵਾਦ

ਹੁਕਮ ਪ੍ਰਭੂ ਤੋਂ ਪਾਉਂਦਾ ਹੈ ਕੋਈ, ਬਖਸ਼ਿਸ਼ ਉਸਦੀ ਦਾ ਭੰਡਾਰਾ।
ਹੁਕਮ ਉਹਦੇ ਦੇ ਗੇੜ ਪਿਆ ਕੋਈ, ਮਰਦਾ ਜੰਮਦਾ ਰਹੇ ਵਿਚਾਰਾ।

ਮੂਲ

ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ॥

ਅਨੁਵਾਦ

ਜੀਵ, ਜੰਤ, ਜੜ੍ਹ ਜੰਗਮ ਸਾਰੇ, ਹੁਕਮ ਪ੍ਰਭੂ ਦੇ ਹੈਨ ਸਹਾਰੇ।
ਹੁਕਮ ਉਹਦੇ ਤੋਂ ਬਾਹਰ ਕੋਈ, ਵਸਤ ਨਹੀਂ ਹੈ ਜਗ ਤੇ ਪਿਆਰੇ।

ਮੂਲ

ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੇ ਨ ਕੋਇ॥੨॥

ਅਨੁਵਾਦ

ਸਤਿਗੁਰ ਜਾਣ ਲਵੇ ਜੋ ਪ੍ਰਾਨੀ, ਹੁਕਮ ਮੇਰੇ ਪ੍ਰਭ ਦਾ ਸਰਕਾਰ।
ਉਹ ਨਰ ਮੁਖੋਂ ਮੂਲ ਨਾ ਬੋਲੂ, ਉੱਕਾ ਹੀ ਹਉਮੈ ਹੰਕਾਰ।

ਤੀਜੀ ਪਉੜੀ

ਮੂਲ

ਗਾਵੈ ਕੋ ਤਾਣੁ ਹੋਵੈ ਕਿਸੈ ਤਾਣੁ॥
ਗਾਵੈ ਕੋ ਦਾਤਿ ਜਾਣੈ ਨੀਸਾਣੁ।

ਅਨੁਵਾਦ

ਗਾਉਂਦਾ ਹੈ ਕੋਈ ਪ੍ਰਭੂ ਦੇ ਬਲ ਨੂੰ, ਜਿਨ੍ਹਾਂ ਉਸ ਵਿਚ ਹੁੰਦਾ ਤਾਣ।
ਗਾਉਂਦਾ ਹੈ ਕੋਈ ਉਸਨੂੰ ਪ੍ਰਾਨੀ, ਬਖਸ਼ਿਸ਼ ਉਸਦੀ ਪਿਆਰੇ ਜਾਣ।

ਮੂਲ

ਗਾਵੈ ਕੋ ਗੁਣ ਵਡਿਆਈਆ ਚਾਰ॥
ਗਾਵੈ-ਕੋ ਵਿਦਿਆ ਵਿਖਮੁ ਵੀਚਾਰੁ॥

ਅਨੁਵਾਦ

ਗਾਉਂਦਾ ਹੈ ਕੋਈ ਪ੍ਰਾਨੀ ਉਸਨੂੰ, ਸੁੰਦਰ ਉਸਦੇ ਗੁਣ ਉਚਾਰ।
ਗਾਉਂਦਾ ਹੈ ਕੋਈ ਐ ਮਨ ਉਸਨੂੰ, ਵਿਦਿਆ ਥੀਂ ਕਰ ਕਠਿਣ ਵਿਚਾਰ।

ਮੂਲ

ਗਾਵੈ ਕੋ ਸਾਜਿ ਕਰੇ ਤਨੁ ਖੇਹ॥ ਗਾਵੈ ਕੋ ਜੀਅ ਲੈ ਫਿਰਿ ਦੇਹ॥

ਅਨੁਵਾਦ

ਗਾਉਂਦੈ ਕੋਈ ਪ੍ਰਭ ਜੀਵਨ ਦੇ ਕੇ, ਕਰ ਦੇਦੈਂ ਫਿਰ ਆਪੇ ਨਾਸ।
ਗਾਉਂਦੈ ਕੋਈ ਉਹ ਲੈ ਕੇ ਜੀਵਨ, ਬਖਸ਼ਿਸ਼ ਕਰਦਾ ਫੇਰ ਸਵਾਸ।

ਮੂਲ

ਗਾਵੈ ਕੋ ਜਾਪੈ ਦਿਸ ਦੂਰ॥ ਗਾਵੈ ਕੋ ਵੇਖੈ ਹਾਦਰਾ ਹਦੂਰਿ॥

ਅਨੁਵਾਦ

ਗਾਉਂਦੈ ਕੋਈ ਪ੍ਰਭ ਲਗਦਾ ਨੇੜੇ, ਐਪਰ ਦਿਸਦਾ ਪਿਆਰੇ ਦੂਰ।
ਗਾਉਂਦਾ ਹੈ ਕੋਈ ਸਤਿਗੁਰ ਮੇਰਾ, ਹਾਜ਼ਰ ਨਾਜ਼ਰ ਰਹੇ ਹਜੂਰ।

ਮੂਲ

ਕਥਨਾ ਕਥੀ ਨ ਆਵੈ ਤੋਟਿ॥
ਕਥਿ ਕਥਿ ਕਥੀ ਕੋਟੀ ਕੋਟਿ ਕੋਟਿ॥

ਅਨੁਵਾਦ

ਦਸਣ ਤੇ ਨਹੀਂ ਦਸਿਆ ਜਾਂਦਾ, ਮੇਰਾ ਪ੍ਰਭ ਉੱਕਾ ਸਰਕਾਰ।
ਕਥਨਾਂ ਉਸਦੀ ਕੱਥੀ ਕਰੋੜਾਂ, ਭਾਵੈਂ ਕਈਆਂ ਕਰੋੜਾਂ ਵਾਰ।

ਮੂਲ

ਦੇਦਾ ਦੇ ਲੈਦੇ ਥਕਿ ਪਾਹਿ॥ ਜੁਗਾ ਜੁਗੰਤਰਿ ਖਾਹੀ ਖਾਹਿ॥

ਅਨੁਵਾਦ

ਦਾਤਾ ਦਾਤਾਂ ਬਖਸ਼ ਰਿਹਾ ਹੈ, ਲੈਣ ਵਾਲੇ ਐਪਰ ਥਕ ਜਾਣ।
ਜੁਗਾਂ ਜੁਗਾਂ ਤੋਂ ਜੀਵ ਜਗਤ, ਦੇ ਐ ਪ੍ਰਭ ਤੇਰਾ ਦਿੱਤਾ ਖਾਣ।

ਮੂਲ

ਹੁਕਮੀ ਹੁਕਮੁ ਚਲਾਏ ਰਾਹੁ॥ ਨਾਨਕ ਵਿਗਸੈ ਵੇਪਰਵਾਹੁ॥੩॥

ਅਨੁਵਾਦ

ਹੁਕਮ ਪ੍ਰਭੂ ਸਦਕੇ ਹੀ ਇਹ ਸਭ, ਚਲਦੀ ਪਈ ਦੁਨੀਆਂ ਦੀ-ਕਾਰ।
ਸਦਾ ਅਨੰਦ ਰਹੇ ਉਹ ਸਤਿਗੁਰ, ਵੇਪਰਵਾਹ ਨੂਰੀ ਨਰੰਕਾਰ।

ਚੌਥੀ ਪਉੜੀ

ਮੂਲ

ਸਾਚਾ ਸਾਹਿਬੁ ਸਾਚੁ ਨਾਇ ਭਾਖਿਆ ਭਾਉ ਅਪਾਰੁ॥

ਅਨੁਵਾਦ

ਸਿਰਜਣਹਾਰ ਸੁਆਮੀ ਸਤਿਗੁਰ, ਨਾਮ ਉਹਦਾ ਸੱਚਾ ਸਰਕਾਰ।
ਪ੍ਰੇਮ ਨਾਲ ਇਹ ਬਾਤ ਅਨੇਕਾਂ, ਗੁਣੀਆਂ ਕਹੀ ਅਨੇਕਾਂ ਵਾਰ।

ਮੂਲ

ਆਖਹਿ ਮੰਗਹਿ ਦੇਹਿ ਦੇਹਿ ਦਾਤਿ ਕਰੇ ਦਾਤਾਰੁ॥

ਅਨੁਵਾਦ

ਜੀਵ ਜਗਤ ਦੇ ਮੰਗਦੇ ਦਾਤਾ, ਦਿਓ ਦਿਉ ਕਹਿ ਕਹਿ ਦਾਤਾਰ।
ਹਰ ਇਕ ਨੂੰ ਪ੍ਰਭ ਕਰਮ ਮੁਤਾਬਿਕ, ਬਖਸ਼ੇ ਦਾਤਾਂ ਬਹੁ ਪਰਕਾਰ।

ਮੂਲ

ਫੇਰਿ ਕਿ ਅਗੈ ਰਖੀਐ ਜਿਤੁ ਦਿਸੈ ਦਰਬਾਰੁ॥

ਅਨੁਵਾਦ

ਫੇਰ ਉਹਦੇ ਕੀ ਅਰਪਨ ਕਰੀਏ, ਕੀ ਯਤਨ ਕਰੀਏ ਸਰਕਾਰ।
ਜਿਸ ਥੀ ਨਜ਼ਰੀ ਆਵੇ ਪਿਆਰੇ, ਸਤਿਗੁਰ ਦਾ ਨੂਰੀ ਦਰਬਾਰ।

ਮੂਲ

ਮੁਹੌ ਕਿ ਬੋਲਣੁ ਬੋਲੀਐ, ਜਿਤੁ ਸੁਣਿ ਧਰੇ ਪਿਆਰੁ॥

ਅਨੁਵਾਦ

ਮੂੰਹ ਤੋਂ ਬਚਨ ਕੀ ਐਸਾ ਕਹੀਏ, ਕੀ ਉਪਮਾਂ ਕਰੀਏ ਸਰਕਾਰ।
ਜਿਸ ਤੋਂ ਖੁਸ਼ ਹੋ ਕੇ ਉਹ ਸਤਿਗੁਰ, ਸਾਨੂੰ ਪਿਆਰੇ ਕਰੇ ਪਿਆਰ।

ਮੂਲ

ਅੰਮ੍ਰਿਤ ਵੇਲਾ ਸਚੁ ਨਾਉ, ਵਡਿਆਈ ਵੀਚਾਰੁ॥

ਅੰਮ੍ਰਿਤ ਵੇਲੇ ਸੁਬ੍ਹਾ ਸਵੇਰੇ, ਉਸਦਾ ਸੱਚਾ ਨਾਮ ਧਿਆਉ।
ਉਸਦੀ ਹੀ ਵਡਿਆਈ ਸੋਚੋ, ਏਦਾਂ ਦਰਸ਼ਨ ਪ੍ਰਭ ਦਾ ਪਾਉ।

ਮੂਲ

ਕਰਮੀ ਆਵੈ ਕਪੜਾ, ਨਦਰੀ ਮੋਖੁ ਦੁਆਰੁ॥

ਅਨੁਵਾਦ

ਇਹ ਪ੍ਰਾਨੀ ਕਰਮਾਂ ਦੀ ਰਾਹੀ, ਤਨ ਰੂਪੀ ਕਪੜੇ ਨੂੰ ਪਾਵਨ।
ਸਤਿਗੁਰ ਦੀ ਕ੍ਰਿਪਾ ਦ੍ਰਿਸ਼ਟੀ ਤੋਂ, ਪਿਆਰੇ ਮੁਕਤ ਦੁਆਰੇ ਜਾਵਨ।

ਮੂਲ

ਨਾਨਕ ਏਵੈ ਜਾਣੀਐ ਸਭੁ ਆਪੇ ਸਚਿਆਰੁ॥੪॥

ਅਨੁਵਾਦ

ਸਤਿਗੁਰ ਪ੍ਰਭ ਇਉਂ ਜਾਣ ਲਈਦਾ, ਏਦਾਂ ਉਸਦੀ ਆਏ ਵਿਚਾਰੁ।
ਸਭ ਕੁਝ ਪ੍ਰਭ ਸੱਚਾ ਹੀ ਕਰਦਾ, ਸਭ ਕੁਝ ਉਹ ਹੀ ਕਰਨੇ ਹਾਰੁ।

ਪੰਜਵੀਂ ਪਉੜੀ

ਮੂਲ

ਥਾਪਿਆ ਨ ਜਾਇ ਕੀਤਾ ਨ ਹੋਇ॥

ਆਪੇ ਆਪਿ ਨਿਰੰਜਨੁ ਸੋਇ॥

ਅਨੁਵਾਦ

ਪ੍ਰਮੇਸ਼ਵਰ ਨਹੀਂ ਕਿਸੇ ਥਾਪਿਆ, ਨ ਹੀ ਉਹ ਕਿਸੇ ਹੈ ਜਾਇਆ।
ਅਪਣੇ ਨੂਰ ਤੋਂ ਪ੍ਰਗਟਿ ਹੋ ਕੇ, ਨੂਰ ਉਹਦਾ ਹੈ ਨੂਰੀ ਆਇਆ।

ਮੂਲ

ਜਿਨਿ ਸੇਵਿਆ ਤਿਨਿ ਪਾਇਆ ਮਾਨੁ॥

ਨਾਨਕ ਗਾਵੀਐ ਗੁਣੀ ਨਿਧਾਨੁ॥

ਅਨੁਵਾਦ

ਜਿਸਨੇ ਪ੍ਰਭ ਦਾ ਸਿਮਰਨ ਕੀਤਾ, ਉਸ ਨੇ ਹੀ ਪਾਈ ਵਡਿਆਈ।
ਸਤਿਗੁਰ ਐਸਾ ਗੁਣਾਂ ਦਾ ਮਾਲਕ, ਐ ਪ੍ਰਾਨੀ ਤੂੰ ਸਿਮਰ ਸਦਾ ਈ।

ਮੂਲ

ਗਾਵੀਐ ਸੁਣੀਐ ਮਨਿ ਰਖੀਐ ਭਾਉ॥

ਦੁਖੁ ਪਰਹਰਿ ਸੁਖੁ ਘਰਿ ਲੈ ਜਾਇ॥

ਅਨੁਵਾਦ

ਮੁਖੋਂ ਉਸ ਪ੍ਰਭ ਦੇ ਗੁਣ ਗਾ ਕੇ, ਚਿਤੋਂ ਉਸ ਨੂੰ ਕਰੋ ਪਿਆਰ।
ਦੂਰ ਹੋਣ ਇਸ ਥੀ ਦੁਖ ਸਾਰੇ, ਸੁਖ ਮਿਲਦਾ ਇਸ ਤੋਂ ਸਰਕਾਰ।

ਮੂਲ

ਗੁਰਮੁਖਿ ਨਾਦੰ ਗੁਰਮੁਖਿ ਵੇਦੰ, ਗੁਰਮੁਖਿ ਰਹਿਆ ਸਮਾਈ॥

ਅਨੁਵਾਦ

ਸ਼ਬਦ ਗੁਰੂ ਹੈ ਨਾਦ ਮੇਰੇ ਲਈ, ਸ਼ਬਦ ਗੁਰੂ ਹੀ ਵੇਦ ਨੇ ਚਾਰੇ।
ਗੁਰ ਅਪਣੇ ਦਾ ਗਿਆਨ ਹੀ ਮੇਰੇ, ਲੂੰ-ਲੂੰ ਵਿਚ ਸਮਾਇਆ ਪਿਆਰੇ।

ਮੂਲ

ਗੁਰੁ ਈਸਰੁ ਗੁਰੁ ਗੋਰਖੁ ਬਰਮਾ ਗੁਰੁ ਪਾਰਬਤੀ ਮਾਈ॥

ਅਨੁਵਾਦ

ਗੁਰ ਮੇਰੇ ਲਈ ਸ਼ਿਵਜੀ ਗੋਰਖ, ਗੁਰੂ ਹੀ ਮੇਰਾ ਜਾਣੋਂ ਬਰ੍ਹਮਾਂ।
ਗੁਰੂ ਹੀ ਮੇਰਾ ਸੰਗੀ ਸਾਥੀ, ਗੁਰੂ ਹੀ ਮੇਰੀ ਪਾਰਬਤੀ ਮਾਂ।

ਮੂਲ

ਜੇ ਹਉ ਜਾਣਾ ਆਖਾ ਨਾਹੀ ਕਹਣਾ ਕਥਨੁ ਨ ਜਾਈ॥

ਅਨੁਵਾਦ

ਗੁਰ ਬਾਰੇ ਜੇ ਹੋਵਾਂ ਜਾਣੂ, ਫਿਰ ਵੀ ਮੂੰਹੋਂ ਬੋਲ ਨ ਸੱਕਾਂ।
ਅਗਮ ਅਗੋਚਰ ਸਤਿਗੁਰ ਦੀ ਮੈਂ, ਉੱਕਾ ਘੁੰਡੀ ਖੋਲ੍ਹ ਨ ਸੱਕਾਂ।

ਮੂਲ

ਗੁਰਾ ਇਕ ਦੇਹਿ ਬੁਝਾਈ॥
ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ॥੫॥

ਅਨੁਵਾਦ

ਐ ਗੁਰ ਮੇਰੇ ਸੋਝੀ ਬਖਸ਼ੋ, ਇਕ ਬਾਤ ਮੈਂ ਰਿਦੇ ਵਸਾਵਾਂ।
ਜੋ ਦਾਤਾਰ ਹੈ ਹਰ ਇਕ ਜੀਅ ਦਾ, ਉਸਨੂੰ ਨ ਮੈਂ ਕਦੇ ਭੁਲਾਵਾਂ।

ਛੇਵੀਂ ਪਉੜੀ

ਮੂਲ

ਤੀਰਥਿ ਨਾਵਾ ਜੇ ਤਿਸੁ ਭਾਵਾ ਵਿਣੁ ਭਾਣੇ ਕਿ ਨਾਇ ਕਰੀ॥

ਅਨੁਵਾਦ

ਤੀਰਥ ਦਾ ਇਸ਼ਨਾਨ ਹੈ ਸਫਲਾ ਜੇ ਪ੍ਰਾਨੀ ਸਤਿਗੁਰ ਨੂੰ ਭਾਵੇਂ।
ਜੇਕਰ ਉਹ ਪ੍ਰਵਾਨ ਨਹੀਂ ਕਰਦਾ ਤੀਰਥ ਨਹਾਉਣ ਅਕਾਰਥ ਜਾਵੇ।

ਮੂਲ

ਜੇਤੀ ਸਿਰਠਿ ਉਪਾਈ ਵੇਖਾ, ਵਿਣੁ ਕਰਮਾ ਕਿ ਮਿਲੈ ਲਈ॥

ਅਨੁਵਾਦ

ਜਿਤਨੀ ਸਾਜੀ ਸ੍ਰਿਸ਼ਟੀ ਸਤਿਗੁਰ ਜੋ ਵੀ ਪਿਆਰੇ ਨਜ਼ਰੀਂ ਆਉਂਦਾ।
ਭਾਗਾਂ ਦੇ ਬਿਨ ਦਸੋ ! ਤਾਂ ਸਹੀ, ਕਿਹੜੀ ਵਸਤ ਜੋ ਇਹ ਨਰ ਪਾਉਂਦਾ।

ਮੂਲ

ਮਤਿ ਵਿਚਿ ਰਤਨ ਜਵਾਹਰ ਮਾਣਿਕ ਜੇ ਇਕ ਗੁਰ ਕੀ ਸਿਖ ਸੁਣੀ॥

ਅਨੁਵਾਦ

ਹੀਰੇ ਰਤਨ ਜਵਾਹਰ ਪਿਆਰੇ ਮਤਿ ਬੁਧ ਵਿਚ ਇਹ ਨੇ ਸਾਰੇ।
ਸਤਿਗੁਰ ਦੀ ਇਕ ਸਿਖਿਆ ਸੁਣਕੇ ਪਾ ਸਕਦਾ ਇਹ ਪ੍ਰਾਨੀ ਪਿਆਰੇ।

ਮੂਲ

ਗੁਰਾ ਇਕ ਦੇਹਿ ਬੁਝਾਈ॥
ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ॥੫॥

ਅਨੁਵਾਦ

ਐ ਗੁਰ ਮੇਰੇ ਸੋਝੀ ਬਖਸ਼ੋ, ਇਕ ਬਾਤ ਮੈਂ ਰਿਦੇ ਵਸਾਵਾਂ।
ਜੋ ਦਾਤਾਰ ਹੈ ਹਰ ਇਕ ਜੀਅ ਦਾ, ਉਸਨੂੰ ਨ ਮੈਂ ਕਦੇ ਭੁਲਾਵਾਂ।

ਸਤਵੀਂ ਪਉੜੀ

ਮੂਲ

ਜੇ ਜੁਗ ਚਾਰੇ ਆਰਜਾ ਹੋਰ ਦਸੂਣੀ ਹੋਇ॥

ਅਨੁਵਾਦ

ਚਾਰ ਜੁਗਾਂ ਦੀ ਉਮਰ ਜੇ ਕੋਈ ਇਸ ਦੁਨੀਆਂ ਤੇ ਪ੍ਰਾਨੀ ਪਾਵੇ।
ਇਸ ਤੋਂ ਵੱਧ ਕੇ ਦਸ ਗੁਣਾਂ ਵੀ ਚਾਲੀ ਜੁਗਾਂ ਦੀ ਹੋ ਜਾਵੇ।

ਮੂਲ

ਨਵਾ ਖੰਡਾ ਵਿਚਿ ਜਾਣੀਐ ਨਾਲਿ ਚਲੈ ਸਭੁ ਕੋਇ॥

ਅਨੁਵਾਦ

ਸਾਰੀ ਦੁਨੀਆਂ ਉਤੇ ਜੇਕਰ ਉਹ ਬੰਦਾ ਹੋਵੇ ਮਸ਼ਹੂਰ।
ਉਸਦੇ ਆਦਰ ਮਾਣ ਖਾਤਰਾਂ ਉਸਦੇ ਸੰਗ ਸਭ ਤੁਰਨ ਹਜ਼ੂਰ।

ਮੂਲ

ਚੰਗਾ ਨਾਉ ਰਖਾਇ ਕੈ ਜਸੁ ਕੀਰਤਿ ਜਗਿ ਲੇਇ॥

ਅਨੁਵਾਦ

ਨਾਮ ਰਖਾਕੇ ਸੁੰਦਰ ਅਪਣਾ ਹਰ ਥਾਂ ਉਹ ਪਾਵੇ ਸਤਿਕਾਰ।
ਜਗ ਦੇ ਉਤੇ ਸੋਭਾ ਪਾਵੇ ਨੇਕੀ ਤੇ ਕਰਕੇ ਉਪਕਾਰ।

ਮੂਲ

ਜੇ ਤਿਸੁ ਨਦਰਿ ਨ ਆਵਈ ਤ ਵਾਤ ਨ ਪੁਛੈ ਕੇ॥

ਅਨੁਵਾਦ

ਜੇਕਰ ਨਜ਼ਰ ਪ੍ਰਭੂ ਦੀ ਅੰਦਰ ਉਹ ਪ੍ਰਾਨੀ ਨ ਹੋਏ ਪ੍ਰਵਾਨ।
ਦਰਗਾਹ ਵਿਚ ਉਹਨੂੰ ਕੋਈ ਨ ਪੁਛੂ ਏਸ ਬਾਤ ਨੂੰ ਠੀਕ ਪਛਾਨ।

ਮੂਲ

ਕੀਟਾ ਅੰਦਰਿ ਕੀਟੁ ਕਰਿ ਦੋਸੀ ਦੋਸੁ ਧਰੇ॥

ਅਨੁਵਾਦ

ਕੀੜੀਆਂ ਵਿਚ ਮਾਮੂਲੀ ਕੀੜਾ, ਮੇਰਾ ਪ੍ਰਭੂ ਉਸ ਤਾਂਈ ਜਾਣੂ।
ਦੋਸ਼ੀਆਂ ਵਿਚੋਂ ਸਤਿਗੁਰ ਉਸਨੂੰ ਨਾਮ ਭੁਲਣ ਦਾ ਦੋਸ਼ੀ ਠਾਣੂ।

ਮੂਲ

ਨਾਨਕ ਨਿਰਗੁਣਿ ਗੁਣੁ ਕਰੇ ਗੁਣਵੰਤਿਆ ਗੁਣੁ ਦੇ॥

ਅਨੁਵਾਦ

ਨਿਰਗੁਣਿਆਂ ਨੂੰ ਗੁਣਾਂ ਦੀ ਬਖਸ਼ਿਸ਼, ਕਰਦਾ ਹੈ ਮੇਰਾ ਦਾਤਾਰ।
ਗੁਣਵਾਨਾਂ ਨੂੰ ਸਤਿਗੁਰ ਕਹਿੰਦੇ, ਗੁਣਾਂ ਦੇ ਬਖਸ਼ੇ ਹੋਰ ਭੰਡਾਰ।

ਮੂਲ

ਤੇਹਾ ਕੋਇ ਨ ਸੁਝਈ ਜਿ ਤਿਸੁ ਗੁਣੁ ਕੋਇ ਕਰੇ॥੭॥

ਅਨੁਵਾਦ

ਐਸਾ ਨਹੀਂ ਕੋਈ ਨਜ਼ਰੀ ਆਉਂਦਾ, ਜੋ ਉਸ ਵਰਗਾ ਹੋਏ ਮਹਾਨ।
ਗੁਣ ਕਰਕੇ ਸਤਿਗੁਰ ਤੇ ਜਿਹੜਾ, ਕਰ ਸਕਦਾ ਉਸ ਤੇ ਇਹਸਾਨ।

ਅਠਵੀਂ ਪਉੜੀ

ਮੂਲ

ਸੁਣਿਐ ਸਿਧ ਪੀਰ, ਸੁਰਿ ਨਾਥ॥

ਅਨੁਵਾਦ

ਪ੍ਰਭੂ ਨਾਮ ਨੂੰ ਸੁਰਿਤ ਜੋੜ ਕੇ, ਸੁਣਿਆਂ ਤੇ ਇਹ ਸੋਝੀ ਆਈ।
ਜੋਗੀ, ਪੀਰ, ਨਾਥ, ਦੇਵਤੇ, ਸਫਲ ਹੋਏ ਸਭ ਇਸ ਤੋਂ ਭਾਈ।

ਮੂਲ

ਸੁਣਿਐ ਧਰਤਿ ਧਵਲ ਆਕਾਸ॥

ਅਨੁਵਾਦ

ਨਾਮ ਪ੍ਰਭੂ ਦਾ ਸੁਣਿਆ ਤੇ ਹੀ ਇਸਦਾ ਥਹੁ ਪਾਇਆ ਹੈ ਪਿਆਰੇ।
ਇਹ ਧਰਤੀ ਅਕਾਸ਼ ਖਲੋਤੇ, ਮੇਰੇ ਪ੍ਰਭ ਦੇ ਹੈਨ ਸਹਾਰੇ।

ਮੂਲ

ਸੁਣਿਐ ਦੀਪ ਲੋਅ ਪਾਤਾਲ॥

ਅਨੁਵਾਦ

ਨਾਮ ਪ੍ਰਭੂ ਦਾ ਸੁਣਿਆ ਤੇ ਹੀ, ਏਸ ਬਾਤ ਦਾ ਹੋਏ ਗਿਆਨ।
ਪਾਤਾਲਾਂ, ਦੀਪਾਂ, ਲੋਕਾਂ ਵਿਚ, ਕਣ ਕਣ ਵਿਚ ਨੂਰੀ ਭਗਵਾਨ।

ਮੂਲ

ਸੁਣਿਐ ਪੋਹਿ ਨ ਸਕੈ ਕਾਲੁ॥

ਅਨੁਵਾਦ

ਪ੍ਰਭੂ ਨਾਮ ਸੁਣਿਆ ਤੇ ਪਿਆਰੇ ਮੌਤ ਦਾ ਡਰ ਭੈ ਹੋਵੇ ਦੂਰ।
ਹਰ ਥਾਂ ਤੇ ਪ੍ਰਭੂ ਨਜ਼ਰੀਂ ਆਵੇ, ਹਰ ਥਾਂ ਜਾਪੇ ਉਸਦਾ ਨੂਰ।

ਮੂਲ

ਨਾਨਕ ਭਗਤਾ ਸਦਾ ਵਿਗਾਸੁ॥

ਅਨੁਵਾਦ

ਨੂਰੀ ਸਤਿਗੁਰ ਭਗਤ ਪ੍ਰਭੂ ਦੇ, ਜੋ ਇਕ ਪ੍ਰਭ ਨੂੰ ਕਰਦੇ ਪਿਆਰ।
ਮਨ ਵਿਚ ਖੇੜਾ ਰਹੇ ਉਹਨਾਂ ਦੇ ਹਰ ਵੇਲੇ ਰਹਿੰਦੇ ਸਰਸ਼ਾਰ।

ਮੂਲ

ਸੁਣਿਐ ਦੂਖ ਪਾਪ ਕਾ ਨਾਸੁ॥੮॥

ਅਨੁਵਾਦ

ਨਾਮ ਪ੍ਰਭੂ ਦਾ ਸੁਣਿਆਂ ਪ੍ਰਾਨੀ, ਬਣ ਜਾਂਦੇ ਜੋ ਪ੍ਰਭ ਦੇ ਦਾਸ।
ਕਰ ਦੇਂਦਾ ਹੈ ਸਤਿਗੁਰ ਮੇਰਾ, ਦੂਖ ਪਾਪ ਉਹਨਾਂ ਦੇ ਨਾਸ।

ਨੌਵੀਂ ਪਉੜੀ

ਮੂਲ

ਸੁਣਿਐ ਈਸਰ ਬਰਮਾ ਇੰਦੁ॥

ਅਨੁਵਾਦ

ਪ੍ਰਭੂ ਨਾਮ ਸੁਣ ਕੇ ਹੀ ਪਿਆਰੇ, ਏਸ ਬਾਤ ਦੀ ਸੋਝੀ ਆਈ।
ਸ਼ਿਵ, ਬਰਮਾਂ, ਇੰਦਰ ਦੀ ਪਦਵੀ ਪ੍ਰਭੂ ਨਾਮ ਸੁਣ ਭਗਤਾਂ ਪਾਈ।

ਮੂਲ

ਸੁਣਿਐ ਮੁਖਿ ਸਾਲਾਹਣ ਮੰਦੁ॥

ਅਨੁਵਾਦ

ਪ੍ਰਭੂ ਨਾਮ ਸੁਣਿਆ ਤੇ ਐਮਨ, ਇਹ ਨਰ ਜਗ ਤੇ ਸੋਭਾ ਪਾਉਂਦਾ।
ਮੰਦਾ ਪੁਰਸ਼ ਵੀ ਇਸਨੂੰ ਸੁਣ ਕੇ, ਗੀਤ ਪ੍ਰਭੂ ਦੇ ਮੁਖੋਂ ਗਾਉਂਦਾ।

ਮੂਲ

ਸੁਣਿਐ ਜੋਗ ਜੁਗਤਿ ਤਨਿ ਭੇਦ॥

ਅਨੁਵਾਦ

ਨਾਮ ਪ੍ਰਭੂ ਦਾ ਸੁਣ ਕੇ ਪ੍ਰਾਨੀ, ਜੀਵਨ ਜੁਗਤੀ ਨਾਲ ਬਤਾਉਂਦਾ।
ਪ੍ਰਭ ਅਪਣੇ ਥੀਂ ਸੁਰਤ ਜੋੜ ਕੇ ਤ੍ਰਿਸ਼ਨਾਵਾਂ ਤੇ ਕਾਬੂ ਪਾਉਂਦਾ।

ਮੂਲ

ਸੁਣਿਐ ਸਾਸਤ ਸਿਮ੍ਰਿਤਿ ਵੇਦ

ਅਨੁਵਾਦ

ਨਾਮ ਪ੍ਰਭੂ ਦਾ ਸੁਣਕੇ ਵੇਖੋ ਜੋ ਜਨ ਪ੍ਰਭ ਥੀਂ ਲਾਉਂਦਾ ਧਿਆਨ।
ਸ਼ਾਸਤਰ ਸਿਮ੍ਰਤੀਆਂ, ਵੇਦਾਂ ਦਾ ਉਸਨੂੰ ਹੋ ਜਾਏ ਪੂਰਨ ਗਿਆਨ।

ਮੂਲ

ਨਾਨਕ ਭਗਤਾ ਸਦਾ ਵਿਗਾਸੁ॥

ਅਨੁਵਾਦ

ਨੂਰੀ ਸਤਿਗੁਰ ਭਗਤ ਪ੍ਰਭੂ ਦੇ ਜੋ ਜਨ ਪ੍ਰਭ ਥੀ ਕਰਦੇ ਪਿਆਰ।
ਮਨ ਵਿਚ ਖੇੜਾ ਰਹੇ ਉਹਨਾਂ ਦੇ ਹਰ ਵੇਲੇ ਰਹਿੰਦੇ ਸਰਸਾਰ।

ਮੂਲ

ਸੁਣਿਐ ਦੂਖ ਪਾਪ ਕਾ ਨਾਸੁ॥੯॥

ਅਨੁਵਾਦ

ਨਾਮ ਪ੍ਰਭੂ ਦਾ ਸੁਣ ਕੇ ਨੂਰੀ, ਬਣ ਜਾਂਦੇ ਜੋ ਪ੍ਰਭ ਦੇ ਦਾਸ।
ਕਰ ਦੇਂਦਾ ਹੈ ਸਤਿਗੁਰ ਮੇਰਾ, ਦੁੱਖ ਪਾਪ ਉਹਨਾਂ ਦੇ ਨਾਸ।

ਦਸਵੀਂ ਪਉੜੀ

ਮੂਲ

ਸੁਣਿਐ ਸਤੁ ਸੰਤੋਖੁ ਗਿਆਨੁ ॥

ਅਨੁਵਾਦ

ਨਾਮ ਪ੍ਰਭੂ ਦਾ ਸੁਣਿਆ ਪਿਆਰੇ ਹੋ ਜਾਂਦਾ ਹੈ ਪੁਰਖ ਮਹਾਨ।
ਬਣ ਕੇ ਉਹ ਦਾਨੀ ਸੰਤੋਖੀ ਪ੍ਰਾਪਤ ਕਰਦਾ ਸ਼੍ਰੇਸ਼ਟ ਗਿਆਨ।

ਮੂਲ

ਸੁਣਿਐ ਅਠਸਠਿ ਕਾ ਇਸਨਾਨੁ ॥

ਅਨੁਵਾਦ

ਪ੍ਰਭੂ ਨਾਮ ਸੁਣਿਆਂ ਤੇ ਪ੍ਰਾਨੀ, ਸਤਿਗੁਰ ਇਹ ਕੀਤਾ ਫੁਰਮਾਨ।
ਫਲ ਇਸਦਾ ਤੂੰ ਜਾਣ ਪ੍ਰਾਨੀ, ਅਠਸਠ ਤੀਰਥ ਦਾ ਇਸ਼ਨਾਨ।

ਮੂਲ

ਸੁਣਿਐ ਪੜਿ ਪੜਿ ਪਾਵਹਿ ਮਾਨੁ ॥

ਅਨੁਵਾਦ

ਸੁਣ ਸੁਣ ਪੜ੍ਹ ਪੜ੍ਹ ਨਾਮ ਪ੍ਰਭੂ ਦਾ, ਜੋ ਪ੍ਰਾਨੀ ਹੈ ਚਿਤ ਵਸਾਉਂਦਾ।
ਐਸਾ ਪ੍ਰਾਨੀ ਹਰ ਥਾਂ ਤੇ ਹੀ, ਮਾਨ ਮਰਤਬਾ ਸੋਭਾ ਪਾਉਂਦਾ।

ਮੂਲ

ਸੁਣਿਐ ਲਾਗੈ ਸਹਜਿ ਧਿਆਨੁ ॥

ਅਨੁਵਾਦ

ਨਾਮ ਪ੍ਰਭੂ ਦਾ ਸੁਣ ਕੇ ਪਿਆਰੇ, ਇਹ ਨਰ ਸਹਿਜ ਅਵਸਥਾ ਪਾਉਂਦੇ।
ਇਸ ਦੀ ਬਰਕਤ ਦੇ ਸਦਕੇ ਹੀ, ਹਰ ਦਮ ਧਿਆਨ ਪ੍ਰਭੂ ਥੀਂ ਲਾਉਂਦੇ।

ਮੂਲ

ਨਾਨਕ ਭਗਤਾ ਸਦਾ ਵਿਗਾਸੁ ॥

ਅਨੁਵਾਦ

ਨੂਰੀ ਸਤਿਗੁਰ ਭਗਤ ਪ੍ਰਭੂ ਦੇ ਜੋ ਜਨ ਪ੍ਰਭ ਥੀ ਕਰਦੇ ਪਿਆਰ।
ਮਨ ਵਿਚ ਖੇੜਾ ਰਹੇ ਉਹਨਾਂ ਦੇ ਹਰ ਵੇਲੇ ਰਹਿੰਦੇ ਸਰਸਾਰ।

ਮੂਲ

ਸੁਣਿਐ ਦੂਖ ਪਾਪ ਕਾ ਨਾਸੁ ॥੧੦॥

ਅਨੁਵਾਦ

ਨਾਮ ਪ੍ਰਭੂ ਦਾ ਸੁਣ ਕੇ ਨੂਰੀ, ਬਣ ਜਾਂਦੇ ਜੋ ਪ੍ਰਭ ਦੇ ਦਾਸ।
ਕਰ ਦੇਂਦਾ ਹੈ ਸਤਿਗੁਰ ਮੇਰਾ, ਦੁੱਖ ਪਾਪ ਉਹਨਾਂ ਦੇ ਨਾਸ।

ਗਿਆਰਵੀਂ ਪਉੜੀ

ਮੂਲ

ਸੁਣਿਐ ਸਰਾ ਗੁਣਾ ਕੇ ਗਾਹ॥

ਅਨੁਵਾਦ

ਨਾਮ ਪ੍ਰਭੂ ਦਾ ਭਗਤ ਪ੍ਰਭੂ ਦੇ ਸੁਣ ਕੇ ਹੀ ਨੇ ਚਿਤ ਵਸਾਉਂਦੇ।
ਬਣ ਕੇ ਉਹ ਨਰ ਗੁਣੀ ਗਿਆਨੀ, ਗੁਣਾਂ ਦੇ ਸਾਗਰ ਦੀ ਥਾਹ ਪਾਉਂਦੇ।

ਮੂਲ

ਸੁਣਿਐ ਸੇਖ ਪੀਰ ਪਤਿਸਾਹ॥

ਅਨੁਵਾਦ

ਨਾਮ ਪ੍ਰਭੂ ਦਾ ਸੁਣ ਕੇ ਪਾਇਆ ਜਗ ਉਤੇ ਭਗਤਾਂ ਨੇ ਮਾਨ।
ਸ਼ੇਖ, ਪੀਰ, ਪਾਤਸ਼ਾਹ, ਚੌਧਰੀ, ਹਰ ਥਾਂ ਤੇ ਹੋਏ ਪਰਧਾਨ।

ਮੂਲ

ਸੁਣਿਐ ਅੰਧੇ ਪਾਵਹਿ ਰਾਹੁ॥

ਅਨੁਵਾਦ

ਪ੍ਰਭੂ ਨਾਮ ਸੁਣਿਆ ਤੇ ਵੇਖੇ ਅੰਨੇ ਅਗਿਆਨੀ ਇਨਸਾਨ।
ਉਹ ਜਨ ਸਚੇ ਮਾਰਗ ਪੈ ਕੇ ਬਣ ਜਾਂਦੇ ਨੇ ਪੁਰਖ ਸੁਜਾਨ।

ਮੂਲ

ਸੁਣਿਐ ਹਾਥ ਹੋਵੈ ਅਸਗਾਹੁ॥

ਅਨੁਵਾਦ

ਨਾਮ ਪ੍ਰਭੂ ਦਾ ਸੁਣਿ ਕੇ ਜੀਹਨਾ ਚਿਤ ਲਾਇਆ ਅਪਣੇ ਪ੍ਰਭ ਸਾਥ।
ਉਹਨਾਂ ਹੀ ਇਸ ਭਵ ਸਾਗਰ ਦੀ, ਪਿਆਰੇ ਜਗ ਤੇ ਪਾਈ ਹਾਥ।

ਨਾਨਕ ਭਗਤਾ ਸਦਾ ਵਿਗਾਸੁ॥

ਅਨੁਵਾਦ

ਨੂਰੀ ਸਤਿਗੁਰ ਭਗਤ ਪ੍ਰਭੂ ਦੇ ਜੋ ਜਨ ਪ੍ਰਭ ਥੀ ਕਰਦੇ ਪਿਆਰ।
ਮਨ ਵਿਚ ਖੇੜਾ ਰਹੇ ਉਹਨਾਂ ਦੇ ਹਰ ਵੇਲੇ ਰਹਿੰਦੇ ਸਰਸਾਰ।

ਮੂਲ

ਸੁਣਿਐ ਦੂਖ ਪਾਪ ਕਾ ਨਾਸੁ॥੧੧॥

ਅਨੁਵਾਦ

ਨਾਮ ਪ੍ਰਭੂ ਦਾ ਸੁਣ ਕੇ ਨੂਰੀ, ਬਣ ਜਾਂਦੇ ਜੋ ਪ੍ਰਭ ਦੇ ਦਾਸ।
ਕਰ ਦੇਂਦਾ ਹੈ ਸਤਿਗੁਰ ਮੇਰਾ, ਦੁੱਖ ਪਾਪ ਉਹਨਾਂ ਦੇ ਨਾਸ।

ਬਾਰਵੀਂ ਪਉੜੀ

ਮੂਲ

ਮੰਨੇ ਕੀ ਗਤਿ ਕਹੀ ਨ ਜਾਇ।

ਅਨੁਵਾਦ

ਮਨ ਚਿਤੋਂ ਜੋ ਮੰਨਦਾ ਪ੍ਰਭ ਨੂੰ ਉਹ ਨਰ ਕਿਤਨਾ ਪੁਰਸ਼ ਮਹਾਨ।
ਉਸ ਬਾਰੇ ਲਾਵੇ ਅੰਦਾਜ਼ਾ? ਐਸਾ ਹੈ ਕਿਹੜਾ ਇਨਸਾਨ।

ਮੂਲ

ਜੇ ਕੋ ਕਹੈ ਪਿਛੈ ਪਛੁਤਾਇ॥

ਅਨੁਵਾਦ

ਉਸ ਬਾਰੇ ਜੇਕਰ ਕੋਈ ਪ੍ਰਾਨੀ ਚਾਹਵੇ ਕਿ ਅੰਦਾਜ਼ਾ ਲਾਵੇ।
ਉਹ ਉਸ ਬਾਰੇ ਜਾਣ ਨ ਸਕੇ ਤੇ ਆਖਰ ਨੂੰ ਪਛੋਤਾਵੇ।

ਮੂਲ

ਕਾਗਦਿ ਕਲਮ ਨ ਲਿਖਣਹਾਰੁ॥

ਅਨੁਵਾਦ

ਕਾਗਜ਼ ਨਹੀਂ ਕੋਈ ਏਸ ਤਰ੍ਹਾਂ ਦਾ, ਨਾ ਹੀ ਹੈ ਕੋਈ ਕਲਮ ਪਿਆਰੇ।
ਨਾ ਹੀ ਕੋਈ ਐਸਾ ਲੇਖਕ ਹੈ, ਜੋ ਲਿਖ ਸਕਦਾ ਹੈ ਉਸ ਬਾਰੇ।

ਮੂਲ

ਮੰਨੇ ਕਾ ਬਹਿ ਕਰਨਿ ਵੀਚਾਰੁ॥

ਅਨੁਵਾਦ

ਸ਼ਰਧਾ ਵਾਨ ਪ੍ਰਭੂ ਦਾ ਪਿਆਰਾ, ਪ੍ਰਭੂ ਨਾਮ ਜੋ ਹਿਰਦੇ ਧਾਰੇ।
ਸਾਰੇ ਬਹਿ ਕੇ ਕਰਨ ਵਿਚਾਰਾਂ, ਉਸ ਪ੍ਰਾਨੀ ਦੀ ਸੋਭਾ ਬਾਰੇ।

ਮੂਲ

ਐਸਾ ਨਾਮੁ ਨਿਰੰਜਨੁ ਹੋਇ॥

ਅਨੁਵਾਦ

ਨਾਮ ਪ੍ਰਭੂ ਦਾ ਐਸਾ ਨਿਰਮਲ, ਮਲ ਪਾਇਆ ਤੋਂ ਪਾਕ ਪੁਨੀਤ।
ਹਰ ਫਲ ਇਸ ਤੋਂ ਮਿਲਦਾ ਪਿਆਰੇ, ਨਿਰਮਲ ਕਰਿਆਂ ਆਪਣੀ ਨੀਤ।

ਮੂਲ

ਜੇ ਕੋ ਮੰਨੇ ਜਾਣੈ ਮਨਿ ਕੋਇ॥੧੨॥

ਅਨੁਵਾਦ

ਜੇ ਕੋਈ ਪ੍ਰਾਨੀ ਆਪਣੇ ਮਨ ਤੋਂ, ਐਸੇ ਪ੍ਰਭ ਨੂੰ ਲੈਂਦਾ ਮਾਨ।
ਉਹ ਨਰ ਉੱਚ ਅਵਸਥਾ ਪਾ ਕੇ, ਬਣ ਜਾਵੇ ਉਤਮ ਇਨਸਾਨ।

ਤੇਰਵੀਂ ਪਉੜੀ

ਮੂਲ

ਮੰਨੈ ਸੁਰਤਿ ਹੋਵੈ ਮਨਿ ਬੁਧਿ॥

ਅਨੁਵਾਦ

ਮੰਨੇ ਜੋ ਪ੍ਰਭ ਨਾਮ ਨੂੰ ਪਿਆਰੇ, ਸੁਰਤੀ ਉਸਦੀ ਹੋਏ ਕਮਾਲ।
ਬਣ ਜਾਵੇ ਉਹ ਪੂਰਨ ਗਿਆਨੀ, ਮਨ ਬੁੱਧ ਐਸੇ ਹੋਣ ਵਿਸ਼ਾਲ।

ਮੂਲ

ਮੰਨੈ ਸਗਲ ਭਵਣ ਕੀ ਸੁਧਿ॥

ਅਨੁਵਾਦ

ਮੰਨ ਦਾ ਹੈ ਜੋ ਨਾਮ ਪ੍ਰਭੂ ਦਾ, ਜੋ ਇਕ ਪ੍ਰਭ ਨੂੰ ਕਰਦਾ ਪਿਆਰ।
ਸਭ ਭਵਣਾਂ ਵਿਚ ਵਿਹੁੰਦਾ ਹੈ ਉਹ, ਕਣ ਕਣ ਵਿਚ ਨੂਰੀ ਨਿਰੰਕਾਰ।

ਮੂਲ

ਮੰਨੈ ਮੁਹਿ ਚੋਟਾ ਨ ਖਾਇ॥

ਅਨੁਵਾਦ

ਮੰਨ ਕੇ ਜੋ ਸਾਕਾਰ ਪ੍ਰਭੂ ਨੂੰ, ਨਿਸ ਦਿਨ ਅਪਣੇ ਚਿਤ ਵਸਾਵੇ।
ਉਹ ਪ੍ਰਾਨੀ ਨ ਮਾਰ ਸਮੇਂ ਦੀ, ਪਿਆਰੇ ਅਪਣੇ ਮੂੰਹ ਤੇ ਖਾਵੇ।

ਮੂਲ

ਮੰਨੈ ਜਮ ਕੈ ਸਾਥਿ ਨ ਜਾਇ॥

ਅਨੁਵਾਦ

ਮੰਨ ਕੇ ਜੇ ਨਰ ਨਾਮ ਪ੍ਰਭੂ ਦਾ, ਪ੍ਰਭ ਆਪਣੇ ਥੀ ਬਿਰਤੀ ਲਾਵੇ।
ਉਹ ਨਹੀਂ ਨਾਲ ਜਮਾਂ ਦੇ ਜਾਂਦਾ, ਉਹ ਵਡਭਾਗੀ ਮੁਕਤੀ ਪਾਵੇ।

ਮੂਲ

ਐਸਾ ਨਾਮੁ ਨਿਰੰਜਨੁ ਹੋਇ॥

ਅਨੁਵਾਦ

ਨਾਮ ਪ੍ਰਭੂ ਦਾ ਐਸਾ ਨਿਰਮਲ, ਮਲ ਪਾਇਆ ਤੋਂ ਪਾਕ ਪੁਨੀਤ।
ਹਰ ਫਲ ਇਸ ਤੋਂ ਮਿਲਦਾ ਪਿਆਰੇ, ਨਿਰਮਲ ਕਰਿਆਂ ਆਪਣੀ ਨੀਤ।

ਮੂਲ

ਜੇ ਕੋ ਮੰਨੇ ਜਾਣੈ ਮਨਿ ਕੋਇ॥੧੩॥

ਅਨੁਵਾਦ

ਜੇ ਕੋਈ ਪ੍ਰਾਨੀ ਆਪਣੇ ਮਨ ਤੋਂ, ਐਸੇ ਪ੍ਰਭ ਨੂੰ ਲੈਂਦਾ ਮਾਨ।
ਉਹ ਨਰ ਉੱਚ ਅਵਸਥਾ ਪਾ ਕੇ, ਬਣ ਜਾਵੇ ਨੂਰੀ ਇਨਸਾਨ।

ਚੌਧਵੀਂ ਪਉੜੀ

ਮੂਲ

ਮੰਨੈ ਮਾਰਿਗ ਠਾਕ ਨ ਪਾਇ॥

ਅਨੁਵਾਦ

ਮਨ ਤੋਂ ਜੋ ਮੰਨਦਾ ਹੈ ਪ੍ਰਭੂ ਨੂੰ, ਉਹ ਨਰ ਅਪਣੀ ਮੰਜਲ ਪਾਵੇ।
ਉਸਦੇ ਰਾਹ ਵਿਚ ਕੋਈ ਰੁਕਾਵਟ, ਦੁੱਖਾਂ ਭੁੱਖਾਂ ਦੀ ਨ ਆਵੇ।

ਮੂਲ

ਮੰਨੈ ਪਤਿ ਸਿਉ ਪਰਗਟੁ ਜਾਇ॥

ਅਨੁਵਾਦ

ਮਨ ਤੋਂ ਜੋ ਪ੍ਰਭ ਨਾਮ ਨੂੰ ਮੰਨੇ, ਜੋ ਜਨ ਇਸ ਥੀਂ ਧਿਆਨ ਲਗਾਵੇ।
ਮੁਕਤ ਰੂਪ ਹੋ ਕੇ ਵਡਭਾਗੀ, ਉਹ ਪ੍ਰਾਨੀ ਅਪਣੇ ਘਰ ਜਾਵੇ।

ਮੂਲ

ਮੰਨੈ ਮਗੁ ਨ ਚਲੈ ਪੰਥੁ॥

ਅਨੁਵਾਦ

ਮੰਨੈ ਜੋ ਇਕ ਨਾਮ ਪ੍ਰਭੂ ਦਾ, ਜੋ ਇਕ ਪ੍ਰਭ ਨੂੰ ਕਰਦੇ ਪਿਆਰ।
ਉਹ ਨਰ ਉੱਕਾ ਹੋਰ ਧਰਮ ਦੇ, ਰਸਤੇ ਨਹੀਂ ਜਾਂਦੇ ਸਰਕਾਰ।

ਮੂਲ

ਮੰਨੈ ਧਰਮ ਸੇਤੀ ਸਨਬੰਧੁ॥

ਅਨੁਵਾਦ

ਮੰਨਦਾ ਹੈ ਜੋ ਨਾਮ ਪ੍ਰਭੂ ਦਾ, ਜੋ ਇਕ ਪ੍ਰਭੂ ਦਾ ਬਣਦਾ ਦਾਸ।
ਉਸ ਪ੍ਰਾਨੀ ਦਾ ਪ੍ਰਭੂ ਧਰਮ ਸੰਗ, ਬਣ ਜਾਂਦਾ ਹੈ ਨਾਤਾ ਖਾਸ।

ਮੂਲ

ਐਸਾ ਨਾਮੁ ਨਿਰੰਜਨੁ ਹੋਇ॥

ਅਨੁਵਾਦ

ਐਸਾ ਨਾਮ ਪ੍ਰਭੂ ਦਾ ਨਿਰਮਲ, ਮਲ ਪਾਇਆ ਤੋਂ ਪਾਕ ਪੁਨੀਤ।
ਹਰ ਫਲ ਇਸ ਤੋਂ ਮਿਲਦਾ ਪਿਆਰੇ, ਨਿਰਮਲ ਕਰਿਆਂ ਅਪਣੀ ਨੀਤ।

ਮੂਲ

ਜੇ ਕੋ ਮੰਨਿ ਜਾਣੈ ਮਨਿ ਕੋਇ॥੧੪॥

ਅਨੁਵਾਦ

ਜੇ ਕੋਈ ਪ੍ਰਾਨੀ ਆਪਣੇ ਮਨ ਤੋਂ, ਐਸੇ ਪ੍ਰਭ ਨੂੰ ਲੈਂਦਾ ਮਾਨ।
ਉਹ ਨਰ ਉੱਚ ਅਵਸਥਾ ਪਾ ਕੇ, ਬਣ ਜਾਵੇ ਨੂਰੀ ਇਨਸਾਨ।

ਪੰਦਰਵੀਂ ਪਉੜੀ

ਮੂਲ

ਮੰਨੈ ਪਾਵਹਿ ਮੋਖੁ ਦੁਆਰ॥

ਅਨੁਵਾਦ

ਮੰਨੇ ਜੋ ਜਨ ਨਾਮ ਪ੍ਰਭੂ ਦਾ, ਕੀ ਕਹਿਣੇ ਉਸਦੇ ਸਰਕਾਰ।
ਜਨਮ ਮਰਨ ਦਾ ਗੇੜ ਮੁਕਾਕੇ, ਉਹ ਪਾ ਲੈਂਦਾ ਮੁਕਤ-ਦੁਆਰ।

ਮੂਲ

ਮੰਨੈ ਪਰਵਾਰੈ ਸਾਧਾਰੁ॥

ਅਨੁਵਾਦ

ਨਾਮ ਪ੍ਰਭੂ ਦੇ ਮੰਨਣ ਵਾਲਾ, ਜੀਵਨ ਸੁੱਖਾਂ ਨਾਲ ਗੁਜ਼ਾਰੇ।
ਏਸੇ ਹੀ ਬਰਕਤ ਤੋਂ ਪਿਆਰੇ, ਉਹ ਸਾਰੇ ਪਰਵਾਰ ਨੂੰ ਤਾਰੇ।

ਮੂਲ

ਮੰਨੈ ਤਰੈ ਤਾਰੇ ਗੁਰੁ ਸਿਖ॥

ਅਨੁਵਾਦ

ਪ੍ਰਭੂ ਨਾਮ ਦੇ ਮੰਨਣ ਵਾਲਾ, ਭਵ ਸਾਗਰ ਤੋਂ ਹੋ ਕੇ ਪਾਰ।
ਸ਼ਬਦ ਗੁਰਾਂ ਦੀ ਰਾਹੀਂ ਪਿਆਰੇ, ਲੈਂਦਾ ਗੁਰਸਿਖਾਂ ਨੂੰ ਤਾਰ।

ਮੂਲ

ਮੰਨੈ ਨਾਨਕ ਭਵਹਿ ਨ ਭਿਖ

ਅਨੁਵਾਦ

ਮੰਨੇ ਜੋ ਇਕ ਨਾਮ ਪ੍ਰਭੂ ਦਾ, ਹਰ ਸ਼ੈ ਉਹ ਸਤਿਗੁਰ ਤੋਂ ਪਾਵੇ।
ਸ਼ਾਹਾਂ ਦਾ ਹੋ ਜਾਵੇ ਸ਼ਾਹ ਖੁਦ, ਦਰ ਦਰ ਤੇ ਮੰਗਣ ਨ ਜਾਵੇ।

ਮੂਲ

ਐਸਾ ਨਾਮੁ ਨਿਰੰਜਨੁ ਹੋਇ॥

ਅਨੁਵਾਦ

ਐਸਾ ਨਾਮ ਪ੍ਰਭੂ ਦਾ ਨਿਰਮਲ, ਮਲ ਮਾਇਆ ਤੋਂ ਪਾਕ ਪੁਨੀਤ।
ਹਰ ਫਲ ਇਸ ਤੋਂ ਮਿਲਦਾ ਪਿਆਰੇ, ਨਿਰਮਲ ਕਰਿਆਂ ਅਪਣੀ ਨੀਤ।

ਮੂਲ

ਜੇ ਕੋ ਮੰਨਿ ਜਾਣੈ ਮਨਿ ਕੋਇ॥੧੫॥

ਅਨੁਵਾਦ

ਜੇ ਕੋਈ ਪ੍ਰਾਨੀ ਆਪਣੇ ਮਨ ਤੋਂ, ਐਸੇ ਪ੍ਰਭ ਨੂੰ ਲੈਂਦਾ ਮਾਨ।
ਉਹ ਨਰ ਉੱਚ ਅਵਸਥਾ ਪਾ ਕੇ, ਬਣ ਜਾਵੇ ਉਤਮ ਇਨਸਾਨ।

ਸੋਲ੍ਹਵੀਂ ਪਉੜੀ

ਮੂਲ

ਪੰਚ ਪਰਵਾਣ ਪੰਚ ਪਰਧਾਨੁ ॥

ਅਨੁਵਾਦ

ਸੁਣਿਆ ਮੰਨਿਆ ਨਾਮ ਪ੍ਰਭੂ, ਜਿਨ ਉਹ ਜਨ ਪ੍ਰਾਨੀ ਪੰਚ ਪਛਾਨ।
ਉਹ ਹੋਵਣ ਹਰ ਥਾਂ ਪਰਵਾਨ, ਬਣਦੇ ਉਹ ਪੁਰਖੀਂ ਪਰਧਾਨ।

ਮੂਲ

ਪੰਚੇ ਪਾਵਹਿ ਦਰਗਹਿ ਮਾਨੁ ॥

ਅਨੁਵਾਦ

ਐਸਾ ਪੰਚ ਜਨਾਂ ਤੋਂ ਜਾਵਾਂ, ਸੌ ਵੇਰਾਂ ਪਿਆਰੇ ਕੁਰਬਾਨ।
ਜੋ ਪ੍ਰਭ ਦੀ ਦਰਗਾਹ ਦੇ ਅੰਦਰ, ਪਾਉਂਦੇ ਨੇ ਸੋਭਾ ਤੇ ਮਾਨ।

ਮੂਲ

ਪੰਚੇ ਸੋਹਹਿ ਦਰਿ ਰਾਜਾਨੁ ॥

ਅਨੁਵਾਦ

ਸ਼ਾਹਾਂ ਵਿਚੋਂ ਸ਼ਾਹ ਪ੍ਰਭੂ ਹੈ, ਰਾਜਿਆਂ ਚੋਂ ਉਹ ਹੀ ਰਾਜਾਨ।
ਉਸ ਦੇ ਦਰ ਜੋ ਸੋਭਾ ਪਾਵਣ, ਉਹ ਹੀ ਪੰਚ ਪਿਆਰੇ ਮਾਨ।

ਮੂਲ

ਪੰਚਾ ਕਾ ਗੁਰੁ ਏਕੁ ਧਿਆਨੁ

ਅਨੁਵਾਦ

ਐਸੇ ਪੰਚ ਜਨਾਂ ਦਾ ਪਿਆਰੇ, ਹੁੰਦਾ ਕੇਵਲ ਇਕ ਨਿਸ਼ਾਨਾ।
ਛੱਡ ਕੇ ਕੁੱਲ ਦੁਨੀਆਂ ਦੇ ਝੰਜਟ, ਇਕ ਸਤਿਗੁਰ ਥੀਂ ਧਿਆਨ ਲਗਾਨਾ।

ਮੂਲ

ਜੇ ਕੋ ਕਹੈ ਕਰੈ ਵੀਚਾਰੁ ॥

ਅਨੁਵਾਦ

ਜੇ ਕੋਈ ਪ੍ਰਾਨੀ ਇਹ ਗੱਲ ਆਖੇ, ਮੈਂ ਉਸ ਪ੍ਰਭ ਦੀ ਕਰਾਂ ਵਿਚਾਰ।
ਜੋ ਉਸ ਪ੍ਰਭ ਦਾ ਹੋਵੇ ਜਾਣੂ, ਐਸਾ ਹੈ ਕਿਹੜਾ ਸਰਕਾਰ?

ਨੋਟ: ਪੰਚ ਸੁਣਨ ਵਾਲੇ, ਮੰਨਣ ਵਾਲੇ, ਗਾਉਣ ਵਾਲੇ, ਹੁਕਮ ਰਜਾਈ ਤੁਰਨ ਵਾਲੇ ਮਨ ਰਖੀਐ ਭਾਉ। ਜੋ ਇਹ ਪੰਜੇ ਉਪਾਓ ਕਰ ਕੇ ਸੁਚਿਆਰਾ ਹੋ ਗਏ ਹਨ। ਉਹਨਾਂ ਨੂੰ ਇਥੇ ਪੰਚ ਕਿਹਾ ਹੈ।

ਮੂਲ

ਕਰਤੇ ਕੈ ਕਰਣੈ ਨਾਹੀ ਸੁਮਾਰੁ॥

ਅਨੁਵਾਦ

ਇਹ ਸਾਰਾ ਹੀ ਜਗਤ ਪਸਾਰਾ, ਕਰਣਹਾਰ ਰਚਿਆ ਕਰਤਾਰ।
ਉਸ ਕਰਤੇ ਦੇ ਕੰਮਾਂ ਦਾ ਕੋਈ, ਕਰ ਸਕਦਾ ਨਹੀਂ ਅੰਤ ਸ਼ੁਮਾਰ।

ਮੂਲ

ਧੌਲੁ ਧਰਮੁ ਦਇਆ ਕਾ ਪੂਤੁ॥

ਅਨੁਵਾਦ

ਐਸਾ ਕੋਈ ਬੈਲ ਨਹੀਂ ਧੌਲਾ, ਜੋ ਧਰਤੀ ਦੇ ਹੇਠ ਖਲੋਇਆ।
ਧੌਲ ਧਰਮ ਉਹ ਨੇਕ ਧਰਮ ਹੈ ਜੋ, ਦਇਆ ਤੋਂ ਉਤਪੰਨ ਹੋਇਆ।

ਮੂਲ

ਸੰਤੋਖੁ ਥਾਪਿ ਰਖਿਆ ਜਿਨਿ ਸੂਤਿ॥

ਅਨੁਵਾਦ

ਇਸ ਦਇਆ ਤੋਂ ਧਰਮ ਹੈ ਕਾਇਮ, ਜਿਸ ਤੇ ਟਿਕੀ ਹੈ ਧਰਤੀ ਪਿਆਰੇ।
ਮੇਰੇ ਪ੍ਰਭ ਇਹ ਆਪ ਪ੍ਰੋਈ, ਦਇਆ, ਧਰਮ, ਸੰਤੋਖ ਸਹਾਰੇ।

ਮੂਲ

ਜੇ ਕੋ ਬੂਝੈ ਹੋਵੈ ਸਚਿਆਰੁ॥

ਅਨੁਵਾਦ

ਜੋ ਕੋਈ ਇਸ ਤੋਂ ਜਾਣੂ ਹੋਵੇ, ਜਿਸ ਦੇ ਕੋਲ ਹੈ ਸੱਚ ਦਾ ਨੂਰ।
ਉਹ ਪ੍ਰਾਣੀ ਅਸਲੀਅਤ ਜਾਣੇ, ਧਰਤੀ ਹੇਠਾਂ ਕੌਣ ਹਜ਼ੂਰ।

ਮੂਲ

ਧਵਲੈ ਉਪਰਿ ਕੇਤਾ ਭਾਰੁ॥

ਅਨੁਵਾਦ

ਮੰਨੋ! ਜੇ ਇਕ ਬੈਲ ਹੈ ਧੌਲਾ, ਇਸ ਧਰਤੀ ਹੇਠਾਂ ਸਰਕਾਰ।
ਉਸ ਧਵਲੇ ਦੇ ਸਿੰਙਾਂ ਉਤੇ, ਕਿਤਨਾ ਹੈ ਧਰਤੀ ਦਾ ਭਾਰ।

ਮੂਲ

ਧਰਤੀ ਹੋਰੁ ਪਰੈ ਹੋਰੁ ਹੋਰੁ॥

ਅਨੁਵਾਦ

ਧਰਤੀ ਦਾ ਕੋਈ ਅੰਤ ਨਹੀਂ ਹੈ, ਧਰਤੀ ਅੱਗੇ ਧਰਤੀ ਹੋਰ।
ਕੌਣ ਜੋ ਇਹ ਅੰਦਾਜ਼ਾ ਲਾਵੇ, ਕਿੱਥੇ ਇਹ ਮੁੱਕਦੀ ਹੈ ਡੋਰ।

ਮੂਲ

ਤਿਸ ਤੇ ਭਾਰੁ ਤਲੈ ਕਵਣੁ ਜੋਰੁ॥

ਅਨੁਵਾਦ

ਧਰਤੀ ਥੱਲੇ ਬੈਲ ਹੈ ਜੇਕਰ ਬੈਲ, ਥੱਲੇ ਫਿਰ ਧਰਤੀ ਪਿਆਰੇ।
ਸਭ ਤੋਂ ਥੱਲੇ ਬੈਲ ਹੈ ਜਿਹੜਾ, ਦੱਸੋ! ਕਿਸ ਦੀ ਓਟ ਸਹਾਰੇ।

ਮੂਲ

ਜੀਅ ਜਾਤਿ ਰੰਗਾ ਕੇ ਨਾਵ॥

ਅਨੁਵਾਦ

ਇਸ ਧਰਤੀ ਤੇ ਵੇਖੋ ਪਿਆਰੇ, ਕੀ ਕੀ ਰਚਿਆ ਰਚਨੇਹਾਰੇ।
ਭਾਂਤ ਭਾਂਤ ਦੇ ਜੀਵ ਜੰਤ ਨੇ, ਭਾਂਤ ਭਾਂਤ ਰੰਗ ਨਾਮ ਪਿਆਰੇ।

ਮੂਲ

ਸਭਨਾ ਲਿਖਿਆ ਵੁੜੀ ਕਲਾਮ॥

ਅਨੁਵਾਦ

ਇਹਨਾਂ ਸਭ ਜੀਆਂ ਦਾ ਲੇਖਾ, ਵਗਦੀ ਕਲਮ ਪ੍ਰਭੂ ਲਿਖ ਪਾਇਆ।
ਇਸ ਵਿਚ ਨਹੀਂ ਤਬਦੀਲੀ ਹੁੰਦੀ, ਧੁਰ ਦਰਗਾਹੋਂ ਇਹ ਲਿਖ ਆਇਆ।

ਮੂਲ

ਏਹੁ ਲੇਖਾ ਲਿਖਿ ਜਾਣੈ ਕੋਇ॥

ਅਨੁਵਾਦ

ਇਹ ਲੇਖਾ ਲਿਖ ਸਕਦਾ ਨਹੀਂ ਕੋਈ, ਨਾ ਹੀ ਇਹ ਕੋਈ ਲਿਖਣਾ ਜਾਣੇ।
ਮੇਰੇ ਪ੍ਰਭੂ ਦੇ ਬਾਝੋਂ ਕਿਹੜਾ, ਜੋ ਇਹ ਪਿਆਰੇ ਬਾਤ ਪਛਾਣੇਂ।

ਮੂਲ

ਲੇਖਾ ਲਿਖਿਆ ਕੇਤਾ ਹੋਇ॥

ਅਨੁਵਾਦ

ਇਹ ਸਾਰੀ ਸ੍ਰਿਸ਼ਟੀ ਦਾ ਲੇਖਾ, ਹੋ ਸਕਦਾ ਕਿਤਨਾ ਸਰਕਾਰ।
ਇਸ ਦਾ ਤਾਂ ਅੰਦਾਜ਼ਾ ਆਪੇ, ਲਾ ਸਕਦਾ ਉਹ ਸਿਰਜਣਹਾਰ।

ਮੂਲ

ਕੇਤਾ ਤਾਣੁ ਸੁਆਲਿਹੁ ਰੂਪੁ॥

ਅਨੁਵਾਦ

ਉਸ ਦਾ ਬਲ ਕਿਤਨਾ ਹੈ ਬੰਦੇ, ਕਿਤਨਾ ਉਸ ਦਾ ਰੂਪ ਸੁਹਾਣਾ।
ਕੌਣ ਜੋ ਇਹ ਅੰਦਾਜ਼ਾ ਲਾਵੇ? ਮੁਸ਼ਕਲ ਇਹ ਅੰਦਾਜ਼ਾ ਲਾਣਾ।

ਮੂਲ

ਕੇਤੀ ਦਾਤਿ ਜਾਣੈ ਕੌਣੁ ਕੂਤੁ॥

ਅਨੁਵਾਦ

ਉਸ ਦੀਆਂ ਦਾਤਾਂ ਦਾ ਅੰਦਾਜ਼ਾ, ਕੌਣ ਜੋ ਜਗ ਤੇ ਲਾ ਸਕਦਾ ਹੈ?
ਉਸ ਵਰਗਾ ਬਲਵਾਨ ਹੈ ਕਿਹੜਾ, ਭੇਤ ਕੌਣ, ਉਹਦਾ ਪਾ ਸਕਦਾ ਹੈ।

ਮੂਲ

ਕੀਤਾ ਪਸਾਉ ਏਕੋ ਕਵਾਉ॥

ਅਨੁਵਾਦ

ਮੇਰਾ ਪ੍ਰਭ ਇੱਛਿਆ ਦਾ ਮਾਲਕ, ਹਰ ਇਕ ਉਸ ਦਾ ਖੇਲ੍ਹ ਨਿਆਰਾ।
ਆਪਣੀ ਇਕ ਅਵਾਜ਼ ਤੋਂ ਉਸ ਨੇ, ਕਰ ਦਿੱਤਾ ਇਹ ਜਗਤ ਪਸਾਰਾ।

ਮੂਲ

ਤਿਸ ਤੇ ਹੋਏ ਲਖ ਦਰੀਆਉ॥

ਅਨੁਵਾਦ

ਜੀਵ, ਜੰਤ, ਜੜ੍ਹ ਜੰਗਮ ਪਿਆਰੇ, ਲੱਖਾਂ ਦਰਿਆਵਾਂ ਦੇ ਧਾਰੇ।
ਇਕ ਤੋਂ ਕਿਹਾ ਅਨੇਕ ਪ੍ਰਭੂ, ਜਦ ਪਲ ਵਿਚ ਪ੍ਰਗਟ ਹੋ ਗਏ ਸਾਰੇ।

ਮੂਲ

ਕੁਦਰਤਿ ਕਵਣ ਕਹਾ ਵੀਚਾਰੁ॥

ਅਨੁਵਾਦ

ਕਿਸ ਦੇ ਵਿਚ ਇਹ ਸ਼ਕਤੀ ਦੱਸ! ਕੌਣ ਜੋ ਉਸ ਦੀ ਕਰੇ ਵਿਚਾਰ।
ਜੋ ਪ੍ਰਭ ਇਕ ਆਵਾਜ਼ ਦੇ ਉਤੋਂ, ਰਚ ਸਕਦਾ ਸਾਰਾ ਸੰਸਾਰ।

ਮੂਲ

ਵਾਰਿਆ ਨਾ ਜਾਵਾ ਏਕ ਵਾਰ॥

ਅਨੁਵਾਦ

ਐ ਪ੍ਰਭ ਤੇਰੇ ਗੁਣ ਅਨੇਕਾਂ, ਕਿਸ ਕਿਸ ਦਾ ਮੈਂ ਕਰਾਂ ਬਿਆਨ।
ਮੈਂ ਇਕ ਵੇਰਾਂ ਹੋ ਸਕਦਾ ਕਿੰਝ, ਮੇਰੇ ਪ੍ਰਭ ਤੈਥੋਂ ਕੁਰਬਾਨ।

ਮੂਲ

ਜੋ ਤੁਧੁ ਭਾਵੈ ਸਾਈ ਭਲੀ ਕਾਰ॥

ਅਨੁਵਾਦ

ਜੋ ਤੈਨੂੰ ਲੱਗਦਾ ਹੈ ਚੰਗਾ, ਉਹ ਹੀ ਚੰਗੀ ਪਿਆਰੇ ਕਾਰ।
ਸ਼ਕਤੀਵਾਨ ਪ੍ਰਭੂ ਦੇ ਅੱਗੇ, ਹੋ ਸਕਦਾ ਕਿਸ ਦਾ ਇਨਕਾਰ।

ਮੂਲ

ਤੂ ਸਦਾ ਸਲਾਮਤਿ ਨਿਰੰਕਾਰ॥੧੬॥

ਅਨੁਵਾਦ

ਨਾਸਵੰਤ ਹੈ ਕੁਲ ਪਦਾਰਥ, ਨਾਸਵੰਤ ਤੇਰਾ ਸੰਸਾਰ।
ਰਹਿਣਾ ਹੈ ਹਰ ਦਮ ਹੀ ਕਾਇਮ, ਤੂੰ ਹੀ ਐ ਨੂਰੀ ਨਿਰੰਕਾਰ।

ਸਤਾਰ੍ਹਵੀਂ ਪਉੜੀ

ਮੂਲ

ਅਸੰਖ ਜਪ ਅਸੰਖ ਭਾਉ॥

ਅਨੁਵਾਦ

ਦੁਨੀਆਂ ਵਿਚ ਅਨੇਕਾਂ ਪ੍ਰਾਨੀ, ਜਪਦੇ ਨੇ ਨੂਰੀ ਨਿਰੰਕਾਰ।
ਪ੍ਰੇਮ ਪ੍ਰਭੂ ਥੀਂ ਕਰ ਕੇ ਕਿਤਨੇ, ਹਰ ਵੇਲੇ ਰਹਿੰਦੇ ਸਰਸ਼ਾਰ।

ਮੂਲ

ਅਸੰਖ ਪੂਜਾ ਅਸੰਖ ਤਪ ਤਾਉ॥

ਅਨੁਵਾਦ

ਪੂਜਾ ਪ੍ਰਭ ਦੀ ਕਰਨ ਅਨੇਕਾਂ, ਜੀਹਨਾਂ ਦਾ ਨਹੀਂ ਅੰਤ ਸ਼ੁਮਾਰ।
ਜਪ, ਤਪ ਦੇ ਕਈ ਸਾਧਨ ਕਰ ਕੇ, ਤਨ ਤੇ ਝੱਲਦੇ ਕਸ਼ਟ ਹਜ਼ਾਰ।

ਮੂਲ

ਅਸੰਖ ਗਰੰਥ ਮੁਖਿ ਵੇਦ ਪਾਠ॥

ਅਨੁਵਾਦ

ਦੁਨੀਆਂ ਵਿਚ ਅਨੇਕਾਂ ਪ੍ਰਾਨੀ, ਪਾਠ ਪੜ੍ਹਨ ਵਿਚ ਲਾਉਂਦੇ ਧਿਆਨ।
ਧਰਮ ਪੁਸਤਕਾਂ ਵੇਦ ਗਰੰਥਾਂ ਦਾ, ਕਰਦੇ ਨੇ ਮੁਖੋਂ ਵਖਿਆਨ।

ਮੂਲ

ਅਸੰਖ ਜੋਗ ਮਨਿ ਰਹਹਿ ਉਦਾਸ॥

ਅਨੁਵਾਦ

ਦੁਨੀਆਂ ਵਿਚ ਅਨੇਕਾਂ ਬੰਦੇ, ਦੁਨੀਆਂ ਤੋਂ ਹੋ ਕੇ ਉਪਰਾਮ।
ਜੋਗ ਧਾਰ ਕੇ ਮਨ ਚਿੱਤ ਲਾ ਕੇ, ਸਿਮਰਨ ਕਰਦੇ ਪ੍ਰਭ ਦਾ ਨਾਮ।

ਮੂਲ

ਅਸੰਖ ਭਗਤ ਗੁਣ ਗਿਆਨ ਵੀਚਾਰ॥

ਅਨੁਵਾਦ

ਦੁਨੀਆਂ ਦੇ ਵਿਚ ਭਗਤ ਅਨੇਕਾਂ, ਜਪਦੇ ਨੇ ਪ੍ਰਭ ਸਿਰਜਨਹਾਰ।
ਗਿਆਨਵਾਨ ਤੇਰੇ ਗੁਣ ਗਾ ਕੇ, ਐ ਪ੍ਰਭ ਤੇਰੀ ਕਰਨ੍ਹ ਵਿਚਾਰ।

ਮੂਲ

ਅਸੰਖ ਸਤੀ, ਅਸੰਖ ਦਾਤਾਰ॥

ਅਨੁਵਾਦ

ਦੁਨੀਆਂ ਵਿਚ ਅਨੇਕਾਂ ਪ੍ਰਾਨੀ, ਸੱਚੇ ਧਰਮੀ ਪੁਰਖ ਮਹਾਨ।
ਦਾਨੀ ਵੀ ਨੇ ਪੁਰਖ ਅਨੇਕਾਂ, ਜੋ ਦਾਤਾਂ ਦਾ ਕਰਦੇ ਦਾਨ।

ਮੂਲ

ਅਸੰਖ ਸੂਰ ਮੁਹ ਭਖ ਸਾਰ॥

ਅਨੁਵਾਦ

ਦੁਨੀਆਂ ਵਿਚ ਅਨੇਕਾਂ ਜੋਧੇ, ਜਿਨ੍ਹਾਂ ਦਾ ਨਹੀਂ ਅੰਤ ਸ਼ੁਮਾਰ।
ਜੰਗ ਦੇ ਵਿਚ ਨਹੀਂ ਪਿੱਠ ਵਿਖਾਉਂਦੇ, ਮੂੰਹਾਂ ਉਤੇ ਖਾਂਦੇ ਵਾਰ।

ਮੂਲ

ਅਸੰਖ ਮੋਨਿ ਲਿਵ ਲਾਇ ਤਾਰ॥

ਅਨੁਵਾਦ

ਚੁੱਪ ਧਾਰ ਕੇ ਸੁਰਤ ਲਗਾ ਕੇ, ਬੈਠੇ ਰਹਿੰਦੇ ਕਈ ਇਨਸਾਨ।
ਵੇਖੀ ਜਾਂਦੇ ਨਜ਼ਰ ਟਿਕਾ ਕੇ, ਪ੍ਰਭ ਸਿਮਰਨ ਵਿਚ ਲਾ ਕੇ ਧਿਆਨ।

ਮੂਲ

ਕੁਦਰਤਿ ਕਵਣ ਕਹਾ ਵੀਚਾਰੁ॥

ਅਨੁਵਾਦ

ਕਿਸ ਦੇ ਵਿਚ ਇਹ ਦੱਸੋ ਸ਼ਕਤੀ! ਕੌਣ ਜੋ ਇਸ ਦੀ ਕਰੇ ਵੀਚਾਰ।
ਜੋ ਪ੍ਰਭ ਇਕ ਆਵਾਜ਼ ਦੇ ਉਤੇ, ਰਚ ਸਕਦਾ ਸਾਰਾ ਸੰਸਾਰ।

ਮੂਲ

ਵਾਰਿਆ ਨ ਜਾਵਾ ਏਕ ਵਾਰ॥

ਅਨੁਵਾਦ

ਐ ਪ੍ਰਭ ਤੇਰੇ ਗੁਣ ਅਨੇਕਾਂ, ਕਿਸ ਕਿਸ ਦਾ ਮੈਂ ਕਰਾਂ ਬਿਆਨ।
ਮੈਂ ਇਕ ਵੇਰਾਂ ਹੋ ਸਕਦਾ ਕਿੰਝ, ਮੇਰੇ ਪ੍ਰਭ ਤੈਥੋਂ ਕੁਰਬਾਨ।

ਮੂਲ

ਜੋ ਤੁਧੁ ਭਾਵੈ ਸਾਈ ਭਲੀ ਕਾਰ॥

ਅਨੁਵਾਦ

ਜੋ ਤੈਨੂੰ ਲੱਗਦਾ ਹੈ ਚੰਗਾ, ਉਹ ਹੀ ਚੰਗੀ ਪਿਆਰੇ ਕਾਰ।
ਸ਼ਕਤੀਵਾਨ ਪ੍ਰਭੂ ਦੇ ਅੱਗੇ, ਹੋ ਸਕਦਾ ਕਿਸ ਦਾ ਇਨਕਾਰ।

ਮੂਲ

ਤੂ ਸਦਾ ਸਲਾਮਤਿ ਨਿਰੰਕਾਰ ॥੧੭॥

ਅਨੁਵਾਦ

ਨਾਸਵੰਤ ਹੈ ਕੁਲ ਪਦਾਰਥ, ਨਾਸਵੰਤ ਤੇਰਾ ਸੰਸਾਰ।
ਰਹਿਣਾ ਹੈ ਇਕ ਤੂੰ ਹੀ ਕਾਇਮ, ਐ ਮੇਰੇ ਨੂਰੀ ਨਿਰੰਕਾਰ।

ਅਠਾਰਵੀਂ ਪਉੜੀ

ਮੂਲ

ਅਸੰਖ ਮੂਰਖ ਅੰਧ ਘੋਰ ॥

ਅਨੁਵਾਦ

ਦੁਨੀਆਂ ਵਿਚ ਅਨੇਕਾਂ ਬੰਦੇ, ਅਕਲ ਦੇ ਅੰਨ੍ਹੇ ਜਾਣ ਨਾ ਸਕਣ।
ਮੂਰਖ ਜੋ ਕਰਦੇ ਬੁਰਆਈਆਂ, ਆਪਣਾ ਮੂਲ ਪਛਾਣ ਨਾ ਸਕਣ।

ਮੂਲ

ਅਸੰਖ ਚੋਰ ਹਰਾਮਖੋਰ ॥

ਅਨੁਵਾਦ

ਦੁਨੀਆਂ ਵਿਚ ਅਨੇਕਾਂ ਬੰਦੇ, ਚੋਰੀ ਹੇਰਾ ਫੇਰੀ ਕਰਦੇ।
ਹੱਕ ਪਰਾਇਆ ਖਾਵਨ ਲੱਗੇ, ਸਤਿਗੁਰ ਤੋਂ ਨਹੀਂ ਉੱਕਾ ਡਰਦੇ।

ਮੂਲ

ਅਸੰਖ ਅਮਰ ਕਰਿ ਜਾਹਿ ਜੋਰ ॥

ਅਨੁਵਾਦ

ਦੁਨੀਆਂ ਵਿਚ ਅਨੇਕਾਂ ਜਾਬਰ, ਆਪਣੀ ਈਨ ਮਨਾ ਜਾਂਦੇ ਨੇ।
ਬੇਕਸ, ਦੁਖੀ ਮਾਯੂਸਾਂ ਉਤੇ, ਜ਼ੁਲਮ ਅਨੇਕਾਂ ਢਾ ਜਾਂਦੇ ਨੇ।

ਮੂਲ

ਅਸੰਖ ਗਲਵਢ ਹਤਿਆ ਕਮਾਹਿ ॥

ਅਨੁਵਾਦ

ਦੁਨੀਆਂ ਵਿਚ ਅਨੇਕਾਂ ਜ਼ਾਲਮ, ਜ਼ੁਲਮ ਕਮਾਉਣੋਂ ਮੂਲ ਨਾ ਸੰਗਣ।
ਕਟ ਕਟ ਗਲੇ ਅਨੇਕ ਜੀਆਂ ਦੇ, ਖ਼ੂਨ ਨਾਲ ਹੱਥ ਆਪਣੇ ਰੰਗਣ।

ਮੂਲ

ਅਸੰਖ ਪਾਪੀ ਪਾਪੁ ਕਰਿ ਜਾਹਿ॥

ਅਨੁਵਾਦ

ਦੁਨੀਆ ਵਿਚ ਅਨਕਾਂ ਪ੍ਰਾਨੀ, ਨੇਕੀ ਦੀ ਕੋਈ ਕਾਰ ਨਾ ਕਰਦੇ।
ਉਹ ਪਾਪੀ ਮੂਰਖ ਦੀਵਾਨੇ, ਪਾਪ ਕਮਾ ਕੇ ਆਖਰ ਮਰਦੇ।

ਮੂਲ

ਅਸੰਖ ਕੂੜਿਆਰ, ਕੂੜੇ ਫਿਰਾਹਿ॥

ਅਨੁਵਾਦ

ਦੁਨੀਆ ਵਿਚ ਅਨਕਾਂ ਪ੍ਰਾਨੀ, ਝੂਠੀ ਧੰਦੀ ਹੋ ਗਲਤਾਨ।
ਸੱਚਾ ਨਾਮ ਵਿਸਾਰ ਪ੍ਰਭੂ ਦਾ, ਝੂਠ ਵਿਹਾਜ ਕੇ ਜੱਗੋਂ ਜਾਣ।

ਮੂਲ

ਅਸੰਖ ਮਲੇਛ ਮਲੁ ਭਖਿ ਖਾਹਿ॥

ਅਨੁਵਾਦ

ਦੁਨੀਆ ਵਿਚ ਅਨਕਾਂ ਪ੍ਰਾਨੀ, ਨੀਚ ਬੁੱਧੀ ਵਾਲੇ ਸਰਕਾਰ।
ਖਾਂਦੇ ਉਹ ਅਪਵਿੱਤਰ ਖਾਣੇ, ਹੇਰਾ ਫੇਰੀ ਦੀ ਕਰ ਕਾਰ।

ਮੂਲ

ਅਸੰਖ ਨਿੰਦਕ ਸਿਰਿ ਕਰਹਿ ਭਾਰੁ॥

ਅਨੁਵਾਦ

ਦੁਨੀਆ ਵਿਚ ਅਨਕਾਂ ਪ੍ਰਾਨੀ, ਕਰਦੇ ਨਹੀਂ ਜੋ ਸੋਚ ਵਿਚਾਰ।
ਨਿੰਦਿਆ, ਚੁਗਲੀ ਕਰ ਹੋਰਾਂ ਦੀ, ਸਿਰ ਲੈਂਦੇ ਪਾਪਾਂ ਦਾ ਭਾਰ।

ਮੂਲ

ਨਾਨਕੁ ਨੀਚੁ ਕਹੈ ਵੀਚਾਰੁ॥

ਅਨੁਵਾਦ

ਮੇਰੇ ਸਤਿਗੁਰ ਇਹ ਫੁਰਮਾਇਆ, ਇਸ ਵਿਚ ਝੂਠ ਨਹੀਂ ਸਰਕਾਰ।
ਨੀਚ ਕਰਮ ਜੋ ਕਰਦੇ ਪ੍ਰਾਨੀ, ਇਹ ਉਹਨਾਂ ਦੇ ਨੀਚ ਵਿਚਾਰ।

ਮੂਲ

ਵਾਰਿਆ ਨ ਜਾਵਾ ਏਕ ਵਾਰ॥

ਅਨੁਵਾਦ

ਐ **ਪ੍ਰਭ** ਤੇਰੇ ਗੁਣ ਅਨੇਕਾਂ, ਕਿਸ ਕਿਸ ਦਾ ਮੈਂ ਕਰਾਂ ਬਿਆਨ।
ਮੈਂ **ਇਕ** ਵੇਰਾਂ ਹੋ ਸਕਦਾ ਕਿੰਝ, ਮੇਰੇ ਪ੍ਰਭ ਤੈਥੋਂ ਕੁਰਬਾਨ।

ਮੂਲ

ਜੋ ਤੁਧੁ ਭਾਵੈ ਸਾਈ ਭਲੀ ਕਾਰ॥

ਅਨੁਵਾਦ

ਜੋ ਤੈਨੂੰ ਲਗਦਾ ਹੈ ਚੰਗਾ, ਉਹ ਹੀ ਚੰਗੀ ਪਿਆਰੇ ਕਾਰ।
ਸ਼ਕਤੀ ਵਾਨ ਪ੍ਰਭੂ ਦੇ ਅੱਗੇ, ਹੋ ਸਕਦਾ ਕਿਸ ਦਾ ਇਨਕਾਰ।

ਮੂਲ

ਤੂ ਸਦਾ ਸਲਾਮਤਿ ਨਿਰੰਕਰ॥੧੮॥

ਅਨੁਵਾਦ

ਨਾਸਵੰਤ ਹੈ ਕੁਲ ਪਦਾਰਥ, ਨਾਸਵੰਤ ਤੇਰਾ ਸੰਸਾਰ।
ਰਹਿਣਾ ਹੈ ਹਰਦਮ ਹੀ ਕਾਇਮ, ਤੂੰ ਹੀ ਐ ਨੂਰੀ ਨਿਰੰਕਾਰ।

ਉਨਵੀਂ ਪਉੜੀ

ਮੂਲ

ਅਸੰਖ ਨਾਵ, ਅਸੰਖ ਥਾਵ॥

ਅਨੁਵਾਦ

ਨਾਮ ਪ੍ਰਭੂ ਦੇ ਹੈਨ ਅਨੇਕ, ਥਾਂ ਉਸ ਦੇ ਦਾ ਨਹੀਂ ਸ਼ੁਮਾਰ।
ਹਰ ਥਾਂ ਵਿਚ ਉਸ ਦਾ ਹੀ ਵਾਸਾ, ਹਰ ਇਕ ਵਿਚ ਉਹ ਹੀ ਸਾਕਾਰ।

ਮੂਲ

ਅਗੰਮ ਅਗੰਮ, ਅਸੰਖ ਲੋਅ॥

ਅਨੁਵਾਦ

ਐਸੇ ਵੀ ਬ੍ਰਹਮੰਡ ਅਨੇਕਾਂ, ਜੋ ਸੋਚਣ ਵਿਚ ਆ ਨਾ ਸਕੇ।
ਉਸ ਥਾਂ ਵੀ ਤੇਰਾ ਪ੍ਰਭ ਵਾਸਾ, ਜਿਸ ਥਾਂ ਤੇ ਕੋਈ ਜਾ ਨਾ ਸਕੇ।

ਮੂਲ

ਅਸੰਖ ਕਹਹਿ, ਸਿਰਿ ਭਾਰੁ ਹੋਇ॥

ਅਨੁਵਾਦ

ਜੇ ਕੋਈ ਉਸ ਨੂੰ ਕਹੇ ਅਸੰਖਾਂ, ਇਹ ਵੀ ਠੀਕ ਨਹੀਂ ਵੀਚਾਰ।
ਉਹ ਪ੍ਰਾਨੀ ਇਉਂ ਗਿਣਤੀ ਕਰ ਕੇ, ਸਿਰ ਲੈਂਦਾ ਪਾਪਾਂ ਦਾ ਭਾਰ।

ਮੂਲ

ਅਖਰੀ ਨਾਮੁ, ਅਖਰੀ ਸਾਲਾਹ॥

ਅਨੁਵਾਦ

ਸ਼ਬਦਾਂ ਰਾਹੀਂ ਨਾਮ ਪ੍ਰਭੂ ਦਾ, ਸਿਮਰਨ ਕੀਤਾ ਜਾ ਸਕਦਾ ਹੈ।
ਸ਼ਬਦਾਂ ਦੇ ਰਾਹੀਂ ਹੀ ਪਿਆਰੇ, ਸੋਭਾ ਉਸ ਦੀ ਗਾ ਸਕਦਾ ਹੈ।

ਮੂਲ

ਅਖਰੀ ਗਿਆਨੁ, ਗੀਤ ਗੁਣ ਗਾਹ॥

ਅਨੁਵਾਦ

ਸ਼ਬਦਾਂ ਦੇ ਰਾਹੀਂ ਹੀ ਪਿਆਰੇ, ਹੋ ਸਕਦਾ ਪ੍ਰਭ ਦਾ ਵੀਚਾਰ।
ਗੁਣ ਗਾ ਕੇ ਵਡਿਆਈ ਕਰ ਕੇ, ਕਰ ਸਕਦਾ ਬੰਦਾ ਇਜ਼ਹਾਰ।

ਮੂਲ

ਅਖਰੀ, ਲਿਖਣੁ ਬੋਲਣੁ ਬਾਣਿ॥

ਅਨੁਵਾਦ

ਸ਼ਬਦਾਂ ਦੇ ਰਾਹੀਂ ਹੀ ਪਿਆਰੇ, ਲਿਖੇ ਅਤੇ ਜਾਂ ਬੋਲੇ ਪ੍ਰਾਨੀ।
ਇਸ ਦੀ ਹੀ ਬਰਕਤ ਤੋਂ ਜਾਣੋਂ, ਘੁੰਡੀ ਦਿਲ ਦੀ ਖੋਲ੍ਹੇ ਪ੍ਰਾਨੀ।

ਮੂਲ

ਅਖਰਾ ਸਿਰਿ ਸੰਜੋਗੁ ਵਖਾਣਿ॥

ਅਨੁਵਾਦ

ਸ਼ਬਦਾਂ ਨਾਲ ਹੀ ਹਰ ਇਕ ਜੀਅ ਦੇ, ਸਿਰ ਤੇ ਲੇਖ ਪ੍ਰਭੂ ਲਿਖ ਪਾਏ।
ਸ਼ਾਸਤ੍ਰਾਂ ਦੇ ਸ਼ਬਦਾਂ ਵਿਚੋਂ, ਏਹੋ ਬਾਤ ਹੀ ਨਜ਼ਰੀਂ ਆਏ।

ਮੂਲ

ਜਿਨਿ ਏਹਿ ਲਿਖੇ ਤਿਸੁ ਸਿਰਿ ਨਾਹਿ॥

ਅਨੁਵਾਦ

ਜਿਸ ਨੇ ਲੇਖ ਲਿਖੇ ਇਹ ਸਾਰੇ, ਉਸ ਦੇ ਸਿਰ ਇਹ ਲੇਖ ਨਾ ਜਾਣੋਂ।
ਰੂਪ ਨਾ ਰੇਖ ਨਾ ਰੰਗ ਪ੍ਰਭੂ ਦਾ, ਉਹ ਸਭ ਤੋਂ ਨਿਰਲੇਪ ਪਛਾਣੋਂ।

ਮੂਲ

ਜਿਵ ਫੁਰਮਾਏ ਤਿਵ ਤਿਵ ਪਾਹਿ॥

ਅਨੁਵਾਦ

ਜੋ ਜੋ ਉਹ ਫਰਮਾਏ ਸਤਿਗੁਰ, ਉਹ ਉਹ ਲੇਖ ਲਖੀਂਦੇ ਜਾਵਣ।
ਓਦਾਂ ਓਦਾਂ ਜੀਵ ਜਗਤ ਦੇ, ਫਲ ਉਕਰੇ ਭਾਗਾਂ ਦੇ ਪਾਵਣ।

ਮੂਲ

ਜੇਤਾ ਕੀਤਾ ਤੇਤਾ ਨਾਉ॥

ਅਨੁਵਾਦ

ਜਿਤਨਾ ਰਚਿਆ ਪ੍ਰਭੂ ਪਸਾਰਾ, ਨਾਮ ਮੇਰੇ ਸਤਿਗੁਰ ਦਾ ਸਾਰਾ।
ਕਣ ਕਣ ਵਿਚ ਜੋ ਨਜ਼ਰੀਂ ਅਉਂਦਾ, ਉਹ ਹੀ ਸਭ ਦਾ ਸਿਰਜਣਹਾਰਾ।

ਮੂਲ

ਵਿਣੁ ਨਾਵੈ ਨਾਹੀ ਕੋ ਥਾਉ॥

ਅਨੁਵਾਦ

ਉਸ ਦੇ ਨਾਮ ਤੋਂ ਖਾਲੀ ਉੱਕਾ, ਐਸਾ ਕੋਈ ਅਸਥਾਨ ਨਹੀਂ ਹੈ।
ਦੱਸੋ! ਐਸੀ ਵਸਤ ਹੈ ਕਿਹੜੀ, ਜਿਸ ਵਿਚ ਪ੍ਰਭ ਦੀ ਸ਼ਾਨ ਨਹੀਂ ਹੈ।

ਮੂਲ

ਕੁਦਰਤਿ ਕਵਣ ਕਹਾ ਵੀਚਾਰੁ॥

ਅਨੁਵਾਦ

ਕਿਸ ਦੇ ਵਿਚ ਇਹ ਸ਼ਕਤੀ ਦੱਸੋ! ਕੌਣ ਜੋ ਉਸ ਦੀ ਕਰੇ ਵਿਚਾਰ।
ਜੋ ਪ੍ਰਭ ਇਕ ਆਵਾਜ਼ ਦੇ ਉੱਤੇ, ਰਚ ਸਕਦਾ ਸਾਰਾ ਸੰਸਾਰ।

ਮੂਲ

ਵਾਰਿਆ ਨਾ ਜਾਵਾ, ਏਕ ਵਾਰ॥

ਅਨੁਵਾਦ

ਐ ਪ੍ਰਭ ਤੇਰੇ ਗੁਣ ਅਨੇਕਾਂ, ਕਿਸ ਕਿਸ ਦਾ ਮੈਂ ਕਰਾਂ ਸ਼ੁਮਾਰ।
ਮੈਂ ਇਸ ਕਾਬਲ ਕਿੱਥੇ ਹਾਂ, ਜੋ ਜਾਨ ਦੇਵਾਂ ਇਕ ਵੇਰਾਂ ਵਾਰ।

ਮੂਲ

ਜੋ ਤੁਧੁ ਭਾਵੈ ਸਾਈ ਭਲੀ ਕਾਰ॥

ਅਨੁਵਾਦ

ਜੋ ਪ੍ਰਭ ਤੈਨੂੰ ਲਗਦਾ ਚੰਗਾ, ਉਹ ਹੀ ਚੰਗੀ ਪਿਆਰੇ ਕਾਰ।
ਸ਼ਕਤੀਵਾਨ ਪ੍ਰਭੂ ਦੇ ਅੱਗੇ, ਹੋ ਸਕਦਾ ਕਿਸ ਦਾ ਇਨਕਾਰ।

ਮੂਲ

ਤੂ ਸਦਾ ਸਲਾਮਤਿ ਨਿਰੰਕਰ॥੧੯॥

ਅਨੁਵਾਦ

ਨਾਸਵੰਤ ਹੈ ਕੁਲ ਪਦਾਰਥ, ਨਾਸਵੰਤ ਤੇਰਾ ਸੰਸਾਰ।
ਰਹਿਣਾ ਹੈ ਹਰਦਮ ਹੀ ਕਾਇਮ, ਤੂੰ ਹੀ ਐ ਨੂਰੀ ਨਿਰੰਕਾਰ।

ਵੀਹਵੀਂ ਪਉੜੀ

ਮੂਲ

ਭਰੀਐ ਹਥੁ ਪੈਰੁ ਤਨੁ ਦੇਹ॥ ਪਾਣੀ ਧੋਤੈ ਉਤਰਸਿ ਖੇਹ॥

ਅਨੁਵਾਦ

ਹੱਥ, ਪੈਰ ਜਾਂ ਜਿਸਮ ਕਿਸੇ ਦਾ, ਜੇਕਰ ਮੈਲਾ ਹੋਏ ਹਜ਼ੂਰ।
ਪਾਣੀ ਨਾਲ ਧੋਤਿਆਂ ਉਸ ਨੂੰ, ਮੈਲ ਸਾਰੀ ਹੋ ਜਾਂਦੀ ਦੂਰ।

ਮੂਲ

ਮੂਤ ਪਲੀਤੀ ਕਪੜੁ ਹੋਇ॥ ਦੇ ਸਾਬੂਣੁ ਲਈਐ ਓਹੁ ਧੋਇ॥

ਅਨੁਵਾਦ

ਜੇ ਕੋਈ ਕਪੜਾ ਮਲ ਮੂਤਰ ਥੀਂ, ਹੋ ਜਾਵੇ ਗੰਦਾ ਸਰਕਾਰ।
ਉਹ ਸਾਬਣ ਦੇ ਨਾਲ ਧੋਤਿਆਂ, ਪ੍ਰਾਨੀ ਉਸ ਨੂੰ ਸਕੇ ਸਵਾਰ।

ਮੂਲ

ਭਰੀਐ ਮਤਿ ਪਾਪਾ ਕੈ ਸੰਗਿ॥ ਓਹੁ ਧੋਪੈ ਨਾਵੈ ਕੈ ਰੰਗਿ॥

ਅਨੁਵਾਦ

ਜੇਕਰ ਮਤ ਕਿਸੇ ਪ੍ਰਾਨੀ ਦੀ, ਪਾਪਾਂ ਦੇ ਸੰਗ ਹੋਏ ਪਲੀਤ।
ਪ੍ਰਭੂ ਨਾਮ ਦੇ ਸਿਮਰਨ ਕਰਿਆਂ, ਹੋ ਜਾਂਦੀ ਹੈ ਨਿਰਮਲ ਨੀਤ।

ਮੂਲ

ਪੁੰਨੀ ਪਾਪੀ ਆਖਣੁ ਨਾਹਿ॥ ਕਰਿ ਕਰਿ ਕਰਣਾ ਲਿਖਿ ਲੈ ਜਾਹੁ॥

ਅਨੁਵਾਦ

ਪੁੰਨ ਪਾਪ ਨਹੀਂ ਨਿਰੀਆਂ ਗੱਲਾਂ, ਏਸ ਬਾਤ ਨੂੰ ਠੀਕ ਪਛਾਣ।
ਪੁੰਨ ਪਾਪ ਸਭ ਉਕਰੇ ਜਾਂਦੇ, ਜੋ ਜੋ ਜੀਵ ਕਮਾ ਕੇ ਜਾਣ।

ਮੂਲ

ਆਪੇ ਬੀਜਿ ਆਪੇ ਹੀ ਖਾਹੁ॥
ਨਾਨਕ ਹੁਕਮੀ ਆਵਹੁ ਜਾਹ॥੨੦॥

ਅਨੁਵਾਦ

ਹਰ ਇਕ ਜੀਵ ਜਗਤ ਵਿਚ ਆ ਕੇ, ਫਲ ਆਪਣੇ ਬੀਜੇ ਦਾ ਖਾਂਦਾ।
ਨੂਰੀ ਸਤਿਗੁਰ ਜੀਵ ਜਗਤ ਵਿਚ, ਹੁਕਮ ਪ੍ਰਭੂ ਦੇ ਆਉਂਦਾ ਜਾਂਦਾ।

ਇਕਵੀਂ ਪਉੜੀ

ਮੂਲ

ਤੀਰਥੁ ਤਪੁ ਦਇਆ ਦਤੁ ਦਾਨੁ॥
ਜੇ ਕੋ ਪਾਵੈ ਤਿਲ ਕਾ ਮਾਨੁ॥

ਅਨੁਵਾਦ

ਤੀਰਥ ਦਾ ਇਸਨਾਨ ਤਪੱਸਿਆ, ਤੇ ਦਇਆ ਕਰ ਦੇਣਾ ਦਾਨ।
ਇਹ ਕਰਮ ਕਰਿਆਂ ਤੇ ਪਿਆਰੇ, ਤਿਲ ਮਾਤ੍ਰ ਮਿਲਦਾ ਹੈ ਮਾਨ।

ਮੂਲ

ਸੁਣਿਆ ਮੰਨਿਆ ਮਨਿ ਕੀਤਾ ਭਾਉ॥
ਅੰਤਰਗਤਿ ਤੀਰਥਿ ਮਲਿ ਨਾਉ॥

ਅਨੁਵਾਦ

ਪਿਆਰ ਨਾਲ ਪ੍ਰਭ ਦਾ ਨਾਂ ਸੁਣ ਕੇ, ਮਨ ਆਪਣੇ ਦੇ ਵਿਚ ਵਸਾਉਣਾ।
ਧੁਰ ਅੰਤਰ ਤੋਂ ਤੀਰਥ ਉਤੇ, ਜਾਣੋਂ ਹੈ ਮਲ ਮਲ ਕੇ ਨ੍ਹਾਉਣਾਂ।

ਮੂਲ

ਸਭਿ ਗੁਣ ਤੇਰੇ ਮੈ ਨਾਹੀ ਕੋਇ॥
ਵਿਣੁ ਗੁਣ ਕੀਤੇ ਭਗਤਿ ਨ ਹੋਇ॥

ਅਨੁਵਾਦ

ਹੇ ਸਤਿਗੁਰ ਤੇਰੇ ਗੁਣ ਸਾਰੇ, ਮੇਰੇ ਵਿਚ ਨਹੀਂ ਇਕ ਵੀ ਪਿਆਰੇ।
ਤੇਰੇ ਗੁਣਾਂ ਦੀ ਬਖਸ਼ਿਸ਼ ਬਾਝੋਂ, ਇਹ ਨਰ ਤੈਨੂੰ ਕਿਵੇਂ ਚਿਤਾਰੇ।

ਮੂਲ

ਸੁਅਸਤਿ ਆਥਿ ਬਾਣੀ ਬਰਮਾਉ॥
ਸਤਿ ਸੁਹਾਣੁ ਸਦਾ ਮਨਿ ਚਾਉ॥

ਅਨੁਵਾਦ

ਨਿਮਸਕਾਰ ਹੈ ਸਤਿਗੁਰ ਮੇਰੇ, ਇਹ ਤੇਰੀ ਹੀ ਬ੍ਰਹਮ ਤੇ ਮਾਇਆ।
ਤੂੰ ਸੱਚਾ ਸੋਹਣਾ ਖੁਸ਼ ਰਹਿਣਾ, ਮਨ ਚਾਅ ਤੇਰੇ ਰਹੇ ਸਮਾਇਆ।

ਮੂਲ

ਕਵਣੁ ਸੁ ਵੇਲਾ, ਵਖਤੁ ਕਵਣੁ ਕਵਣ ਥਿਤਿ ਕਵਣੁ ਵਾਰੁ॥
ਕਵਣਿ ਸਿ ਰੁਤੀ, ਮਾਹੁ ਕਵਣੁ ਜਿਤੁ ਹੋਆ ਅਕਾਰੁ॥

ਅਨੁਵਾਦ

ਕੀ ਵੇਲਾ ਸੀ? ਵਕਤ ਸੀ ਕਿਤਨਾ? ਕਿਹੜੀ ਸੀ? ਉਦੋਂ ਥਿਤਿ ਵਾਰ।
ਕਿਹੜੀ ਰੁਤ ਸੀ? ਕੌਣ ਮਹੀਨਾ? ਜਦ ਸ੍ਰਿਸ਼ਟੀ ਸਾਜੀ ਕਰਤਰ।

ਮੂਲ

ਵੇਲ ਨ ਪਾਈਆ ਪੰਡਤੀ, ਜਿ ਹੋਵੈ ਲੇਖ ਪੁਰਾਣੁ॥

ਵਖਤੁ ਨ ਪਾਇਓ ਕਾਦੀਆ, ਜਿ ਲਿਖਨਿ ਲੇਖ ਕੁਰਾਣੁ॥

ਅਨੁਵਾਦ

ਪੰਡਤ ਸਾਰ ਸਮੇਂ ਦੀ ਪਾਉਂਦੇ, ਲਿਖਦੇ ਲੇਖ ਪੁਰਾਣੁ ਦੇ ਅੰਦਰ।
ਕਾਜ਼ੀ ਜੇਕਰ ਵਕਤ ਜਾਣਦੇ, ਲਿਖਦੇ ਸਾਫ਼ ਕੁਰਾਣੁ ਦੇ ਅੰਦਰ।

ਮੂਲ

ਥਿਤਿ ਵਾਰੁ ਨ ਜੋਗੀ ਜਾਣੈ, ਰੁਤਿ ਮਾਹੁ ਨ ਕੋਈ॥

ਜਾ ਕਰਤਾ ਸਿਰਠੀ ਕਉ ਸਾਜੇ, ਆਪੇ ਜਾਣੈ ਸੋਈ॥

ਅਨੁਵਾਦ

ਦਿਨ, ਤਾਰੀਖ, ਮਹੀਨਾ, ਮੌਸਮ, ਜੋਗੀ ਨੇ ਵੀ ਥਹੁ ਨਹੀਂ ਪਾਇਆ।
ਇਹ ਬਾਤ ਪ੍ਰਭ ਆਪ ਹੀ ਜਾਣੇ, ਕਦ ਉਸਨੇ ਇਹ ਜਗਤ ਬਣਾਇਆ।

ਮੂਲ

ਕਿਵ ਕਰਿ ਆਖਾ, ਕਿਵ ਸਾਲਾਹੀ ਕਿਉ ਵਰਨੀ ਕਿਵ ਜਾਣਾ॥

ਨਾਨਕ, ਆਖਣਿ ਸਭੁ ਕੋ ਆਖੈ, ਇਕਦੂ ਇਕੁ ਸਿਆਣਾ॥

ਅਨੁਵਾਦ

ਮੈਂ ਕੀ ਸਿਫਤ ਕਰਾਂ ਕੀ ਆਖਾਂ? ਕੀ ਉਸ ਪ੍ਰਭ ਦਾ ਕਰਾਂ ਬਿਆਨ।
ਇਕ ਤੋਂ ਇਕ ਸਿਆਣੇ ਪਿਆਰੇ, ਸਤਿਗੁਰ ਜੀ ਕਰਦੇ ਫੁਰਮਾਨ।

ਮੂਲ

ਵਡਾ ਸਾਹਿਬੁ, ਵਡੀ ਨਾਈ, ਕੀਤਾ ਜਾਕਾ ਹੋਵੈ॥

ਨਾਨਕ, ਜੇ ਕੋ ਆਪੌ ਜਾਣੈ, ਅਗੈ ਗਇਆ ਨ ਸੋਹੈ॥੨੧॥

ਅਨੁਵਾਦ

ਉਹ ਮਾਲਕ ਜਗ ਸਾਜਣ ਵਾਲਾ, ਬਹੁਤ ਵਡਾ ਉਹ ਬਹੁਤ ਮਹਾਨ।
ਜੇ ਕੋਈ ਉਸਦਾ ਕਹੇ ਮੈਂ ਜਾਣੂ, ਉਹ ਦਰ ਪ੍ਰਭ ਦੇ ਪਾਊ ਨ ਮਾਨ।

ਬਾਈਵੀਂ ਪਉੜੀ

ਮੂਲ

ਪਾਤਾਲਾ ਪਾਤਾਲ ਲਖ ਆਗਾਸ ਆਗਾਸ॥
ਓੜਕ ਓੜਕ ਭਾਲਿ ਥਕੇ, ਵੇਦ ਕਹਨਿ ਇਕ ਵਾਤ॥

ਅਨੁਵਾਦ

ਪਾਤਾਲਾਂ ਹੇਠ ਪਾਤਾਲ ਨੇ ਲੱਖਾਂ, ਆਕਾਸ਼ਾਂ ਤੇ ਆਕਾਸ਼ ਪਿਆਰੇ।
ਅੰਤ ਨ ਪਾਇਆ ਢੂੰਡ ਥੱਕੇ ਸਭ, ਵੇਦ ਵੀ ਇਹ ਇਕ ਬਾਤ ਪੁਕਾਰੇ।

ਮੂਲ

ਸਹਸ ਅਠਾਰਹ ਕਹਨਿ ਕਤੇਬਾ, ਅਸੁਲੂ ਇਕੁ ਧਾਤੁ॥
ਲੇਖਾ ਹੋਇ ਤ ਲਿਖੀਐ, ਲੇਖੈ ਹੋਇ ਵਿਣਾਸੁ॥

ਅਨੁਵਾਦ

ਅਠਾਰਾਂ ਹਜ਼ਾਰ ਕਿਤਾਬਾਂ ਆਖਣ, ਮੂਲ ਹੈ ਇਕੋ ਪੁਰਖ ਅਕਾਲ।
ਉਸ ਸਤਿਗੁਰ ਦਾ ਲੇਖਾ ਗਿਣਿਆਂ, ਖਤਮ ਹੋਏ ਲੇਖੇ ਦੀ ਚਾਲ।

ਮੂਲ

ਨਾਨਕ, ਵਡਾ ਆਖੀਐ, ਆਪੇ ਜਾਣੈ ਆਪੁ॥੨੨॥

ਅਨੁਵਾਦ

ਸਤਿਗੁਰ ਉਸਨੂੰ ਆਖੋ ਵਡਾ, ਵਡਾ ਹੈ ਉਸਦਾ ਪ੍ਰਤਾਪ।
ਕੌਣ ਉਹਦੀ ਵਡਿਆਈ ਜਾਣੇ, ਉਹ ਆਪੇ ਨੂੰ ਜਾਣੇ ਆਪ।

ਤੇਈਵੀਂ ਪਉੜੀ

ਮੂਲ

ਸਾਲਾਹੀ ਸਾਲਾਹਿ, ਏਤੀ ਸੁਰਤਿ ਨ ਪਾਈਆ॥
ਨਦੀਆ ਅਤੇ ਵਾਹ, ਪਵਹਿ ਸਮੁੰਦਿ ਨ ਜਾਣੀਅਹਿ॥

ਅਨੁਵਾਦ

ਸਿਫਤ ਸਲਾਹ ਪ੍ਰਭੂ ਦੀ ਕਰ ਕਰ, ਕਿਸਨੇ ਭੇਦ ਪ੍ਰਭੂ ਦਾ ਪਾਇਆ।
ਸਾਗਰ ਵਿਚ ਪੈ ਨਦੀਆਂ ਨਾਲੇ, ਕਦ ਉਸਦਾ ਅੰਦਾਜ਼ਾ ਲਾਇਆ।

ਮੂਲ

ਸਮੁੰਦ ਸਾਹ ਸੁਲਤਾਨ, ਗਿਰਹਾ ਸੇਤੀ ਮਾਲੁ ਧਨੁ॥
ਕੀੜੀ ਤੁਲਿ ਨ ਹੋਵਨੀ, ਜਿ ਤਿਸੁ ਮਨਹੁ ਨ ਵੀਸਰਹਿ॥੨੩॥

ਅਨੁਵਾਦ

ਸ਼ਾਹ ਸੁਲਤਾਨ ਪਹਾੜਾਂ ਜੇਡੀ, ਜੋ ਦੌਲਤ ਥੀਂ ਮਾਲਾ ਮਾਲ।
ਉਹ ਨਹੀਂ ਉਸ ਕੀੜੀ ਦੇ ਵਰਗਾ, ਜੋ ਨ ਵਿਸਰੇ ਮਨੋਂ ਅਕਾਲ।

ਚੌਦਵੀਂ ਪਉੜੀ

ਮੂਲ

ਅੰਤੁ ਨ ਸਿਫਤੀ, ਕਹਣਿ ਨ ਅੰਤੁ ॥
ਅੰਤੁ ਨ ਕਰਣੈ, ਦੇਣਿ ਨ ਅੰਤੁ ॥

ਅਨੁਵਾਦ

ਬਹੁਤ ਬੇਅੰਤ ਪ੍ਰਭੂ ਦੀ ਉਸਤਤ, ਕਰ ਕਰ ਮੁਖੋਂ ਆਏ ਨ ਅੰਤ।
ਰਚਨਾਵਾਂ ਬੇਅੰਤ ਉਸਦੀਆਂ, ਦਾਤਾਂ ਦਾ ਕੋਈ ਪਾਏ ਨ ਅੰਤ।

ਮੂਲ

ਅੰਤੁ ਨ ਵੇਖਣਿ, ਸੁਣਣਿ ਨ ਅੰਤੁ ॥
ਅੰਤੁ ਨ ਜਾਪੈ, ਕਿਆ ਮਨਿ ਮੰਤੁ ॥

ਅਨੁਵਾਦ

ਅੰਤ ਨਹੀਂ ਉਸਦਾ ਤਕ ਤਕ ਆਉਂਦਾ, ਸੁਣ-ਸੁਣ ਕੇ ਵੀ ਅੰਤ ਨ ਆਵੇ।
ਉਸ ਦੇ ਮਨ ਵਿਚ ਕੀ ਹੈ ਪਿਆਰੇ, ਕੌਣ ਜੋ ਅੰਤ ਪ੍ਰਭੂ ਦਾ ਪਾਵੇ।

ਮੂਲ

ਅੰਤੁ ਨ ਜਾਪੈ, ਕੀਤਾ ਆਕਾਰੁ ॥ ਅੰਤ ਨ ਜਾਪੈ, ਪਾਰਾਵਾਰੁ ॥

ਅਨੁਵਾਦ

ਅੰਤ ਨਹੀਂ ਆਉਂਦਾ ਹੈ ਉਸਦਾ, ਜੋ ਜੋ ਰਚਿਆ ਪ੍ਰਭੂ ਪਾਸਾਰਾ।
ਆਦਿ ਅੰਤ ਉਸਦਾ ਕਿਸ ਪਾਇਆ, ਉਸਦਾ ਨਹੀਂ ਉਰਵਾਰਾ-ਪਾਰਾ।

ਮੂਲ

ਅੰਤ ਕਾਰਣਿ, ਕੇਤੇ ਬਿਲਲਾਹਿ ॥ ਤਾ ਕੇ ਅੰਤ, ਨ ਪਾਏ ਜਾਹਿ ॥

ਅਨੁਵਾਦ

ਉਸਦਾ ਅੰਤ ਪਾਉਣ ਦੀ ਖਾਤਰ, ਵਿਲਕ ਰਹੇ ਕਈ ਜਗ ਤੇ ਪਿਆਰੇ।
ਅੰਤ ਨ ਐਪਰ ਪਾਇਆ ਜਾਵੇ, ਅੰਤ ਭਾਲਦੇ ਲੱਖਾਂ ਹਾਰੇ।

ਮੂਲ

ਏਹੁ ਅੰਤੁ ਨਾ ਜਾਣੈ ਕੋਇ ॥ ਬਹੁਤਾ ਕਹੀਐ, ਬਹੁਤਾ ਹੋਇ ॥

ਅਨੁਵਾਦ

ਏਹੋ ਅੰਤ ਪ੍ਰਭੂ ਹੈ ਤੇਰਾ, ਕਿ ਅੰਤ ਤੇਰਾ ਕੋਈ ਸਕੇ ਨ ਜਾਣ।
ਜਿਤਨਾ ਬਹੁਤਾ ਕਹੀਏ ਤੈਨੂੰ, ਉਸ ਤੋਂ ਵਧ ਤੇਰੀ ਪਹਿਚਾਣ।

ਮੂਲ

ਵਡਾ ਸਾਹਿਬੁ, ਊਚਾ ਥਾਉ॥ ਊਚੇ ਉਪਰਿ, ਊਚਾ ਨਾਉ॥

ਅਨੁਵਾਦ

ਸਭ ਤੋਂ ਤੂੰ ਵਡਾ ਏ ਸਾਹਿਬ, ਉਚਾ ਤੇਰਾ ਬੜਾ ਨਿਵਾਸ।
ਨਾਮ ਤੇਰਾ ਉਚੇ ਤੋਂ ਉਚਾ, ਸਰਬ-ਆਧਾਰੀ ਜੋਤ ਤੂੰ ਖਾਸ।

ਮੂਲ

ਏਵਡੁ ਊਚਾ, ਹੋਵੈ ਕੋਇ॥ ਤਿਸੁ ਊਚੇ ਕਉ, ਜਾਣੈ ਸੋਇ॥

ਅਨੁਵਾਦ

ਇਤਨਾ ਵਡਾ ਕੌਣ ਭਲਾ ਹੈ, ਜਿਤਨਾ ਉਹ ਵੱਡਾ ਦਾਤਾਰ।
ਜੋ ਉਸ ਉਚੇ ਨੂਰੀ ਪ੍ਰਭ ਦਾ, ਹੋ ਸਕਦਾ ਹੈ ਵਾਕਿਫਕਾਰ।

ਮੂਲ

ਜੇਵਡੁ ਆਪਿ ਜਾਣੈ ਆਪਿ ਆਪਿ॥
ਨਾਨਕ ਨਦਰੀ ਕਰਮੀ ਦਾਤਿ॥੨੪॥

ਅਨੁਵਾਦ

ਜਿਤਨਾਂ ਉਹ ਵੱਡਾ ਹੈ ਪਿਆਰੇ, ਆਪੇ ਉਹ ਜਾਣੇਂ ਕਰਤਾਰ।
ਸਤਿਗੁਰ ਦੀ ਕ੍ਰਿਪਾ ਤੋਂ ਪ੍ਰਾਨੀ, ਪ੍ਰਭੂ ਨਾਮ ਪਾਉਂਦਾ ਸਰਕਾਰ।

ਪੱਚੀਵੀਂ ਪਉੜੀ

ਮੂਲ

ਬਹੁਤਾ ਕਰਮੁ ਲਿਖਿਆ ਨ ਜਾਇ॥ ਵਡਾ ਦਾਤਾ, ਤਿਲੁ ਨ ਤਮਾਇ॥

ਅਨੁਵਾਦ

ਬਖਸ਼ਿਸ਼ ਹੈ ਬੇਅੰਤ ਪ੍ਰਭੂ ਦੀ, ਜੋ ਲਿਖਿਆਂ ਨ ਹੋਏ ਬਿਆਨ।
ਦੇਵਣਹਾਰ ਦਾਤਾਰ ਉਹ ਵੱਡਾ, ਨਿਰ-ਇਛਤ ਨੂਰੀ ਭਗਵਾਨ।

ਮੂਲ

ਕੇਤੇ, ਮੰਗਹਿ ਜੋਧ ਅਪਾਰ॥ ਕੇਤਿਆ, ਗਣਤ ਨਹੀ ਵੀਚਾਰੁ॥

ਅਨੁਵਾਦ

ਜਾਚਿਕ ਕਈ ਜੋਧੇ ਅਤ ਭਾਰੀ, ਮੰਗਦੇ ਨੇ ਸਤਿਗੁਰ ਤੋਂ ਦਾਨ।
ਮੰਗਣ ਵਾਲੇ ਹੋਰ ਅਨੇਕਾਂ, ਜੋ ਗਿਣਿਆਂ ਤੇ ਗਿਣੇ ਨ ਜਾਨ।

ਮੂਲ

ਕੇਤੇ, ਖਪਿ ਤੁਟਹਿ ਵੇਕਾਰ॥

ਅਨੁਵਾਦ

ਕਿਤਨੇ ਹੀ ਦੁਨੀਆ ਤੇ ਬੰਦੇ, ਦਾਤਾਂ ਪਾ ਸਤਿਗੁਰ ਤੋਂ ਪਿਆਰੇ।
ਵੇਕਾਰਾਂ ਵਿਚ ਫਸਕੇ ਉਹ ਨਰ, ਨਾਸ ਹੋਣ ਖਪ ਕਿਸਮਤ ਮਾਰੇ।

ਮੂਲ

ਕੇਤੇ, ਲੈ ਲੈ ਮੁਕਰੁ ਪਾਹਿ॥ ਕੇਤੇ ਮੂਰਖ ਖਾਹੀ ਖਾਹਿ॥

ਅਨੁਵਾਦ

ਦਾਤਾਂ ਲੈ ਸਤਿਗੁਰ ਤੋਂ ਕਿਤਨੇ, ਨਾ-ਸ਼ੁਕਰੇ ਨਾ ਸ਼ੁਕਰ ਮਨਾਣ।
ਕਿਤਨੇ ਹੀ ਮੂਰਖ ਲੈ ਦਾਤਾਂ, ਖਾਣ ਖਪਿਤ ਵਿਚ ਹੀ ਗਲਤਾਣ।

ਮੂਲ

ਕੇਤਿਆ, ਦੂਖ ਭੂਖ ਸਦਮਾਰ॥
ਏਹਿ ਭਿ, ਦਾਤਿ ਤੇਰੀ, ਦਾਤਾਰ॥

ਅਨੁਵਾਦ

ਜਗ ਉਤੇ ਹਰ ਦਮ ਬੇਓੜਕ, ਭੁਖ ਦੇ ਦੁਖ ਦੀ ਖਾਂਦੇ ਮਾਰ।
ਹੇ ਸਤਿਗੁਰ ਦਾਤਾਰ ਦਿਆਲੂ, ਇਹ ਵੀ ਤੇਰੀ ਦਾਤ ਦਾਤਾਰ।

ਮੂਲ

ਬੰਦਿ ਖਲਾਸੀ, ਭਾਣੈ ਹੋਇ॥ ਹੋਰੁ, ਆਖਿ ਨ ਸਕੈ ਕੋਇ॥

ਅਨੁਵਾਦ

ਪ੍ਰਭ ਭਾਵੇ ਤਾਂ ਹੋ ਸਕਦਾ ਹੈ, ਹਰ ਇਕ ਬੰਧਨ ਤੋਂ ਛੁਟਕਾਰਾ।
ਹੋਰ ਭਲਾ ਕਿਹੜਾ ਕਹਿ ਸਕਦਾ! ਜਾਂ ਕਰ ਸਕਦਾ ਐਸਾ ਚਾਰਾ।

ਮੂਲ

ਜੇ ਕੋ ਖਾਇਕੁ, ਆਖਣਿ ਪਾਇ॥
ਓਹੁ ਜਾਣੈ, ਜੇਤੀਆ ਮੁਹਿ ਖਾਇ॥

ਅਨੁਵਾਦ

ਜੇਕਰ ਕੋਈ ਮੂਰਖ ਅਗਿਆਨੀ, ਪ੍ਰਭ ਬਿਨ ਦੂਜਾ ਰਾਹ ਬਤਾਵੇ।
ਇਸ ਬਾਰੇ ਉਹ ਖੁਦ ਹੀ ਜਾਣੇ, ਸ਼ਰਮਸ਼ਾਰ ਹੋ ਮੂੰਹ ਦੀ ਖਾਵੇ।

ਮੂਲ

ਆਪੇ ਜਾਣੈ, ਆਪੇ ਦੇਇ॥ ਆਖਹਿ ਸਿ ਭਿ, ਕੇਈ ਕੇਇ॥

ਅਨੁਵਾਦ

ਆਪੇ ਉਹ ਜਾਣੇ ਹਰ ਦਿਲ ਦੀ, ਆਪੇ ਉਹ ਦੇਂਦਾ ਹਰ ਦਾਤ।
ਇਹ ਵੀ ਤੇ ਮੰਨਦੇ ਨੇ ਵੇਖੋ, ਵਿਰਲੇ ਹੀ ਇਸਨੂੰ ਸਚ ਬਾਤ।

ਮੂਲ

ਜਿਸਨੋ ਬਖਸੇ ਸਿਫਤਿ ਸਾਲਾਹ॥
ਨਾਨਕ, ਪਾਤਸਾਹੀ ਪਾਤਿਸਾਹੁ॥੨੪॥

ਅਨੁਵਾਦ

ਜਿਸ ਤੇ ਪ੍ਰਭ ਬਖਸ਼ਿਸ਼ ਹੈ ਕਰਦਾ, ਪ੍ਰਭ ਸਿਮਰਨ ਦੀ ਹੀ ਵਡਿਆਈ।
ਸਤਿਗੁਰ ਦਾ ਫੁਰਮਾਨ ਇਹ ਨੂਰੀ, ਉਹ ਸਾਰੀ ਦੁਨੀਆ ਦਾ ਸ਼ਾਹ-ਈ।

ਛੱਬੀਵੀਂ ਪਉੜੀ

ਮੂਲ

ਅਮੁਲ ਗੁਣ, ਅਮੁਲ ਵਾਪਾਰ॥

ਅਨੁਵਾਦ

ਐ ਪ੍ਰਭ ਗੁਣ ਅਨਮੋਲ ਨੇ ਤੇਰੇ, ਮੁਲ ਕੌਣ ਇਹਨਾਂ ਦਾ ਪਾਵੇ।
ਉਹ ਤੇਰੇ ਅਨਮੋਲ ਵਿਉਪਾਰੀ, ਜੋ ਤੇਰੇ ਇਹ ਗੁਣ ਅਪਣਾਵੇ।

ਮੂਲ

ਅਮੁਲ ਵਾਪਾਰੀਏ, ਅਮੁਲ ਭੰਡਾਰ॥

ਅਨੁਵਾਦ

ਉਹ ਅਨਮੋਲ ਵਿਉਪਾਰੀ ਐ ਪ੍ਰਭ, ਜੋ ਐਸਾ ਕਰਦੇ ਵਿਉਪਾਰ।
ਭਰ ਲੈਂਦੇ ਉਹ ਭਗਤ ਪਿਆਰੇ, ਪ੍ਰਭੂ ਨਾਮ ਅਨਮੋਲ ਭੰਡਾਰ।

ਮੂਲ

ਅਮੁਲ ਆਵਹਿ, ਅਮੁਲ ਲੈ ਜਾਹਿ॥

ਅਨੁਵਾਦ

ਜਗ ਉਤੇ ਅਨਮੋਲ ਪ੍ਰਾਨੀ, ਜਗਿਆਸੂ, ਸ਼ਰਧਾਲੂ ਆਵਨ।
ਪ੍ਰਭੂ ਨਾਮ ਦੀ ਵਸਤ ਅਮੁਲੀ, ਉਹ ਸਾਧੂ ਜਨ ਲੈ ਕੇ ਜਾਵਨ।

ਮੂਲ

ਅਮੁਲ ਭਾਇ, ਅਮੁਲਾ ਸਮਾਇ॥

ਅਨੁਵਾਦ

ਜੋ ਜਨ ਉਸ ਅਨਮੋਲ ਪ੍ਰਭੂ ਨੂੰ, ਧੁਰ ਅੰਦਰ ਤੋਂ ਕਰਦੇ ਪਿਆਰ।
ਉਹ ਪ੍ਰਾਨੀ ਅਨਮੋਲ ਪ੍ਰਭੂ ਥੀਂ, ਇਕੁ ਮਿਕੁ ਹੁੰਦੇ ਸਰਕਾਰ।

ਮੂਲ

ਅਮੁਲੁ ਧਰਮੁ, ਅਮੁਲੁ ਦੀਬਾਣੁ॥

ਅਨੁਵਾਦ

ਨਿਆਂਕਾਰੀ ਅਨਮੋਲ ਪ੍ਰਭੂ ਤੂੰ, ਧਰਮ ਤੇਰਾ ਸੱਚਾ ਸਰਕਾਰ।
ਹਰ ਜੀਅ ਫਲ ਕਰਮਾਂ ਦਾ ਪਾਵੇ, ਇਹ ਅਨਮੋਲ ਤੇਰਾ ਦਰਬਾਰ।

ਮੂਲ

ਅਮੁਲੁ ਤੁਲੁ ਅਮੁਲੁ ਪਰਵਾਣੁ॥

ਅਨੁਵਾਦ

ਐ ਪ੍ਰਭ ਤੂੰ ਅਨਮੋਲ ਤਰਾਜੂ, ਜਿਸਨੂੰ ਨਹੀਂ ਹੈ ਉੱਕਾ ਕਾਣ।
ਮੁਲ ਰਹਿਤ ਤੇਰੀ ਸੋਚ ਦੇ ਵੱਟੇ, ਭਲੇ ਬੁਰੇ ਦੀ ਕਰਨ ਪਛਾਣ।

ਮੂਲ

ਅਮੁਲੁ ਬਖਸੀਸ ਅਮੁਲੁ ਨੀਸਾਣੁ॥

ਅਨੁਵਾਦ

ਬਖਸ਼ਿਸ਼ ਹੈ ਅਨਮੋਲ ਪ੍ਰਭੂ ਦੀ, ਪੌਣ, ਪਾਣੀ ਮਾਨੁੱਖਾ ਜ਼ਾਤ।
ਬਖਸ਼ਿਸ਼ ਦੇ ਨੀਸ਼ਾਨ ਅਮੁਲੇ, ਧੀਆਂ ਪੁਤ ਨੂਰੀ ਸੌਗਾਤ।

ਮੂਲ

ਅਮੁਲੁ ਕਰਮੁ, ਅਮੁਲੁ ਫੁਰਮਾਣੁ॥

ਅਨੁਵਾਦ

ਮੁਲ ਰਹਿਤ ਬਖਸ਼ਿਸ਼ ਹੈ ਤੇਰੀ, ਮੁਲ ਰਹਿਤ ਤੇਰੇ ਫੁਰਮਾਣ।
ਬਖਸ਼ਿਸ਼, ਹੁਕਮ ਅਟੱਲ ਨੇ ਤੇਰੇ, ਇਹ ਗਿਣਿਆਂ ਤੇ ਗਿਣੇ ਨ ਜਾਣ।

ਮੂਲ

ਅਮੁਲੋ ਅਮੁਲੁ, ਆਖਿਆ ਨ ਜਾਇ॥

ਅਨੁਵਾਦ

ਸਭ ਕੁਝ ਬੇ ਹਿਸਾਬ ਅਮੁਲਾ, ਸਤਿਗੁਰ ਦਾ ਪਿਆਰੇ ਭੰਡਾਰ।
ਮੇਰੇ ਇਸ ਅਨਮੋਲ ਪ੍ਰਭੂ ਦਾ, ਮੁਲ ਕੌਣ ਆਖੇ ਸਰਕਾਰ।

ਮੂਲ

ਆਖਿ ਆਖਿ ਰਹੇ ਲਿਵ ਲਾਇ॥

ਅਨੁਵਾਦ

ਤੇਰੇ ਗੁਣ ਮਹਿਮਾਂ ਵਡਿਆਈ, ਆਖ ਰਹੇ ਕਈ ਸੁਰਤੀ ਲਾਈ।
ਤੂੰ ਬੇਅੰਤ ਦਾ ਅੰਤ ਨਹੀਂ ਆਉਂਦਾ, ਇਹ ਗੱਲ ਸਾਰੇ ਆਖਣ ਭਾਈ।

ਮੂਲ

ਆਖਿਹ, ਵੇਦ ਪਾਠ ਪੁਰਾਣ।

ਅਨੁਵਾਦ

ਵੇਦ, ਪੁਰਾਣ ਤੇ ਪਾਠ ਪੁਸਤਕਾਂ, ਹਰ ਇਕ ਏਹੋ ਬਾਤ ਪੁਕਾਰੇ।
ਮਹਿਮਾ ਹੈ ਬੇਅੰਤ ਪ੍ਰਭੂ ਦੀ, ਕੌਣ ਇਹ ਕਹਿ ਸਕਦਾ ਹੈ ਪਿਆਰੇ।

ਮੂਲ

ਆਖਹਿ ਪੜੇ, ਕਰਹਿ ਵਖਿਆਣ॥

ਅਨੁਵਾਦ

ਪੜ੍ਹ ਪੜ੍ਹ ਕੇ ਜੋ ਧਰਮ ਪੁਸਤਕਾਂ, ਪ੍ਰਭ ਬਾਰੇ ਕਰਦੇ ਵਖਿਆਣ।
ਉਹ ਵੀ ਤੇਰੇ ਜਸ ਨੂੰ ਕਹਿ ਕੇ, ਵਾਰ ਵਾਰ ਬਲਿਹਾਰੇ ਜਾਣ।

ਮੂਲ

ਆਖਹਿ ਬਰਮੇ, ਆਖਹਿ ਇੰਦ॥

ਅਨੁਵਾਦ

ਬ੍ਰਹਮਾਂ ਤੇ ਇੰਦਰ ਜਿਹੇ ਦਿਉਤੇ, ਜੋ ਵੀ ਜਗ ਤੇ ਹੋਏ ਮਹਾਨ।
ਆਖ ਆਖ ਤੇਰੀ ਵਡਿਆਈ, ਐ ਪ੍ਰਭੂ ਗੁਣ ਤੇਰੇ ਹੀ ਗਾਣ।

ਮੂਲ

ਆਖਹਿ, ਗੋਪੀ ਤੇ ਗੋਵਿੰਦ॥

ਅਨੁਵਾਦ

ਰਾਧਾ ਵਾਂਗ ਗੋਪੀਆਂ ਸੱਭੇ, ਕਿਸ਼ਨ ਵਾਂਗ ਸਾਰੇ ਹੀ ਕਾਨ੍ਹ।
ਐ ਪ੍ਰਭ ਸਭ ਤੇਰੇ ਸ਼ਰਧਾਲੂ, ਕਰਦੇ ਨੇ ਤੇਰਾ ਵਖਿਆਨ।

ਮੂਲ

ਆਖਹਿ ਈਸਰੁ, ਆਖਹਿ ਸਿਧ॥

ਅਨੁਵਾਦ

ਸ਼ਿਵਜੀ ਤੇ ਸਿਧ ਪੁਰਸ਼ ਅਨੇਕਾਂ, ਸਾਧ ਕੇ ਮਨ ਚੰਚਲ ਬਲਵਾਨ।
ਐ ਪ੍ਰਭ ਸਭ ਤੇਰੇ ਹੀ ਜਸ ਨੂੰ ਗਾਉਂਦੇ ਨੇ ਨੂਰੀ ਭਗਵਾਨ

ਮੂਲ

ਆਖਹਿ, ਕੇਤੇ ਕੀਤੇ ਬੁਧ॥

ਅਨੁਵਾਦ

ਬੁਧ ਜਿਹੇ ਕਈ ਬੋਧੀ ਐ ਪ੍ਰਭ, ਆਖ ਰਹੇ ਤੇਰੇ ਉਪਕਾਰ।
ਤੇਰਾ ਹੀ ਜਸ ਵਰਨਣ ਕਰਕੇ, ਤੇਰਾ ਹੀ ਜਸ ਰਹੇ ਪੁਕਾਰ।

ਮੂਲ

ਆਖਹਿ ਦਾਨਵ, ਆਖਹਿ ਦੇਵ॥

ਅਨੁਵਾਦ

ਦੈਂਤ, ਦੇਵਤੇ ਆਖ ਰਹੇ ਨੇ, ਮੇਰੇ ਪ੍ਰਭ ਤੇਰੀ ਵਡਿਆਈ।
ਤੇਰਾ ਹੀ ਜਸ ਆਖ ਰਹੇ ਇਹ, ਪਲ ਪਲ ਬਾਰੰਬਾਰ ਸਦਾ-ਈ।

ਮੂਲ

ਆਖਹਿ ਸੁਰਿ ਨਰ, ਮੁਨਿ ਜਨ ਸੇਵ॥

ਅਨੁਵਾਦ

ਆਖ ਰਹੇ ਦਿਉਤੇ ਜਸ ਤੇਰਾ, ਤੇਰਾ ਜਸ ਆਖਣ ਨਰ ਸਾਰੇ।
ਮੁਨੀ ਲੋਕ ਤੇਰੀ ਸੇਵ ਕਮਾਵਣ, ਤੇਰੇ ਹੀ ਸਭ ਸੇਵਕ ਪਿਆਰੇ।

ਮੂਲ

ਕੇਤੇ ਆਖਹਿ, ਆਖਣਿ ਪਾਹਿ॥

ਅਨੁਵਾਦ

ਕਿਤਨੇ ਹੀ ਐ ਪ੍ਰਭ ਤਿਰੀ ਸੋਭਾ, ਮਨ ਚਿਤ ਲਾਕੇ ਚਿਤੋਂ ਚਿਤਾਰਨ।
ਕਿਤਨੇ ਹੀ ਜੋ ਆਖ ਨ ਸਕਣ, ਉਹ ਆਖਣ ਦੀ ਇਛਿਆ ਧਾਰਨ।

ਮੂਲ

ਕੇਤੇ ਕਹਿ ਕਹਿ, ਉਠਿ ਉਠਿ ਜਾਹਿ॥

ਅਨੁਵਾਦ

ਕਹਿ ਕਹਿ ਕੇ ਤੇਰੀ ਵਡਿਆਈ, ਚਲੇ ਗਏ ਕਈ ਜਗ ਤੋਂ ਭਾਈ।
ਮੇਰੇ ਇਸ ਅਨਮੋਲ ਪ੍ਰਭੂ ਦੀ, ਦਸੋ! ਕਿਸਨੇ ਹੈ ਥਹੁ ਪਾਈ।

ਮੂਲ

ਏਤੇ ਕੀਤੇ, ਹੋਰਿ ਕਰੇਹਿ॥

ਅਨੁਵਾਦ

ਹੋਰ ਅਨੇਕਾਂ ਏਸ ਤਰ੍ਹਾਂ ਦੇ, ਤੇਰਾ ਜਸ ਆਖਣ ਲਈ ਆਵਣ।
ਕਰ ਕਰ ਕੇ ਤੇਰਾ ਹੀ ਵਰਨਣ, ਤੇਰੀ ਹੀ ਪ੍ਰਭ ਸੋਭਾ ਗਾਵਣ।

ਮੂਲ

ਤਾ, ਆਖਿ ਨ ਸਕਹਿ ਕੇਈ ਕੇਇ॥

ਅਨੁਵਾਦ

ਐ ਪ੍ਰਭ ਤੂੰ ਕਿਤਨਾ ਏ ਵੱਡਾ, ਨਿਸਚੇ ਥੀਂ ਇਹ ਆਖ ਨ ਸਕਣ।
ਤੂੰ ਬੇਅੰਤ ਦਾ ਅੰਤ ਪਿਆਰੇ, ਇਹ ਨਰ ਮੁਖੋਂ ਭਾਖ ਨ ਸਕਣ।

ਮੂਲ

ਜੇਵਡੁ ਭਾਵੈ, ਤੇਵਡੁ ਹੋਇ॥

ਅਨੁਵਾਦ

ਜਿਤਨਾ ਵੀ ਚਾਹਵੇਂ ਤੂੰ ਐ ਪ੍ਰਭ, ਉਤਨਾ ਹੀ ਹੋ ਸਕੇ ਮਹਾਨ।
ਤੇਰੀ ਵਡਿਆਈ ਨੂੰ ਪਿਆਰੇ, ਕਿਹੜਾ ਜੋ ਕਰ ਸਕੇ ਬਿਆਨ।

ਮੂਲ

ਨਾਨਕ ਜਾਣੈ ਸਾਚਾ ਸੋਇ॥

ਅਨੁਵਾਦ

ਸਤਿਗੁਰ ਦਾ ਫੁਰਮਾਨ ਇਹ ਨੂਰੀ, ਉਹ ਸੱਚਾ ਸਾਹਿਬ ਸਰਕਾਰ।
ਉਹ ਆਪੇ ਨੂੰ ਆਪ ਹੀ ਜਾਣੇ, ਹੋਰ ਉਹਦੀ ਕਿਸ ਨੂੰ ਹੈ ਸਾਰ।

ਮੂਲ

ਜੇ ਕੋ ਆਖੈ ਬੋਲੁ ਵਿਗਾੜੁ॥

ਅਨੁਵਾਦ

ਜੇ ਕੋਈ ਬੰਦਾ ਬਕਵਾਸੀ, ਕਰਦਾ ਹੈ ਐਵੇਂ ਬਕਵਾਸ।
ਆਖੇ ਮੈਂ ਜਾਣੂ ਹਾਂ ਪ੍ਰਭ ਦਾ, ਕੌਣ ਭਲਾ ਕਰਸੀ ਵਿਸ਼ਵਾਸ।

ਮੂਲ

ਤਾ ਲਿਖੀਐ ਸਿਰਿ, ਗਾਵਾਰਾ ਗਾਵਾਰੁ॥੨੬॥

ਅਨੁਵਾਦ

ਏਹੋ ਜਿਹੇ ਪ੍ਰਾਨੀ ਨੂੰ ਜਾਣੋ, ਉੱਕਾ ਹੀ ਪਿਆਰੇ ਗਾਵਾਰ।
ਉਸ ਬਾਰੇ ਲਿਖੀਏ ਐ ਨੂਰੀ, ਗਵਾਰਾਂ ਦਾ ਉਹ ਸਰਦਾਰ।

ਸਤਾਈਵੀਂ ਪਉੜੀ

ਮੂਲ

ਸੋ ਦਰੁ ਕੇਹਾ, ਸੋ ਘਰੁ ਕੇਹਾ ਜਿਤੁ ਬਹਿ ਸਰਬ ਸਮਾਲੇ॥

ਅਨੁਵਾਦ

ਉਹ ਦਰਵਾਜ਼ਾ ਕਿਹੋ ਜਿਹਾ ਹੈ? ਕਿਹੋ ਜਿਹਾ ਹੈ ਉਹ ਘਰ ਹੈ ਨਾਲੇ?
ਜਿੱਥੇ ਬੈਠਾ ਸਤਿਗੁਰ ਮੇਰਾ, ਸਭ ਜੀਵਾਂ ਨੂੰ ਆਪ ਸੰਭਾਲੇ।

ਮੂਲ

ਵਾਜੇ ਨਾਦ ਅਨੇਕ ਅਸੰਖਾ, ਕੇਤੇ ਵਾਵਣਹਾਰੇ॥

ਅਨੁਵਾਦ

ਉਸ ਦੇ ਦਰ ਸਾਹਵੇਂ ਇਉਂ ਜਾਣੋ, ਵੱਜਣ ਨਾਦ ਅਸੰਖਾਂ ਵਾਜੇ।
ਇਹਨਾਂ ਤਾਈਂ ਵਜਾਵਣ ਵਾਲੇ, ਮੇਰੇ ਪ੍ਰਭੂ ਅਨੇਕਾਂ ਸਾਜੇ।

ਮੂਲ

ਕੇਤੇ ਰਾਗ, ਪਰੀ ਸਿਉ ਕਹੀਅਨਿ, ਕੇਤੇ ਗਾਵਣਹਾਰੇ॥

ਅਨੁਵਾਦ

ਰਾਗ ਅਨੇਕਾਂ ਰਾਗਨੀਆਂ ਸੰਗ, ਆਖ ਰਹੇ ਕਈ ਆਖਣ ਵਾਲੇ।
ਉਹਨਾਂ ਹੀ ਰਾਗਾਂ ਦੇ ਤਾਂਈ, ਗਾਉਂਦੇ ਨੇ ਕਈ ਗਾਵਣ ਵਾਲੇ।

ਮੂਲ

ਗਾਵਹਿ ਤੁਹਨੋ ਪਉਣੁ, ਪਾਣੀ, ਬੈਸੰਤੁਰ,
ਗਾਵੈ ਰਾਜਾ ਧਰਮੁ ਦੁਆਰੇ॥

ਅਨੁਵਾਦ

ਪਉਣ, ਪਾਣੀ ਤੇ ਅਗਨੀ ਪਿਆਰੇ, ਗਾਉਂਦੇ ਨੇ ਤੈਨੂੰ ਹੀ ਸਾਰੇ।
ਧਰਮ ਰਾਜ ਵੀ ਗਾਵੈ ਤੈਨੂੰ, ਐ ਪ੍ਰਭ ਤੇਰੇ ਖੜਾ ਦੁਆਰੇ।

ਮੂਲ

ਗਾਵਹਿ ਚਿਤੁ ਗੁਪਤੁ ਲਿਖਿ ਜਾਣਹਿ, ਲਿਖਿ ਲਿਖਿ ਧਰਮੁ ਵੀਚਾਰੇ॥

ਅਨੁਵਾਦ

ਗੁਪਤ ਰੂਪ ਵਿਚ ਲਿਖ ਲਿਖ ਲੇਖਾ, ਚਿਤ੍ਰ-ਗੁਪਤ ਤੈਨੂੰ ਗਾਵਨ ਪਿਆਰੇ।
ਧਰਮ ਰਾਜ ਇਸ ਗੁਪਤ ਚਿਤ੍ਰਾਂ ਤੋਂ, ਹਰ ਇਕ ਦੇ ਪੁੰਨ ਪਾਪ ਵਿਚਾਰੇ।

ਮੂਲ

ਗਾਵਹਿ ਈਸਰੁ ਬਰਮਾ ਦੇਵੀ, ਸੋਹਨਿ ਸਦਾ ਸਵਾਰੇ॥

ਅਨੁਵਾਦ

ਗਾਵਨ ਤੈਨੂੰ ਸ਼ਿਵਜੀ, ਬਰ੍ਹਮਾ, ਸ਼ਕਤੀ ਰੂਪ ਦੇਵੀਆਂ ਪਿਆਰੇ।
ਜੋ ਮੇਰੇ ਪ੍ਰਭ ਆਪ ਨਿਵਾਜੇ, ਸੋਭਣ ਥਾਂ ਪਰ ਥਾਂ ਇਹ ਸਾਰੇ।

ਮੂਲ

ਗਾਵਹਿ ਇੰਦ ਇਦਾਸਣਿ ਬੈਠੇ, ਦੇਵਤਿਆ ਦਰਿ ਨਾਲੇ॥

ਅਨੁਵਾਦ

ਇੰਦਰ ਦੇਵ ਸਿੰਘਾਸਣ ਬੈਠਾ, ਦੇਵਤਿਆਂ ਦੇ ਸੰਗ ਪਿਆਰੇ।
ਗਾਉਂਦੇ ਨੇ ਤੇਰੀ ਹੀ ਸੋਭਾ, ਤੇਰੇ ਹੀ ਦਰ ਸਾਹਵੇਂ ਸਾਰੇ।

ਮੂਲ

ਗਾਵਹਿ ਸਿਧ ਸਮਾਧੀ ਅੰਦਰਿ, ਗਾਵਨਿ ਸਾਧ ਵਿਚਾਰੇ॥

ਅਨੁਵਾਦ

ਗਾਉਂਦੇ ਸਿਧ ਸਮਾਧੀ ਲਾ ਕੇ, ਤੇਰੇ ਗੁਣ ਮੇਰੇ ਕਰਤਾਰ।
ਸਾਧੂ-ਜਨ ਤੇਰਾ ਜਸ ਗਾ ਕੇ, ਤੇਰੇ ਹੀ ਗੁਣ ਰਹੇ ਵਿਚਾਰ।

ਮੂਲ

ਗਾਵਨਿ ਜਤੀ ਸਤੀ ਸੰਤੋਖੀ, ਗਾਵਹਿ ਵੀਰ ਕਰਾਰੇ॥

ਅਨੁਵਾਦ

ਜਤਧਾਰੀ, ਸਤਵਾਨ, ਸੰਤੋਖੀ, ਗਾਉਂਦੇ ਨੇ ਤੇਰਾ ਜਸ ਪਿਆਰੇ।
ਮੇਰੇ ਪ੍ਰਭ ਤੇਰਾ ਜਸ ਗਾਉਂਦੇ, ਮਹਾਂਬਲੀ ਅਤਿ ਜੋਧੇ ਭਾਰੇ।

ਮੂਲ

ਗਾਵਨਿ ਪੰਡਿਤ ਪੜਨਿ ਰਖੀਸਰ, ਜੁਗੁ ਜੁਗੁ ਵੇਦਾ ਨਾਲੇ॥

ਅਨੁਵਾਦ

ਪੰਡਿਤ ਅਤੇ ਰਿਖੀਜਨ ਪਿਆਰੇ, ਪੜ੍ਹ ਪੜ੍ਹ ਵੇਦ ਜੁਗਾਂ ਤੋਂ ਸਾਰੇ।
ਤੇਰੀ ਹੀ ਪ੍ਰਭ ਸੋਭਾ ਸਾਰੇ, ਗਾਉਂਦੇ ਨੇ ਚਿਤ ਲਾ ਕੇ ਪਿਆਰੇ।

ਮੂਲ

ਗਾਵਹਿ ਮੋਹਣੀਆ ਮਨੁ ਮੋਹਨਿ, ਸੁਰਗਾ ਮਛ ਪਇਆਲੇ॥

ਅਨੁਵਾਦ

ਮਨ ਨੂੰ ਮੋਹਣ ਵਾਲੀਆਂ ਨਾਰਾਂ, ਤਿਨ ਲੋਕਿ ਵਿਚ ਵਸਦੀਆਂ ਜਾਣੋਂ।
ਤੇਰਾ ਹੀ ਜਸ ਗਾਵਣ ਸੱਭੇ, ਏਸ ਬਾਤ ਨੂੰ ਠੀਕ ਪਛਾਣੋਂ।

ਮੂਲ

ਗਾਵਨਿ ਰਤਨ ਉਪਾਏ ਤੇਰੇ, ਅਠਸਠਿ ਤੀਰਥ ਨਾਲੇ।

ਅਨੁਵਾਦ

ਚੌਦਾਂ ਰਤਨ ਅਠਾਹਟ ਤੀਰਥ, ਮੇਰੇ ਪ੍ਰਭ ਇਹ ਆਪ ਉਪਾਏ।
ਇਹਨਾਂ ਦਾ ਕਣ-ਕਣ ਹੀ ਜਾਣੋਂ, ਐ ਪ੍ਰਭ ਤੇਰੀ ਮਹਿਮਾ ਗਾਏ।

ਮੂਲ

ਗਾਵਹਿ ਜੋਧ ਮਹਾਬਲ ਸੂਰਾ, ਗਾਵਹਿ ਖਾਣੀ ਚਾਰੇ॥

ਅਨੁਵਾਦ

ਬੜੇ ਬੜੇ ਬਲਵਾਨ ਸੂਰਮੇਂ ਜਿਹਨਾਂ ਦਾ ਨਹੀਂ ਅੰਤ ਸ਼ਮਾਰ।
ਜੀਵਨ ਦੇ ਚੌਹ ਖਾਣਾਂ ਅੰਦਰ, ਤੈਨੂੰ ਹੀ ਗਾਵਣ ਕਰਤਾਰ।

ਮੂਲ

ਗਾਵਹਿ ਖੰਡ ਮੰਡਲ ਵਰਭੰਡਾ, ਕਰਿ ਕਰਿ ਰਖੇ ਧਾਰੇ॥

ਅਨੁਵਾਦ

ਖੰਡ ਮੰਡਲ ਧਰਤੀ ਦੇ ਸਾਰੇ, ਜੋ ਵੀ ਸਾਜੇ ਸਾਜਣਹਾਰੇ।
ਗਾਉਂਦੇ ਨੇ ਤੇਰੀ ਹੀ ਸੋਭਾ, ਸੱਚ ਬਾਤ ਇਹ ਜਾਣੋ ਪਿਆਰੇ।

ਮੂਲ

ਸੇਈ ਤੁਧੁਨੋ ਗਾਵਹਿ, ਜੋ ਤੁਧੁ ਭਾਵਨਿ,
ਰਤੇ ਤੇਰੇ ਭਗਤ ਰਸਾਲੇ॥

ਅਨੁਵਾਦ

ਉਹ ਹੀ ਪਿਆਰੇ ਤੈਨੂੰ ਗਾਵਨ, ਜੋ ਜੋ ਐ ਪ੍ਰਭ ਤੈਨੂੰ ਭਾਵਨ।
ਉਹ ਸਾਧੂ ਜਨ ਪ੍ਰੀਤ ਤੇਰੀ ਦੇ, ਰੰਗ 'ਚ ਪਿਆਰੇ ਰੰਗੇ ਜਾਵਨ।

ਮੂਲ

ਹੋਰਿ ਕੇਤੇ ਗਾਵਨਿ, ਸੇ ਮੈ ਚਿਤਿ ਨ ਆਵਨਿ, ਨਾਨਕੁ ਕਿਆ ਵੀਚਾਰੇ॥

ਅਨੁਵਾਦ

ਹੋਰ ਅਨੇਕਾਂ ਜੀਵ ਜਗਤ ਦੇ, ਗਾਉਂਦੇ ਨੇ ਤੈਨੂੰ ਪ੍ਰਭ ਪਿਆਰੇ।
ਪਰ ਮੈਨੂੰ ਉਹ ਯਾਦ ਨਹੀਂ ਆਉਂਦਾ, ਸਤਿਗੁਰ ਕਹਿਣ ਕੀ ਉਹਨਾਂ ਬਾਰੇ।

ਮੂਲ

ਸੋਈ ਸੋਈ ਸਦਾ ਸਚੁ ਸਾਹਿਬੁ, ਸਾਚਾ ਸਾਚੀ ਨਾਈ॥

ਅਨੁਵਾਦ

ਉਹ ਸਾਹਿਬ ਹੈ ਮੁੱਢ ਤੋਂ ਸੱਚਾ, ਰਹਿਣਾ ਸੱਚਾ ਓਸ ਸਦਾ ਈ।
ਉਸ ਸੱਚੇ ਸਾਹਿਬ ਦੀ ਪਿਆਰੇ, ਸੱਚੀ ਹੈ ਜਾਣੋ ਵਡਿਆਈ।

ਮੂਲ

ਹੈ ਭੀ ਹੋਸੀ, ਜਾਇ ਨ ਜਾਸੀ, ਰਚਨਾ ਜਿਨਿ ਰਚਾਈ॥

ਅਨੁਵਾਦ

ਹੁਣ ਵੀ ਉਹ ਮੌਜੂਦ ਹੈ ਸਤਿਗੁਰ, ਰਹੂ ਮੌਜੂਦ ਸਦਾ ਉਹ ਪਿਆਰਾ।
ਮਰਨ ਜਨਮ ਵਿਚ ਉਹ ਨ ਆਵੇ, ਜਿਸ ਇਹ ਰਚਿਆ ਜਗਤ ਪਾਸਾਰਾ।

ਮੂਲ

ਰੰਗੀ ਰੰਗੀ ਭਾਤੀ, ਕਰਿ ਕਰਿ ਜਿਨਸੀ, ਮਾਇਆ ਜਿਨਿ ਉਪਾਈ॥

ਅਨੁਵਾਦ

ਭਾਂਤ ਭਾਂਤ ਦੇ ਰੰਗ ਰੰਗ ਦੇ, ਜੀਅ ਜੰਤ ਸਾਜੇ ਸਰਕਾਰ।
ਇਹ ਸ੍ਰਿਸ਼ਟੀ ਦੀ ਸਾਰੀ ਮਾਇਆ, ਸਾਜੀ ਹੈ ਪ੍ਰਭ ਸਾਜਨਹਾਰ।

ਮੂਲ

ਕਰਿ ਕਰਿ ਵੇਖੈ ਕੀਤਾ ਆਪਣਾ, ਜਿਵ ਤਿਸਦੀ ਵਡਿਆਈ॥

ਅਨੁਵਾਦ

ਇਸ ਸਾਰੇ ਪਰਪੰਚ ਰਚੇ ਨੂੰ, ਰਚ ਕੇ ਵੇਖ ਰਿਹਾ ਉਹ ਪਿਆਰਾ।
ਉਹ ਆਪਣੀ ਮਰਜ਼ੀ ਦਾ ਮਾਲਕ, ਉਹ ਹੀ ਸਭ ਦਾ ਸਿਰਜਣਹਾਰਾ।

ਮੂਲ

ਜੋ ਤਿਸੁ ਭਾਵੈ ਸੋਈ ਕਰਸੀ, ਹੁਕਮੁ ਨ ਕਰਣਾ ਜਾਈ॥

ਅਨੁਵਾਦ

ਜੋ ਉਹ ਚਾਹਵੇ ਉਹ ਹੀ ਕਰਦੈ, ਉਹ ਐਸਾ ਹੈ ਇੱਛਿਆਧਾਰੀ।
ਉਸ ਨੂੰ ਹੁਕਮ ਕੌਣ ਕਰ ਸਕਦਾ? ਉਹ ਸਭ ਦਾ ਹਾਕਮ ਅਧਿਕਾਰੀ।

ਮੂਲ

ਸੋ ਪਾਤਿਸਾਹੁ, ਸਾਹਾ ਪਾਤਿਸਾਹਿਬੁ, ਨਾਨਕ ਰਹਣੁ ਰਜਾਈ ॥੨੭॥

ਅਨੁਵਾਦ

ਉਹ ਸ਼ਾਹਾਂ ਦਾ ਸ਼ਾਹ ਹੈ ਪਿਆਰੇ, ਅਸੀਂ ਹਾਂ ਉਸ ਦੀ ਰਈਅਤ ਸਾਰੇ।
ਸਤਿਗੁਰ ਦਾ ਫ਼ੁਰਮਾਨ ਇਹ ਜਾਣੋ, ਹੁਕਮ ਉਹਦੇ ਵਿਚ ਰਹਿਣਾ ਪਿਆਰੇ।

ਅਠਾਈਵੀਂ ਪਉੜੀ

ਮੂਲ

ਮੁੰਦਾ ਸੰਤੋਖ, ਸਰਮੁ ਪਤੁ ਝੋਲੀ, ਧਿਆਨ ਕੀ ਕਰਹਿ ਬਿਭੂਤਿ ॥

ਅਨੁਵਾਦ

ਮੁੰਦਰੇ ਹਨ ਸੰਤੋਖ ਦੇ ਪ੍ਰਾਨੀ, ਲਾਜ ਨੂੰ ਚਿੱਪੀ ਝੋਲੀ ਜਾਣੋਂ।
ਧਿਆਨ ਬਿਭੂਤ ਪ੍ਰਭੂ ਦੀ ਸਮਝੋ, ਵੇਸ ਗਰੀਬੀ ਇੰਝ ਪਛਾਣੋਂ।

ਮੂਲ

ਖਿੰਥਾ ਕਾਲੁ, ਕੁਆਰੀ ਕਾਇਆ, ਜੁਗਤਿ ਡੰਡਾ ਪਰਤਤਿ ॥

ਅਨੁਵਾਦ

ਇਹ ਤਨ ਹੈ ਲੀਰਾਂ ਦੀ ਖਫਨੀ, ਮੌਤ ਦਾ ਇਸ ਨੂੰ ਖਾਣਾ ਜਾਣੋਂ।
ਜੁਗਤੀ ਦਾ ਲੈ ਕੇ ਹੱਥ ਡੰਡਾ, ਨਿਸਚੇ ਥੀਂ ਪ੍ਰਭ ਪਾਣਾ ਜਾਣੋਂ।

ਮੂਲ

ਆਈ ਪੰਥੀ, ਸਗਲ ਜਮਾਤੀ, ਮਨਿ ਜੀਤੈ, ਜਗੁ ਜੀਤੁ ॥

ਅਨੁਵਾਦ

ਹਰ ਇਕ ਇਕ ਸਮਾਨ ਸਮਝਣਾ, ਐ ਨਰ ਇਹ ਹੈ ਪੰਥ ਪਿਆਰੇ।
ਮਨ ਆਪਣੇ ਨੂੰ ਵਸ ਕਰਿਆ ਤੇ, ਵਸ ਹੋਣ ਜਗ ਦੇ ਜੀਅ ਸਾਰੇ।

ਮੂਲ

ਆਦੇਸੁ, ਤਿਸੈ ਆਦੇਸੁ ॥

ਅਨੁਵਾਦ

ਨਿਮਸਕਾਰ ਉਸਨੂੰ ਹੈ ਮੇਰੀ, ਨਿਮਸਕਾਰ ਉਸ ਨੂੰ ਹਰ ਵਾਰ।
ਜਿਸਦਾ ਅਪਣਾ ਆਦਿ ਨਹੀਂ ਹੈ, ਜੋ ਸਭ ਦਾ ਮੋਢੀ ਸਰਕਾਰ।

ਮੂਲ

ਆਦਿ ਅਨੀਲੁ, ਅਨਾਦਿ ਅਨਾਹਤਿ, ਜੁਗੁ ਜੁਗੁ ਏਕੋ ਵੇਸੁ॥੨੮॥

ਅਨੁਵਾਦ

ਨਿਮਸਕਾਰ ਉਸ ਨੂੰ ਹੈ ਮੇਰੀ, ਨਿਮਸਕਾਰ ਉਸ ਤਾਈਂ ਜਾਣੋਂ।
ਜੋ ਮੁੱਢ ਤੋਂ ਇਕ ਸਾਰ ਵਿਆਪਕ, ਨਾਸ ਰਹਿਤ ਉਹ ਪ੍ਰਭੂ ਪਛਾਣੋਂ।

ਉਨੱਤਵੀਂ ਪਉੜੀ

ਮੂਲ

ਭੁਗਿਤ ਗਿਆਨੁ, ਦਇਆ ਭੰਡਾਰਣਿ, ਘਟਿ ਘਟਿ ਵਾਜਹਿ ਨਾਦ॥

ਅਨੁਵਾਦ

ਭੋਜਨ ਸੱਚਾ ਗਿਆਨ ਐ ਜੋਗੀ, ਦਇਆ ਤਾਈਂ ਵਰਤਾਵੀ ਜਾਣੋਂ।
ਹਰ ਦਿਲ ਦੀ ਧੜਕਣ 'ਚੋਂ ਵੱਜਦੇ, ਪ੍ਰਭ ਸੋਭਾ ਦੇ ਨਾਦ ਪਛਾਣੋਂ।

ਮੂਲ

ਆਪਿ ਨਾਥੁ, ਨਾਥੀ ਸਭ ਜਾ ਕੀ, ਰਿਧਿ ਸਿਧਿ, ਅਵਰਾ ਸਾਦ॥

ਅਨੁਵਾਦ

ਸਤਿਗੁਰ ਮੇਰਾ ਨਾਥ ਪ੍ਰਭੂ ਹੈ, ਜਿਸ ਨਥਿਆ ਪਿਆਰੇ ਜਗ ਸਾਰਾ।
ਰਿਧੀਆਂ ਸਿਧੀਆਂ ਵਿਚੋਂ ਜੋਗੀ, ਆਉਂਦਾ ਨਹੀਂ ਇਹ ਨਾਮ ਨਜ਼ਾਰਾ।

ਮੂਲ

ਸੰਜੋਗੁ ਵਿਜੋਗੁ ਦੁਇ ਕਾਰ ਚਲਾਵਹਿ, ਲੇਖੇ ਆਵਹਿ ਭਾਗ॥

ਅਨੁਵਾਦ

ਮਿਲਣਾ ਅਤੇ ਵਿਛੋੜਾ ਦੋਵੇਂ, ਮਿਲ ਕੇ ਇਹ ਸੰਸਾਰ ਚਲਾਵਨ।
ਜੋ ਭਾਗਾਂ ਵਿਚ ਧੁਰ ਤੋਂ ਲਿਖਿਆ, ਉਹ ਹੀ ਜੀਵ ਜਗਤ ਦੇ ਪਾਵਨ।

ਮੂਲ

ਆਦੇਸੁ, ਤਿਸੈ ਆਦੇਸੁ॥

ਅਨੁਵਾਦ

ਨਿਮਸਕਾਰ ਉਸਨੂੰ ਹੈ ਮੇਰੀ, ਨਿਮਸਕਾਰ ਉਸ ਨੂੰ ਹਰ ਵਾਰ।
ਜਿਸਦਾ ਅਪਣਾ ਆਦਿ ਨਹੀਂ ਹੈ, ਜੋ ਸਭ ਦਾ ਮੋਢੀ ਸਰਕਾਰ।

ਮੂਲ

ਆਦਿ ਅਨੀਲੁ, ਅਨਾਦਿ ਅਨਾਹਤਿ,

ਜੁਗੁ ਜੁਗੁ ਏਕੋ ਵੇਸੁ॥੨੯॥

ਅਨੁਵਾਦ

ਨਿਮਸਕਾਰ ਉਸ ਨੂੰ ਹੈ ਮੇਰੀ, ਨਿਮਸਕਾਰ ਉਸ ਤਾਈਂ ਜਾਣੋਂ।
ਜੋ ਮੁੱਢ ਤੋਂ ਇਕ ਸਾਰ ਵਿਆਪਕ, ਨਾਸ ਰਹਿਤ ਉਹ ਪ੍ਰਭੂ ਪਛਾਣੋਂ।

ਤੀਹਵੀਂ ਪਉੜੀ

ਮੂਲ

ਏਕਾ ਮਾਈ, ਜਗਤਿ ਵਿਆਈ, ਤਿਨਿ ਚੇਲੇ ਪਰਵਾਣੁ॥

ਅਨੁਵਾਦ

ਇਕ ਪ੍ਰਭੂ ਮਾਇਆ ਥੀਂ ਮਿਲ ਕੇ, ਜਗ ਰਚਨਾ ਦੀ ਜੁਗਤ ਬਣਾਈ।
ਤਿੰਨ ਚੇਲੇ ਬਰ੍ਹਮਾ, ਵਿਸ਼ਨੂੰ, ਸ਼ਿਵਜੀ, ਥਾਪੇ ਥਾਂ ਪਰ ਥਾਂ ਇਹ ਭਾਈ।

ਮੂਲ

ਇਕੁ ਸੰਸਾਰੀ, ਇਕੁ ਭੰਡਾਰੀ, ਇਕੁ ਲਾਏ ਦੀਬਾਣੁ॥

ਅਨੁਵਾਦ

ਇਕ ਚੇਲਾ ਸੰਸਾਰ ਚਲਾਵੇ, ਦੂਜਾ ਸਭ ਨੂੰ ਰਿਜ਼ਕ ਪੁਜਾਵੇ।
ਤੀਜਾ ਬਣ ਕੇ ਆਦਿਲ ਮੁਨਸਫ, ਬਹਿ ਕੇ ਕਾਲ ਕਚਿਹਰੀ ਲਾਵੇ।

ਮੂਲ

ਜਿਵ ਤਿਸੁ ਭਾਵੈ, ਤਿਵੈ ਚਲਾਵੈ, ਜਿਵ ਹੋਵੈ ਫੁਰਮਾਣੁ॥

ਅਨੁਵਾਦ

ਜੋ ਵੀ ਉਹ ਚਾਹੁੰਦਾ ਹੈ ਪਿਆਰੇ ਹੁਕਮ ਉਹਦੇ ਦੇ ਇਹ ਨੇ ਬਰਦੇ।
ਜੋ ਵੀ ਹੁਕਮ ਕਰੇ ਪ੍ਰਭ ਨੂਰੀ ਇਹ-ਤਿੰਨੇ ਉਹ ਹੀ ਨੇ ਕਰਦੇ।

ਮੂਲ

ਓਹੁ ਵੇਖੈ, ਓਨਾ ਨਦਰਿ ਨ ਆਵੈ, ਬਹੁਤਾ ਏਹੁ ਵਿਡਾਣੁ॥

ਅਨੁਵਾਦ

ਉਹ ਇਨ੍ਹਾਂ ਨੂੰ ਵੇਖ ਰਿਹਾ ਹੈ, ਇਨ੍ਹਾਂ ਤਾਈ ਉਹ ਨਜ਼ਰ ਨ ਆਵੇ।
ਇਹ ਅਸਚਰਜ ਨਜ਼ਾਰਾ ਵੱਡਾ, ਕੌਣ ਜੋ ਇਸ ਦੀ ਸੋਝੀ ਪਾਵੇ।

ਮੂਲ

ਆਦੇਸੁ, ਤਿਸੈ ਆਦੇਸੁ॥

ਅਨੁਵਾਦ

ਨਿਮਸਕਾਰ ਉਸਨੂੰ ਹੈ ਮੇਰੀ, ਨਿਮਸਕਾਰ ਉਸ ਨੂੰ ਹਰ ਵਾਰ।
ਜਿਸਦਾ ਅਪਣਾ ਆਦਿ ਨਹੀਂ ਹੈ, ਜੋ ਸਭ ਦਾ ਮੋਢੀ ਸਰਕਾਰ।

ਮੂਲ

ਆਦਿ ਅਨੀਲੁ, ਅਨਾਦਿ ਅਨਾਹਤਿ,
ਜੁਗੁ ਜੁਗੁ ਏਕੋ ਵੇਸੁ॥੩੦॥

ਅਨੁਵਾਦ

ਨਿਮਸਕਾਰ ਉਸ ਨੂੰ ਹੈ ਮੇਰੀ, ਨਿਮਸਕਾਰ ਉਸ ਤਾਈਂ ਜਾਣੋਂ।
ਜੋ ਮੁੱਢ ਤੋਂ ਇਕ ਸਾਰ ਵਿਆਪਕ, ਨਾਸ ਰਹਿਤ ਉਹ ਪ੍ਰਭੂ ਪਛਾਣੋਂ।

ਇਕੱਤਵੀਂ ਪਉੜੀ

ਮੂਲ

ਆਸਣੁ ਲੋਇ ਲੋਇ ਭੰਡਾਰ।

ਅਨੁਵਾਦ

ਹਰ ਥਾਂ ਤੇ ਉਸ ਦਾ ਹੈ ਆਸਣ, ਹਰ ਥਾਂ ਤੇ ਵਿਆਪਕ ਪ੍ਰਭ ਪਿਆਰਾ।
ਜਿੱਥੇ ਵੀ ਕੋਈ ਜੀਵ ਹੈ ਉਸ ਦਾ, ਓਥੇ ਹੀ ਉਸ ਦਾ ਭੰਡਾਰਾ।

ਮੂਲ

ਜੋ ਕਿਛੁ ਪਾਇਆ, ਸੁ ਏਕਾ ਵਾਰ॥

ਅਨੁਵਾਦ

ਜੋ ਵੀ ਜੀਵ ਜਗਤ ਦਾ ਪਾਉਂਦਾ, ਏਸ ਭੰਡਾਰੇ ਵਿਚੋਂ ਆਇਆ।
ਏਸ ਭੰਡਾਰੇ ਦੇ ਵਿਚ ਸਤਿਗੁਰ, ਇਕੋ ਵੇਰ ਹੀ ਇਹ ਸਭ ਪਾਇਆ।

ਮੂਲ

ਕਰਿ ਕਰਿ ਵੇਖੈ, ਸਿਰਜਣਹਾਰੁ॥

ਅਨੁਵਾਦ

ਕਰ ਕਰ ਕੇ ਸਭ ਵੇਖ ਰਿਹਾ ਹੈ, ਸਿਰਜਣਹਾਰਾ ਉਹ ਪ੍ਰਤਿਪਾਲਕ।
ਹਰ ਇਕ ਦਾ ਰਖਵਾਲਾ ਹੈ ਉਹ, ਹਰ ਇਕ ਦਾ ਨੂਰੀ ਉਹ ਮਾਲਕ।

ਮੂਲ

ਨਾਨਕ, ਸਚੇ ਕੀ ਸਾਚੀ ਕਾਰ॥

ਅਨੁਵਾਦ

ਸਤਿਗੁਰ ਦਾ ਫੁਰਮਾਣ ਇਹ ਜਾਣੋਂ, ਉਹ ਸੱਚਾ ਸਾਹਿਬ
ਸੱਚੀ ਹੈ ਉਸ ਦੀ ਸਭ ਕਰਣੀ, ਸੱਚੀ ਹੈ ਉਸ ਦੀ ਸਭ ਕਾਰ।

ਮੂਲ

ਆਦੇਸੁ, ਤਿਸੈ ਆਦੇਸੁ॥

ਆਦਿ ਅਨੀਲੁ, ਅਨਾਦਿ ਅਨਾਹਤਿ, ਜੁਗੁ ਜੁਗੁ ਏਕੋ ਵੇਸੁ॥੩੧॥

ਅਨੁਵਾਦ

ਨਿਮਸਕਾਰ ਉਸ ਨੂੰ ਹੈ ਮੇਰੀ, ਨਿਮਸਕਾਰ ਉਸ ਤਾਈਂ ਜਾਣੋਂ।
ਜੋ ਮੁੱਢ ਤੋਂ ਇਕ ਸਾਰ ਵਿਆਪਕ, ਨਾਸ ਰਹਿਤ ਉਹ ਪ੍ਰਭੂ ਪਛਾਣੋਂ।

ਬੱਤਵੀਂ ਪਉੜੀ

ਮੂਲ

ਇਕ ਦੂ ਜੀਭੌ ਲਖ ਹੋਹਿ, ਲਖ ਹੋਵਹਿ ਲਖ ਵੀਸ॥

ਅਨੁਵਾਦ

ਇਕ ਜੀਭ ਤੋਂ ਜੇਕਰ ਪਿਆਰੇ, ਹੋ ਜਾਵੇ ਇਕ ਲੱਖ ਜ਼ਬਾਨ।
ਓਸ ਲੱਖ ਤੋਂ ਫਿਰ ਐ ਪ੍ਰਾਨੀ, ਵੀਹ ਲੱਖ ਅੱਗੋਂ ਹੋ ਜਾਨ।

ਮੂਲ

ਲਖੁ ਲਖੁ ਗੇੜਾ ਆਖੀਅਹਿ, ਏਕੁ ਨਾਮੁ ਜਗਦੀਸ॥

ਅਨੁਵਾਦ

ਇਕ ਜ਼ਬਾਨੋਂ ਲੱਖ ਲੱਖ ਵੇਰਾਂ, ਸਿਮਰਨ ਜੇ ਕਰੀਏ ਭਗਵਾਨ।
ਸਵਾਸ ਸਵਾਸ ਗੋਇਆ ਇਕ ਪ੍ਰਭ ਦਾ, ਮਨ ਚਿੱਤ ਲਾ ਕੇ ਧਰੀਏ ਧਿਆਨ।

ਮੂਲ

ਏਤੁ ਰਾਹਿ ਪਤਿ ਪਵੜੀਆ, ਚੜੀਐ ਹੋਇ ਇਕੀਸ॥

ਅਨੁਵਾਦ

ਇਸ ਰਸਤੇ ਚਲ ਕੇ ਐ ਪ੍ਰਾਨੀ, ਪ੍ਰਭ ਮਿਲਣੇ ਦਾ ਕਰੋ ਉਪਾਉ।
ਇਕ ਰੂਪ ਹੋ ਕੇ ਵਡਭਾਗੀ, ਨੂਰੀ ਪ੍ਰਭ ਦੇ ਦਰਸ਼ਨ ਪਾਉ।

ਮੂਲ

ਸੁਣਿ ਗਲਾ ਆਕਾਸ ਕੀ, ਕੀਟਾ ਆਈ ਰੀਸ॥

ਅਨੁਵਾਦ

ਇਸ ਧਰਤੀ ਦੇ ਕੀੜੇ ਜੇਕਰ, ਉੱਡਦੇ ਪੰਛੀਆਂ ਵਾਂਗੂ ਚਾਹੁਣ।
ਉਨ੍ਹਾਂ ਤੋਂ ਸੁਣ ਸੁਣ ਕੇ ਗੱਲਾਂ, ਉਹਨਾਂ ਵਾਂਗ ਉਡਾਰੀਆਂ ਲਾਉਣ।

ਮੂਲ

ਨਾਨਕ ਨਦਰੀ ਪਾਈਐ, ਕੂੜੀ ਕੂੜੈ ਠੀਸ॥੩੨॥

ਅਨੁਵਾਦ

ਸਤਿਗੁਰ ਕਹਿਣ ਜੇ ਨਿਰਨਾ ਕਰੀਏ, ਏਸ ਬਾਤ ਦਾ ਹੋਏ ਗਿਆਨ।
ਝੂਠੀ ਰੀਸੇ ਗੱਲਾਂ ਰਾਹੀਂ ਮਿਲਦਾ ਨਹੀਂ ਨੂਰੀ ਭਗਵਾਨ।

ਤੇਤੀਵੀਂ ਪਉੜੀ

ਮੂਲ

ਆਖਣਿ ਜੋਰੁ, ਚੁਪੈ ਨਹ ਜੋਰੁ॥

ਅਨੁਵਾਦ

ਆਪਣੇ ਬ ਲ ਰਾਹੀਂ ਇਹ ਪ੍ਰਾਨੀ, ਕੁਝ ਵੀ ਮੁਖੋਂ ਬੋਲ ਨ ਜਾਣੇਂ।
ਨਾ ਹੀ ਚੁੱਪ ਰਹਿ ਕੇ ਹੀ ਪ੍ਰਾਨੀ, ਮੋਨ ਧਾਰ ਇਹ ਸਕੇ ਧਿਣਾਣੇਂ।

ਮੂਲ

ਜੋਰੁ ਨ ਮੰਗਣਿ, ਦੇਣਿ ਨ ਜੋਰੁ॥

ਅਨੁਵਾਦ

ਆਪਣੇ ਬਲ ਰਾਹੀ ਕੁਝ ਮੰਗ ਕੇ, ਨ ਕੋਈ ਪ੍ਰਾਨੀ ਪਾ ਸਕਦਾ ਹੈ।
ਠ ਥੀ ਕੀਤਾ ਦਾਨ ਨਹੀਂ ਉੱਕਾ, ਨਿਰਮਲ ਮਨ ਬਣਾ ਸਕਦਾ ਹੈ।

ਮੂਲ

ਜੋਰੁ ਨ ਜੀਵਣਿ, ਮਰਣਿ ਨਹ ਜੋਰੁ॥

ਅਨੁਵਾਦ

ਪਣੇ ਬਲ ਰਾਹੀ ਇਹ ਬੰਦਾ, ਨ ਕੁਝ ਜਗ ਤੇ ਕਰ ਸਕਦਾ ਹੈ।
ਾ ਨਾਲ ਮਿਲਦਾ ਨਹੀਂ ਜੀਵਨ, ਜੋਰ ਨਾਲ ਨਾ ਮਰ ਸਕਦਾ ਹੈ।

ਮੂਲ

ਜੋਰੁ ਨ ਰਾਜਿ ਮਾਲਿ ਮਨਿ ਸੋਰੁ॥

ਅਨੁਵਾਦ

ਰਾਜ ਭਾਗ ਮਿਲਦੇ ਨਹੀਂ ਜੋਰੀ, ਨਾ ਹੀ ਮਿਲਦਾ ਹੈ ਕੁਝ ਹੋਰ।
ਧਨ, ਦੌਲਤ ਦੀ ਖਾਤਰ ਮਨ ਵਿਚ, ਮਚਿਆ ਰਹਿੰਦਾ ਹਰਦਮ ਸ਼ੋਰ।

ਮੂਲ

ਜੋਰੁ ਨ ਸੁਰਤੀ, ਗਿਆਨਿ ਵੀਚਾਰਿ॥

ਅਨੁਵਾਦ

ਜ਼ੋਰ ਨਾਲ ਨਾ ਆਉਂਦੀ ਸੋਝੀ, ਨਾ ਹੀ ਆਉਂਦੀ ਗਿਆਨ ਵਿਚਾਰ।
ਜ਼ੋਰ ਨਾਲ ਜੇ ਕੁਝ ਹੋ ਸਕਦਾ, ਕਾਹਤੋਂ ਖਾਂਦਾ ਪੰਡਤ ਹਾਰ।

ਮੂਲ

ਜੋਰ ਨ ਜੁਗਤੀ ਛੁਟੈ ਸੰਸਾਰੁ॥

ਅਨੁਵਾਦ

ਜ਼ੋਰ ਨਾਲ ਨਾ ਜੁਗਤੀ ਰਾਹੀਂ, ਪ੍ਰਾਨੀ ਕੁਝ ਵੀ ਪਾ ਸਕਦਾ ਹੈ।
ਇਸ ਦੁਨੀਆਂ ਤੋਂ ਆਪਣੇ ਬਲ ਥੀਂ, ਨਾ ਕੋਈ ਪਿਆਰੇ ਜਾ ਸਕਦਾ ਹੈ।

ਮੂਲ

ਜਿਸੁ ਹਥਿ ਜੋਰੁ, ਕਰਿ ਵੇਖੈ ਸੋਇ॥

ਅਨੁਵਾਦ

ਜ਼ੋਰਾਵਰ ਜੇਕਰ ਕੋਈ ਪ੍ਰਾਨੀ, ਚਾਹਵੇ ਅਪਣਾ ਜ਼ੋਰ ਵਿਖਾਉਣਾ।
ਉਸ ਦਾ ਨਿਰਾ ਭੁਲੇਖਾ ਹੈ ਇਹ, ਹੋਣਾ ਉਹੋ ਜੋ ਪ੍ਰਭ ਨੂੰ ਭਾਉਣਾ।

ਮੂਲ

ਨਾਨਕ, ਉਤਮੁ ਨੀਚੁ ਨ ਕੋਇ॥੩੩॥

ਅਨੁਵਾਦ

ਉਤਮੁ ਨੀਚ ਨਹੀਂ ਇਸ ਜਗ ਤੇ, ਬਲ ਆਪਣੇ ਥੀ ਬਣਿਆ ਜਾਵੇ।
ਸਤਿਗੁਰ ਕਹਿਣ ਬਣੇ ਉਹ ਪ੍ਰਾਣੀ, ਜੋ ਕੁਝ ਪ੍ਰਭੂ ਬਣਾਉਣਾ ਚਾਹਵੇ।

ਪੰਡਿਤ ਗਿਆਨ ਚਰਚਾ ਵਿਚ ਹਾਰ ਖਾ ਕੇ ਰੋਂਦਾ ਹੈ। ਯਥਾ-
ਪੰਡਿਤ ਰੋਵਹਿ ਗਿਆਨੁ ਗਵਾਇ॥ ਸਲੋਕ ਮ: ੧॥

ਚੌਤੀਵੀਂ ਪਉੜੀ

ਮੂਲ

ਰਾਤੀ, ਰੁਤੀ, ਥਿਤੀ, ਵਾਰ॥

ਪਵਣ, ਪਾਣੀ, ਅਗਨੀ, ਪਾਤਾਲ॥

ਅਨੁਵਾਦ

ਰਾਤਾਂ ਰੁਤਾਂ ਥਿਤਾਂ ਵਾਰ, ਪੌਣ ਪਾਣੀ ਅਗਨੀ ਪਾਤਾਲ।
ਇਹ ਸਾਰਾ ਰਚਿਆ ਪਾਸਾਰਾ, ਮੇਰੇ ਸਤਿਗੁਰ ਪੁਰਖ ਅਕਾਲ।

ਮੂਲ

ਤਿਸੁ ਵਿਚਿ, ਧਰਤੀ ਥਾਪਿ ਰਖੀ ਧਰਮਸਾਲ॥

ਤਿਸੁ ਵਿਚਿ, ਜੀਅ ਜੁਗਤਿ ਕੇ ਰੰਗ॥

ਅਨੁਵਾਦ

ਜਪ ਤਪ ਨੇਮ ਧਰਮ ਦੀ ਖਾਤਰ, ਇਹ ਧਰਤੀ ਸਾਜੀ ਕਰਤਾਰ।
ਕਈ ਰੰਗਾਂ ਦੇ ਜੀਵ ਜੁਗਤ ਥੀ, ਇਸ ਵਿਚ ਸਾਜੇ ਸਾਜਨਹਾਰ।

ਮੂਲ

ਤਿਨਕੇ ਨਾਮ, ਅਨੇਕ ਅਨੰਤ॥

ਅਨੁਵਾਦ

ਨਾਮ ਉਹਨਾਂ ਦੇ ਹੈਨ ਅਨੇਕਾਂ, ਗਿਣਤੀ ਦਾ ਨਾ ਕੋਈ ਸ਼ੁਮਾਰ।
ਪੁਰਸ਼, ਪਸ਼ੂ, ਤੇ ਕੀੜੇ, ਫਲ ਬੂਟੇ ਨੇ ਬਹੁ ਪ੍ਰਕਾਰ।

ਮੂਲ

ਕਰਮੀ, ਕਰਮੀ ਹੋਇ ਵੀਚਾਰੁ॥

ਸਚਾ ਆਪਿ, ਸਚਾ ਦਰਬਾਰੁ॥

ਅਨੁਵਾਦ

ਹਰ ਇਕ ਜੀਵ ਦੀ ਆਪੋ ਆਪਣੇ, ਕਰਮਾਂ ਰਾਹੀਂ ਹੋਏ ਵੀਚਾਰ।
ਸੱਚਾ ਸਤਿਗੁਰ ਆਪ ਹੈ ਪਿਆਰੇ, ਸੱਚਾ ਹੈ ਉਸਦਾ ਦਰਬਾਰ।

ਮੂਲ

ਤਿਥੈ ਸੋਹਨਿ, ਪੰਚ ਪਰਵਾਣੁ॥

ਨਦਰੀ ਕਰਮਿ, ਪਵੈ ਨੀਸਾਣੁ॥

ਅਨੁਵਾਦ

ਸੋਭਣ ਉਹ ਸਾਧੂ ਜਨ ਉਥੇ, ਕਰਦੈ ਪ੍ਰਭ ਜਿਸ ਨੂੰ ਪਰਵਾਨ।
ਵਡਿਆਈ ਦੀ ਬਖਸ਼ ਨਿਸ਼ਾਨੀ, ਦੇਂਦੈ ਹੈ ਉਹਨਾਂ ਨੂੰ ਮਾਨ।

ਮੂਲ

ਕਚ ਪਕਾਈ, ਓਥੈ ਪਾਇ॥

ਨਾਨਕ, ਗਇਆ, ਜਾਪੈ ਜਾਇ॥੩੪॥

ਅਨੁਵਾਦ

ਕੱਚੇ ਪੱਕੇ ਸਾਰੇ ਉਸਦੇ, ਦਰ ਤੇ ਜਾਣੋਂ ਪਰਖੇ ਜਾਣ।
ਨੂਰੀ ਪ੍ਰਭ ਦੀ ਦਰਗਾਹ ਅੰਦਰ, ਭਲੇ ਬੁਰੇ ਦੀ ਹੋਏ ਪਛਾਣ।

ਪੈਂਤਵੀਂ ਪਉੜੀ

ਮੂਲ

ਧਰਮ ਖੰਡ ਕਾ ਏਹੋ ਧਰਮੁ॥

ਅਨੁਵਾਦ

ਧਰਮ ਖੰਡ ਦਾ ਇਹੋ ਧਰਮ ਹੈ, ਜ ਮੇਰੇ ਸਤਿਗੁਰ ਫੁਰਮਾਵਨ।
ਜੈਸਾ ਕਰਮ ਕਰੇ ਕੋਈ ਜਾਣੋਂ, ਵੈਸਾ ਹੀ ਉਹ ਜਨ ਫਲ ਪਾਵਨ।

ਮੂਲ

ਗਿਆਨ ਖੰਡ ਕਾ ਆਖਹੁ ਕਰਮੁ॥

ਅਨੁਵਾਦ

ਗਿਆਨ ਖੰਡ ਦਾ ਅਗਲਾ ਕਰਤਬ, ਆਖ ਰਹੇ ਇਉਂ ਸਤਿਗੁਰ ਭਾਈ।
ਗਿਆਨ ਪ੍ਰਭੂ ਦਾ ਪਾ ਕੇ ਪ੍ਰਾਨੀ, ਰਹੇ ਸੁਚੇਤ ਸਦਾ ਸੁਖਦਾਈ।

ਮੂਲ

ਕੇਤੇ ਪਵਣ ਪਾਣੀ ਵੈਸੰਤਰ ਕੇਤੇ ਕਾਨ ਮਹੇਸ॥

ਅਨੁਵਾਦ

ਐ ਪ੍ਰਭ ਤੇਰੀ ਰਚਨਾ ਅੰਦਰ, ਪੌਣ ਪਾਣੀ ਕਈ ਅਗਾਂ ਪਿਆਰੇ।
ਕ੍ਰਿਸ਼ਨ ਅਤੇ ਸ਼ਿਵਜੀ ਵੀ ਕਿਤਨੇ, ਸਾਜੇ ਨੇ ਪ੍ਰਭ ਸਾਜਨਹਾਰੇ।

ਮੂਲ

ਕੇਤੇ ਬਰਮੇ ਘਾੜਤਿ ਘੜੀਅਹਿ ਰੂਪ ਰੰਗ ਕੇ ਵੇਸ॥

ਅਨੁਵਾਦ

ਐ ਪ੍ਰਭ ਤੇਰੇ ਹੁਕਮ ਦੇ ਅੰਦਰ, ਘੜ ਹੋਵਣ ਕਈ ਬਰ੍ਹਮਾਂ ਪਿਆਰੇ।
ਜਿਨ੍ਹਾਂ ਦੇ ਰੰਗ ਰੂਪ ਵੇਸ ਸਭ, ਭਾਂਤ ਭਾਂਤ ਦੇ ਨਿਆਰੇ ਨਿਆਰੇ।

ਮੂਲ

ਕੇਤੀਆ ਕਰਮ ਭੂਮੀ ਮੇਰੁ ਕੇਤੇ ਕੇਤੇ ਧੂ ਉਪਦੇਸ॥

ਅਨੁਵਾਦ

ਕਿਨੀਆਂ ਕਰਮਾਂ ਦੀਆਂ ਭੂਮੀਆਂ, ਕਈ ਤਰ੍ਹਾਂ ਦੇ ਪਰਬਤ ਭਾਰੇ।
ਨਾਰਦ ਜਿਹੇ ਉਪਦੇਸ਼ਕ ਕਿਤਨੇ, ਧਰੂ ਵਾਂਗ ਕਈ ਸੇਵਕ ਪਿਆਰੇ।

ਮੂਲ

ਕੇਤੇ ਇੰਦ ਚੰਦ ਸੂਰ ਕੇਤੇ ਕੇਤੇ ਮੰਡਲ ਦੇਸ॥

ਅਨੁਵਾਦ

ਇੰਦਰ ਜਿਹੇ ਦੇਵਤੇ ਕਿਤਨੇ, ਚੰਦ ਸੂਰਜ ਵੀ ਕਿਤਨੇ ਜਾਣੋ।
ਕਿਤਨੇ ਹੈਨ ਅਕਾਸ਼ੀ ਮੰਡਲ, ਦੇਸ਼ ਵੀ ਪਿਆਰੇ ਕਈ ਪਛਾਣੋਂ।

ਮੂਲ

ਕੇਤੇ ਸਿਧ ਬੁਧ ਨਾਥ, ਕੇਤੇ ਕੇਤੇ ਦੇਵੀ ਵੇਸ॥

ਅਨੁਵਾਦ

ਸਿਧ ਅਨੇਕਾਂ ਸਿਧੀਆਂ ਵਾਲੇ, ਬੁਧ ਅਤੇ ਕਈ ਨਾਥ ਪਿਆਰੇ।
ਦੇਵੀ ਦੇ ਨੇ ਵੇਸ ਅਨੇਕਾਂ, ਇਕ ਦੂਜੇ ਤੋਂ ਬਿਲਕੁਲ ਨਿਆਰੇ।

ਮੂਲ

ਕੇਤੇ ਦੇਵ ਦਾਨਵ ਮੁਨਿ ਕੇਤੇ, ਕੇਤੇ ਰਤਨ ਸਮੁੰਦ॥

ਅਨੁਵਾਦ

ਕਿਤਨੇ ਹੀ ਨੇ ਦੈਂਤ ਦੇਵਤੇ, ਮੁਨੀ ਜਨਾਂ ਦਾ ਨਹੀਂ ਸ਼ੁਮਾਰ।
ਰਤਨਾਂ ਦੇ ਸਾਗਰ ਨੇ ਕਿਤਨੇ, ਰਤਨ ਜਿਨ੍ਹਾਂ ਵਿਚ ਬਹੁ ਪ੍ਰਕਾਰ।

ਮੂਲ

ਕੇਤੀਆ ਖਾਣੀ, ਕੇਤੀਆ ਬਾਣੀ, ਕੇਤੇ ਪਾਤ ਨਰਿੰਦ॥

ਅਨੁਵਾਦ

ਖਾਣੀਆਂ ਵਿਚ ਬੇਅੰਤ ਜੀਵ ਨੇ, ਬੋਲੀਆਂ ਦਾ ਨਹੀਂ ਕੋਈ ਸ਼ੁਮਾਰ।
ਕਿਤਨੇ ਰਾਜ ਸਿੰਘਾਸਨ ਬੈਠੇ, ਸੋਭ ਰਹੇ ਕਈ ਸ਼ਾਹ ਦਾਤਾਰ।

ਮੂਲ

ਕੇਤੀਆ ਸੁਰਤੀ ਸੇਵਕ ਕੇਤੇ, ਨਾਨਕ ਅੰਤੁ ਨ ਅੰਤੁ॥੩੫॥

ਅਨੁਵਾਦ

ਕਿਤਨੀਆਂ ਹੀ ਨੇ ਬੇਦ ਸੁਰਤੀਆਂ, ਪੂਜਣ ਹਾਰ ਇਹਨਾਂ ਦੇ ਭਾਰੀ।
ਸਤਿਗੁਰ ਦਾ ਫੁਰਮਾਨ ਇਹ ਨੂਰੀ, ਇਹਨਾਂ ਦੀ ਨਾਂ ਹੋਏ ਸ਼ੁਮਾਰੀ।

ਛੱਤੀਵੀਂ ਪਉੜੀ

ਮੂਲ

ਗਿਆਨ ਖੰਡ ਮਹਿ ਗਿਆਨੁ ਪਰਚੰਡੁ ॥

ਤਿਥੈ ਨਾਦ ਬਿਨੋਦ ਕੋਡ ਅਨੰਦੁ ॥

ਅਨੁਵਾਦ

ਗਿਆਨ ਖੰਡ ਵਿਚ ਗਿਆਨ ਪ੍ਰਭੂ ਦਾ, ਰੌਸ਼ਨ ਹੁੰਦਾ ਪਿਆਰੇ ਨੂਰ।
ਰਾਗ, ਤਮਾਸ਼ੇ ਖੇਡਾਂ ਸਦਕੇ, ਪ੍ਰਾਨੀ ਰਹੇ ਸੁੱਖੀ ਭਰਪੂਰ।

ਮੂਲ

ਸਰਮ ਖੰਡ ਕੀ ਬਾਣੀ ਰੂਪੁ ॥

ਤਿਥੈ ਘਾੜਤਿ ਘੜੀਐ ਬਹੁਤੁ ਅਨੂਪੁ ॥

ਅਨੁਵਾਦ

ਸੇਵਾ ਭਾਵ ਨਿਮਰਤਾ ਰਾਹੀਂ, ਮਨ ਬਣਦਾ ਹੈ ਸੁੰਦਰ ਜਾਣੋਂ।
ਰੂਹ ਨੂੰ ਬਖਸ਼ੇ ਰੂਪ ਉਹ ਜਿਥੇ, ਘੜਨੇ ਹਾਰਾ ਪ੍ਰਭੂ ਪਛਾਣੋਂ।

ਮੂਲ

ਤਾ ਕੀਆ ਗਲਾ ਕਥੀਆ ਨ ਜਾਹਿ ॥

ਜੇ ਕੋ ਕਹੈ ਪਿਛੈ ਪਛੁਤਾਇ ॥

ਅਨੁਵਾਦ

ਉਸ ਖੰਡ ਦੀਆਂ ਗੱਲਾਂ ਪਿਆਰੇ, ਕਿਹੜਾ ਹੈ ਜੋ ਆਖ ਸੁਣਾਵੇ।
ਜੇ ਕੋਈ ਕੋਸ਼ਿਸ਼ ਕਰੇ ਕਹਿਣ ਦੀ, ਉਹ ਨਰ ਅਗੋਂ ਮੂੰਹ ਦੀ ਖਾਵੇ।

ਮੂਲ

ਤਿਥੈ ਘੜੀਐ ਸੁਰਤਿ ਮਤਿ ਮਨਿ ਬੁਧਿ ॥

ਤਿਥੈ ਘੜੀਐ ਸੁਰਾ ਸਿਧਾ ਕੀ ਸੁਧਿ ॥੩੬॥

ਅਨੁਵਾਦ

ਉਸ ਥਾਂ ਘੜ ਹੋ ਕੇ ਹੋਵਣ, ਸੁਰਤ, ਮਤ, ਮਨ, ਬੁਧ ਵਿਸ਼ਾਲ।
ਦੇਵਤਿਆਂ ਤੇ ਸਿਧਾਂ ਵਾਲੀ, ਸੋਝੀ ਸਤਿਗੁਰ ਘੜੇ ਕਮਾਲ।

ਸੈਂਤੀਵੀਂ ਪਉੜੀ

ਮੂਲ

ਕਰਮ ਖੰਡ ਕੀ ਬਾਣੀ ਜੋਰੁ॥ ਤਿਥੈ ਹੋਰੁ ਨ ਕੋਈ ਹੋਰੁ॥

ਅਨੁਵਾਦ

ਬਖਸ਼ਿਸ਼ ਮੇਹਰ ਦੀ ਬਾਣੀ ਸਦਕੇ, ਮਨ ਬਣਦਾ ਸੁੰਦਰ ਬਲਵਾਨ।
ਆਤਮ ਬਲੀਏ ਕੇਵਲ ਓਥੇ, ਹੋਰ ਨਹੀਂ ਦੂਜਾ ਇਨਸਾਨ।

ਮੂਲ

ਤਿਥੈ ਜੋਧ ਮਹਾਬਲ ਸੂਰ॥
ਤਿਨ ਮਹਿ ਰਾਮੁ ਰਹਿਆ ਭਰਪੂਰ॥

ਅਨੁਵਾਦ

ਜੋਧੇ ਮਹਾਂ ਬਲੀ ਸਭ ਉਥੇ, ਗਿਆਨ ਖੰਡ ਦੇ ਜਾਣੋਂ ਵਾਸੀ।
ਰੋਮ ਰੋਮ ਉਹਨਾਂ ਦੇ ਵਸਦਾ, 'ਨੂਰੀ' ਸਤਿਗੁਰ ਪ੍ਰਭੂ ਅਬਨਾਸੀ।

ਮੂਲ

ਤਿਥੈ ਸੀਤੋ ਸੀਤਾ ਮਹਿਮਾ ਮਾਹਿ॥
ਤਾ ਕੇ ਰੂਪ ਨ ਕਥਨੇ ਜਾਹਿ॥

ਅਨੁਵਾਦ

ਪ੍ਰਭੂ ਰਾਮ ਦੀ ਪ੍ਰੀਤ ਦੇ ਅੰਦਰ, ਸੀਤਾ ਵਾਂਗ ਉਹ ਸੀਤੇ ਜਾਣ।
ਉਹਨਾਂ ਦੇ ਹਿਰਦੇ ਅਤਿ ਸੁੰਦਰ, ਕਿਹੜਾ ਜੋ ਕਰ ਸਕੇ ਬਿਆਨ।

ਮੂਲ

ਨਾ ਓਹਿ ਮਰਹਿ ਨ ਠਾਗੇ ਜਾਹਿ॥
ਜਿਨ ਕੈ ਰਾਮੁ ਵਸੈ ਮਨ ਮਾਹਿ॥

ਅਨੁਵਾਦ

ਮਰਨ ਜਨਮ ਵਿਚ ਉਹ ਨਹੀਂ ਆਉਂਦੇ, ਨ ਉਹ ਠਗ ਹੁੰਦੇ ਸਰਕਾਰ।
ਜਿਨ੍ਹਾਂ ਦੇ ਹਿਰਦੇ ਵਿਚ ਵਸਦਾ, ਪ੍ਰਭੂ ਰਾਮ ਦਾ ਨੂਰੀ ਪਿਆਰ।

ਮੂਲ

ਤਿਥੈ ਭਗਤ ਵਸਹਿ ਕੇ ਲੋਅ॥
ਕਰਹਿ ਅਨੰਦੁ ਸਚਾ ਮਨਿ ਸੋਇ॥

ਅਨੁਵਾਦ

ਕਈ ਲੋਕਾਂ ਦੇ ਭਗਤ ਅਨੇਕਾਂ, ਵਸਦੇ ਨੇ ਉਸ ਖੰਡ ਪਿਆਰੇ।
ਕਰਨ ਅਨੰਦ ਸਦਾ ਉਹ ਹਰ ਦਮ, ਹਿਰਦੇ ਸੱਚਾ ਸਤਿਗੁਰ ਧਾਰੇ।

ਮੂਲ

ਸਚ ਖੰਡਿ ਵਸੈ ਨਿਰੰਕਾਰੁ॥

ਕਰਿ ਕਰਿ ਵੇਖੈ ਨਦਰਿ ਨਿਹਾਲ॥

ਅਨੁਵਾਦ

ਸਚ ਖੰਡ ਵਿਚ ਵਾਸਾ ਰਖਦਾ, ਆਪ ਪ੍ਰਭੂ ਨੂਰੀ ਨਿਰੰਕਾਰ।
ਹਰ ਇਕ ਤੇ ਬਖਸ਼ਿਸ਼ ਕਰ ਆਪਣੀ, ਵੇਖ ਵੇਖ ਹੁੰਦਾ ਸਰਸ਼ਾਰ।

ਮੂਲ

ਤਿਥੈ ਖੰਡ ਮੰਡਲ ਵਰਭੰਡ॥ ਜੇ ਕੋ ਕਥੈ ਤ ਅੰਤ ਨ ਅੰਤ॥

ਅਨੁਵਾਦ

ਖੰਡ ਮੰਡਲ ਬ੍ਰਹਿਮੰਡ ਕਈ ਓਥੇ, ਸਾਜੇ ਨੇ ਪ੍ਰਭ ਸਾਜਨਹਾਰ।
ਜੇ ਕੋਈ ਉਸ ਬਾਰੇ ਕੁਝ ਆਖੇ, ਆ ਸਕਤਾ ਨਹੀਂ ਅੰਤ ਸ਼ੁਮਾਰ।

ਮੂਲ

ਤਿਥੈ ਲੋਅ ਲੋਅ ਆਕਾਰ॥

ਜਿਵ ਜਿਵ ਹੁਕਮੁ ਤਿਵੈ ਤਿਵ ਕਾਰ॥

ਅਨੁਵਾਦ

ਕਈ ਲੋਕ ਤੇ ਭਵਨ ਅਨੇਕਾਂ, ਸਾਜੇ ਨੇ ਪ੍ਰਭ ਸਾਜਨਹਾਰ।
ਜੋ ਜੋ ਹੁਕਮ ਪ੍ਰਭੂ ਦਾ ਹੁੰਦਾ, ਸੋ ਸੋ ਚਲਦੀ ਉਥੇ ਕਾਰ।

ਮੂਲ

ਵੇਖੈ ਵਿਗਸੈ ਕਰਿ ਵੀਚਾਰੁ॥

ਨਾਨਕ ਕਥਨਾ ਕਰੜਾ ਸਾਰੁ॥੩੭॥

ਅਨੁਵਾਦ

ਵੇਖ ਵੇਖ ਸਚ ਖੰਡ ਦਾ ਵਾਸੀ, ਖੁਸ਼ ਹੋ ਹੋ ਕੇ ਕਰੇ ਵਿਚਾਰ।
ਸਤਿਗੁਰ ਕਹਿਣ ਉਸ ਬਾਰੇ ਕਹਿਣਾ, ਲੋਹੇ ਵਾਂਗ ਸਖਤ ਸਰਕਾਰ।

ਅਠੱਤੀਵੀਂ ਪਉੜੀ

ਮੂਲ

ਜਤੁ ਪਾਹਾਰਾ ਧੀਰਜੁ ਸੁਨਿਆਰੁ॥

ਅਹਰਣਿ ਮਤਿ ਵੇਦੁ ਹਥੀਆਰੁ॥

ਅਨੁਵਾਦ

ਜਤ ਨੂੰ ਜਾਣ ਪਿਆਰੇ ਭੱਠੀ, ਧੀਰਜ ਨੂੰ ਜਾਣੋਂ ਸੁਨਿਆਰ।
ਮਤ ਨੂੰ ਅਹਿਰਣ ਜਾਣ ਪਿਆਰੇ, ਗਿਆਨ ਪ੍ਰਭੂ ਜਾਣੋਂ ਹਥਿਆਰ।

ਮੂਲ

ਭਉ ਖਲਾ ਅਗਨਿ ਤਪ ਤਾਉ॥

ਭਾਂਡਾ ਭਾਉ ਅੰਮ੍ਰਿਤ ਤਿਤੁ ਢਾਲਿ॥

ਅਨੁਵਾਦ

ਖੌਫ ਪ੍ਰਭੂ ਦਾ ਜਾਣ ਧੌਂਕਣੀ, ਪ੍ਰਭ ਸਿਮਰਨ ਅਗਨੀ ਟਕਸਾਲ।
ਪ੍ਰੇਮ ਦਾ ਭਾਂਡਾ ਜਾਣ ਕੁਠਾਲੀ, ਨਾਮ ਰੂਪ ਅੰਮ੍ਰਿਤ ਨੂੰ ਢਾਲ।

ਮੂਲ

ਘੜੀਐ ਸਬਦੁ ਸਚੀ ਟਕਸਾਲ॥

ਜਿਨ ਕਉ ਨਦਰਿ ਕਰਮੁ ਤਿਨ ਕਾਰ॥

ਅਨੁਵਾਦ

ਸਿੱਕਾ ਗੁਰ ਉਪਦੇਸ਼ ਘੜਨ ਲਈ, ਸੱਚੀ ਇਹ ਘੜੀਏ ਟਕਸਾਲ।
ਇਹ ਕਰਮ ਕਰਦਾ ਉਹ ਪ੍ਰਾਨੀ, ਸਤਿਗੁਰ ਜਿਸਤੇ ਹੋਏ ਦਿਆਲ।

ਮੂਲ

ਨਾਨਕ ਨਦਰੀ ਨਦਰਿ ਨਿਹਾਲ॥੩੮॥

ਅਨੁਵਾਦ

ਜਨਮ ਮਰਨ ਦੇ ਬੰਧਨ ਕਟਕੇ, ਨੂਰੀ ਸਤਿਗੁਰ ਕਰੇ ਕਮਾਲ।
ਨਜ਼ਰ ਮੇਹਰ ਦੀ ਪਾ ਕੇ ਉਸ ਤੇ, ਕਰ ਦਏ ਨਦਰੋ ਨਿਹਾਲ।

ਸਲੋਕੁ ॥

ਮੂਲ

ਪਵਣੁ ਗੁਰੂ ਪਾਣੀ ਪਿਤਾ, ਮਾਤਾ ਧਰਤਿ ਮਹਤੁ ॥
ਦਿਵਸੁ ਰਾਤਿ ਦੁਇ ਦਾਈ ਦਾਇਆ, ਖੇਲੈ ਸਗਲ ਜਗਤੁ ॥

ਅਨੁਵਾਦ

ਪੌਣ ਗੁਰੂ ਹੈ ਬਾਪ ਹੈ ਪਾਣੀ, ਵਡੀ ਮਾਂ ਧਰਤੀ ਨੂੰ ਜਾਣ।
ਦਾਈ ਰਾਤ ਖਿਲਾਫਾ ਦਿਨ ਹੈ, ਖੇਲ ਰਿਹਾ ਸਭ ਜਗਤ ਪਛਾਣ।

ਮੂਲ

ਚੰਗਿਆਈਆ ਬੁਰਿਆਈਆ ਵਾਚੈ ਧਰਮੁ ਹਦੂਰਿ ॥
ਕਰਮੀ ਆਪੋ ਆਪਣੀ ਕੇ ਨੇੜੈ ਕੇ ਦੂਰਿ ॥

ਅਨੁਵਾਦ

ਚੰਗੇ ਮੰਦੇ ਪਰਖੇ ਜਾਂਦੇ, ਧਰਮ ਰਾਜ ਦੇ ਦਰ ਤੇ ਜਾ ਕੇ।
ਅਮਲਾਂ ਤੋਂ ਇਕ ਹਟਾਉਂਦੈ, ਇਕ ਰਖਦਾ ਉਹ ਗਲੇ ਲਗਾਕੇ।

ਮੂਲ

ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ ॥
ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ ॥੧॥

ਅਨੁਵਾਦ

ਜਿਸ ਜਨ ਪ੍ਰਭ ਦਾ ਸਿਮਰਨ ਕੀਤਾ, ਉਹ ਜਨ ਮਿਹਨਤ ਸਫਲੀ ਕਰ ਗਏ।
ਨੂਰ ਉਹਨਾਂ ਦੇ ਮੂੰਹ ਤੇ ਨੂਰੀ, ਨਾਲ ਉਹਨਾਂ ਕਈ ਪਾਪੀ ਤਰ ਗਏ।

੧੯

'ਸਲੋਕ' ਸਾਰੰਸ਼ ਅਤੇ ਸਿਧਾਂਤ

ਸੰਸਾਰਕ ਪੱਖ ਤੋਂ ਹਵਾ ਗੁਰੂ ਹੈ, ਹਰ ਜੀਵ ਹੈ ਗੁਰੂ ਸਹਾਰੇ।
ਪ੍ਰਾਣ ਹਵਾ ਜਦ ਤਕ ਨੇ ਰਹਿੰਦੇ, ਕਰੇ ਵਿਉਹਾਰ ਇਹ ਪ੍ਰਾਣੀ ਸਾਰੇ।

ਪ੍ਰਾਣ ਪੰਖੇਰੂ ਉੱਡ ਜਾਂਦਾ ਜਦ, ਖਤਮ ਖੇਲ ਸਾਰੀ ਹੋ ਜਾਵੇ।
ਪਤਾ ਨਹੀਂ ਇਹ ਕਿੱਥੇ ਜਾਵੇ, ਫਿਰ ਇਹ ਮੁੜਕੇ ਹੱਥ ਨਾ ਆਵੇ।

ਪ੍ਰਾਣ ਭਾਵੇਂ ਇਹ ਗੁਰੂ ਨਹੀਂ ਹਨ, ਸੰਕੇਤਕ ਰੂਪ 'ਚ ਗੁਰੂ ਫੁਰਮਾਉਂਦੇ।
ਹਵਾ ਬਿਨਾਂ ਹਰ ਜੀਵ ਜਗਤ ਤੇ, ਸਾਹ ਘੁੱਟ ਕੇ ਸਾਰੇ ਮਰ ਜਾਂਦੇ।

ਜੋ ਵੀ ਜੀਵ ਜਗਤ ਤੇ ਆਇਆ ਪਾਉਣ (ਹਵਾ) ਹੀ ਉਸਦਾ ਇਕ ਸਹਾਰਾ।
ਸਾਹ ਤੋਂ ਬਿਨਾਂ ਨਹੀਂ ਸੋਝੀ ਆਉਂਦੀ, ਜੀਵਨ ਵਿਚ ਨਾ ਆਏ ਹੁਲਾਰਾ।

ਏਸ ਤਰ੍ਹਾਂ ਹੀ ਗੁਰੂ ਦੇ ਬਾਝੋਂ, ਜਗਿਆਸੂ ਨਾ ਇਹ ਸੋਝੀ ਪਾਵੇ।
ਸੂਝ ਸਿਆਣਪ ਸਾਰੀ ਉਸਨੂੰ, ਪੂਰਨ ਗੁਰੂ ਹੀ ਇਕ ਸਿਖਾਵੇ।

ਇਸ ਲਈ ਹਵਾ ਨੂੰ ਗੁਰੂ ਨਾਨਕ ਜੀ, ਗੁਰੂ ਆਖ ਪਿਆਰੇ ਵਡਿਆਇਆ।
ਗੁਰੂ ਬਿਨਾਂ ਨਹੀਂ ਕਦੇ ਕਿਸੇ ਨੇ, ਭੇਦ ਏਸ ਕੁਦਰਤ ਦਾ ਪਾਇਆ।

ਪਾਣੀ ਪਿਤਾ ਏਸ ਲਈ ਕਹਿੰਦੇ, ਗੰਦੇ ਵੀਰਜ ਤੋਂ ਇਨਸਾਨ।
ਜੀਵ ਜਗਤ ਦੇ ਪੈਦਾ ਹੁੰਦੇ, ਕੀ ਨਿਰਧਨ ਤੇ ਕੀ ਧਨਵਾਨ।

ਧਰਤੀ ਵੱਡੀ ਮਾਤ ਆਖਿਆ, ਜਿਹੜੀ ਉਤਮ ਬੜੀ ਮਹਾਨ।
ਧਰਤੀ 'ਚੋਂ ਹੀ ਪੈਦਾ ਹੋਵਣ, ਖਾਣ, ਪੀਣ ਦਾ ਸਭ ਸਮਾਨ।

ਦਿਨ ਰਾਤ ਖਿਲਾਵੇ ਇਸ ਲਈ, ਸਤਿਗੁਰ ਨਾਨਕ ਜੀ ਫੁਰਮਾਵੇ।
ਦਿਨ ਪ੍ਰਾਨੀ ਨੂੰ ਖੇਡੀਂ ਲਾਵੇ, ਰਾਤ ਦਾਈ ਬਣ ਗੋਦ ਸੁਵਾਵੇ।

ਚੰਗੇ ਮੰਦ ਪਰਖੇ ਜਾਂਦੇ, ਧਰਮ ਰਾਜ ਦੇ ਪ੍ਰਜ ਦਰਬਾਰ।
ਪੁਛ ਪੜਤਾਲ ਹਰ ਇਕ ਦੀ ਹੁੰਦੀ, ਕੀਤੇ ਹੋਏ ਕਰਮਾਂ ਅਨੁਸਾਰ।

ਇਕਨਾ ਨੂੰ ਪ੍ਰਭ ਪਾਸ ਬਿਠਾਵੇ, ਇਕਨਾਂ ਨੂੰ ਦੇਵੇ ਧਿਤਕਾਰ।
ਯੋਗ ਸਜ਼ਾ ਹਰ ਇਕ ਨੂੰ ਮਿਲੰਦੀ, ਨੂਰੀ ਪ੍ਰਭ ਦੇ ਜਾ ਦਰਬਾਰ।

ਜੀਹਨਾਂ ਨੇ ਪ੍ਰਭ ਸਿਮਰਨ ਕੀਤਾ, ਉਹ ਸਫਲੀ ਕਰ ਘਾਨ ਗਏ ਨੇ।
ਹੋਰ ਅਨੇਕਾਂ ਉਹਨਾਂ ਸਹਾਰੇ, ਜੀਵ ਜਗਤ ਦੇ ਨਾਲ ਗਏ ਨੇ।

ਜਪੁਜੀ ਦੇ ਆਰੰਭ ਵਿਚ ਜਿਉਂ, ਆਦਿ ਸਚੁ, ਜਗਾਦੁ ਸਚ ਫੁਰਮਾਇਆ।
ਸਾਡੀ ਉਸ ਅਗਵਾਈ ਕਰਕੇ, ਜੀਵਨ ਸਚ ਦੇ ਮਾਰਗ ਪਾਇਆ।

ਅੰਤਿਮ ਸਲੋਕ ਵਿਚ ਵੀ ਸਤਿਗੁਰ, ਸਾਡੀ ਇਹ ਕਰਦੇ ਅਗਵਾਈ।
ਇਹ ਸਾਰਾ ਜੋ ਜਗਤ ਤਮਾਸ਼ਾ, ਇਹ ਪ੍ਰਭ ਹੈ ਇਕ ਖੇਡ ਬਣਾਈ।

ਪਵਣ, ਪਾਣੀ, ਧਰਤੀ, ਦਿਨ, ਰਾਤ, ਰੱਬੀ ਨੇਮ 'ਚ ਬੱਧੇ ਸਾਰੇ।
ਕਰਤਾ ਪੁਰਖ ਦੀ ਕਾਰ ਕਮਾਉਂਦੇ, ਜਾਂਦੇ ਉਸਦੇ ਸਦ ਬਲਹਾਰੇ।

ਅਗਿਆਨੀ, ਜੀਵ ਤਾਂ ਮਦਹੋਸ਼ੀ ਵਿਚ, ਜੀਵਨ ਦੇ ਦਿਨ ਰਾਤ ਗੁਜ਼ਾਰੇ।
ਆਪਣਾ ਮੂਲ ਭੁਲਾ ਕੇ ਮੂਰਖ, ਗੂੜ੍ਹੀ ਨੀਂਦੇ ਲਵੇ ·ਹੁਲਾਰੇ।

ਗੁਰੂ ਪਾਤਸ਼ਾਹ ਇਸ ਬਾਣੀ ਵਿਚ, ਬਹੁ ਮੁੱਲਾ ਦਿੱਤਾ ਉਪਦੇਸ਼।
ਪ੍ਰਾਨੀ ਉਸਦੀ ਯਾਦ 'ਚ ਜੁੜਕੇ, ਸਿਮਰਨ ਇਸਦਾ ਕਰੇ ਹਮੇਸ਼।

ਜਪ ਬਾਣੀ ਦਾ ਸਿਮਰਨ ਕਰਕੇ, ਨਾਮ ਪ੍ਰਭੂ ਦਾ ਚਿਤ ਵਸਾਉ।
ਜੀਵਨ ਨੂੰ ਇਉਂ ਸਫਲਾ ਕਰਕੇ, ਮੁਖ ਉਜਲ ਪ੍ਰਭ ਦੇ ਦਰ ਜਾਉ।

ੴ

ਖੰਡ

ਟੁਕੜਾ, ਹਿਸਾ, ਕੋਈ ਇਲਾਕਾ, ਜੰਗਲ ਜਾਂ ਅਸਥਾਨ।
ਸੰਸਕ੍ਰਿਤ ਦਾ ਖੰਡ ਸ਼ਬਦ ਇਹ, ਦਸਦੇ ਨੇ ਵਿਦਵਾਨ।

ਜਪੁਜੀ ਅੰਦਰ, ਗੁਰੂ ਨਾਨਕ ਜੀ, ਖੰਡ ਜੋ ਪੰਜ ਉਚਾਰੇ।
ਸਭ ਤੋਂ ਗੂੜ੍ਹ ਅੰਗ ਜਪੁਜੀ ਦਾ, ਇਸ ਨੂੰ ਜਾਣ ਪਿਆਰੇ।

ਟੀਕਾਕਾਰਾਂ ਤੇ ਵਿਦਵਾਨਾਂ, ਕੀਤੇ ਯਤਨ ਹਜ਼ਾਰਾਂ।
ਜਪੁਜੀ ਦੇ ਜਗਿਆਸੂਆਂ ਦੇ ਲਈ, ਇਹ ਨੇ ਅਜੇ ਵੰਗਾਰਾਂ।

ਧਰਮ ਖੰਡ

ਮਜ਼੍ਹਬ, ਦੀਨ, ਮਤ, ਸਚਾਈ, ਕਰਤਵ, ਫਰਜ਼, ਈਮਾਨ।
ਕੋਸ਼ ਦੇ ਵਿਚ ਇਹ ਅਰਥ ਧਰਮ ਦੇ, ਦਸਦੇ ਨੇ ਵਿਦਵਾਨ।

ਧਰਮ ਸ਼ੁਭ ਕਰਣੀਆਂ ਦਾ ਨਾਂ ਹੈ, ਜੋ ਇਸ ਨੂੰ ਅਪਨਾਵੇ।
ਲੋਕ ਪਰਲੋਕ ਉਹ ਦੋਂਹੀ ਜਹਾਨੀ, ਮੁਖ ਉਜਲਾ ਕਰਜਾਵੇ।

ਧਰਮੀ ਬੰਦਾ ਇਸ ਦੁਨੀਆ ਨੂੰ, ਗਹੁ ਦੇ ਨਾਲ ਵਿਚਾਰੇ।
ਦਰਸ਼ ਕਾਦਰ ਦੇ ਕੁਦਰਤ ਚੋਂ ਕਰ, ਜਾਂਦਾ ਹੈ ਬਲਹਾਰੇ।

ਧਰਮ ਖੰਡ ਵਿਚ ਰਚਨਾਂ ਦੀ ਵੰਡ, ਦੇਸ਼ ਕਾਲ ਅਨੁਸਾਰ।
ਪਉਣ, ਪਾਣੀ, ਰਾਤਾਂ ਤੇ ਰੁੱਤਾਂ, ਥਿਤਾਂ ਵਾਰ ਤਿਉਹਾਰ।

ਅਕਾਲ ਪੁਰਖ ਨੇ ਇਨਾਂ ਦੇ ਅੰਦਰ, ਧਰਤੀ ਸਾਜ ਕਮਾਲ।
ਧਰਮ ਕਮਾਉਣ ਲਈ ਰਚ ਦਿੱਤੀ ਹੈ, ਧਰਮ ਰੂਪ ਧਰਮਸ਼ਾਲ।

ਇਸ ਧਰਤੀ ਤੇ ਰੰਗ ਬਰੰਗੇ, ਜੀਵ, ਜੰਤੂ, ਰਚ, ਪਿਆਰੇ।
ਨਾਮ ਇਹਨਾਂ ਦੇ ਰਖ ਅਨੇਕਾਂ, ਜਾਵੇ ਪ੍ਰਭ ਬਲਹਾਰੇ।

ਦ੍ਰਿਸ਼ਟੀਮਾਨ ਇਹ ਖੰਡ ਧਰਮ ਦੇ, ਮਾਤ ਲੋਕ ਜੀਹਨੂੰ ਕਹਿੰਦੇ।
ਰਾਜਾ ਹੈ ਜਾਂ ਭਾਵੇਂ ਕੰਗਲਾ, ਸਭ ਇੱਥੇ ਹੀ ਰਹਿੰਦੇ।

ਧੁਰੋਂ ਪਈ ਹੋਈ ਕਿਰਤ ਦੇ ਸਦਕੇ, ਹਰ ਕੋਈ ਕਾਰ ਕਮਾਵੇ।
ਸਭ ਸ੍ਰਿਸ਼ਟੀ ਦੀਆਂ ਜ਼ਾਤਾਂ 'ਚੋਂ ਇਹ, ਬੰਦਾ ਮੁਖੀ ਕਹਾਵੇ।

ਅਵਰ ਜੋਨਿ ਤੇਰੀ ਪਨਿਹਾਰੀ। ਇਸੁ ਧਰਤੀ ਮਹਿ ਤੇਰੀ ਸਿਕਦਾਰੀ।
ਬਾਣੀ ਦੀ ਇਹ ਤੁਕ ਪਿਆਰੀ। ਗੁਰੂ ਅਰਜਨ ਜੀ ਖੂਬ ਉਚਾਰੀ।

ਗਿਆਨੀ ਤੂੰ ਵਿਦਵਾਨ ਏ ਭਾਰੀ, ਸਭ ਉੱਤੇ ਤੇਰੀ ਸਰਦਾਰੀ।
ਪਰ ਲੋਭ ਹੋਰਾਂ ਨੇ ਸੁਣ ਐ ਸਜਣਾਂ, ਮਤ ਤੇਰੀ ਸਮਝ ਹੈ ਮੇਰੀ।

ਜਦ ਇਹ ਪ੍ਰਾਨੀ ਆਪਣੀ ਸੁਰਤੀ, ਧਰਮ ਕਰਮ ਵਿਚ ਲਾਵੇ।
ਹਰ ਸ਼ੈ ਹੀ ਕਾਦਰ ਦੀ ਇਸਨੂੰ, ਕੁਝ ਕਰਦੀ ਨਜ਼ਰੀ ਆਵੇ।

ਜਿਸ ਨੂੰ ਤੱਕ ਕੇ ਮਨ ਵਿਚ ਇਸਦੇ, ਉਤਮ ਚਾਅ ਪ੍ਰਗਟਾਵੇ।
ਕਿ ਮੈਂ ਵੀ ਕੰਮ ਕਰਾਂ ਕੋਈ ਉਤਮ, ਖੁਸ਼ ਪਿਆਰਾ ਹੋ ਜਾਵੇ।

ਫਿਰ ਆਪਣੀ ਬਖਸ਼ਿਸ਼ ਦੀ ਪ੍ਰਭ ਮੈਨੂੰ, ਬਖਸ਼ੇ ਇਕ ਨਿਸ਼ਾਨੀ।
ਏਸ ਤਰ੍ਹਾਂ ਇਹ ਸਫਲ ਹੋ ਜਾਏ, ਮੇਰੀ ਵੀ ਜ਼ਿੰਦਗਾਨੀ।

ਏਸ ਬਾਤ ਦਾ ਨਿਰਣਾਂ ਪਿਆਰੇ, ਪ੍ਰਭ ਦਰਬਾਰੇ ਪਾਈਏ।
ਚੰਗਾ ਹੈ ਜਾਂ ਮੰਦਾ ਕਿਹੜਾ, ਉਥੇ ਈ ਪਰਖੇ ਜਾਈਏ।

ਧਰਮ ਖੰਡ ਵਿਚ ਏਸ ਬਾਤ ਦੀ, ਥਹੁ ਹੈ ਪ੍ਰਾਨੀ ਪਾਉਂਦਾ।
ਕਿ ਇਸ ਜਗ ਅੰਦਰ ਇਹ ਬੰਦਾ ਹੈ, ਕਿਸ ਮਕਸਦ ਲਈ ਆਉਂਦਾ।

ਸੁਣ ਉਪਦੇਸ਼ ਇਹ ਗੁਰੂ ਸਾਹਿਬ ਦਾ, ਸਮਝ ਇਹਨੂੰ ਇਹ ਆਈ।
ਬਹੁਤ ਜਨਮ, ਭਰਮਤ ਤੈ ਹਾਰਿਓ, ਅਸਥਿਰ ਮਤਿ ਨਹੀਂ ਪਾਈ।

ਕਰਮ ਰੂਪ ਇਹ ਸਚੀ ਧਰਤੀ, ਧਰਮ ਸਾਲ ਇਕ ਪਿਆਰੇ।
ਇਸ ਵਿਚ ਪ੍ਰਾਨੀ ਧਰਮੀ ਬਣਕੇ, ਨੂਰੀ ਵਕਤ ਗੁਜ਼ਾਰੇ।

ਗਿਆਨ ਖੰਡ

ਧਰਮ ਖੰਡ ਵਿਚ ਸ਼ੁਭ ਕਰਮਾਂ ਦੀ ਕੀਤੀ ਜੀਹਨੇ ਕਮਾਈ।
ਗਿਆਨ ਮੰਡਲ ਵਿਚ ਸੁਰਤ ਓਸਦੀ, ਆਣ ਉਡਾਰੀ ਲਾਈ।

ਆਤਮਕ ਉਨਤੀ ਦਾ ਹੈ ਜਾਣੋਂ, ਦੂਜਾ ਇਹ ਪੜਾਓ।
ਗਿਆਨਵਾਨ ਬਣਕੇ ਐ ਪ੍ਰਾਨੀ, ਸੁਰਤ ਏਸ ਵਿਚ ਲਾਓ।

ਧਰਮ ਖੰਡ ਵਿਚ ਏਸ ਬਾਤ ਦੀ, ਸੂਝ ਸਾਰੀ ਆ ਜਾਵੇ।
ਕੀਤੇ ਕਰਮਾਂ ਦਾ ਹੀ ਲੇਖਾ, ਪ੍ਰਾਨੀ ਜਾ ਕੇ ਪਾਵੇ।

ਸਤਿਗੁਰ ਦੀ ਬਖਸ਼ਿਸ਼ ਦਾ ਜਿਹੜਾ, ਪ੍ਰਾਪਤ ਕਰੇ ਨਿਸ਼ਾਨ।
ਉਹ ਪੰਚਾ ਵਿਚ ਗਿਣਿਆ ਜਾਂਦਾ, ਪ੍ਰਾਨੀ ਪੁਰਖ ਸੁਜਾਨ।

ਸੂਝ ਦੀਆਂ ਖੁਲ੍ਹ ਜਾਵਣ ਅੱਖਾਂ, ਨਾਮ ਦਾ ਕਰ ਅਭਿਆਸ।
ਜਗਿਆਸੂ ਦੀ ਸੁਰਤ ਜਾ ਪੁੱਜੇ, ਧੁਰ ਉਪਰ ਆਕਾਸ਼॥

ਬਿਰਤੀ ਨੂੰ ਫਿਰ ਉਥੇ ਜਾਕੇ, ਆਵੇ ਅਜਬ ਹੁਲਾਰਾ।
ਪਦਾਰਥ ਵਾਦ ਦਾ ਅੰਧਕਾਰ ਸਭ, ਉਡ ਜਾਏ ਜਿੱਥੇ ਸਾਰਾ।

ਸੂਰਜ ਜਿਵੇਂ ਹੈ ਪ੍ਰਗਿਟ ਹੋਕੇ, ਨ੍ਹੇਰਾ ਦੂਰ ਨਸਾਵੇ।
ਪ੍ਰਾਨੀ ਪ੍ਰਭ ਦੀ ਸਿਖਿਆ ਸੁਣ ਇਉਂ, ਦਿਬ ਦ੍ਰਿਸ਼ਟੀ ਨੂੰ ਪਾਵੇ।

ਮਨ ਦੀਆਂ ਸਭੇ ਕਲਪਨਾਵਾਂ ਤੇ, ਅਗਿਆਨਤਾ ਭੇਦ ਮਿਟਾਵੇ।
ਸਤਿਗੁਰ ਦੀ ਬਖਸ਼ਿਸ਼ ਤੋਂ ਪ੍ਰਾਨੀ, ਗਿਆਨ ਦੀ ਜੋਤ ਜਗਾਵੇ।

ਵਾਹੁ! ਵਾਹੁ ਤਦ ਮੂੰਹੋਂ ਨਿਕਲੇ, ਵਾਹਵਾ ਕਹੂ ਉਹ ਪਿਆਰਾ।
ਵਿਸਮਾਦ ਰੂਪ ਵਿਚ ਰੰਗਿਆ ਜਾਊ, ਤਨ ਮਨ ਉਸਦਾ ਸਾਰਾ।

ਗੁਰੂ ਗਿਆਨ ਦਾ ਦੀਵਾ ਉਸਦੇ, ਹਿਰਦੇ ਲਿਸ਼ਕਾਂ ਮਾਰੇ।
ਚਾਨਣ ਚਾਨਣ ਹੋਏ ਆਤਮਾਂ, ਤਨ ਮਨ ਤਾਂਈ ਠਾਰੇ।

ਕਿਸੇ ਵਸਤ ਦੀ ਗਿਣਤੀ ਮਿਣਤੀ, ਏਥੇ ਮਿੱਥੀ ਨ ਜਾਵੇ।
ਪਉਣ, ਪਾਣੀ, ਅਗਨੀ ਦਾ ਏਥੇ, ਅੰਤ ਨ ਕੋਈ ਆਵੇ।

ਸ਼ਿਵਜੀ, ਕ੍ਰਿਸ਼ਨ ਅਤੇ ਕਈ ਬ੍ਰਹਮੇਂ, ਵੇਸਾਂ ਰੂਪਾਂ ਵਾਲੇ।
ਸੂਰਜ, ਚੰਦ, ਦੇਵੀਆਂ, ਦੇਉਤੇ, ਰਿਸ਼ੀ ਮੁਨੀ ਵੀ ਬਾਹਲੇ।

ਸਮੇਰ ਪਰਬਤ ਬੇਅੰਤ ਭੂਮੀਆਂ, ਰਤਨ ਸਮੁੰਦਰ ਲੱਖਾਂ।
ਖਾਣੀਆਂ ਦਾ ਵੀ ਅੰਤ ਨਹੀਂ ਏਥੇ, ਵਖੋ ਵਖਰੀਆਂ ਦੱਖਾਂ।

ਰਾਜੇ ਸੇਵਕ ਅਤੇ ਦਾਸੀਆਂ, ਏਥੇ ਸੋਭਣ ਸਾਰੇ।
ਧਰੂ ਵਰਗੇ ਏਥੇ ਕਈ ਉਪਦੇਸ਼ਕ, ਜਾਣ ਪ੍ਰਭੂ ਦੇ ਵਾਰੇ।

ਮਨ ਅੰਦਰ ਆ ਪ੍ਰਾਨੀ ਏਥੇ, ਏਹੋ ਪਕੁ ਪਕਾਵੇ।
ਸਭ ਕੁਝ ਉਹੋ ਹੀ ਹੈ ਹੁੰਦਾ, ਜੋ ਪ੍ਰਭ ਨੂਰੀ ਚਾਹਵੇ।

ਕਰਮ ਸੁਕਰਮ ਕਰਾਏ ਆਪੇ, ਇਸ ਜੰਤੈ ਵਸਿ ਕਿਛ ਨਾਹਿ।
ਗਿਆਨ ਖੰਡ ਦੀ ਸੋਝੀ ਪ੍ਰਾਨੀ, ਇਸ ਮੰਡਲ ਆ ਪਾਹਿ।

ਸਰਮ ਖੰਡ

ਧਰਮ ਖੰਡ ਵਿਚ ਪ੍ਰਭ ਰਚਨਾ ਦਾ, ਹੋਇਆ ਬੜਾ ਗਿਆਨ।
ਜੀਵਾਂ ਦੇ ਕੰਮ ਕਾਰਾਂ ਬਾਰੇ, ਹੋਈ ਜਾਣ ਪਹਿਚਾਨ।

ਗਿਆਨ ਖੰਡ ਵਿਚ ਅਨੇਕਤਾ ਪ੍ਰਭ ਦੀ, ਹੋਈ ਜ਼ਾਹਰ ਪਿਆਰੇ।
ਬੇਅੰਤ ਖੁਸ਼ੀਆਂ ਦੇ ਏਸ ਖੰਡ ਅੰਦਰ, ਆਏ ਅਜ਼ਬ ਹੁਲਾਰੇ।

ਸਰਮ ਖੰਡ ਆਨੰਦ ਮਈ ਇਕ, ਮੰਡਲ ਜਾਣ ਪਿਆਰੇ।
ਇਸ ਮਾਇਕ ਖੁਸ਼ੀਆਂ ਦੇ ਏਥੇ, ਆਉਂਦੇ ਖ਼ੂਬ ਹੁਲਾਰੇ।

ਏਥੋਂ ਦੀ ਬੋਲੀ ਨੂੰ ਪਿਆਰੇ, ਨਿਰਾ ਰੂਪ ਹੀ ਜਾਣੋਂ।
ਖੁਸ਼ੀ ਅਨੰਦ ਚਾਅ ਵਿਚ ਖਿੜਿਆ ਹਿਰਦਾ ਸਦਾ ਪਛਾਣੋਂ।

ਮਾਇਆ ਦਾ ਮੋਹ ਪ੍ਰਾਣੀ ਤਾਂਈ, ਇਸ ਮੰਜਲ ਨਹੀਂ ਛਲਦਾ।
ਮਤਿ, ਮਨ, ਬੁਧ, ਅਜੇਹੇ, ਪਿਆਰਾ ਸੱਚੇ ਦੇ ਵਿਚ ਢਲਦਾ।

ਦ੍ਰਿਸ਼ਟੀ ਕੋਣ 'ਚ ਐਨਾ ਏਥੇ, ਪ੍ਰੀਵਰਤਣ ਆ ਜਾਵੇ।
ਪ੍ਰਭ ਦੇ ਸੁੰਦਰ ਰੂਪ 'ਚ ਅਜੇਹੇ, ਪਿਆਰਾ ਸੱਚੇ ਦੇ ਵਿਚ ਢਲਦਾ।

ਦ੍ਰਿਸ਼ਟੀ ਕੋਣ 'ਚ ਐਨਾ ਏਥੇ, ਪ੍ਰੀਵਰਤਣ ਆ ਜਾਵੇ।
ਪ੍ਰਭ ਦੇ ਸੁੰਦਰ ਰੂਪ 'ਚ ਪ੍ਰਾਨੀ, ਆਪਣਾ ਧਿਆਨ ਟਿਕਾਵੇ।

ਧਰਮ ਦੇ ਲਈ ਪ੍ਰਾਨੀ ਆਪਣੀ, ਦੇ ਸਕਦਾ ਕੁਰਬਾਨੀ।
ਡਾਂਗਾ ਦੀਆਂ ਮਾਰਾਂ ਨੂੰ ਜਾਣੇਂ, ਫੁੱਲਾਂ ਦੀ ਮੁਸਕਾਨੀ।

ਚਰਖੜੀਆਂ ਤੇ ਚੜ੍ਹਨਾ ਆਖੇ, ਸੁੱਖ ਅਨੰਦੀ ਮਾਣੇਂ।
ਇੰਜਣਾਂ ਥਲੇ ਸਿਰ ਦੇਵਣ ਨੂੰ, ਮਿੱਠਾ ਕਰਕੇ ਜਾਣੇਂ।

ਬਚਿਆਂ ਦੇ ਕਰਵਾਕੇ ਟੋਟੇ, ਹਾਰ ਗਲਾਂ ਵਿਚ ਪਾਵੇ।
ਤੇਰਾ ਭਾਣਾ ਮਿਠਾ ਲਗਦਾ, ਝੂਮ ਝੂਮ ਇਹ ਗਾਵੇ।

ਇਹ ਵਿਸਮਾਦ ਆਨੰਦੀ ਸੋਝੀ, ਗੁਰ ਕ੍ਰਿਪਾ ਤੋਂ ਆਈ।
ਧਰਮ ਦੀ ਖਾਤਰ ਜਿੰਦ ਵਾਰਨਾ, ਇਸ ਮੰਜ਼ਲ ਆ ਪਾਈ।

ਏਸ ਅਵਸਥਾ ਪੁਜ ਪ੍ਰਾਨੀ ਦੀ, ਇਕ ਇਛਿਆ ਰਹਿ ਜਾਵੇ।
ਜੋ ਧਰਮ ਖੰਡ ਤੋਂ ਨਾਲ ਏਸ ਦੇ, ਤੁਰਦੀ ਤੁਰਦੀ ਆਵੇ।

ਬਖਸ਼ਿਸ਼ ਦਾ ਨੀਸ਼ਾਨ ਅਮੁਲਾ, ਗੁਰ ਕ੍ਰਿਪਾ ਤੋਂ ਪਾਵਾਂ।
ਆਠਿ ਪਹਿਰ ਕਰ ਜੋੜ ਪਿਆਰੇ, ਤੇਰਾ ਸ਼ੁਕਰ ਮਨਾਵਾਂ।

ਕਰਮ ਖੰਡ

ਬਖਸ਼ਿਸ਼ ਵਾਲੇ ਖੰਡ ਦੀ ਬਾਣੀ, ਸ਼ਕਤੀਵਾਨ ਬੜੀ ਏ ਖਾਸ।
ਜੋਧੇ ਮਹਾਂਬਲੀ ਸੂਰਮੇ, ਏਸ ਮੰਡਲ ਵਿਚ ਕਰਨ ਨਿਵਾਸ।

ਸਰਬ ਵਿਆਪਕ ਪ੍ਰਭੂ ਰਾਮ ਇੱਕ, ਉਨ੍ਹਾਂ ਹੈ ਆਪਣੇ ਚਿਤ ਵਸਾਇਆ।
ਰੂਪ ਉਨ੍ਹਾਂ ਦਾ ਜਾਏ ਨਾਂ ਕਥਿਆ, ਭੇਤ ਉਨ੍ਹਾਂ ਦਾ ਜਾਏ ਨਾ ਪਾਇਆ।

ਮਰਦੇ ਨਹੀਂ ਨਾ ਜਾਣ ਉਹ ਠੱਗੇ, ਭੇਤ ਇਹ ਪ੍ਰਭ ਪਿਆਰੇ ਸਮਝਾਇਆ।
ਸਰਬ ਵਿਆਪਕ ਸੋਹਣੇ ਪ੍ਰਭ ਦਾ, ਇਹ ਜਾਣੋਂ ਸਾਰੇ ਸਰਮਾਇਆ।

ਕਈ ਲੋਕਾਂ ਦੇ ਭਗਤ ਨੇ ਉੱਥੇ, ਬੈਠੇ ਪ੍ਰਭ ਨੂੰ ਚਿੱਤ ਵਸਾ ਕੇ।
ਖੁਸ਼ੀਆਂ ਵਿਚ ਅਨੰਦ ਮਾਣਦੇ, ਪ੍ਰਭੂ ਰਾਮ ਸੰਗ ਪ੍ਰੀਤਾਂ ਪਾ ਕੇ।

ਇਸ ਖੰਡ ਖੁਦ ਨਿਰੰਕਾਰ ਬੈਠ ਕੇ, ਵੇਖੇ ਸਭ ਨੂੰ ਕਰੇ ਨਿਹਾਲ।
ਖੰਡ ਮੰਡਲ ਬ੍ਰਹਮੰਡ ਕਈ ਏਥੇ, ਦੱਸਣੇ ਜੋ ਨੇ ਬਹੁਤ ਮੁਹਾਲ।

ਕਈ ਤਰ੍ਹਾਂ ਦੇ ਦੇਸ਼ ਓਸ ਥਾਂ, ਕਈ ਤਰ੍ਹਾਂ ਦੇ ਨੇ ਆਕਾਰ।
ਜੋ-ਜੋ ਹੁਕਮ ਪ੍ਰਭੂ ਹੈ ਕਰਦਾ, ਉਹੋ ਹੀ ਉਹ ਕਰਦੇ ਨੇ ਕਾਰ।

ਹਰ ਇਕ ਨੂੰ ਵੇਖੇ ਖੁਸ਼ ਹੋਵੇ, ਹਰ ਇਕ ਦੀ ਉਹ ਕਰੇ ਵਿਚਾਰ।
ਸੱਚ ਖੰਡ ਬਾਰੇ ਕੁਝ ਦੱਸਣਾ, ਲੋਹੇ ਵਾਂਗ ਸਖਤ ਸਰਕਾਰ।

੧੯

ਸੱਚਖੰਡ

ਸੱਚ ਖੰਡ ਸੁਤੰਤਰ ਖੰਡ ਹੈ, ਇਹ ਕਿਸੇ ਦੇ ਤਹਿਤ ਨਾ ਆਵੇ।
ਏਸ ਖੰਡ ਦੀ ਸ਼ਕਤੀ ਹੈ ਜੋ, ਹੋਰਾਂ ਖੰਡਾਂ ਤਾਂਈਂ ਚਲਾਵੇ।

ਧਰਮ, ਗਿਆਨ, ਸਰਮ, ਕਰਮ ਖੰਡ, ਇਹ ਜੋ ਪਿਆਰੇ ਖੰਡ ਨੇ ਚਾਰੇ।
ਇਨ੍ਹਾਂ ਬਾਰੇ ਸਤਿਗੁਰ ਦੱਸਦੇ, ਸੱਚ ਖੰਡ ਦੇ ਅੰਗ ਨੇ ਸਾਰੇ।

ਕਰਮ ਖੰਡ ਇਹ ਸੱਚ ਖੰਡ ਦਾ, ਅੰਗ ਵਿਸ਼ੇਸ਼ ਇਸ ਨੂੰ ਜਾਣੋਂ।
ਬਾਂਕੇ ਨੈਣਾਂ ਵਾਲੇ ਪ੍ਰਭ ਦਾ, ਨਿੱਜ ਆਸਣ ਇਹ ਖੰਡ ਪਛਾਣੋਂ।

ਸੋਹਣੇ ਪ੍ਰਭ ਦੇ ਦਰਸ਼ਨ ਕਰ ਕਰ, ਭਗਤਾਂ ਨੂੰ ਏਥੇ ਚੜ੍ਹਦਾ ਚਾਅ।
ਸੁੰਦਰ ਪੁਰਖ ਬਿਰਾਜਤ ਏਥੇ, ਸਭ ਨੂੰ ਬੈਠਾ ਵੇਖ ਰਿਹਾ।

ਬਿਨ ਭਗਤਾਂ, ਸੰਤਾਂ ਤੋਂ ਭਾਈ, ਏਸ ਖੰਡ ਤੱਕ ਨਹੀਂ ਰਸਾਈ।
ਇਹ ਭਗਤਾਂ ਦਾ ਅਨੁਭਵ ਨਗਰ, ਸੋਗ ਦਾ ਜਿੱਥੇ ਨਾਂ ਨਹੀਂ ਭਾਈ।

ਨਾਮ ਸੱਚੇ ਦੀ ਵਰ੍ਹਦੀ ਵਰਖਾ, ਠੰਡਕ ਜਿਸਦੀ ਮਨ ਨੂੰ ਭਾਵੇ।
ਭਗਤ ਏਥੇ ਅਦਭੁੱਤ ਰਸ ਪੀ ਕੇ, ਨਾਮ ਰੰਗਣ ਵਿਚ ਰੰਗਿਆ ਜਾਵੇ।

ਨਿਰੰਕਾਰ ਏਥੇ ਲਾ ਕੇ ਆਸਣ, ਦੇਖ ਰਿਹਾ ਸਾਰਾ ਸੰਸਾਰ।
ਉਸ ਦੀ 'ਨੂਰੀ' ਨਜ਼ਰ ਦੇ ਹੇਠਾਂ, ਚਲਦੀ ਪਈ ਜੱਗ ਦੀ ਸਭ ਕਾਰ।

ਜਿਸ ਬਖਸ਼ਿਸ਼ ਦੀ ਤੜਪ ਲਈ ਪ੍ਰਾਣੀ, ਧਰਮ ਖੰਡ ਵਿਚ ਕੀਤੀ ਕਾਰ।
ਉਹੋ ਤੜਪ ਖੰਡਾਂ ਵਿਚ ਹੁੰਦੀ, ਏਸ ਖੰਡ ਦੇ ਪੁੱਜੀ ਦੁਆਰ।

ਕਰਮ ਨਿਸ਼ਾਨ ਮਿਲੇ ਇਸ ਖੰਡ ਵਿੱਚ, ਏਥ ਆ ਕੇ ਪੈਂਦੀ ਪੂਰੀ।
ਜਦ ਤੱਕ ਬਖਸ਼ਿਸ਼ ਮੋਹਰ ਨਾ ਲੱਗੇ, ਭਗਤੀ ਕੀਤੀ ਰਹੇ ਅਧੂਰੀ।

ਭਗਤ ਜੋ ਪ੍ਰਭ ਕ੍ਰਿਪਾ ਦੇ ਪਾਤਰ, ਕਰਮ ਖੰਡ ਵਿਚ ਆਣ ਪਧਾਰਨ।
ਸਤਿਗੁਰ ਦੇ ਉਹ ਨੇੜੇ ਹੋ ਕੇ, ਪ੍ਰਭ ਸੋਭਾ ਵਿੱਚ ਸਮਾਂ ਗੁਜ਼ਾਰਨ।

ਪ੍ਰਭੂ ਪਤੀ ਦੇ ਸਨਮੁੱਖ ਬੈਠੇ, ਦਰਸ਼ ਉਹਦੇ ਤੋਂ ਸਦਕੇ ਜਾਵਾਂ।
ਸ਼ਾਇਦ ਰੀਝ ਪਵੇ ਉਹ ਪਿਆਰਾ, ਉਸ ਦੀ ਸ਼ੋਭਾ ਉਸਤਤ ਗਾਵਾਂ।

ਚਾਹੁੰਦੇ ਨੇ ਉਹ ਭਗਤ ਪ੍ਰਭੂ ਦੇ, ਦਰ ਪ੍ਰਭ ਦੇ ਹੋਣਾ ਪਰਵਾਨ।
ਆਪਣੇ ਕੋਮਲ ਕਮਲਾਂ ਥੀਂ, ਬਖਸ਼ਿਸ਼ ਦਾ ਪਾ ਦਵੇ ਨਿਸ਼ਾਨ।

ਵਾਹੁ-ਵਾਹਿ ਕਰਮ ਖੰਡ, ਵਾਹ-ਵਾਹ ਸੱਚਖੰਡ, ਵਾਹੁ-ਵਾਹੁ ਇਹ ਨਿਰੰਕਾਰੀ ਖੰਡ।
ਏਸ ਖੰਡ ਵਿਚ ਹੋਰ ਅਨੇਕਾਂ, ਦੇਸ ਅਤੇ ਕਈ ਨੇ ਬ੍ਰਹਮੰਡ।

ਓਸ ਅਕਾਲ ਦੀ ਗਿਣਤੀ-ਮਿਣਤੀ, ਕੌਣ ਭਲਾ ਕੋਈ ਲਾ ਸਕਦਾ ਹੈ।
ਕੋਈ ਐਸਾ ਵਿਦਵਾਨ ਨਹੀਂ 'ਨੂਰੀ', ਓੜਕ ਤੱਕ ਜੋ ਜਾ ਸਕਦਾ ਹੈ।

ਦ੍ਰਿਸ਼ਟ ਅਣਦ੍ਰਿਸ਼ਟੀ ਆਕਾਰ ਅਨੇਕਾਂ, ਸਾਰਾ ਹੀ ਜਾਣੋ ਪਸਾਰਾ।
ਪ੍ਰਭ ਚਰਨੀ ਪੈ ਇਹੋ ਆਖਣ, ਤੇਰਾ ਨਹੀਂ ਕੋਈ ਪਾਰਾਵਾਰਾ।

ਏਥੇ ਨਹੀਂ ਕੋਈ ਜ਼ੋਰ ਕਿਸੇ ਦਾ, ਭਗਤੀ ਕਰ ਜੋ ਭਗਤ ਵੀ ਆਵੇ।
ਉਹ ਵੀ ਉਹਦੇ ਹੁਕਮ 'ਚ ਬੱਧੇ, ਜਿਉਂ ਪ੍ਰਭ ਚਾਹਵੇ ਤਿਵੇਂ ਨਚਾਵੇ।

ਇਸ ਕਾਦਰ ਦੀ ਕਾਰ ਦੀ ਭਾਈ, ਅਲਪ ਜੀਵ ਸਾਨੂੰ ਕੀ ਸਾਰ।
ਇਸ ਨੂੰ ਦਸਣਾ ਬੜਾ ਅਸੰਭਵ, ਆਪ ਹੀ ਉਹ ਜਾਣੇ ਨਿਰੰਕਾਰ।

ਏਸ ਅਚਿੰਤ ਨਗਰੀ ਦੇ ਦਰਸ਼ਨ, ਰਵਿਦਾਸ ਭਗਤ ਜੀ ਇੰਝ ਕਰਵਾਉਂਦੇ।
ਬੇਗਮਪੁਰਾ ਸ਼ਹਿਰ ਕੋ ਨਾਉਂ, ਦੁੱਖ ਅੰਦੋਹੁ ਨਹੀਂ ਉਥੇ ਆਉਂਦੇ।

ਆਤਮਿਕ ਨਗਰ ਬੜਾ ਇਹ ਉੱਘਾ, ਏਥੋਂ ਦੇ ਵਾਸੀ ਖ਼ੁਸ਼ਹਾਲ।
ਜੋ ਵੀ ਪ੍ਰਾਣੀ ਏਥੇ ਪੁੱਜੇ, ਮੋਹ ਮਾਇਆ ਦੇ ਤੋੜੇ ਜਾਲ।

ਸ਼ਲਾਘਾਯੋਗ ਉਪਰਾਲਾ

ਅਜਿਹੇ ਮੁਸ਼ਕਿਲ ਵਿਸ਼ੇ ਨੂੰ ਸਮਝਣਾ, ਅਨੁਭਵ ਕਰਨਾ, ਆਪਣੇ ਆਪ ਤੇ ਘਟਾਉਣਾ ਤੇ ਫੇਰ ਉਸ ਨੂੰ ਆਪਣੇ ਸ਼ਬਦਾਂ ਵਿਚ ਵਰਨਣ ਕਰਨਾ ਤੇ ਉਹ ਵੀ ਕਵਿਤਾ ਦਾ ਤਰਜਮਾ ਕਵਿਤਾ ਵਿਚ ਕਰਨਾ, ਅਤਿ ਕਠਿਨ ਕ੍ਰਿਆ ਹੈ, ਜਿਸਨੂੰ ਕਵੀ ਅਨੂਪ ਸਿੰਘ ਨੂਰੀ ਨੇ ਕੀਤਾ ਹੈ। ਕਵਿਤਾ ਦਾ ਤਰਜਮਾ ਕਵਿਤਾ ਵਿਚ ਕਰਨ ਤੇ ਅਸਲੀ ਭਾਵ ਨੂੰ ਆਂਚ ਨਾ ਆਉਣ ਦੇਣਾ ਕਿਸੇ ਰਸੀ ਹੋਈ ਕਲਮ ਦਾ ਕਾਰਨਾਮਾ ਹੀ ਹੋ ਸਕਦਾ ਹੈ। ਇਸ ਤੋਂ ਪਹਿਲੋਂ 'ਨੂਰੀ' ਜੀ ਸ੍ਰੀ ਜਪੁਜੀ ਸਾਹਿਬ ਦਾ ਅਨੁਵਾਦ ਵੀ ਕਵਿਤਾ ਵਿਚ ਕਰ ਚੁੱਕੇ ਹਨ, ਇਨ੍ਹਾਂ ਦਾ ਇਹ ਯਤਨ ਵੀ ਸਲਾਹੁਣ ਯੋਗ ਹੈ। ਪਤਾ ਨਹੀਂ ਉਨ੍ਹਾਂ ਨੂੰ ਇਹ ਕਾਰਜ ਕਰਨ ਵਿਚ ਕਿਤਨਾ ਸਮਾਂ ਲੱਗਾ ਤੇ ਉਹ ਕਿਹੜੀਆਂ-ਕਿਹੜੀਆਂ ਪ੍ਰਸਥਿਤੀਆਂ ਵਿਚੋਂ ਲੰਘੇ। ਪਰ ਮੈਂ ਉਨ੍ਹਾਂ ਦੇ ਸਰਲ ਤਰਜਮੇ ਤੋਂ ਬਹੁਤ ਪ੍ਰਭਾਵਿਤ ਹੋਇਆ ਹਾਂ। ਜੇਕਰ ਆਮ ਸਿੱਖ ਸੰਗਤਾਂ ਤੇ ਜਗਿਆਸੂ ਲੋਕ ਕਵੀ ਅਨੂਪ ਸਿੰਘ 'ਨੂਰੀ' ਦੇ ਕੀਤੇ ਸੁਖਮਨੀ ਦੇ ਤਰਜਮੇ ਤੋਂ ਇਸ ਬਾਣੀ ਨੂੰ ਸਮਝ ਸਕਣ ਤਾਂ ਮੇਰੇ ਖਿਆਲ ਵਿਚ 'ਨੂਰੀ' ਜੀ ਦਾ ਯਤਨ ਅਤਿ ਸਫ਼ਲ ਹੋਵੇਗਾ। ਇਸ ਚੰਗੇ ਕਾਰਜ ਕਰਨ ਤੇ ਮੈਂ ਕਵੀ ਅਨੂਪ ਸਿੰਘ 'ਨੂਰੀ' ਨੂੰ ਵਧਾਈ ਦੇਂਦਾ ਹਾਂ ਤੇ ਉਨ੍ਹਾਂ ਦੀ ਪੁਸਤਕ ਵੱਧ ਤੋਂ ਵੱਧ ਹੱਥਾਂ ਵਿਚ ਜਾਣ ਦੀ ਸਿਫ਼ਾਰਸ਼ ਕਰਦਾ ਹੈ।

-ਭਗਤ ਪੂਰਨ ਸਿੰਘ

ਬਾਨੀ ਪਿੰਗਲਵਾੜਾ, ਅੰਮ੍ਰਿਤਸਰ।

ਨੂਰੀ ਦਾ ਨੂਰੀ

ਸ: ਅਨੂਪ ਸਿੰਘ ਨੂਰੀ ਪੰਜਾਬੀ ਦੇ ਮਸ਼ਹੂਰ ਸ਼ਾਇਰ ਹਨ। ਮੈਨੂੰ ਇਨ੍ਹਾਂ ਨੂੰ ਸਟੇਜ ਤੇ ਕਵਿਤਾ ਪੜ੍ਹਦਿਆਂ ਸੁਣਨ ਅਤੇ ਜਾਤੀ ਤੌਰ ਤੇ ਵੀ ਮਿਲਣ ਦਾ ਮੌਕਾ ਮਿਲਿਆ ਹੈ, ਇਹ ਸ: ਹਰਦਿਆਲ ਸਿੰਘ ਜੀ ਆਈ. ਏ. ਐਸ ਪ੍ਰਧਾਨ "ਸਰਬ ਰੋਗ ਕਾ ਅਉਖੁਦ ਨਾਮੁ" ਮਿਸ਼ਨ ਚੰਡੀਗੜ੍ਹ ਰਜਿ: ਦੇ ਰਿਸ਼ਤੇ ਵਿਚੋਂ ਭਾਈ ਹਨ। ਜੋ ਸ਼ਹਿਰ-ਸ਼ਹਿਰ ਗੁਰਮਤਿ ਸਮਾਗਮ ਕਰਕੇ ਸੰਗਤਾਂ ਨੂੰ ਨਾਮ ਬਾਣੀ ਨਾਲ ਜੋੜਨ ਦਾ ਬਹੁਤ ਹੀ ਸ਼ਲਾਘਾ ਯੋਗ ਉਪਰਾਲਾ ਕਰ ਰਹੇ ਹਨ।

ਕਵੀ ਨੂਰੀ ਜੀ ਦੀ ਕਵਿਤਾ ਦਾ ਮੈਂ ਬੇਹਦ ਕਾਇਲ ਹਾਂ, ਇਨ੍ਹਾਂ ਦੀ ਕਵਿਤਾ ਹਮੇਸ਼ਾ ਹੀ ਉਸੇ ਮਜਮੂਨ ਦੀ ਅਕਾਸੀ ਕਰਦੀ ਹੈ, ਜਿਸ ਬਾਰੇ ਕੋਈ ਕਵੀ ਦਰਬਾਰ ਜਾਂ ਦੀਵਾਨ ਵਿਚ ਸੰਗਤ ਜੁੜ ਬੈਠੀ ਹੋਵੇ। ਮੈਨੂੰ ਯਾਦ ਹੈ ਕਿ ਇਕ ਵੇਰਾ ਸਾਡੇ ਮਹਿਕਮੇ ਵਲੋਂ ਸਾਡੇ ਮਹਿਕਮੇ ਦੇ ਡੀ.ਐਲ.ਆਰ. ਸਾਹਿਬ ਅਤੇ ਮੇਰੀ ਤੇ ਮੇਰੇ ਸਟਾਫ ਦੀ ਪ੍ਰੇਰਨਾ ਨਾਲ ਇਕ ਪ੍ਰੋਗਰਾਮ ਜਿਸ ਵਿਚ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਤੋਂ ਉਪਰੰਤ ਕੀਰਤਨ ਵਿਦਵਾਨਾਂ ਦੀਆਂ ਤਕਰੀਰਾਂ ਤੇ ਕਵੀ ਦਰਬਾਰ ਜਿਸ ਵਿਚ ਖਾਸ ਤੌਰ ਤੇ ਸਰਕਾਰੀ ਕਰਮਚਾਰੀਆਂ ਵਿਚ ਵੱਧ ਰਹੀ ਨਸ਼ੇਖੋਰੀ ਨੂੰ ਠੱਲ੍ਹ ਪਾਉਣ ਲਈ ਉਨ੍ਹਾਂ ਨੂੰ ਚੰਗੇ ਗੁਰਮੁਖਾਂ ਵਾਲਾ ਜੀਵਨ ਜ਼ੀਣ ਦੀ ਪ੍ਰੇਰਨਾ ਦੇਣ ਦਾ ਉਪਰਾਲਾ ਕਰਨਾ ਸੀ। ਉਸ ਦੀਵਾਨ ਵਿਚ ਨੂਰੀ ਸਾਹਿਬ ਨੇ ਜੋ ਕਵਿਤਾ ਨਸ਼ਿਆਂ ਤੇ ਨਸ਼ਈਆਂ ਦੀ ਹਾਲਤ ਤੇ ਉਨ੍ਹਾਂ ਦੀਆਂ ਕਰਤੂਤਾਂ ਬਾਰੇ ਪੜ੍ਹੀ, ਉਹ ਵਾਕਿਆ ਹੀ ਬੇਮਿਸਾਲ ਬਾ-ਕਮਾਲ ਸੀ।

ਮੈਂ ਨੂਰੀ ਸਾਹਿਬ ਦੀ ਕਿਤਾਬ ਸੁਖਮਨੀ ਦਾ ਨੂਰ ਵੀ ਪੜ੍ਹੀ ਹੈ, ਹਰ ਤੁਕ ਦਾ ਅਰਥ ਸਰਲ ਸੌਖੀ ਆਮ ਬੰਦੇ ਦੀ ਸਮਝ ਵਿਚ ਆਉਣ ਵਾਲੀ ਕਵਿਤਾ ਵਿਚ ਕਰਨਾ ਤੇ ਕਵਿਤਾ ਪੱਖੋਂ ਕਿਤੇ ਵੀ ਬੇ-ਵਜ਼ਨ ਨ ਹੋਣਾ, ਇਨ੍ਹਾਂ ਦੀ ਮਿਹਨਤ ਲਗਨ ਤੇ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਉਨ੍ਹਾਂ ਉਤੇ ਅਪਾਰ ਬਖਸ਼ਿਸ਼ ਦਾ ਹੀ ਨਤੀਜਾ ਹੈ।

ਮੈਂ ਇਨ੍ਹਾਂ ਨੂੰ ਇਸ ਚੰਗੇ ਕਾਰਜ ਦੀ ਵਧਾਈ ਦੇਂਦਾ ਹਾਂ ਅਤੇ ਅਰਦਾਸ ਕਰਦਾ ਹਾਂ ਕਿ ਇਹ ਕਿਤਾਬ ਹਰ ਘਰ ਦਾ ਸ਼ਿੰਗਾਰ ਬਣੇ ਤੇ ਨੂਰੀ ਨੂੰ ਹੋਰ ਚੰਗਾ ਲਿਖਣ ਦਾ ਵਰਦਾਨ ਮਿਲੇ।

ਸੰਗਤਾਂ ਦਾ ਦਾਸ

ਨਰਿੰਦਰ ਸਿੰਘ ਸਰਹੰਦੀ

ਸੁਪਰਡੈਂਟ 1

ਦਫ਼ਤਰ **D.L.R.**

ਜਲੰਧਰ।

ਜਾਣ-ਪਹਿਚਾਣ

ੴ ਸਤਿਗੁਰ ਪ੍ਰਸਾਦਿ॥

ਬਾਣੀ ਗੁਰੂ ਅਰਜਨ ਦੀ ਰਸਨਾ ਤੋਂ ਉਚਾਰੀ ਹੋਈ,
ਸੁਖਮਨੀ ਬੰਦੇ ਲਈ ਸੁਖਦਾਤੀ ਪੂਰੀ ਹੈ।
ਅਰਥਾਂ ਨੂੰ ਵਿਚਾਰ ਇਹਦਾ ਪਾਠ ਨਿਤ ਕਰੇ ਜਿਹੜਾ,
ਉਹਦੀ ਕੋਈ ਆਸ ਕਦੇ ਰਹਿੰਦੀ ਨਾ ਅਧੂਰੀ ਹੈ।
ਦੀਨ ਦੁਨੀ ਵਿਚ ਜਿਹੜਾ ਸਫਲ ਹੋਣਾ ਚਾਹੇ 'ਕੰਵਲ',
ਇਹਦਾ ਨਿਤਨੇਮ "ਨੂਰੀ" ਉਹਦੇ ਲਈ ਜ਼ਰੂਰੀ ਹੈ।
ਨੂਰ ਮੇਰੀ ਸੁਰਗਵਾਸੀ ਭੈਣ ਦੀਆਂ ਅੱਖੀਆਂ ਦਾ,
ਕਰਤਾ ਕਵਿਤਾਰਥ ਦਾ ਅਨੂਪ ਸਿੰਘ ਨੂਰੀ ਹੈ।

ਏਸ ਕਵਿਤਾਰਥ ਦੇ ਕਰਤਾ ਅਜੀਜ਼ ਅਨੂਪ ਸਿੰਘ 'ਨੂਰੀ' ਨੂੰ ਨੂਰ ਕਿਵੇਂ, ਕਿੱਥੋਂ ਤੇ ਕਦੋਂ ਪ੍ਰਾਪਤ ਹੋਇਆ?

ਮੇਰਾ ਤੇ ਨੂਰੀ ਦਾ ਕੇਵਲ ਕਲਾਕਾਰ ਹੋਣ ਦੇ ਨਾਤੇ ਹੀ ਵਾਕਫ਼ੀ ਤੇ ਪਿਆ ਨਹੀਂ ਬਲਕਿ ਬਹੁਤ ਹੀ ਪਿਆਰਾ ਦੁਨਿਆਵੀ ਰਿਸ਼ਤਾ ਹੋਣ ਕਰ ਕੇ ਹੈ। 'ਨੂਰੀ' ਮੇਰੀ ਸਵਰਗਵਾਸੀ ਵੱਡੀ ਦੇਵੀ ਭੈਣ ਸਕੱਤਰ ਕੌਰ ਦੀਆਂ ਅੱਖਾਂ ਦਾ ਨੂਰ ਹੈ। ਜਿਗਰ ਦਾ ਟੁਕੜਾ ਹੈ ਤੇ ਭੈਣ ਸਕੱਤਰ ਦੀ ਇਕੋ ਇਕ ਨਿਸ਼ਾਨੀ ਸਾਡੇ ਪਾਸ ਹੈ। ਮਹਾਂਬਲੀ ਕਾਲ ਨੇ ਇਸ ਪਾਸੋਂ ਇਕ ਸਾਲ ਦੀ ਉਮਰ ਵਿਚ ਹੀ ਇਸ ਦੀ ਮਾਂ ਦਾ ਪਿਆਰ ਖੋਹ ਲਿਆ ਸੀ ਪਰ ਇਸ ਦੇ ਭਾਗਾਂ ਵਿਚ ਇਸ ਦੀ ਮਾਂ ਦੀ ਮਾਂ ਸਾਡੇ ਪੂਜਯ ਮਾਤਾ ਰਣਜੋਧ ਕੌਰ ਦਾ ਪਿਆਰ ਲਿਖਿਆ ਹੋਇਆ ਸੀ। ਸਾਡੇ ਮਾਤਾ ਜੀ ਵੱਲੋਂ ਇਸ ਨੂੰ ਇਤਨਾ ਪਿਆਰ ਮਿਲਿਆ ਜਿਤਨਾ ਕਿ ਸਾਨੂੰ ਸਾਰੇ ਭੈਣ ਭਰਾਵਾਂ ਨੂੰ ਵੀ ਨਾ ਮਿਲਿਆ ਹੋਵੇ। ਨੂਰੀ ਕਿਉਂਕਿ ਮਾਤਾ ਰਣਜੋਧ ਕੌਰ ਦੀ ਪਿਆਰੀ ਜੇਠੀ ਧੀ ਦੀ ਨਿਸ਼ਾਨੀ ਸੀ, ਇਸ ਲਈ ਇਸ ਨੂੰ ਉਸ ਨੇ ਬਹੁਤ ਚਾਂਵਾਂ ਮਲ੍ਹਾਰਾਂ ਨਾਲ ਸਾਂਭ-ਸਾਂਭ ਕੇ ਪਾਲਿਆ ਪੋਸਿਆ ਸੀ।

ਹੁਸਨਲ ਜਮਾਲ ਅਕਾਲ ਪੁਰਖ ਵਲੋਂ 'ਨੂਰੀ' ਨੂੰ ਸਰੀਰਕ ਹੁਸਨ ਦੀ ਕਮਾਲ ਬਖਸ਼ਿਸ਼ ਪ੍ਰਾਪਤ ਸੀ। ਇਸ ਦੀ ਨਾਨੀ ਮਾਂ ਇਸ ਦੇ ਤਨ ਅਤੇ ਪੁਸ਼ਾਕ ਦੀ ਸਫਾਈ ਦਾ ਖਾਸ ਧਿਆਨ ਰੱਖ ਕੇ ਇਸ ਨੂੰ ਹੋਰ ਵਧੇਰੇ ਸੁੰਦਰ ਬਣਾ ਛੱਡਦੀ ਸੀ ਅਤੇ ਇਸ ਦੇ ਮਨ

ਨੂੰ ਸੁੰਦਰ ਬਣਾਉਣ ਲਈ ਇਸ ਨੂੰ ਗੋਦ ਵਿਚ ਲੈ ਕੇ ਬਾਣੀ ਦਾ ਪਾਠ ਅਤੇ 'ਤਾਤੀ ਵਾਉ ਨਾ ਲਾਗਈ ਅਥਵਾ ਸਿਰ ਮਸਤਕ ਰੱਖਿਆ ਪਾਰਬ੍ਰਹਮ ਆਦਿਕ ਸ਼ਬਦਾਂ ਦਾ ਪਾਠ ਕਰਦੀ ਰਹਿੰਦੀ ਸੀ। ਫਿਰ ਜਦੋਂ ਥੋੜ੍ਹਾ ਤੁਰਨ ਫਿਰਨ ਲੱਗਾ ਤੇ ਤੋਤਲੀ ਜ਼ਬਾਨ ਵਿਚ ਬੋਲਣ ਲੱਗਾ ਤਾਂ ਸਾਡੇ ਪੂਜ-ਪਿਤਾ ਤੇ ਇਸ ਦੇ ਨਾਨਾ ਸੱਚ ਖੰਡ ਵਾਸੀ ਭਾਈ ਸਾਹਿਬ ਬਾਬਾ ਜਵਾਲਾ ਸਿੰਘ ਜੀ ਰਾਗੀ ਜਿਨ੍ਹਾਂ ਦੀ ਸੈਦਪੁਰ (ਠੱਟਾ ਟਿੱਬਾ) ਵਾਲੇ ਰਾਗੀ ਦੇ ਨਾਮ ਤੇ ਪੰਥ ਵਿਚ ਪ੍ਰਸਿੱਧੀ ਸੀ, ਇਸ ਨੂੰ ਗੋਦੀ ਵਿਚ ਲੈ ਕੇ ਜਪੁਜੀ ਸਾਹਿਬ ਦੀਆਂ ਪਉੜੀਆਂ ਯਾਦ ਕਰਵਾਉਣ ਲੱਗ ਪਏ। ਪਿੰਡ ਦੀ ਧਰਮਸ਼ਾਲਾ ਦੇ ਵਿਚੋਂ ਗੁਰਮੁਖੀ ਦੀ ਪੜ੍ਹਾਈ ਕੀਤੀ। ਇਸ ਤਰ੍ਹਾਂ ਇਸ ਨੂੰ ਮਾਂ ਦੇ ਖ਼ੂਨ ਵਿਚੋਂ ਮਿਲੇ ਧਾਰਮਿਕ ਸੰਸਕਾਰ ਬਚਪਨ ਵਿਚ ਹੀ ਇਸ ਦੀ ਨਾਨੀ ਤੇ ਨਾਨਾ ਜੀ ਦੀ ਘਾਲ ਸਦਕਾ ਹੋਰ ਪ੍ਰਪੱਕ ਹੋ ਗਏ ਸਨ। ਤਕਰੀਬਨ ਪੰਜ ਕੁ ਸਾਲ ਦੀ ਉਮਰ ਵਿਚ ਸਕੂਲੇ ਪੜ੍ਹਨੇ ਪਾ ਦਿੱਤਾ ਕਿਉਂਕਿ ਮੇਰੀ ਭੈਣ ਸਕੱਤਰ ਕੌਰ ਬਹੁਤ ਜ਼ਹੀਨ ਸੀ ਪੰਜ ਬਾਣੀਆਂ ਸਮੇਤ ਜਾਪੁ ਸਾਹਿਬ ਦੇ ਅਤੇ ਸੁਖਮਨੀ ਸਾਹਿਬ ਦੇ ਰੋਜ਼ਾਨਾ ਕੰਠ ਤੋਂ ਪਾਠ ਕੀਤਾ ਕਰਦੀ ਸੀ। ਉਸ ਦਾ ਬੇਟਾ ਨੂਰੀ ਵੀ ਬਹੁਤ ਜ਼ਹੀਨ ਹੋਣ ਕਰਕੇ ਸਕੂਲੀ ਵਿੱਦਿਆ ਵਿਚ ਵੀ ਆਪਣੀ ਜਮਾਤ ਵਿਚ ਪਹਿਲੇ ਦਰਜੇ ਤੇ ਹੀ ਰਹਿੰਦਾ ਸੀ।

ਸਾਡੇ ਪਿਤਾ ਜੀ ਸਿੰਘ ਸਭਾ ਲਹਿਰ ਵਿਚ ਬੜੇ ਨਾਮਵਰ ਆਲਿਮ ਬਾ-ਅਮਲ ਕੀਰਤਨੀਏ ਤੇ ਪ੍ਰਚਾਰਕ ਸਨ। ਜੋ ਉਪਦੇਸ਼ ਉਹ ਸੰਗਤ ਵਿਚ ਸੁਣਾਉਂਦੇ ਸਨ, ਉਸ ਦਾ ਅਮਲ ਘਰ ਵਿਚ ਵੀ ਨਿਭਾਉਂਦੇ ਸਨ। ਸਾਨੂੰ ਸਾਰੇ ਭੈਣ ਭਰਾਵਾਂ ਨੂੰ ਇਸ਼ਨਾਨ ਤੇ ਨਿੱਤਨੇਮ ਕਰਨ ਤੋਂ ਬਾਅਦ ਹੀ ਕੁਝ ਖਾਣ ਪੀਣ ਨੂੰ ਮਿਲਦਾ ਸੀ, ਇਸ ਲਈ ਬਚਪਨ ਵਿਚ ਨਾ ਚਾਹੁੰਦੇ ਹੋਏ ਵੀ ਭੁੱਖੇ ਰਹਿਣ ਦੇ ਡਰ ਤੋਂ ਸਾਨੂੰ ਇਸ਼ਨਾਨ ਤੇ ਨਿਤਨੇਮ ਕਰਨਾ ਹੀ ਪੈਂਦਾ ਸੀ। ਇਸ ਤਰ੍ਹਾਂ ਦੇ ਵਾਤਾਵਰਨ ਵਿਚ ਹੀ 'ਨੂਰੀ' ਪਲ ਰਿਹਾ ਸੀ। ਭਾਵੇਂ ਇਹ ਮਾਤਾ ਰਣਜੋਧ ਕੌਰ ਦਾ ਬਹੁਤ ਲਾਡਲਾ ਦੋਹਤਾ ਸੀ ਪਰ ਨਿਤਨੇਮ ਆਦਿਕ ਦੀ ਲਾਡ ਪਿਆਰ ਵਿਚ ਛੋਟ ਨਹੀਂ ਸੀ।

ਪੂਰਬਲੇ ਕਰਮ ਅੰਕੁਰ ਜਬ ਪ੍ਰਗਟੇ

ਨੇਕ ਆਤਮਾਵਾਂ ਪੰਜ ਭੂਤਕ ਸਰੀਰ ਛੱਡਣ ਤੋਂ ਬਾਅਦ ਵੀ ਆਪਣੀ ਸੰਤਾਨ ਦੀਆਂ ਹਮਦਰਦ ਤੇ ਸ਼ੁਭਚਿੰਤਕ ਰਹਿੰਦੀਆਂ ਹਨ। ਉਹ ਐਸੀ ਤਾਕਤ ਨਾਲ ਕਈ ਕ੍ਰਿਸ਼ਮੇ ਕਰ ਦਿਖਾਂਦੀਆਂ ਹਨ। ਸੋ 'ਨੂਰੀ' ਨੂੰ ਜਨਮ ਦੇਣ ਵਾਲੀ ਦੇਵੀ ਮਾਂ ਸਕੱਤਰ ਕੌਰ ਅਤੇ ਸਾਡੇ ਪੂਜਯ ਪਿਤਾ ਇਸ ਦੇ ਨਾਨਾ ਜੀ ਦੇ ਆਤਮਿਕ ਬਲ ਦਾ ਸੱਚ ਖੰਡ ਦਰਗਾਹ ਵਿਚੋਂ ਭੇਜਿਆ ਅਸਰ, ਇਸ ਦੀ ਨਾਨੀ ਮਾਂ ਦੀਆਂ ਸਿਖਿਆਵਾਂ ਤੇ ਅਰਦਾਸਾਂ ਦਾ ਅਸਰ, ਮੇਰੀ ਤੇ ਛੋਟੇ ਵੀਰ ਭਾਈ ਅਵਤਾਰ ਸਿੰਘ ਰਾਗੀ ਦੀ ਸ਼ੁੱਭ ਇੱਛਾ ਤੇ ਸਿਖਿਆ ਦਾ ਅਸਰ ਸਮਝੋ ਬਿਧਾਤਾ ਨੇ ਬਿਧਿ ਬਣਾ ਦਿੱਤੀ। 'ਨੂਰੀ' ਬਹੁਤ ਜ਼ਿਆਦਾ ਬਿਮਾਰ ਹੋ ਗਿਆ। ਇਸ ਦਾ ਦੂਜਾ ਜਨਮ ਹੋਇਆ। ਵੱਡੀ ਠੋਕਰ ਵੱਜੀ ਤੇ ਜੀਵਨ

ਦੀਆਂ ਅਸਲ ਲੀਹਾਂ ਤੇ ਤੁਰਨ ਲੱਗ ਪਿਆ। ਇਹ ਕਵਿਤਾ ਤਾਂ ਭਾਵੇਂ ਪਹਿਲੇ ਵੀ ਰਚਿਆ ਕਰਦਾ ਸੀ ਤੇ ਕਈ ਕਵੀ ਦਰਬਾਰਾਂ ਵਿਚੋਂ ਪ੍ਰਸ਼ੰਸਾ ਪ੍ਰਾਪਤ ਕਰਦਾ ਰਿਹਾ ਸੀ, ਪਰ ਏਸ ਠੋਕਰ ਨੇ ਜਮਾਂਦਰੂ ਤੇ ਬਚਪਨ ਦੇ ਧਾਰਮਿਕ ਸੰਸਕਾਰਾਂ ਵਿਚ ਅਥਾਹ ਜੋਸ਼ ਉਤਸ਼ਾਹ ਭਰ ਦਿੱਤਾ। ਇਹ ਗੁਰਬਾਣੀ ਦੇ ਆਧਾਰ ਤੇ ਵਧੇਰੇ ਲਿਖਣ ਲੱਗ ਪਿਆ। ਘਰ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੇ ਵਿਦਵਾਨਾਂ ਵਲੋਂ ਕੀਤੇ ਟੀਕੇ ਦਾ ਰੋਜ਼ਾਨਾ ਨਿਤਨੇਮ ਨਾਲ ਮੁਤਾਅਲਿਆ ਕਰਦਾ ਤੇ ਫਿਰ ਉਨ੍ਹਾਂ ਅਰਥਾਂ ਨੂੰ ਕਵਿਤਾ ਵਿਚ ਲਿਖਦਾ। ਜਦੋਂ ਕਿਤੇ ਮੈਨੂੰ ਤੇ ਵੀਰ ਅਵਤਾਰ ਸਿੰਘ ਰਾਗੀ ਨੂੰ ਇਸ ਦਾ ਕੀਤਾ ਕਵਿਤਾਰਥ ਸੁਣਨ ਦਾ ਮੌਕਾ ਮਿਲਦਾ ਤਾਂ ਅਸੀਂ ਸੁਣ ਕੇ ਦੰਗ ਰਹਿ ਜਾਂਦੇ ਸੀ ਅਤੇ ਅਕਾਲ ਪੁਰਖ ਦਾ ਸ਼ੁਕਰਾਨਾ ਵੀ ਕਰਦੇ ਸੀ ਕਿ ਸਾਡੇ ਭਾਣਜੇ ਦੇ ਦਿਮਾਗ ਇਤਨਾ ਰੋਸ਼ਨ ਹੋ ਗਿਆ ਹੈ ਜੋ ਇਹ ਪਿੰਗਲਕ ਨਿਯਮਾਂ ਨੂੰ ਪੂਰਾ-ਪੂਰਾ ਨਿਭਾਂਦਾ ਹੋਇਆ ਬਾਣੀ ਦੇ ਠੀਕ ਢੁੱਕਦੇ ਅਰਥ ਕਵਿਤਾ ਵਿਚ ਬਿਆਨ ਕਰਨ ਲੱਗ ਪਿਆ ਹੈ। ਸਿਆਣਿਆਂ ਦਾ ਕਥਨ ਸੌ ਫੀਸਦੀ ਠੀਕ ਹੈ ਕਿ ਕਵੀ ਬਣਦਾ ਨਹੀਂ ਬਲਕਿ ਕਵੀ ਪੈਦਾ ਹੁੰਦਾ ਹੈ ਆਮ ਬੰਦਿਆਂ ਨਾਲੋਂ ਕਵੀ ਵਿਚ ਕੁਦਰਤ ਨੇ ਕੁਝ ਵਿਸ਼ੇਸ਼ ਸਿਫ਼ਤਾਂ ਦਿੱਤੀਆਂ ਹੁੰਦੀਆਂ ਹਨ ਭਾਵੇਂ ਸਿਆਣਿਆਂ ਕਵੀਆਂ ਦੀ ਰਹਿਨੁਮਾਈ ਤੇ ਆਲੇ-ਦੁਆਲੇ ਦੇ ਵਾਤਾਵਰਨ ਤੇ ਜ਼ਿੰਦਗੀ ਵਿਚ ਵਰਤੀਆਂ ਕੁਝ ਘਟਨਾਵਾਂ ਵੀ ਕਵੀ ਨੂੰ ਕਵਿਤਾ ਲਿਖਣ ਵਿਚ ਸਹਾਇਤਾ ਦਿੰਦੀਆਂ ਹੈਣ, ਪਰ ਇਨ੍ਹਾਂ ਸਾਰੀਆਂ ਚੀਜ਼ਾਂ ਦੀ ਮਦਦ ਇਸ ਪ੍ਰਕਾਰ ਹੈ ਜਿਵੇਂ ਦੀਆਸਲਾਈ ਦੀਆਂ ਤੀਲਾਂ ਨੂੰ ਤੇ ਡੱਬੀ ਦੇ ਕਾਗਜ਼ ਨੂੰ ਫਾਸਫ਼ੋਰਸ ਮਸਾਲਾ ਲੱਗਾ ਹੁੰਦਾ ਹੈ ਤੇ ਦੋਹਾਂ ਦੀ ਰਗੜ ਨਾਲ ਉਹ ਮਸਾਲਾ ਜਗ ਉੱਠਦਾ ਹੈ ਜੇਕਰ ਜਗਣ ਵਾਲਾ ਮਸਾਲਾ ਹੀ ਨਾ ਲੱਗਾ ਹੋਵੇ ਤਾਂ ਭਾਵੇਂ ਕਿਤਨੀ ਰਗੜ ਦਿੱਤੀ ਜਾਵੇ ਉਸ ਵਿਚੋਂ ਅੱਗ ਨਹੀਂ ਨਿਕਲ ਸਕਦੀ ਇਸ ਤਰ੍ਹਾਂ ਹੀ ਕਵੀ ਆਪਣੇ ਵਿਚ ਕਵਿਤਾ ਦਾ ਭੰਡਾਰ ਤਾਂ ਧੁਰੋਂ ਹੀ ਲੈ ਕੇ ਜੰਮਦਾ ਹੈ ਤੇ ਜੀਵਨ ਵਿਚ ਵਰਤੀਆਂ ਵਿਸ਼ੇਸ਼ ਘਟਨਾਵਾਂ ਦੀ, ਵਿਦਵਾਨਾਂ ਦੀ ਰਹਿਨੁਮਾਈ ਤੇ ਉਦਾਲੇ ਦਾ ਵਾਤਾਵਰਨ ਰਗੜ ਮਾਤਰ ਸਹਾਇਤਾ ਕਰਦਾ ਹੈ।

ਸੁਣਨ ਵਾਲੇ ਦੇ ਮਨ ਉੱਪਰ ਚੰਗੇ ਮੰਦੇ, ਉੱਚੇ ਜਾਂ ਨੀਵੇਂ ਖ਼ਿਆਲਾਂ ਨੂੰ ਕਵਿਤਾ ਵਿਚ ਪ੍ਰੋਏ ਹੋਏ ਛੰਦਾਂ ਵਿਚ ਸੁਣਨ ਨਾਲ ਬਹੁਤ ਡੂੰਘਾ ਪ੍ਰਭਾਵ ਪੈਂਦਾ ਹੈ ਏਸੇ ਲਈ ਜਿਤਨੇ ਸੰਤ ਭਗਤ ਵੀ ਹੋਏ ਹਨ ਉਨ੍ਹਾਂ ਆਤਮਿਕ ਉਪਦੇਸ਼ਾਂ ਨੂੰ ਕਵਿਤਾ ਵਿਚ ਹੀ ਬਿਆਨ ਕੀਤਾ ਹੈ ਕੁਝ-ਕੁਝ ਮਹਾਨ ਪੁਰਖਾਂ ਨੇ ਆਤਮਿਕ ਉਪਦੇਸ਼ਾਂ ਨੂੰ ਕਵਿਤਾ ਵਿਚ ਗੁੰਥਨ ਕਰ ਕੇ ਨਾਲ ਸੰਗੀਤ ਦੀ ਮੇਲ ਕਰ ਕੇ ਹੋਰ ਵੀ ਚਾਰ ਚੰਦ ਲਗਾ ਦਿੱਤੇ ਹੋਣ। ਜਿਵੇਂ ਧੰਨ ਗੁਰੂ ਨਾਨਕ ਦੇਵ ਸਾਹਿਬ ਜੀ ਨੇ ਆਪਣੇ ਆਪ ਨੂੰ ਸ਼ਾਇਰ ਬਿਆਨ ਕਰ ਕੇ ਧੁਰ ਦਰਗਾਹੋਂ ਜਗਤ ਜੀਵਾਂ ਦੇ ਕਲਿਆਣ ਹਿਤ ਲਿਆਂਦੀ ਖਸਮ ਦੀ ਬਾਣੀ ਨੂੰ ਛੰਦਾ ਬੰਦੀ ਵਿਚ ਉਚਾਰਿਆ ਤੇ ਰਾਗਾਂ ਵਿਚ ਉਸ ਨੂੰ ਆਪ ਗਾਇਨ ਕੀਤਾ। ਇਸੇ ਤਰ੍ਹਾਂ ਦੇ ਗਾਇਨ ਨੂੰ ਕੀਰਤਨ ਆਖਿਆ ਜਾਂਦਾ ਹੈ ਤੇ ਇਸ ਕੀਰਤਨ ਨੇ ਰਾਕਸ਼ਿਸ਼

ਦੇਵਤੇ ਬਣਾ ਦਿੱਤੇ, ਸਗੋਂ ਸੱਜਣ ਬਣਾ ਦਿੱਤੇ, ਚੋਰ ਡਾਕੂ ਧਾੜਵੀ ਮਹਾਂਪੁਰਸ਼ ਬਣਾ ਦਿੱਤੇ, ਇਹੋ ਰੀਤ ਰਸਮ ਬਾਕੀ ਨੌਵਾਂ ਪਾਤਸ਼ਾਹੀਆਂ ਨੇ ਨਿਭਾਈ।

ਪੰਜਾਬੀ ਦੇ ਬਹੁਤ ਵੱਡੇ-ਵੱਡੇ ਕਵੀ ਹੋ ਚੁੱਕੇ ਹਨ ਤੇ ਹੁੰਦੇ ਰਹਿਣਗੇ, ਪਰ ਕੁਝ ਸਮੇਂ ਤੋਂ ਪਿੰਗਲ ਦੀਆਂ ਹੱਦਾਂ ਤੋੜ ਕੇ ਆਪਣੇ ਵਲਵਲੇ ਭਰੇ ਵਿਚਾਰਾਂ ਨੂੰ ਵਾਰਤਿਕ ਜਿਹੀ ਬਿਆਨ ਕਰ ਕੇ ਉਸ ਨੂੰ ਕਵਿਤਾ ਸਾਬਤ ਕਰਨ ਵਾਲੇ ਵੀ ਬਹੁਤ ਕਵੀ ਪੈਦਾ ਹੋ ਚੁੱਕੇ ਹਨ। ਪਰ ਐਸੀਆਂ ਰਚਨਾਵਾਂ ਨੂੰ ਕਵਿਤਾ ਦਾ ਦਰਜਾ ਦੇਣਾ ਕਵਿਤਾ ਦੀ ਨਿਰਾਦਰੀ ਕਰਨ ਦੇ ਤੁਲ ਹੀ ਹੈ ਕਈ ਭੱਦਰਪੁਰਸ਼ਾਂ ਦੀ ਲਿਖਤ ਵਿਚ ਤਾਂ ਕੋਈ ਉਡਾਰੀ ਵੀ ਨਹੀਂ ਹੁੰਦੀ ਤੇ ਐਸੀਆਂ ਰਚਨਾਵਾਂ ਦੇ ਭਾਵ ਨੂੰ ਸਮਝਣਾ ਹੀ ਮੁਸ਼ਕਿਲ ਹੁੰਦਾ ਹੈ ਕਿਉਂਕਿ ਉਸ ਰਚਨਾ ਦੇ ਵਿਚ ਕੁਝ ਹੋਵੇ ਤਾਂ ਹੀ ਸਮਝਿਆ ਜਾ ਸਕਦਾ ਹੈ ਜਦੋਂ ਕੋਈ ਗੱਲ ਈਰਾਨ ਤੇ ਕੋਈ ਇੰਗਲਿਸਤਾਨ ਦੀ ਹੋਵੇ ਤਾਂ ਉਸ ਨੂੰ ਕੋਈ ਕੀ ਸਮਝੇ, ਪਰ ਜਾਪਦਾ ਇਉਂ ਹੈ ਕਿ ਅੱਜ ਦੇ ਯੁੱਗ ਵਿਚ ਰਾਜਸੀ ਸੱਤਾ, ਧਨ ਦੀ ਸਤਾ, ਐਸੇ ਲੋਕਾਂ ਵਿਚ ਵਧੇਰੇ ਹੋਣ ਕਰਕੇ ਇਨ੍ਹਾਂ ਰਚਨਾਵਾਂ ਦਾ ਬਹੁਤ ਪ੍ਰਾਪੇਗੰਡਾ ਕੀਤਾ ਜਾਂਦਾ ਹੈ ਤੇ ਜੋ ਕਵੀ ਬਹੁਤ ਉੱਚੇ ਖ਼ਿਆਲਾਂ ਨੂੰ ਪਿੰਗਲ ਦੀ ਹੱਦਬੰਦੀ ਵਿਚ ਨਾਨਾ ਪ੍ਰਕਾਰ ਦੀ ਛੰਦਾ ਬੰਦੀ ਵਿਚ ਗੁਥਨ ਕਰ ਕੇ ਸਰੋਤਿਆਂ ਨੂੰ ਝੁਮਾ ਦੇਂਦਾ ਹੋਣ ਉਹ ਕੇਵਲ ਕਵੀ ਦਰਬਾਰਾਂ ਜਾਂ ਸ਼ਾਦੀ ਗਮੀ ਦੇ ਮੌਕਿਆਂ ਦੇ ਹੀ ਸ਼ਿੰਗਾਰ ਬਣਦੇ ਹੈਣੇ ਤੇ ਉਨ੍ਹਾਂ ਦੀ ਕਲਾ ਦੀ ਕੀਮਤ ਵੀ ਤੁੱਛ ਜਿਹੀ ਹੈ। ਜਦੋਂ ਕਿ ਵਾਰਤਕ ਨੁਮਾ ਕਵਿਤਾ ਲਿਖਣ ਵਾਲਿਆਂ ਦੀ ਕੀਮਤ ਬਹੁਤ ਵਧੇਰੇ ਪਾਈ ਜਾਂਦੀ ਹੈ। ਹਰ ਇਕ ਕਲਾ ਦੇ ਖੇਤਰ ਵਿਚ ਥੋੜ੍ਹੀ ਮਿਹਨਤ, ਸਸਤਾਪਨ ਤੇ ਕੀਮਤ ਵਧੇਰੇ ਐਸਾ ਵਾਤਾਵਰਨ ਪੈਦਾ ਹੋ ਚੁੱਕਿਆ ਹੈ।

ਪਿੰਗਲ ਦੇ ਨਿਯਮਾਂ ਨੂੰ ਨਿਭਾਂਦੇ ਹੋਏ ਉੱਚੀਆਂ ਉਡਾਰੀਆਂ ਵਾਲੇ ਖ਼ਿਆਲਾਂ ਨੂੰ ਬਿਆਨ ਕਰਨਾ ਬਹੁਤ ਕਠਿਨ ਹੈ। ਫਿਰ ਕਿਸੇ ਗੁਰਬਾਣੀ ਦੇ ਮਹਾਂਵਾਕ ਦਾ ਕਵਿਤਾ ਵਿਚ ਬਿਲਕੁਲ ਢੁੱਕਦਾ ਅਰਥ ਬਿਆਨ ਕਰਨਾ ਤਾਂ ਹੋਰ ਵੀ ਮੁਸ਼ਕਿਲ ਹੈ। ਇਹ ਤਾਂ ਹੀ ਹੋ ਸਕਦਾ ਹੈ ਜੇ ਗੁਰਬਾਣੀ ਦੇ ਰਚਨਹਾਰ ਸਤਿਗੁਰੂ ਦੀ ਆਪਣੀ ਖ਼ਾਸ ਮੇਹਰ ਹੋ ਜਾਵੇ ਸੋ ਐਸੀ ਗੁਰੂ ਮੇਹਰ ਤੇ ਵਰੋਸਾਏ ਹੋਏ ਕਵੀਆਂ ਨੇ ਕੁਝ ਬਾਣੀਆਂ ਦੇ ਕਵਿਤਾਰਥ ਕੀਤੇ ਹਨ ਜੋ ਕਿ ਪਾਠਕ ਪੜ੍ਹਦੇ ਸੁਣਦੇ ਹਨ, ਮੈਨੂੰ ਵੀ ਕੁਝ ਕਵਿਤਾਰਥ ਪੜ੍ਹਨ ਦਾ ਮੌਕਾ ਮਿਲਿਆ ਹੈ ਮੈਂ ਵੀ ਪਹਿਲੇ-ਪਹਿਲ ਮਾੜੀ ਮੋਟੀ ਕਵਿਤਾ ਲਿਖਦਾ ਰਿਹਾ ਹਾਂ ਤੇ ਕਈ ਕਵੀ ਦਰਬਾਰਾਂ ਵਿਚੋਂ ਇਨਾਮ ਵੀ ਪ੍ਰਾਪਤ ਹੋਇਆ ਸੀ। ਪਰ ਫਿਰ ਕੀਰਤਨ ਵਿਚ ਵਧੇਰੇ ਰੁਝੇਵਾਂ ਹੋਣ ਕਰਕੇ ਉਹ ਲਾਈਨ ਤਕਰੀਬਨ ਛੱਡਣੀ ਹੀ ਪਈ, ਪਰ ਸੰਗੀਤ ਤੇ ਕਵਿਤਾ ਦੀ ਮਾੜੀ ਮੋਟੀ ਬੁੱਧ ਪ੍ਰਾਪਤ ਹੋਣ ਕਰਕੇ ਵਧੀਆ ਜਾਂ ਘਟੀਆ ਕਵਿਤਾ ਦੇ ਅੰਦਰ ਦਾ ਕੁਝ-ਕੁਝ ਗਿਆਨ ਹੋ ਗਿਆ ਹੈ।

ਹੋਰ ਕਵੀਆਂ ਦੇ ਕੁਝ ਬਾਣੀਆਂ ਦੇ ਕਵਿਤਾਰਥ ਅਤੇ ਖ਼੍ਵਾਜਾ ਦਿਲ ਮੁਹੰਮਦ ਦਾ ਸੁਖਮਨੀ ਸਾਹਿਬ ਦਾ ਕੀਤਾ ਕਵਿਤਾਰਥ ਵੀ ਮੈਨੂੰ ਪੜ੍ਹਨ ਦਾ ਮੌਕਾ ਮਿਲਿਆ ਹੈ। 'ਨੂਰੀ' ਦਾ ਕਵਿਤਾਰਥ ਹੋਰ ਸਿਰਕੱਢ ਕਵੀਆਂ ਦੇ ਰਚੇ ਕਵਿਤਾਰਥਾਂ ਨਾਲੋਂ ਕਿਸੇ ਪੱਖੋਂ

ਘੱਟ ਨਹੀਂ ਸਗੋਂ ਜ਼ਮਾਨੇ ਦੀ ਤਿੱਖੀ ਰਫ਼ਤਾਰ ਦੇ ਅਸਰ ਤੇ ਗਿਆਨ ਭੰਡਾਰ ਦੇ ਵਾਧੇ ਦਾ ਸਦਕਾ ਇਸ ਕਵਿਤਾਰਥ ਵਿਚੋਂ ਪਾਠਕਾਂ ਨੂੰ ਕੁਝ ਵਿਸ਼ੇਸ਼ ਖ਼ੂਬੀਆਂ ਹੀ ਲੱਭਣਗੀਆਂ ਇਥੇ ਮੈਂ ਕੁਝ ਨਮੂਨੇ ਦਿੰਦਾ ਹੈ:-

(੧) ਸਿਮਰਨ ਕਰ ਪ੍ਰਸਿੱਧੀ ਪਾਈ॥ ਜਦ ਉਤੇ ਭਗਤਾਂ ਤੇ ਮੁਨੀਆਂ॥
ਸਿਮਰਨ ਕਰ ਕਰਕੇ ਹੀ ਪਿਆਰੇ।. ਵੇਦ ਰਚੇ ਵਿਦਵਾਨ ਗੁਣੀਆਂ।
(ਪੰਨਾ-੩੫)

(੨) ਸਿਮਰਨ ਕਰ ਕਰ ਪ੍ਰਗਟ ਹੋਏ॥ ਸਿਧ ਜਤੀ ਦਾਤਾ ਹੈ ਕੋਈ॥
ਸਿਮਰਨ ਕਰ ਕੇ ਨੀਚਾਂ ਦੀ ਵੀ॥ ਚੌਹੁੰ-ਕੂੰਟੀਂ ਮਸ਼ਹੂਰੀ ਹੋਈ॥
(ਪਹਿਲੀ ਅਸਟਪਦੀ ਪਉੜੀ ਅਠਵੀਂ) (ਪੰਨਾ ੩੯)

ਦਸਤ ਬਸਤੂ ਲੇ ਪਾਛੈ ਪਾਵੈ ਪੰਨਾ, ੫੬

(੧) ਦਸ ਵਸਤਾਂ ਪਾ ਕੇ ਵੀ ਪ੍ਰਭ ਤੋਂ॥ ਹੋਇਆ ਨਾ ਬੰਦਾ ਸਰਸ਼ਾਰ॥
ਜੇ ਇਕ ਵਸਤ ਨ ਪ੍ਰਾਪਤ ਹੋਈ॥ ਦਿਲ ਵਿਚ ਗੁੱਸਾ ਕਰੇ ਹਜ਼ਾਰ॥
(੨) ਜੇ ਇਕ ਵੀ ਨਾ ਬਖਸ਼ੇ ਸਤਿਗੁਰ॥ ਦਸ ਵੀ ਉਹ ਖੋਹ ਲਏ ਸਰਕਾਰ॥
ਫਿਰ ਤੂੰ ਕੀ ਕਰ ਸਕਦਾ ਮੂਰਖ॥ ਦਿਲ ਵਿਚ ਏਨੀ ਬਾਤ ਵਿਚਾਰ॥

ਸਲੋਕੁ

ਆਦਿ ਸਚੁ ਜਗਾਦ ਸਚੁ-ਹੈ ਭਿ ਸਚੁ ਨਾਨਕ ਹੋਸੀ ਭਿ ਸਚੁ
ਮੁੱਢ ਤੋਂ ਹੀ ਹੈ ਹੋਂਦ ਪ੍ਰਭੂ ਦੀ॥ ਜੁੱਗਾਂ ਤੋਂ ਇਸ ਦਾ ਵਿਸਥਾਰ॥
ਹੁਣ ਭੀ ਉਹ ਮੌਜੂਦ ਹੈ ਸਤਿਗੁਰ॥ ਰਹੂ ਮੌਜੂਦ ਸਦਾ ਕਰਤਾਰ॥
(ਪੰਨਾ ੧੧੫)

(੧) **ਨੀਕੀ ਕੀਰੀ ਮਹਿ ਕਲਾ ਰਾਖੈ॥ ਭਸਮ ਕਰੈ ਲਸਕਰ ਕੋਟਿ ਲਾਖੈ॥**
ਨਿਕੀ ਜਿਹੀ ਕੀੜੀ ਨੂੰ ਜੇਕਰ॥ ਬਲ ਬਖਸ਼ੇ ਮੇਰਾ ਸਤਿਗੁਰ ਪਿਆਰਾ॥
ਪਲ ਅੰਦਰ ਉਹ ਭਸਮ ਕਰ ਦਵੇ॥ ਕਈ ਕਰੋੜਾਂ ਲਸ਼ਕਰ ਭਾਰਾ॥
(ਅਸਟਪਦੀ ੧੭, ਪਉੜੀ ੫)

(੧) **ਜਬ ਅਕਾਰੁ ਇਹ ਕਿਛ ਨ ਦ੍ਰਿਸ਼ਟੇਤਾ॥ ਪਾਪ ਪੁੰਨ ਤਬ ਕਹਤੇ ਹੋਤਾ॥**
ਇਸ ਦੁਨੀਆਂ ਦੀ ਜਦੋਂ ਪ੍ਰਭੂ ਨੇ॥ ਹਾਲੇ ਨਹੀਂ ਸੀ ਖੇਲ ਰਚਾਈ॥
ਪਾਪ ਪੁੰਨ ਉਸ ਵੇਲੇ ਕਿਸ ਤੋਂ॥ ਹੋ ਸਕਦਾ ਸੀ ਮੇਰੇ ਭਾਈ॥
(ਪੰਨਾ ੧੩੬)

ਪਾਠਕ ਇਹ ਨਾ ਖ਼ਿਆਲ ਕਰਨ ਕਿ ਮੇਰਾ ਭਾਣਜਾ ਹੋਣ ਕਰ ਕੇ ਮੈਂ ਇਸ ਦੀ ਵਧੇਰੇ ਤਾਰੀਫ਼ ਕੀਤੀ ਹੈ ਉਹ ਖ਼ੁਦ ਜਦੋਂ ਏਸ ਕਵਿਤਾਰਥ ਤੇ ਹੋਰ ਪੁਸਤਕਾਂ ਨੂੰ ਪੜ੍ਹਨਗੇ ਤਾਂ ਸਾਰਿਆਂ ਦੀ ਰਾਏ ਮੇਰੀ ਰਾਏ ਨਾਲ ਮੇਲ ਖਾਵੇਗੀ ਸੋ ਮੈਨੂੰ ਇਹ ਲਿਖਣ ਵਿਚ ਕੋਈ

ਝਿਜਕ ਨਹੀਂ ਕਿ ਨੂਰੀ ਨੂੰ ਇਤਨਾ ਦਿਮਾਗੀ ਨੂਰ ਜਿਸ ਦਾ ਕ੍ਰਿਸ਼ਮਾ ਪਾਠਕਾਂ ਦੇ ਸਾਹਮਣੇ ਹੈ ਸਾਡੀ ਮਾਤਾ ਤੇ ਸਾਡੇ ਪਿਤਾ, ਇਸ ਦੀ ਨਾਨੀ ਤੇ ਨਾਨਾ, ਮਾਤਾ ਰਣਜੋਧ ਕੌਰ ਤੇ ਬਾਬਾ ਜੁਆਲਾ ਸਿੰਘ ਜੀ ਰਾਗੀ ਦੇ ਪਿਆਰ, ਸਿਖਿਆਵਾਂ ਤੇ ਹਾਰਦਿਕ ਅਸੀਸਾਂ ਤੇ ਅਰਦਾਸਾਂ ਦਾ ਫਲ ਹੈ ਤੇ ਸਾਡੀ ਦੇਵੀ ਭੈਣ ਇਸ ਦੀ ਅੰਮੀ ਸਕੱਤਰ ਕੌਰ ਦੇ ਖ਼ੂਨ ਵਿਚੋਂ ਮਿਲੇ ਗੁਣ ਤੇ ਦਰਗਾਹ ਵਿਚੋਂ ਘੱਲੀਆਂ ਇਸ ਲਈ ਸ਼ੁੱਭ ਇਛਾਵਾਂ ਦਾ ਫਲ ਹੈ ਅੰਤ ਵਿਚ ਮੇਰੀ ਏਹੋ ਅਰਦਾਸ ਹੈ ਕਿ ਵਾਹਿਗੁਰੂ ਅਨੂਪ ਸਿੰਘ ਨੂਰੀ ਨੂੰ ਨਿਰੋਈ ਸਿਹਤ ਦੀਰਘ ਆਯੂ ਅਤੇ ਹੋਰ ਵੀ ਨਿਰਮਲ, ਭਾਵ ਬੁੱਧੀ ਬਖਸ਼ੇ ਅਤੇ ਏਹ ਹੋਰ ਬਾਣੀਆਂ ਦੇ ਵੀ ਕਵਿਤਾਰਥ ਕਰ ਕੇ ਸਤਿਗੁਰੂ ਦੀਆਂ ਅਤੇ ਗੁਰੂ-ਸੰਗਤਾਂ ਦੀਆਂ ਮਹਾਨ ਖ਼ੁਸ਼ੀਆਂ ਦਾ ਪਾਤਰ ਬਣ ਸਕੇ।

ਗੁਰੂ ਪ੍ਰਮੇਸ਼ਵਰ ਤੇ ਪਿਆਰੀਆਂ ਪੂਜਯ ਸੰਗਤਾਂ ਤੇ ਕਦਰਦਾਨ ਸੱਜਣਾਂ ਦਾ ਧੰਨਵਾਦੀ।

ਦਾਸ

ਗੁਰਚਰਨ ਸਿੰਘ ਕੰਵਲ ਰਾਗੀ

ਸ਼ਲਾਘਾਯੋਗ ਉਪਰਾਲਾ

ਗੁਰਬਾਣੀ ਦਾ ਹਾਥ ਪਾਉਣਾ ਕਠਿਨ ਹੈ, ਕਿਉਂਕਿ ਇਹ 'ਪ੍ਰਮੇਸ਼ਰ ਕੈ ਦੁਆਰੈ ਜੋ ਹੋਇ ਬਤੀਤੈ' ਦਾ ਇਨ ਬਿਨ ਵਰਣਨ ਹੈ, ਪਰ ਫਿਰ ਵੀ ਯਤਨ ਹੁੰਦੇ ਰਹੇ ਹਨ ਅਤੇ ਹੁੰਦੇ ਰਹਿਣਗੇ, ਤਾਂ ਕਿ ਕੁਝ ਕੁ ਗਿਆਨ ਹਾਸਲ ਹੋ ਜਾਏ। ਭਾਈ ਵੀਰ ਸਿੰਘ ਜੀ ਗਲੀਂ ਬਾਤੀਂ ਕਹਿਆ ਕਰਦੇ ਸਨ ਕਿ ਗੁਰਬਾਣੀ ਅਗਾਧ ਹੈ। ਕਦਮ-ਕਦਮ ਤੇ ਭੁੱਲਣ ਦਾ ਡਰ ਹੈ। ਸਤਿਗੁਰ ਬਖਸ਼ੇ। ਯਤਨ ਜਾਰੀ ਰੱਖੋ। ਖੋਜ ਸਦਾ ਹੁੰਦੀ ਰਹੇ। ਅਰਥ ਹੋਰ ਖੁੱਲ੍ਹਦੇ ਰਹਿਣ। ਅਸਲੀਅਤ ਲੱਭਦੀ ਰਹੇ। ਹੋਰ ਵੀ ਉੱਚੇ ਭਾਵ ਪ੍ਰਗਟ ਹੁੰਦੇ ਰਹਿਣ ਕਿਉਂਕਿ ਗੁਰੂ ਗ੍ਰੰਥ ਸਾਹਿਬ ਵਿਚ ਦਿੱਤਾ ਗਿਆਨ ਨਿਰਾ ਪਿਛਲੇ ਸਮੇਂ ਦਾ ਨਹੀਂ, ਹੁਣ ਦੇ ਸਮੇਂ ਲਈ ਵੀ ਹੈ, ਆਉਣ ਵਾਲੇ ਲਈ ਵੀ ਹੈ, ਜਿਨ੍ਹਾਂ ਗੱਲਾਂ ਨੂੰ ਇਨਸਾਨ ਸਮਝ ਨਹੀਂ ਸਕਦਾ, ਉਹ ਵੀ ਇਥੇ ਹਨ।

ਸੁਖਮਨੀ ਸਾਹਿਬ ਇਥ ਅਜਿਹੀ ਬਾਣੀ ਹੈ ਜੋ ਸਿਰਫ ਉਸ ਦੁਆਰਾ ਨਿਰਾ ਹੋਏ ਬਤੀਤੈ ਦੀ ਖਬਰ ਨਹੀਂ ਦੇ ਰਹੀ, ਸਗੋਂ ਉਸ ਦਰ 'ਤੇ ਪੁੱਜਣ ਲਈ ਰਾਹ ਕੀ ਅਪਨਾਉਣਾ ਹੈ, ਦਾ ਵਿਸਥਾਰ ਵੀ ਦੇਂਦੀ ਹੈ। ਹੁਣ ਦੇ ਤਜਰਬਿਆਂ ਨੇ ਸਾਬਤ ਕਰ ਦਿੱਤਾ ਹੈ ਕਿ ਸਦਾ ਸਹਿਜ ਵਿਚ ਰਹਿਣ ਤੇ ਰੱਖਣ ਲਈ ਇਸ ਤੋਂ ਵੱਡੀ ਕੋਈ ਦਵਾਈ ਨਹੀਂ ਹੈ। ਭਾਵ ਵਿਚ ਪੈ ਕੇ ਪਾਠ ਕਰਨ ਵਾਲੇ ਨੂੰ ਕਦੇ ਬਲੱਡ ਪ੍ਰੈਸ਼ਰ ਨਹੀਂ ਹੋ ਸਕਦਾ।

ਸਾਧੂ ਟੀ.ਐਲ. ਵਾਸਵਾਨੀ ਨੇ ਤਾਂ ਇਥੋਂ ਤੱਕ ਆਖ ਦਿੱਤਾ ਸੀ ਕਿ ਜਿਤਨੀ ਧਰਮ ਵਲੋਂ ਬਰੁਖੀ ਤੁਹਾਨੂੰ ਦਿਸ ਰਹੀ ਹੈ, ਇਹ ਜਾਂਦਿਆਂ ਹੀ ਨਾ ਦਿਸੇਗੀ। ਜੇ ਹਰ ਸਕੂਲ, ਕਾਲਜ ਵਿਚ ਸੁਖਮਨੀ ਨੂੰ ਕੋਰਸ ਦੇ ਤੌਰ 'ਤੇ ਪੜ੍ਹਾਇਆ ਜਾਵੇ। ਪ੍ਰੋਫੈਸਰ ਪੂਰਨ ਸਿੰਘ ਨੇ ਨਿੱਜੀ ਤਜਰਬੇ ਤੋਂ ਲਿਖਿਆ ਹੈ ਕਿ ਉਹ ਇਕ ਵਾਰੀ ਮਾਯੂਸ ਹੋ ਕੇ ਢਹਿ ਢੇਰੀ ਬਣ ਗਏ ਤਾਂ ਸੁਖਮਨੀ ਸਾਹਿਬ ਦੇ ਪਾਠ ਨੇ ਨਾਂਹ ਸਿਰਫ ਥੰਮੀ ਦਾ ਕਾਰਜ ਕੀਤਾ, ਸਗੋਂ ਖੜ੍ਹਾ ਕਰਕੇ ਨੌਂ-ਬਰ-ਨੌਂ ਕਰ ਦਿੱਤਾ।

ਗਵਾਹੀ ਵੀ ਹੈ ਕਿ ਇਕ ਵਾਰੀ ਗੁਰੂ ਅਰਜਨ ਦੇਵ ਜੀ ਰਾਮਸਰ ਦੇ ਅਸਥਾਨ ਤੇ ਅੰਮ੍ਰਿਤ ਵੇਲੇ ਉੱਠੇ ਤਾਂ ਸੁਭਾਵਕ ਬਚਨ ਕੀਤੇ:-

ਸਮਾਂ ਘੋਰ ਕਲਿਜੁਗ ਕੋ ਆਯੋ।
ਕਟਿਕ ਬਿਕਾਰਨਿ ਕੋ ਜਗ ਛਾਯੋ।

ਜਦ ਭਾਈ ਗੁਰਦਾਸ ਜੀ ਨੇ ਬਚ ਨਿਕਲਣ ਦਾ ਉਪਾਅ ਪੁੱਛਿਆ ਤਾਂ ਉਨ੍ਹਾਂ

ਇਹ ਸੁਖਮਨੀ ਦੀ ਬਾਣੀ ਉਚਾਰੀ। ਰਸ ਮਾਣਨ ਤੇ ਬਾਧਾ ਹਰਨ ਲਈ ਇਸ ਤੋਂ ਉਚੇਰਾ ਹੋਰ ਕੋਈ ਸਾਧਨ ਨਹੀਂ।

ਸੋ ਜਦ ਮੈਨੂੰ ਸਰਦਾਰ ਅਨੂਪ ਸਿੰਘ ਜੀ 'ਨੂਰੀ' ਨੇ ਦੱਸਿਆ ਕਿ ਉਨ੍ਹਾਂ ਵੀ ਅਲਾਹੀ ਪ੍ਰੇਰਨਾ ਤੇ ਉਮਾਹ ਵਿਚ ਸੁਖਮਨੀ ਸਾਹਿਬ ਦਾ ਅਨੁਵਾਦ ਕਵਿਤਾ ਵਿਚ ਕੀਤਾ ਹੈ ਤਾਂ ਕਿ ਇਸ ਦੇ ਨਾਲ ਭਾਵ ਆਮ ਫਹਿਮ ਹੋ ਜਾਣ ਤਾਂ ਮੈਨੂੰ ਖ਼ੁਸ਼ੀ ਹੋਣੀ ਸੁਭਾਵਕ ਸੀ। ਉਲਥਾ ਪੜ੍ਹ ਕੇ 'ਨੂਰੀ' ਜੀ ਨਾ ਸਿਰਫ਼ ਮੈਨੂੰ ਇਸ ਕਾਰਜ ਲਈ ਸਮ੍ਰਥ ਲੱਗੇ ਹਨ, ਸਗੋਂ ਅਧਿਕਾਰੀ ਵੀ। 'ਨੂਰੀ' ਜੀ ਉਸ ਖ਼ਾਨਦਾਨ ਦੇ ਚਿਰਾਗ਼ ਹਨ ਜਿਨ੍ਹਾਂ ਨੇ ਗੁਰਬਾਣੀ ਪ੍ਰਚਾਰਨ ਤੇ ਪ੍ਰਸਾਰਨ ਵਿਚ ਜ਼ਿੰਦਗੀ ਲਗਾ ਦਿੱਤੀ ਹੈ। ਭਾਈ ਅਵਤਾਰ ਸਿੰਘ ਜੀ ਤੇ ਭਾਈ ਗੁਰਚਰਨ ਸਿੰਘ ਜੀ ਨੇ 'ਨੂਰੀ' ਜੀ ਨੂੰ ਬਹੁਤ ਹੀ ਉਤਸ਼ਾਹਤ ਕੀਤਾ ਹੈ। ਸਿੰਘ ਸਾਹਿਬ ਕ੍ਰਿਪਾਲ ਸਿੰਘ ਜੀ ਨੇ ਇਸ ਕਦਮ ਨੂੰ ਬਹੁਤ ਹੀ ਸਲਾਹਿਆ ਹੈ।

'ਨੂਰੀ' ਜੀ ਕਿਤਨੇ ਸਮ੍ਰਥ ਹਨ, ਉਹ ਇਸ ਪਉੜੀ 'ਜਹ ਅਬਿਗਤੁ ਭਗਤੁ ਤਹਿ ਆਪ' ਦਾ ਉਲੱਥਾ ਪੜ੍ਹ ਕੇ ਹੀ ਪ੍ਰਤੀਤ ਹੋ ਜਾਂਦਾ ਹੈ। ਅਨੁਵਾਦ ਕਰਕੇ ਭਾਵ ਦੇ ਨਾਲ ਪ੍ਰਭਾਵ ਵੀ ਪੂਰਾ ਪਾਉਂਦੇ ਹਨ।

ਉਲੱਥਾ:-

ਜਿਥੇ ਅਦ੍ਰਿਸ਼ਟ ਪ੍ਰਭੂ ਹੈ ਪਿਆਰਾ॥
ਉਥੇ ਉਸ ਦਾ ਭਗਤ ਹੈ ਪਿਆਰਾ॥
ਜਿਥੇ ਭਗਤ ਪ੍ਰਭੂ ਦਾ ਪਿਆਰਾ॥
ਉੱਥੇ ਤੇਜ ਪ੍ਰਭੂ ਦਾ ਸਾਰਾ॥
ਸੰਤ ਤੇਜ, ਪ੍ਰਭਾਵ ਆਪ ਸੁਆਮੀ॥
ਦੋਹਾਂ ਦਾ ਪ੍ਰਭ ਆਪ ਸੁਆਮੀ॥
ਸੰਤਾਂ ਦੀ ਸੋਭਾ ਦੇ ਸਦਕੇ॥
ਖੇਡਾਂ ਦੀ ਸੋਭਾ ਦੇ ਸਦਕੇ॥
ਖੇਡਾਂ ਖੇਡੇ ਅੰਤਰਜਾਮੀ॥ *(ਪੰਨਾ ੧੭)*

ਜਾਂ

ਸੜੀ ਹੋਈ ਉਹ ਜਾਣੋ ਖੇਤੀ॥
ਪੈਂਦੀ ਨਹੀਂ ਜਿਸ ਤੇ ਬਰਸਾਤ॥ *(੪)*

ਸ਼ਰਧਾ ਵਿਚ ਭਿੱਜ 'ਨੂਰੀ' ਜੀ ਨੇ ਇਹ ਸਭ ਰਚਨਾ ਕੀਤੀ ਹੈ। ਅਨੁਭਵੀ ਤਰਜ ਦੇ ਕਾਵਿ ਰੰਗ ਦੀ ਝਲਕ ਹਰ ਥਾਂ ਵਿਚ ਮਿਲੇਗੀ। ਤਰਜਮਾ ਕਰਨ ਵੇਲੇ ਕਵਿਤਾ ਦੇ ਅੰਗਾਂ ਨੂੰ ਟੇਢਿਆਂ ਨਹੀਂ ਹੋਣ ਦਿੱਤਾ।

ਇਸ ਸ਼ਲਾਘਾਯੋਗ ਉਪਰਾਲੇ ਦੀ ਮੈਨੂੰ ਪੂਰਨ ਆਸ ਹੈ, ਸਾਰੇ ਉਪਮਾ ਕਰਨਗੇ। ਵਧਾਈ।

ਜਨਵਰੀ 1993
ਯਮਨਾ ਨਗਰ।

-ਸਤਿਬੀਰ ਸਿੰਘ
(ਪ੍ਰਿੰਸੀਪਲ)

ਸੁਖਮਨੀ ਦੇ ਨੂਰ ਦੀ ਚੌਥੀ ਐਡੀਸ਼ਨ ਬਾਰੇ

ਮੈਨੂੰ ਇਹ ਜਾਣ ਕੇ ਬੇਹੱਦ ਖੁਸ਼ੀ ਹੋ ਰਹੀ ਹੈ ਕਿ ਪੰਜਾਬੀ ਦੇ ਸ਼ਾਇਰ ਤੇ ਸਾਹਿਤਕਾਰ ਸ. ਅਨੂਪ ਸਿੰਘ ਨੂਰੀ ਦੀ ਇਹ ਚੌਥੀ ਪ੍ਰਕਾਸ਼ਨਾ ਪ੍ਰਕਾਸ਼ਤ ਹੋ ਰਹੀ ਹੈ। ਪਹਿਲੀਆਂ ਤਿੰਨ ਪ੍ਰਕਾਸ਼ਨਾਵਾਂ ਗੁਰਬਾਣੀ ਦੇ ਪ੍ਰੇਮੀਆਂ, ਪਾਰਖੂਆਂ ਵਿਦਵਾਨਾਂ ਵੱਲੋਂ ਬੇਹਦ ਪਸੰਦ ਕਰਕੇ ਨੂਰੀ ਸਾਹਿਬ ਨੂੰ ਬਹੁਤ ਟੈਲੀਫੂਨ ਹਾਰਦਿਕ ਵਧਾਈਆਂ ਦੇ ਪੁੱਜੇ। ਸੁਵਰਗਵਾਸੀ ਭਾਈ ਬਲਦੇਵ ਸਿੰਘ ਮੁਖੀ ਅਖੰਡ ਕੀਰਤਨੀ ਜੱਥਾ ਅੰਮ੍ਰਿਤਸਰ ਵਾਲਿਆਂ ਆਪਣੇ ਪਰਚੇ 'ਸੂਰਾ' ਵਿਚ ਹਰ ਮਹੀਨੇ ਇਕ ਅਸਟਪਦੀ ਛਾਪਣੀ ਸ਼ੁਰੂ ਕੀਤ। ਤਾ ਅਖੰਡ ਕੀਰਤਨੀ ਜੱਥੇ ਦੀਆਂ ਸੰਗਤਾਂ ਨੂੰ ਬੇਹਦ ਇਹ ਅਨੁਵਾਦ ਤੇ ਕਾਵਿ ਵਿਆਖਿਆ ਪਸੰਦ ਆਈ ਤਾਂ ਉਨ੍ਹਾਂ ਵੱਲੋਂ ਇਹ ਸਾਰੀ ਹੀ ਐਡੀਸ਼ਨ ਖ੍ਰੀਦ ਲਈ ਗਈ। ਹਰ ਸਾਲ ਸਾਹਿਤ ਸਭਾ ਨੰਦਪੁਰ ਕਲੌੜ ਜ਼ਿਲ੍ਹਾ ਰੋਪੜ ਜਿਥੋਂ ਦੇ ਮਹਾਨ ਵਿਦਵਾਨ ਗਿਆਨੀ ਦਿਤ ਸਿੰਘ ਜੀ ਸਨ, ਉਥੇ ਉਨ੍ਹਾਂ ਦੀ ਯਾਦ ਵਿਚ ਨਵੀਆਂ ਛਪੀਆਂ ਤਕਰੀਬਨ 2000 ਕਿਤਾਬਾਂ ਮੰਗਵਾਈਆਂ ਜਾਂਦੀਆਂ ਹਨ, ਜਿਨ੍ਹਾਂ ਵਿਚ ਵਿਦਵਾਨਾਂ ਵੱਲੋਂ ਪੜ੍ਹਨ ਉਪਰੰਤ ਸੁਖਮਨੀ ਦੇ ਨੂਰ ਨੂੰ ਪਹਿਲੇ ਦਰਜੇ ਦਾ ਇਨਾਮ ਦਿੱਤਾ। ਮਿਤੀ 18-3-15 ਨੂੰ ਹੋ ਰਹੇ ਰਹੇ ਸ. ਰਣਜੀਤ ਸਿੰਘ ਖੜਗ ਯਾਦਗਾਰੀ ਕਵੀ ਐਵਾਰਡ ਨਾਲ ਉਨ੍ਹਾਂ ਦੇ ਵਿਦਵਾਨ ਸਪੁੱਤਰ ਇੰਜ: ਸ. ਕਰਮਜੀਤ ਸਿੰਘ ਤੇ ਉਨ੍ਹਾਂ ਦੀ ਧਰਮ ਪਤਨੀ ਬੀਬੀ ਹਰਜਿੰਦਰ ਕੌਰ ਜੀ ਬਹੁਤ ਸਾਰੇ ਵਿਦਵਾਨਾਂ ਦੇ ਇਕੱਠੇ ਵਿਚ ਇਨ੍ਹਾਂ ਨੂੰ ਸਨਮਾਨਤ ਕੀਤਾ।

ਉਪਰੋਕਤ ਸਾਹਿਤਕ ਸਨਮਾਨਾਂ ਤੋਂ ਇਲਾਵਾ ਹੋਰ ਵੀ ਬਹੁਤ ਸਾਰੇ ਨੂਰੀ ਸਾਹਿਬ ਨੂੰ ਸਾਹਿਤਕ ਇਨਾਮ ਪ੍ਰਾਪਤ ਹੋਏ ਹਨ। ਜਿਨ੍ਹਾਂ ਦਾ ਜਿਕਰ ਕਰਨ ਲੱਗਿਆਂ ਵੱਖਰੀ ਕਿਤਾਬ ਬਣ ਜਾਵੇਗੀ। ਇਸ ਲਈ ਮੈਂ ਇਨ੍ਹਾਂ ਨੂੰ ਇਸ ਸ਼ੁਭ ਕਾਰਜ ਲਈ ਹਾਰਦਿਕ ਵਧਾਈ ਹਾਂ। ਜ਼ੋਰੇ ਕਲਮ ਹੋਰ ਜ਼ਿਆਦਾ ਮੇਰੇ ਵੱਲੋਂ ਅਰਦਾਸ।

ਦਾਸ ਦਇਆ ਸਿੰਘ
ਮੁੱਖ ਸੇਵਾਦਾਰ
ਗੁਰਦੁਆਰਾ ਟਾਹਲੀ ਸਾਹਿਬ ਪਾਤਸ਼ਾਹੀ ਛੇਵੀਂ
ਬਲੇਹ ਖਾਨਪੁਰ (ਕਪੂਰਥਲਾ)

ਜੋ ਸਕੰਦਰ ਨੂੰ ਨ ਮਿਲਿਆ ਅੰਤ ਤਕ ਆਬੇ-ਹਿਯਾਤ,
ਉਹ ਅਸਾਂ ਨੂੰ ਮਿਲ ਗਿਆ ਹੈ ਸੁਖਮਨੀ ਦੇ ਨੂਰ ਚੋਂ॥
ਹਰ ਸ਼ਿਅਰ ਏਹਦੇ ਚੋਂ ਮੈਨੂੰ ਆਉਂਦਾ ਉਹ ਜਲਵਾ ਨਜ਼ਰ

ਜਪੁਜੀ ਸਾਹਿਬ ਗੁਰੂ ਨਾਨਕ ਦੇਵ ਜੀ ਦੀ ਸ਼ਾਹਕਾਰ ਬਾਣੀ ਹੈ ਅਤੇ ਸੁਖਮਨੀ ਸਾਹਿਬ ਨੂੰ ਸਾਰੇ ਜਗਤ ਨੇ ਗੁਰੂ ਅਰਜਨ ਦੇਵ ਜੀ ਦੀ ਉਤਮ ਬਾਣੀ ਮੰਨਿਆ ਹੈ।

ਪੰਜਾਂ ਦਰਿਆਵਾ ਦੀ ਧਰਤੀ ਉਤੇ ਵੇਦ ਰਚੇ ਗਏ ਤੇ ਏਸ ਪਵਿਤ੍ਰ ਭੂਮੀ ਵਿਚ ਸੁਖਮਨੀ ਸਾਹਿਬ ਦੀ ਰਚਨਾ ਹੋਈ ਤਾਹੀਉਂ ਤਾਂ ਏਸ ਤਪੋ ਭੂਮੀ ਨੂੰ ਲੋਕ ਮੱਥੇ ਟੇਕਦੇ ਹਨ। ਇਹ ਰਿਸ਼ੀਆਂ ਦਾ ਆਸ਼ਰਮ ਹੈ। ਇਹ ਗੁਰੂਆਂ ਦਾ ਦਰ ਹੈ। ਇਹ ਸੁਖਮਨੀ ਕਿਸੇ ਵੇਦ ਤੋਂ ਘਟ ਨਹੀਂ। ਇਹ ਅਲਾਹੀ ਬਾਣੀ ਸੁੱਖਾਂ ਦੀ ਖਾਣ ਸਰੋਵਰ ਦਾ ਪਵਿੱਤਰ ਜਲ, ਜਿਸ ਦੀ ਹਰ ਬੂੰਦ ਹੀ ਅੰਮ੍ਰਿਤ ਹੁੰਦੀ ਹੈ। ਇਹ ਉਹ ਬਾਣੀ ਹੈ, ਜਿਸ ਦਾ ਪਾਠ ਕਰਨ ਨਾਲ ਕਾਇਆ ਕੁੰਦਨ ਹੋ ਜਾਂਦੀ ਹੈ। ਸਰੀਰ ਚੰਦਨ ਬਣ ਜਾਂਦਾ ਹੈ। ਆਤਮਾ ਬਲਵਾਨ ਹੋ ਕੇ ਹਿਰਦਾ ਨਿਰਮਲ ਹੋ ਜਾਂਦਾ ਹੈ। ਇਹ ਇਕ ਰਹਿਮਤ ਹੈ।

ਇਕ ਬਖਸ਼ਿਸ਼ ਹੈ-ਇਕ ਵਰਦਾਨ ਹੀ ਤਾਂ ਹੈ!

ਸਿਆਣੇ ਠੀਕ ਹੀ ਤਾਂ ਆਖਦੇ ਹਨ। ਸੌ ਦਾਰੂ ਤੇ ਇਕ ਘਿਉ।

ਸੌ ਚਾਚਾ ਤੇ ਇਕ ਪਿਉ। ਬਸ ਏਹੋ ਹੀ ਹਾਲ ਹੈ ਏਸ ਬਾਣੀ ਵਿਚ।

ਏਸ ਬਾਣੀ ਦਾ ਨਿਤ ਪਾਠ ਕਰਨ ਵਾਲੇ ਦੇ ਰੋਗ ਕਿਤੇ ਲਾਗਿਉਂ ਨ ਲੰਘੇ।

ਸਰਬ ਰੋਗ ਕਾ ਅਉਖੁਦ ਨਾਮ। ਕਲਿਆਣ ਰੂਪ ਮੰਗਲ ਗੁਣ ਗਾਮ।

ਜਦੋਂ ਏਨੀ ਸ਼ਕਤੀ ਹੈ ਏਸ ਬਾਣੀ ਵਿਚ ਤਾਂ ਫਿਰ ਇਹ ਬਾਣੀ ਘਰ-ਘਰ ਪੁੱਜਣੀ ਚਾਹੀਦੀ ਹੈ ਤੇ ਪੂਜੀ ਜਾਣੀ ਚਾਹੀਦੀ ਹੈ।

ਬਾਣੀ ਭਾਵੇਂ ਬੜੀ ਸਰਲ ਤੇ ਸੌਖੀ ਹੈ ਤੇ ਉਸ ਵੇਲੇ ਦੀ ਸਾਧ ਭਾਸ਼ਾ ਦੀ ਝਲਕ ਇਸ ਵਿਚ ਹਰ ਥਾਂ ਮਿਲਦੀ ਹੈ ਪਰ ਅੱਜਕਲ ਦੇ ਪੜ੍ਹਾਕੂਆਂ ਦੇ ਪੱਲੇ ਨਹੀਂ ਪੈਂਦੀ। ਏਸ ਲਈ ਕਠਨ ਹੈ। ਉੱਦਮ ਕਰਨਾ, ਹੰਭਾਲਾ ਮਾਰਨਾ, ਜਾਣ ਬੁਝ ਕੇ ਬਿਖੜੇ ਮਾਰਗ ਤੇ ਤੁਰਨਾ ਸਾਹਮਣੇ ਅੱਖੀਂ ਵੇਖ ਕੇ ਜ਼ਹਿਰ ਪੀਣਾ, ਦੇਹ ਭਾਵੇਂ ਨੀਲ ਕੰਠ ਬਣ ਜਾਏ ਤੇ ਭਾਵੇਂ ਅੰਮ੍ਰਿਤ ਦੀਆਂ ਬੂੰਦਾਂ ਦੇ ਛਿੱਟੇ ਮਹਿਸੂਸ ਕਰੇ। ਬੜਾ ਜਿਗਰਾ ਵੇਖਿਆ ਹੈ। ਅਨੂਪ ਸਿੰਘ ਨੂਰੀ ਦਾ ਹੌਸਲੇ ਦਾ ਕਿਤਨਾ ਬੁਲੰਦ ਹੈ। ਗੁਰੂ ਗ੍ਰੰਥ ਸਾਹਿਬ ਨੂੰ ਮੱਥਾ ਟੇਕਿਆ। ਅਰਦਾਸ ਕੀਤੀ। ਪੰਜਵੇਂ ਪਾਤਸ਼ਾਹ ਦਾ ਨਾਮ ਲਿਆ ਉਨ੍ਹਾਂ ਵਲੋਂ ਹੀ ਆਇਆ ਹੁਕਮਨਾਮਾ ਗੁਜਰੀ ਮਹਲਾ ਪੰਜਵਾਂ

ਕਰਿ ਕਿਰਪਾ ਅਪਨਾ ਦਰਸੁ ਦੀਜੈ ਜਸੁ ਗਾਵਉ ਨਿਸਿ ਅਰੁ ਭੋਰ।

ਕੇਸ ਸੰਗਿ ਦਾਸ ਪਗ ਝਾਰਉ ਇਹੈ ਮਨੋਰਥ ਮੋਰ॥੧॥

ਠਾਕੁਰ ਤੁਝ ਬਿਨੁ ਬੀਆ ਨ ਹੋਰ॥ ਚਿਤੁ ਚਿਤਵਉ ਹਰਿ ਰਸਨ ਅਰਾਧਉ ਨਿਰਖਉ ਤੁਮਰੀ ਓਰ॥ ਪੰਨਾ ੫੦੦

ਕਲਮ ਨੂੰ ਪਵਿੱਤਰ ਸਰੋਵਰ ਦੇ ਜਲ ਨਾਲ ਇਸ਼ਨਾਨ ਕਰਵਾਇਆ। ਮਨ ਨੂੰ ਗੁਰੂ ਪਾਤਸ਼ਾਹ ਦੇ ਚਰਨਾਂ ਵਿਚ ਅਰਪਨ ਕੀਤਾ। ਬਹਿ ਗਿਆ ਚੌਕੜਾਂ ਮਾਰ ਕੇ ਤੇ ਸੁਖਮਨੀ ਸਾਹਿਬ ਨੂੰ ਇਉਂ ਸ਼ੁਰੂ ਕੀਤਾ।

ਗਉੜੀ ਸੁਖਮਨੀ

ਮਹਲਾ ੫॥

॥ ਸਲੋਕੁ॥

ਇਹ ਉਹ ਨੂਰੀ ਮਣੀ ਸੁੱਖਾਂ ਦੀ, ਜਿਸ ਤੋਂ ਮਿਲਦਾ ਨੂਰ ਸੁਖਾਂ ਦਾ।
ਇਸਦਾ ਸਿਮਰਨ ਕਰਕੇ ਪ੍ਰਾਨੀ, ਹਾਸਿਲ ਕਰੇ ਸਰੂਰ-ਸੁੱਖਾਂ ਦਾ।
ਗਉੜੀ ਰਾਗ ਦੇ ਵਿਚ ਗੁਰੂ ਅਰਜਨ, ਬਖਸ਼ਿਆ ਅਮਰ ਖਜ਼ਾਨਾ ਸਾਨੂੰ।
ਹਰ ਸੁੱਖ ਇਸ ਚੋਂ ਮਿਲਦਾ ਪਿਆਰੇ, ਇਹ ਐਨਾ ਭਰਪੂਰ ਸੁੱਖਾਂ ਦਾ।

ੴ ਸਤਿਗੁਰ ਪ੍ਰਸਾਦਿ॥

ਜਗ ਵਿਚ ਕੇਵਲ ਇਕ ਹੈ, ਸਤਿਗੁਰ ਪੁਰਖ ਅਕਾਲ।
ਮਿਲਦਾ ਭਾਗਾਂ ਵਾਲਿਆਂ, ਮਿਹਰ ਗੁਰਾਂ ਦੀ ਨਾਲ।

ਪਹਿਲੀ ਅਸ਼ਟਪਦੀ ਦੀ ਪਹਿਲੀ ਤੁਕ ਦਾ ਅਨੁਵਾਦ ਹੀ ਕਿਤਨਾ ਖ਼ੂਬਸੂਰਤ ਬੇ-ਮਿਸਾਲ ਬਾ-ਕਮਾਲ ਹੈ।

ਸਿਮਰਨ ਵਿਚ ਹੀ ਸਾਰੇ ਸੁੱਖ ਨੇ, ਸਿਮਰਨ ਕਰਕੇ ਮੈਂ ਸੁੱਖ ਪਾਵਾਂ।
ਸਿਮਰਨ ਤੇ ਮਨ ਤਨ ਰਹੇ ਸੀਤਲ, ਇਸ ਥੀ ਦੁੱਖ ਕਲੇਸ਼ ਮਿਟਾਵਾਂ।

ਵਾਹ! ਕਿਆ ਖ਼ੂਬ ਹੈ, ਗੁਰੂ ਦੀ ਬਾਣੀ, ਗੁਰੂ ਦੀ ਜ਼ਬਾਨੀ, ਸਿਰਫ ਕਲਮ ਤੇ ਸ਼ਬਦ ਨੂਰੀ ਦੇ, ਸੋਨੇ ਤੇ ਸੁਹਾਗੇ ਵਾਲੀ ਬਾਤ।

ਕਵਿਤਾ ਵਿਚ ਅਸਲੀ ਭਾਵ ਨੂੰ ਆਂਚ ਨ ਆਉਣ ਦੇਣਾ, ਸੋਜ਼ ਪੈਦਾ ਕਰਨਾ ਹੀ ਤਾਂ ਕਵੀ ਦਾ ਕਮਾਲ ਹੁੰਦਾ ਹੈ, ਫਿਰ ਕਵਿਤਾ ਦਾ ਤਰਜ਼ਮਾ ਕਵਿਤਾ ਵਿਚ ਹੀ ਕਰਨਾ, ਇਹ ਕਿਸੇ ਸਾਹਸੀ ਪੁਰਸ਼ ਦਾ ਕੰਮ ਹੀ ਹੋ ਸਕਦਾ ਹੈ।

ਮੈਂ ਨੂਰੀ ਸਾਹਿਬ ਦੁਆਰਾ ਲਿਖਿਆ ਖਰੜਾ ਪੜ੍ਹਿਆ ਕੁਝ ਸ਼ਬਦਾਂ ਦਾ ਅਨੁਵਾਦ ਇਨ੍ਹਾਂ ਦੀ ਜ਼ਬਾਨੀ ਵੀ ਸੁਣਿਆ ਮੈਨੂੰ ਨੂਰੀ ਨੂੰ ਕਾਫੀ ਨੇੜਿਉਂ ਵੇਖਣ ਦਾ ਮੌਕਾ ਮਿਲਿਆ ਹੈ। ਕਈਆਂ ਕਵੀ ਦਰਬਾਰਾਂ ਵਿਚ ਮੈਂ ਇਸਨੂੰ ਕਵਿਤਾ ਪੜ੍ਹਦੇ ਵੀ ਵੇਖਿਆ ਤੇ ਇਸਦੀ ਕਵਿਤਾ ਨੂੰ ਗਹੁ ਨਾਲ ਸੁਣਨ ਦਾ ਮੈਨੂੰ ਮੌਕਾ ਮਿਲਦਾ ਰਹਿੰਦਾ ਹੈ। ਮਿਜਾਲ ਹੈ ਕਦੇ ਵੀ ਕੋਈ ਸ਼ਿਅਰ ਬੇਵਜਨ ਜਾਂ ਬੇ ਮਾਅਨੀ ਹੋਵੇ।

ਹਰਨਾਮ ਦਾਸ ਸਹਿਰਾਈ
ਬਸਤੀ ਨੌ, ਜਲੰਧਰ।

ਗਉੜੀ ਸੁਖਮਨੀ

ਮਹਲਾ ੫ ॥

॥ ਸਲੋਕੁ ॥

ਅਨੁਵਾਦਿ

ਇਹ ਉਹ ਨੂਰੀ ਮਣੀ ਸੁੱਖਾਂ ਦੀ, ਜਿਸ ਤੋਂ ਮਿਲਦਾ ਨੂਰ ਸੁੱਖਾਂ ਦਾ॥
ਜਿਸ ਦਾ ਸਿਮਰਨ ਕਰਕੇ ਪ੍ਰਾਨੀ, ਹਾਸਿਲ ਕਰੇ ਸਰੂਰ ਸੁੱਖਾਂ ਦਾ॥
ਗਉੜੀ ਰਾਗ ਦੇ ਵਿਚ ਗੁਰੂ ਅਰਜਨ, ਬਖਸ਼ਿਆ ਅਮਰ ਖ਼ਜ਼ਾਨਾ ਸਾਨੂੰ॥
ਹਰ ਸੁਖ ਇਸ 'ਚੋਂ ਮਿਲਦਾ ਪਿਆਰੇ, ਇਹ ਐਨਾਂ ਭਰਪੂਰ ਸੁੱਖਾਂ ਦਾ॥

ੴ ਸਤਿਗੁਰ ਪ੍ਰਸਾਦਿ॥

ਅਨੁਵਾਦ

ਜੱਗ ਵਿਚ ਕੇਵਲ ਇਕ ਹੈ, ਸਤਿਗਰ ਪੁਰਖ ਅਕਾਲ॥
ਮਿਲਦਾ ਭਾਗਾਂ ਵਾਲਿਆਂ, ਮਿਹਰ ਗੁਰਾਂ ਦੀ ਨਾਲ॥

ਆਦਿ ਗੁਰਏ ਨਮਹ॥ ਜੁਗਾਦਿ ਗੁਰਏ ਨਮਹ॥
ਸਤਿਗੁਰਏ ਨਮਹ॥ ਸ੍ਰੀ ਗੁਰਦੇਵਏ ਨਮਹ॥੧॥

ਅਨੁਵਾਦ

ਪਹਿਲੇ ਗੁਰੂ ਦਾਤਾਰ ਨੂੰ ਨਮਸਕਾਰ ਐ, ਜੁਗੋ ਜੁਗੀ ਕਰਤਾਰ ਨੂੰ ਨਮਸਕਾਰ ਐ॥
ਸੱਚੇ ਗੁਰੂ ਸਾਕਾਰ ਨੂੰ ਨਮਸਕਾਰ ਐ, ਗੁਰੂ ਦੇਵ ਦੇ ਪਿਆਰ ਨੂੰ ਨਮਸਕਾਰ ਐ॥

੧ ॥ ਅਸਟਪਦੀ ॥

(੧) ਸਿਮਰਉ ਸਿਮਰਿ ਸਿਮਰਿ ਸੁਖੁ ਪਾਵਉ ॥ ਕਲਿ ਕਲੇਸ ਤਨ ਮਾਹਿ ਮਿਟਾਵਉ ॥
(੨) ਸਿਮਰਉ ਜਾਸੁ ਬਿਸੁੰਭਰ ਏਕੈ ॥ ਨਾਮੁ ਜਪਤ ਅਗਨਤ ਅਨੇਕੈ ॥
(੩) ਬੇਦ ਪੁਰਾਨ ਸਿੰਮ੍ਰਿਤਿ ਸੁਧਾਖ਼ਰ ॥ ਕੀਨੇ ਰਾਮ ਨਾਮ ਇਕ ਆਖ਼ਰ ॥
(੪) ਕਿਨਕਾ ਏਕ ਜਿਸੁ ਜੀਅ ਬਸਾਵੈ। ਤਾਕੀ ਮਹਿਮਾ ਗਨੀ ਨਾ ਆਵੈ ॥
(੫) ਕਾਂਖੀ ਏਕੈ ਦਰਸ ਤੁਹਾਰੋ ॥ ਨਾਨਕ ਉਨ ਸੰਗਿ ਮੋਹਿ ਉਧਾਰੋ ॥੧॥

ਅਨੁਵਾਦਿ

(੧) ਸਿਮਰਨ ਵਿਚ ਹੀ ਸਾਰੇ ਸੁੱਖ ਨੇ, ਸਿਮਰਨ ਕਰਾਂ ਸਦਾ ਸੁੱਖ ਪਾਵਾਂ ॥
ਸਿਮਰਨ ਤੇ ਮਨ ਤਨ ਰਹੇ ਸੀਤਲ, ਇਸ ਥੀਂ ਦੁੱਖ ਕਲੇਸ਼ ਮਿਟਾਵਾਂ ॥
(੨) ਸਿਮਰੋ ਜੋ ਰਖਵਾਲਾ ਸਭ ਦਾ, ਸਿਮਰੋ ਜੋ ਸੰਸਾਰ 'ਚ ਇਕ ਹੈ ॥
ਸਿਮਰੋ ਸਦਾ ਉਹ ਸਤਿਗੁਰ ਪਿਆਰਾ, ਹਰ ਇਕ ਨੂੰ ਹੀ ਜਿਸਦੀ ਸਿਕ ਹੈ ॥
(੩) ਵੇਦ, ਪੁਰਾਨ, ਸਿਮ੍ਰਤ ਤੇ ਸ਼ਾਸਤਰਾਂ, ਸਭ ਨੇ ਕੀਤਾ ਏਹੋ ਨਿਤਾਰਾ ॥
ਰਾਮ ਨਾਮ ਦੇ ਇਕ ਅਖਰ ਹੀ, ਸਭ ਦਾ ਕਰਨਾ ਪਾਰ ਉਤਾਰਾ ॥
(੪) ਤਿਲ ਭਰ ਵੀ ਪ੍ਰਭ ਨਾਮ ਅਪਣਾ, ਜਿਸ ਪ੍ਰਾਨੀ ਦੇ ਚਿਤ ਵਸਾਵੇ ॥
ਕੀ ਕਹਿਣੇ ਫਿਰ ਉਸ ਪ੍ਰਾਨੀ ਦੇ, ਉਸ ਦੀ ਉਪਮਾ ਕਹੀ ਨਾ ਜਾਵੇ ॥
(੫) ਤੇਰੀ ਇਕੋ ਦੀਦ ਤੋਂ ਜਿਹੜੇ, ਜਾਂਦੇ ਨੇ ਬਲਹਾਰੇ ਸਤਿਗੁਰ ॥
ਨੂਰੀ ਪ੍ਰੀਤਮ ਨਾਲ ਉਨ੍ਹਾਂ ਦੇ, ਮੈਨੂੰ ਵੀ ਉਹ ਤਾਰੇ ਸਤਿਗੁਰ ॥

ਸੁਖਮਨੀ ਸੁਖ ਅੰਮ੍ਰਿਤ ਪ੍ਰਭ ਨਾਮੁ ॥ ਭਗਤ ਜਨਾ ਕੈ ਮਨਿ ਬਿਸ੍ਰਾਮ ॥
॥ ਰਹਾਉ ॥

ਅਨੁਵਾਦਿ

ਸਭ ਸੁਖਾ ਦਾ ਮੂਲ ਹੈ, ਇਕੋ ਪ੍ਰਭ ਦਾ ਨਾਮ ॥
ਭਗਤਜਨਾਂ ਦੇ ਦਿਲਾਂ ਵਿਚ, ਕੀਤਾ ਜਿਸ ਬਿਸ੍ਰਾਮ ॥

(੧) ਪ੍ਰਭ ਕੈ ਸਿਮਰਨਿ ਗਰਭਿ ਨ ਬਸੈ॥ ਪ੍ਰਭ ਕੈ ਸਿਮਰਨਿ ਦੂਖੁ ਜਮੁ ਨਸੈ॥
(੨) ਪ੍ਰਭ ਕੈ ਸਿਮਰਨਿ ਕਾਲੁ ਪਰਹਰੈ॥ ਪ੍ਰਭ ਕੈ ਸਿਮਰਿਨ ਦੁਸਮਨੁ ਟਰੈ॥
(੩) ਪ੍ਰਭ ਸਿਮਰਤ ਕਛੁ ਬਿਘਨੁ ਨ ਲਾਗੈ॥ ਪ੍ਰਭ ਕੈ ਸਿਮਰਨਿ ਅਨਦਿਨੁ ਜਾਗੈ॥
(੪) ਪ੍ਰਭ ਕੈ ਸਿਮਰਨਿ ਭਉ ਨ ਬਿਆਪੈ॥ ਪ੍ਰਭ ਕੈ ਸਿਮਰਨਿ ਦੁਖੁ ਨ ਸੰਤਾਪੈ॥
(੫) ਪ੍ਰਭ ਕੈ ਸਿਮਰਨੁ ਸਾਧ ਕੈ ਸੰਗਿ॥ ਸਰਬ ਨਿਧਾਨ ਨਾਨਕ ਹਰਿ ਰੰਗਿ॥੨॥

ਅਨੁਵਾਦਿ

(੧) ਪ੍ਰਭ ਦਾ ਸਿਮਰਨ ਕਰਿਆਂ ਬੰਦਾ, ਜਨਮ ਮਰਨ ਛੁਟਕਾਰਾ ਪਾਵੇ॥
ਪ੍ਰਭ ਦਾ ਸਿਮਰਨ ਕਰਿਆਂ ਪਿਆਰੇ, ਦੁਖ ਤੇ ਜਮ ਨਾ ਨੇੜੇ ਆਵੇ॥
(੨) ਪ੍ਰਭ ਦਾ ਸਿਮਰਨ ਕਰਿਆਂ ਬੰਦੇ, ਮੌਤ ਦਾ ਡਰ ਭੈ ਹੋਵੇ ਦੂਰ॥
ਪ੍ਰਭ ਦਾ ਸਿਮਰਨ ਕਰਿਆਂ ਪਿਆਰੇ, ਹਰ ਇਕ ਦੁਸ਼ਮਨ ਟਲੈ ਹਜ਼ੂਰ॥
(੩) ਪ੍ਰਭ ਦਾ ਸਿਮਰਨ ਕਰਿਆਂ ਪ੍ਰਾਨੀ, ਡਰ ਭੌ ਨਾ ਕੋਈ ਨੇੜੇ ਆਵੇ॥
ਪ੍ਰਭ ਦਾ ਸਿਮਰਨ ਕਰਿਆਂ ਪਿਆਰੇ, ਦੁਖ ਨਾ ਉੱਕਾ ਕੋਈ ਸਤਾਵੇ॥
(੫) ਪ੍ਰਭ ਦਾ ਸਿਮਰਨ ਐ ਮਨ ਮੇਰੇ, ਸਾਧ ਸੰਗ ਮਿਲ ਕਰੋ ਪਿਆਰੇ॥
ਪ੍ਰੀਤ ਗੁਰਾਂ ਵਿਚ ਰੰਗਿਆਂ ਤਨ ਮਨ, ਪਿਆਰੇ ਮਿਲਨ ਖ਼ਜ਼ਾਨੇ ਸਾਰੇ॥

(੧) ਪ੍ਰਭ ਕੈ ਸਿਮਰਨ ਰਿਧਿ ਸਿਧਿ ਨਉ ਨਿਧਿ॥
ਪ੍ਰਭ ਕੈ ਸਿਮਰਨਿ ਗਿਆਨੁ ਧਿਆਨੁ ਤਤੁ ਬੁਧਿ॥
(੨) ਪ੍ਰਭ ਕੈ ਸਿਮਰਨ ਜਪ ਤਪ ਪੂਜਾ॥ ਪ੍ਰਭ ਕੈ ਸਿਮਰਨ ਬਿਨਸੈ ਦੂਜਾ॥
(੩) ਪ੍ਰਭ ਕੈ ਸਿਮਰਨਿ ਤੀਰਥ ਇਸਨਾਨੀ॥ ਪ੍ਰਭ ਕੈ ਸਿਮਰਨਿ ਦਰਗਹ ਮਾਨੀ॥
(੪) ਪ੍ਰਭ ਕੈ ਸਿਮਰਨਿ ਹੋਇ ਸੁ ਭਲਾ॥ ਪ੍ਰਭ ਕੈ ਸਿਮਰਨਿ ਸੁਫਲ ਫਲਾ॥
(੫) ਸੇ ਸਿਮਰਹਿ ਜਿਨ ਆਪਿ ਸਿਮਰਾਏ॥ ਨਾਨਕ ਤਾਕੈ ਲਾਗਉ ਪਾਏ॥੩॥

ਅਨੁਵਾਦਿ

(੧) ਪ੍ਰਭ ਸਿਮਰਨ ਵਿਚ ਰਿਧੀਆਂ ਸਿਧੀਆਂ, ਹਾਸਲ ਹੋਣ ਨਾਲੇ ਨੌਂ ਨਿਧੀਆਂ॥
ਪ੍ਰਭ ਦਾ ਸਿਮਰਨ ਗਿਆਨ ਸਿਖਾ ਕੇ, ਕਰਦਾ ਪਿਆਰੇ ਨਿਰਮਲ ਬੁਧੀਆਂ॥
(੨) ਪ੍ਰਭ ਸਿਮਰਨ ਵਿਚ ਜਪ, ਤਪ, ਪੂਜਾ, ਸਿਮਰਨ ਕਰ ਹਰ ਬਾਤ ਵਿਚਾਰੇ॥
ਪ੍ਰਭ ਦਾ ਸਿਮਰਨ ਕਰਿਆਂ ਪ੍ਰਾਨੀ, ਪ੍ਰਭ ਬਿਨ ਦੂਜਾ ਹੋਰ ਵਿਸਾਰੇ॥
(੩) ਫਲ ਤੀਰਥ ਇਸ਼ਨਾਨ ਦਾ ਮਿਲਦਾ, ਪ੍ਰਭ ਸਿਮਰਨ ਜੋ ਚਿਤ ਵਸਾਵੇ॥
ਪ੍ਰਭ ਦਾ ਸਿਮਰਨ ਕਰਕੇ ਬੰਦਾ, ਮਾਣ ਸਦਾ ਦਰਗਾਹ ਵਿਚ ਪਾਵੇ॥
(੪) ਪ੍ਰਭ ਦਾ ਸਿਮਰਨ ਜੋ ਨਾ ਕਰਦਾ, ਭੱਲਾ ਭੱਲਾ ਉਹਨੂੰ ਨਜ਼ਰੀਂ ਆਵੇ॥
ਪ੍ਰਭ ਦਾ ਸਿਮਰਨ ਕਰਕੇ ਬੰਦਾ, ਜੀਵਨ ਆਪਣਾ ਸਫਲ ਬਣਾਵੇ॥
(੫) ਸਿਮਰਨ ਪ੍ਰਭ ਦਾ ਉਹ ਹੀ ਕਰਦਾ, ਆਪ ਪ੍ਰਭੂ ਜਿਸ ਤੋਂ ਸਿਮਰਾਵੇ॥
ਸਿਮਰਨ ਵਿਚ ਜੋ ਸੁਰਤੀ ਲਾਉਂਦਾ, ਪ੍ਰਾਨੀ ਤਿਸ ਚਰਨੀਂ ਹੱਥ ਲਾਵੋ॥

(੧) ਪ੍ਰਭ ਕੈ ਸਿਮਰਨਿ ਸਭ ਤੇ ਊਚਾ॥ ਪ੍ਰਭ ਕੈ ਸਿਮਰਿਨ ਉਧਰੇ ਮੂਚਾ॥
(੨) ਪ੍ਰਭ ਕੈ ਸਿਮਰਨਿ ਤ੍ਰਿਸ਼ਨਾ ਬੂਝੈ॥ ਪ੍ਰਭ ਕੈ ਸਿਮਰਿਨ ਸਭੁ ਕਿਛੁ ਸੁਝੈ॥
(੩) ਪ੍ਰਭ ਕੈ ਸਿਮਰਿਨ ਨਾਹੀ ਜਮ ਤ੍ਰਾਸਾ॥ ਪ੍ਰਭ ਕੈ ਸਿਮਰਿਨ ਪੂਰਨ ਆਸਾ॥
(੪) ਪ੍ਰਭ ਕੈ ਸਿਮਰਿਨ ਮਨ ਕੀ ਮਲੁ ਜਾਇ॥ ਅੰਮ੍ਰਿਤ ਨਾਮੁਰਿਦ ਮਾਹਿ ਸਮਾਇ॥
(੫) ਪ੍ਰਭੁ ਜੀ ਬਸਹਿ ਸਾਧ ਕ੍ਰੀ ਰਸਨਾ॥ ਨਾਨਕ ਜਨ ਕਾ ਦਾਸਨਿ ਦਸਨਾ॥੪॥

ਅਨੁਵਾਦ

(੧) ਪ੍ਰਭ ਦਾ ਸਿਮਰਨ ਕਰਨਾ ਬੰਦੇ, ਸਭ ਤੋਂ ਚੰਗੀ ਜਗ ਤੇ ਕਾਰ॥
ਸਿਮਰਨ ਪੁਰਖ ਸੁਜਾਨ ਬਣਾਵੇ, ਤਿਆਗੇ ਪ੍ਰਾਨੀ ਸਭ ਵਿਕਾਰ॥
(੨) ਪ੍ਰਭ ਦਾ ਸਿਮਰਨ ਤ੍ਰਿਸ਼ਨਾ ਮਾਰੇ, ਸਿਮਰਨ ਕਰੋ ਸਦਾ ਚਿੱਤ ਨਾਲ॥
ਪ੍ਰਭ ਦਾ ਸਿਮਰਨ ਕਰ ਤੂੰ ਪਿਆਰੇ, ਸਿਮਰਨ ਬੁਧੀ ਕਰੇ ਵਿਸ਼ਾਲ॥
(੩) ਸਿਮਰਨ ਮਨ ਬਲਵਾਨ ਬਣਾਵੇ, ਮੌਤ ਦਾ ਡਰ ਭੈ ਦੇਵੇ ਟਾਲ॥
ਆਸ ਉਹਦੀ ਸਭ ਹੋਵੇ ਪੂਰੀ, ਸਿਮਰੇ ਜੋ ਵੀ ਪੁਰਖ ਅਕਾਲ॥
(੪) ਪ੍ਰਭ ਦਾ ਸਿਮਰਨ ਕਰ ਤੂੰ ਪਿਆਰੇ, ਸਿਮਰਨ ਮਨ ਦੀ ਮੈਲ ਗਵਾਵੈ॥
ਜੋ ਪ੍ਰਭ ਆਪਣੇ ਚਿਤ ਵਸਾਉਂਦਾ, ਨਾਮ ਦਾ ਨੂਰੀ ਅੰਮ੍ਰਿਤ ਪਾਵੈ॥
(੫) ਸੰਤਾਂ ਦੀ ਰਸਨਾ ਤੇ ਪਿਆਰੇ, ਵਸਦਾ ਹੈ ਪ੍ਰਭ ਦਾ ਹੀ ਨਾਮ॥
ਐਸੇ ਸੰਤਾਂ ਦੇ ਦਾਸਾਂ ਦਾ, ਪਿਆਰੇ ਹੋ ਕੇ ਰਹਾਂ ਗੁਲਾਮ॥

(੧) ਪ੍ਰਭ ਕਉ ਸਿਮਰਹਿ ਸੈ ਧਨਵੰਤੇ॥ ਪ੍ਰਭ ਕਉ ਸਿਮਰਹਿ ਸੇ ਪਤਿਵੰਤੇ॥
(੨) ਪ੍ਰਭ ਕਉ ਸਿਮਰਹਿ ਸੇ ਜਨ ਪਰਵਾਨ॥ ਪ੍ਰਭ ਕਉ ਸਿਮਰਹਿ ਸੇ ਪੁਰਖ ਪ੍ਰਧਾਨ॥
(੩) ਪ੍ਰਭ ਕਉ ਸਿਮਰਹਿ ਸਿ ਬੇਮੁਹਤਾਜੇ॥ ਪ੍ਰਭ ਕਉ ਸਿਮਰਹਿ ਸਿ ਸਰਬ ਕੇ ਰਾਜੇ॥
(੪) ਪ੍ਰਭ ਕਉ ਸਿਮਰਹਿ ਸੇ ਸੁਖ ਵਾਸੀ॥ ਪ੍ਰਭ ਕਉ ਸਿਮਰਹਿ ਸਦਾ ਅਬਿਨਾਸੀ॥
(੫) ਸਿਮਰਨ ਤੇ ਲਾਗੇ ਜਿਨ ਆਪ ਦਇਆਲਾ॥ ਨਾਨਕ ਜਨ ਕੀ ਮੰਗੈ ਰਵਾਲਾ॥੫॥

ਅਨੁਵਾਦ

(੧) ਸਿਮਰਨ ਪ੍ਰਭ ਦਾ ਜੋ ਨੇ ਕਰਦੇ, ਜਾਣੋ ਉਹ ਅਸਲੀ ਧਨਵਾਨ॥
ਪ੍ਰਭ ਦਾ ਸਿਮਰਨ ਕਰਨੇ ਵਾਲੇ, ਹਰ ਥਾਂ ਤੇ ਹੀ ਸੋਭਾ ਪਾਨ॥
(੨) ਪ੍ਰਭ ਦਾ ਸਿਮਰਨ ਜੋ ਨੇ ਕਰਦੇ, ਪ੍ਰਭ ਦੇ ਦਰ ਹੋਵਨ ਪਰਵਾਨ॥
ਪ੍ਰਭ ਦਾ ਸਿਮਰਨ ਕਰਨੇ ਵ੍ਵਾਲੇ, ਹੁੰਦੇ ਨੇ ਪੁਰਖੀਂ ਪਰਧਾਨ॥
(੩) ਪ੍ਰਭ ਦਾ ਸਿਮਰਨ ਜੋ ਨੇ ਕਰਦੇ, ਹੋਵਣ ਨਾ ਉਹ ਕਦੇ ਮੋਹਤਾਜ॥
ਪ੍ਰਭ ਦਾ ਸਿਮਰਨ ਕਰਨੇ ਵਾਲੇ, ਸਭਨਾਂ ਤੇ ਕਰਦੇ ਨੇ ਰਾਜ॥
(੪) ਪ੍ਰਭ ਦਾ ਸਿਮਰਨ ਜੋ ਨੇ ਕਰਦੇ, ਵਸਦੇ ਉਹ ਸੁੱਖਾਂ ਦੇ ਨਾਲ॥
ਜਨਮ ਮਰਨ ਦੇ ਗੇੜ ਨਾ ਆਉਂਦੇ, ਸਿਮਰਨ ਜੋ ਵੀ ਪੁਰਖ ਅਕਾਲ॥
(੫) ਸਿਮਰਨ ਪ੍ਰਭ ਦਾ ਉਹ ਹੀ ਕਰਦੇ, ਹੋਵੇ ਪ੍ਰਭ ਜਿਸ ਤੇ ਕ੍ਰਿਪਾਲ॥
ਐਸੇ ਸੰਤ ਜਨਾਂ ਦੀ ਨੂਰੀ, ਸਤਿਗੁਰ ਮੇਰਾ ਮੰਗੇ ਰਵਾਲ॥

(੧) ਪ੍ਰਭ ਕਉ ਸਿਮਰਹਿ ਸੇ ਪਰਉਪਕਾਰੀ॥ ਪ੍ਰਭ ਕਉ ਸਿਮਰਹਿ ਤਿਨ ਸਦ ਬਲਿਹਾਰੀ॥
(੨) ਪ੍ਰਭ ਕਉ ਸਿਮਰਹਿ ਸੇ ਮੁਖ ਸੁਹਾਵੇ॥ ਪ੍ਰਭ ਕਉ ਸਿਮਰਹਿ ਤਿਨ ਸੂਖਿ ਬਿਹਾਵੈ॥
(੩) ਪ੍ਰਭ ਕਉ ਸਿਮਰਹਿ ਤਿਨ ਆਤਮੁ ਜੀਤਾ॥ ਪ੍ਰਭ ਕਉ ਸਿਮਰਹਿ ਤਿਨ ਨਿਰਮਲ ਰੀਤਾ॥
(੪) ਪ੍ਰਭ ਕਉ ਸਿਮਰਹਿ ਤਿਨ ਅਨਦ ਘਨੇਰੇ॥ ਪ੍ਰਭ ਕਉ ਸਿਮਰਹਿ ਬਸਹਿ ਹਰਿ ਨੇਰੇ॥
(੫) ਸੰਤ ਕ੍ਰਿਪਾ ਤੇ ਅਨਦਿਨੁ ਜਾਗਿ॥ ਨਾਨਕ ਸਿਮਰਨੁ ਪੂਰੈ ਭਾਗਿ॥੬॥

ਅਨੁਵਾਦਿ

(੧) ਪ੍ਰਭ ਦਾ ਸਿਮਰਨ ਜੋ ਨੇ ਕਰਦੇ, ਉਹ ਬੰਦੇ ਹਨ ਪਰਉਪਕਾਰੀ॥
ਪ੍ਰਭ ਦਾ ਸਿਮਰਨ ਜੋ ਕਰਨ ਪਿਆਰੇ, ਉਹਨਾਂ ਦੇ ਜਾਈਏ ਬਲਿਹਾਰੀ॥
(੨) ਪ੍ਰਭ ਦਾ ਸਿਮਰਨ ਜੋ ਨੇ ਕਰਦੇ, ਮੁਖ ਉਹਨਾਂ ਦੇ ਖੂਬ ਸਹਾਵਣ॥
ਪ੍ਰਭ ਦਾ ਸਿਮਰਨ ਕਰਨ ਵਾਲੇ, ਜੀਵਨ ਸੁੱਖਾਂ ਨਾਲ ਬਿਤਾਵਣ॥
(੩) ਪ੍ਰਭ ਦਾ ਸਿਮਰਨ ਜੋ ਵੀ ਕਰਦਾ, ਆਪਣੇ ਆਪ ਤੇ ਕਾਬੂ ਪਾਵੇ॥
ਪ੍ਰਭ ਦਾ ਸਿਮਰਨ ਕਰਕੇ ਪ੍ਰਾਨੀ, ਜੀਵਨ ਜੁਗਤੀ ਨਾਲ ਬਤਾਵੇ॥
(੪) ਪ੍ਰਭ ਦਾ ਸਿਮਰਨ ਜੋ ਵੀ ਕਰਦਾ, ਸੁਖ ਅਨੰਦ ਉਹ ਸਦਾ ਹੰਡਾਵੇ॥
ਪ੍ਰਭ ਦਾ ਸਿਮਰਨ ਕਰਕੇ ਐ ਮਨ, ਪ੍ਰਾਨੀ ਪ੍ਰਭ ਦੇ ਨੇੜੇ ਜਾਵੇ॥
(੫) ਸੰਤ ਕ੍ਰਿਪਾ ਜਿਸ ਤੇ ਹੋ ਜਾਵੇ, ਸਿਮਰਨ ਦੀ ਜਿਸ ਲਗਦੀ ਜਾਗ॥
ਸਿਮਰਨ ਵਿਚ ਜੋ ਲਗਦਾ ਨੂਰੀ, ਸਤਿਗੁਰ ਉਸ ਦੇ ਪੂਰਨ ਭਾਗ॥

(੧) ਪ੍ਰਭ ਕੈ ਸਿਮਰਨਿ ਕਾਰਜ ਪੂਰੇ॥ ਪ੍ਰਭ ਕੈ ਸਿਮਰਨਿ ਕਬਹੁ ਨਾ ਝੂਰੇ॥
(੨) ਪ੍ਰਭ ਕੈ ਸਿਮਰਨਿ ਹਰਿਗੁਨ ਬਾਨੀ॥ ਪ੍ਰਭ ਕੈ ਸਿਮਰਨਿ ਸਹਿਜ ਸਮਾਨੀ॥
(੩) ਪ੍ਰਭ ਕੈ ਸਿਮਰਨਿ ਨਿਹਚਲ ਆਸਨੁ॥ ਪ੍ਰਭ ਕੈ ਸਿਮਰਨਿ ਕਮਲ ਬਿਗਾਸਨੁ॥
(੪) ਪ੍ਰਭ ਕੈ ਸਿਮਰਨਿ ਅਨਹਦ ਝੁਨਕਾਰ॥ ਸੁਖੁ ਪ੍ਰਭ ਸਿਮਰਨਿ ਕਾ ਅੰਤੁ ਨਾ ਪਾਰ॥
(੫) ਸਿਮਰਹਿ ਸੇ ਜਨ ਜਿਨ ਕਉ ਪ੍ਰਭ ਮਇਆ॥ ਨਾਨਕ ਤਿਨ ਜਨ ਸਰਨੀ ਪਾਇਆ॥੭॥

ਅਨੁਵਾਦਿ

(੧) ਪ੍ਰਭ ਦਾ ਸਿਮਰਨ ਕਰਦਾ ਹੈ ਜੋ, ਸਭ ਕੰਮ ਉਸ ਦੇ ਹੋਵਣ ਪੂਰੇ।
ਚਿੰਤਾ ਫਿਕਰ ਮਿਟਾਵੇ ਸਿਮਰਨ, ਪ੍ਰਭ ਸਿਮਰੇ ਜੋ ਕਦੇ ਨਾ ਝੂਰੇ॥
(੨) ਪ੍ਰਭ ਦਾ ਸਿਮਰਨ ਕਰਕੇ ਐ ਮਨ, ਜੋ ਪ੍ਰਾਨੀ ਪ੍ਰਭ ਦੇ ਗੁਣ ਗਾਵੇ॥
ਸਿਮਰਨ ਵਿਚ ਜੋ ਮਨ ਚਿਤ ਲਾਉਂਦਾ, ਉਹ ਨਰ ਸਹਿਜ ਅਵਸਥਾ ਪਾਵੇ॥
(੩) ਪ੍ਰਭ ਦਾ ਸਿਮਰਨ ਜੋ ਹੈ ਕਰਦਾ, ਰਹੇ ਅਡੋਲ ਨਾ ਚਿਤ ਡੋਲਾਵੇ॥
ਪ੍ਰਭ ਸਿਮਰਨ ਜੋ ਕਰਦਾ ਪਿਆਰੇ, ਕਉਲ ਫੁਲ ਵਾਂਗੂੰ ਖਿੜ ਜਾਵੇ॥
(੪) ਅਨਹਦ ਸ਼ਬਦ ਉਹਨੂੰ ਸੁਣ ਆਵੇ, ਜੋ ਸਿਮਰਨ ਵਿਚ ਬ੍ਰਿਤੀ ਲਾਵੇ॥
ਪ੍ਰਭ ਸਿਮਰਨ ਜੋ ਚਿੱਤ ਵਸਾਵੇ, ਉਸ ਨੂੰ ਸੁਖ ਦਾ ਅੰਤ ਨਾ ਆਵੇ॥
(੫) ਜਿਸ ਤੇ ਮੇਹਰ ਪ੍ਰਭ ਦੀ ਹੋਈ, ਉਸਨੇ ਹੀ ਪ੍ਰਭ ਨਾਮ ਧਿਆਇਆ॥
ਜਿਸਨੇ ਪ੍ਰਭ ਦਾ ਨਾਮ ਧਿਆਇਆ, ਸਤਿਗੁਰ ਉਸਦੀ ਸਰਨੀ ਆਇਆ॥

(੧) ਹਰਿ ਸਿਮਰਨੁ ਕਰਿ ਭਗਤ ਪ੍ਰਗਟਾਏ ॥ ਹਰਿ ਸਿਮਰਨਿ ਲਗਿ ਬੇਦ ਉਪਾਏ ॥
(੨) ਹਰਿ ਸਿਮਰਨਿ ਭਏ ਸਿਧ ਜਤੀ ਦਾਤੇ ॥ ਹਰਿ ਸਿਮਰਨਿ ਨੀਚ ਚਹੁ ਕੁੰਟ ਜਾਤੇ ॥
(੩) ਹਰਿ ਸਿਮਰਨਿ ਧਾਰੀ ਸਭ ਧਰਨਾ ॥ ਸਿਮਰਿ ਸਿਮਰਿ ਹਰਿ ਕਾਰਨ ਕਰਨਾ ॥
(੪) ਹਰਿ ਸਿਮਰਨਿ ਕੀਓ ਸਗਲ ਅਕਾਰਾ ॥ ਹਰਿ ਸਿਮਰਨਿ ਮਹਿ ਆਪਿ ਨਿਰੰਕਾਰਾ ॥
(੫) ਕਰਿ ਕਿਰਪਾ ਜਿਸੁ ਆਪਿ ਬੁਝਾਇਆ ॥
ਨਾਨਕ ਗੁਰਮੁਖਿ ਹਰਿ ਸਿਮਰਨੁ ਤਿਨ ਪਾਇਆ ॥੮॥੧॥

ਅਨੁਵਾਦ

(੧) ਸਿਮਰਨ ਕਰ ਪ੍ਰਸਿਧੀ ਪਾਈ, ਜਗ ਉਤੇ ਭਗਤਾਂ ਤੇ ਮੁਨੀਆਂ॥
ਸਿਮਰਨ ਕਰ ਕਰਕੇ ਹੀ ਪਿਆਰੇ, ਵੇਦ ਰਚੇ ਵਿਦਵਾਨਾਂ ਗੁਣੀਆਂ॥
(੨) ਸਿਮਰਨ ਕਰ ਕਰ ਪ੍ਰਗਟ ਹੋਏ, ਸਿਧ ਜਤੀ ਦਾਤਾ ਹੈ ਕੋਈ॥
ਸਿਮਰਨ ਕਰਕੇ ਨੀਚਾਂ ਦੀ ਵੀ, ਚੌਂਹੁ-ਕੂੰਟੀਂ ਮਸ਼ਹੂਰੀ ਹੋਈ॥
(੩) ਸਿਮਰ ਸਿਮਰ ਤੂੰ ਪ੍ਰਭੁ ਪਿਆਰਾ, ਸਿਮਰਨ ਹੈ ਧਰਤੀ ਦਾ ਸਹਾਰਾ॥
ਤਾਂ ਤੇ ਸਿਮਰ ਸਦਾ ਤੂੰ ਪ੍ਰਾਨੀ, ਇਕੋ ਪ੍ਰਭੂ ਜੋ ਸਿਰਜਣਹਾਰਾ॥
(੪) ਸਿਮਰਨ ਕਰ ਤੂੰ ਐ ਮਨ ਮੇਰੇ, ਸਿਮਰਨ ਹਿਤ ਸੰਸਾਰ ਬਣਾਇਆ॥
ਪ੍ਰਭ ਸਿਮਰਨ ਹੈ ਸਭ ਤੋਂ ਉਤਮ, ਸਿਮਰਨ 'ਚ ਨਿਰੰਕਾਰ ਸਮਾਇਆ॥
(੫) ਜੋ ਪ੍ਰਾਨੀ ਸਿਮਰਨ ਵਿਚ ਲਗਦਾ, ਕ੍ਰਿਪਾ-ਕਰ ਰਾਹੁ ਜਿਹਨੂੰ ਵਖਾਇਆ॥
ਸਿਮਰਨ ਜਿਸ ਦੇ ਚਿਤ ਸਮਾਇਆ, ਸਤਿਗੁਰ ਉਸਨੇ ਹੀ ਪ੍ਰਭ ਪਾਇਆ॥

***

ਸਲੋਕੁ ॥

ਦੀਨ ਦਰਦ ਦੁਖ ਭੰਜਨਾ, ਘਟਿ ਘਟਿ ਨਾਥ ਅਨਾਥ ॥
ਸਰਣਿ ਤੁਮ੍ਹਾਰੀ ਆਇਓ, ਨਾਨਕ ਕੇ ਪ੍ਰਭ ਸਾਥ ॥੧॥

ਦੀਨਾਂ ਦੇ ਦੁਖ ਦਰਦ ਸਭ ਦੂਰ ਕਰੇ ਕਰਤਾਰ,
ਹਰ ਦਿਲ ਤੇਰਾ ਵਾਸ ਹੈ ਸਤਿਗੁਰ ਸਿਰਜਣਹਾਰ॥
ਤੂੰ ਨਾਥਾਂ ਦਾ ਨਾਥ ਹੈਂ ਤੇਰਾ ਨਾ ਕੋਈ ਨਾਥ,
ਸਰਣ ਆਪ ਦੀ ਆ ਗਿਆ ਮੈਂ ਸਤਿਗੁਰ ਦੇ ਸਾਥ॥

ਅਸਟਪਦੀ

(੧) ਜਹ ਮਾਤ ਪਿਤਾ ਸੁਤ ਮੀਤ ਨਾ ਭਾਈ॥ ਮਨ ਊਹਾ ਨਾਮੁ ਤੇਰੈ ਸੰਗਿ ਸਹਾਈ॥
(੨) ਜਹ ਮਹਾ ਭਇਆਨ ਦੂਤ ਜਮ ਦਲੈ॥ ਤਹ ਕੇਵਲ ਨਾਮੁ ਸੰਗਿ ਤੇਰੈ ਚਲੈ॥
(੩) ਜਹ ਮੁਸਕਲ ਹੋਵੈ ਅਤਿ ਭਾਰੀ॥ ਹਰਿ ਕੋ ਨਾਮੁ ਖਿਨ ਮਾਹਿ ਉਧਾਰੀ॥
(੪) ਅਨਿਕ ਪੁਨਹ ਚਰਨ ਕਰਤ ਨਹੀ ਤਰੈ॥ ਹਰਿ ਕੋ ਨਾਮੁ ਕੋਟਿ ਪਾਪ ਪਰਹਰੈ॥
(੫) ਗੁਰਮੁਖਿ ਨਾਮੁ ਜਪਹੁ ਮਨ ਮੇਰੇ॥ ਨਾਨਕ ਪਾਵਹੁ ਸੂਖ ਘਨੇਰੇ॥੧॥

ਅਨੁਵਾਦਿ

(੧) ਜਦ ਮਾਂ, ਪਿਓ ਪੁੱਤ੍ਰ ਮੀਤ ਤੇ ਭਾਈ, ਬੰਦੇ ਦੇ ਨਾ ਬਣਨ ਸਹਾਈ॥
ਉਥੇ ਬਸ ਇਕ ਨਾਮ ਪ੍ਰਭੂ ਦਾ, ਐ ਮਨ ਰਹਿਮਤ ਖ਼ਾਸ ਖ਼ੁਦਾਈ॥
(੨) ਜਦੋਂ ਭਿਆਨਕ ਦਲ ਜਮਾਂ ਦਾ, ਤੈਨੂੰ ਪਿਆਰੇ ਮਾਰ ਡਰਾਊ॥
ਉਸ ਵੇਲੇ ਇਕ ਨਾਮ ਪ੍ਰਭੂ ਦਾ, ਐ ਮਨ ਤੈਨੂੰ ਉਦੋਂ ਬਚਾਊ॥
(੩) ਔਖੀ ਘੜੀ ਜਦੋਂ ਵੀ ਪਿਆਰੇ, ਤੇਰੇ ਉਤੇ ਕਿਧਰੇ ਆਊ॥
ਪਲ ਵਿਚ ਕੇਵਲ ਨਾਮ ਪ੍ਰਭੂ ਦਾ, ਐ ਮਨ ਤੈਨੂੰ ਉਦੋਂ ਬਚਾਊ॥
(੪) ਧਰਮ ਦੇ ਕੰਮ ਅਨੇਕਾਂ ਕਰ ਵੀ, ਪਾਪਾਂ ਦਾ ਫਲ ਮਿਲੇ ਜ਼ਰੂਰ॥
ਨਾਮ ਹਰੀ ਦਾ ਪਾਪ ਕ੍ਰੋੜਾਂ, ਪਲ ਵਿਚ ਕਰ ਦੇਂਦਾ ਹੈ ਦੂਰ॥
(੫) ਪੈ ਕੇ ਸਰਨ ਗੁਰੂ ਦੀ ਪਿਆਰੇ, ਨਾਮ ਜਪਣ ਵਿਚ ਸੁਰਤੀ ਲਾਉ॥
ਉਸ ਦੀ ਕ੍ਰਿਪਾ ਥੀਂ ਹੀ ਨੂਰੀ, ਸਤਿਗੁਰ ਸੁਖ ਅਨੇਕਾਂ ਪਾਉ॥

(੧) ਸਗਲ ਸ੍ਰਿਸਟਿ ਕੋ ਰਾਜਾ ਦੁਖੀਆ॥ ਹਰਿ ਕਾ ਨਾਮੁ ਜਪਤ ਹੋਇ ਸੁਖੀਆ॥
(੨) ਲਾਖ ਕਰੋਰੀ ਬੰਧੁ ਨ ਪਰੈ॥ ਹਰਿ ਕਾ ਨਾਮੁ ਜਪਤ ਨਿਸਤਰੈ॥
(੩) ਅਨਿਕ ਮਾਇਆ ਰੰਗ ਤਿਖ ਨ ਬੁਝਾਵੈ॥ ਹਰਿ ਕਾ ਨਾਮੁ ਜਪਤ ਆਘਾਵੈ॥
(੪) ਜਿਹ ਮਾਰਗਿ ਇਹੁ ਜਾਤ ਇਕੇਲਾ॥ ਤ ਹ ਹਰਿ ਨਾਮੁ ਸੰਗਿ ਹੋਤ ਸੁਹੇਲਾ॥
(੫) ਐਸਾ ਨਾਮੁ ਮਨ ਸਦਾ ਧਿਆਈਐ॥ ਨਾਨਕ ਗੁਰਮਖਿ ਪਰਮ ਗਤਿ ਪਾਈਐ॥੨॥

ਅਨੁਵਾਦਿ

(੧) ਹੋ ਕੇ ਸਾਰੇ ਜੱਗ ਦਾ ਰਾਜਾ, ਫਿਰ ਵੀ ਹੈ ਦੁਖੀਆ ਇਹ ਪ੍ਰਾਨੀ॥
ਮਿਲਦਾ ਹੈ ਸੁਖ ਉਸ ਨੂੰ ਪਿਆਰੇ, ਨਾਮ ਜਪਣ ਦੀ ਜਿਸ ਮਨ ਠਾਨੀ॥
(੨) ਲੱਖ ਕ੍ਰੋੜ ਕਮਾ ਕੇ ਵੀ ਜਨ, ਫਿਰ ਵੀ ਜੇ ਧੀਰਜ ਨਹੀਂ ਧਰਦਾ॥
ਪ੍ਰਭ ਦਾ ਸਿਮਰਨ ਹੀ ਇਕ ਪਿਆਰੇ, ਸਭ ਦਾ ਪਾਰ ਉਤਾਰਾ ਕਰਦਾ॥
(੩) ਰੰਗ ਅਨੇਕ ਏਸ ਮਾਇਆ ਦੇ, ਜਦ ਨ ਮਨ ਦੀ ਪਿਆਸ ਬੁਝਾਵਨ॥
ਤਦ ਬੰਦੇ ਹਰੀ ਸਿਮਰਨ ਕਰ ਕੇ, ਆਪਣੇ ਮਨ ਦੀ ਆਸ ਪੁਜਾਵਨ॥
(੪) ਜਿਸ ਰਸਤੇ ਵਿਚ ਸੁਣ ਐ ਬੰਦੇ, ਤੂੰ ਹੈ ਅੰਤ ਇਕੱਲਿਆ ਜਾਣਾ॥
ਉਸ ਬਿਖੜੇ ਮਾਰਗ ਵਿਚ ਤੇਰਾ, ਪ੍ਰਭੂ ਨਾਮ ਨੇ ਸਾਥ ਨਿਭਾਣਾ॥
(੫) ਐ ਮਨ ਐਸਾ ਨਾਮ ਪ੍ਰਭ ਦਾ, ਦਿਲ ਵਿਚ ਚੱਤੋ ਪਹਿਰ ਧਿਆਈਏ॥
ਸਤਿਗੁਰ ਦੀ ਸਰਨਾਈ ਆ ਕੇ, ਨੂਰੀ ਮੁਕਤਿ ਪਦਾਰਥ ਪਾਈਏ॥

(੧) ਛੂਟਤ ਨਹੀ ਕੋਟਿ ਲਖ ਬਾਹੀ॥ ਨਾਮੁ ਜਪਤ ਤਹ ਪਾਰਿ ਪਰਾਹੀ॥
(੨) ਅਨਿਕ ਬਿਘਨ ਜਹ ਆਇ ਸੰਗਾਰੈ॥ ਹਰਿ ਕਾ ਨਾਮੁ ਤਤਕਾਲ ਉਧਾਰੈ॥
(੩) ਅਨਿਕ ਜੋਨਿ ਜਨਮੈ ਮਰਿ ਜਾਮ॥ ਨਾਮੁ ਜਪਤ ਪਾਵੈ ਬਿਸ੍ਰਾਮ॥
(੪) ਹਉ ਮੈਲਾ ਮਲੁ ਕਬਹੁ ਨ ਧੋਵੈ॥ ਹਰਿ ਕਾ ਨਾਮੁ ਕੋਟਿ ਪਾਪ ਖੋਵੈ॥
(੫) ਐਸਾ ਨਾਮ ਜਪਹੁ ਮਨ ਰੰਗਿ॥ ਨਾਨਕ ਪਾਈਐ ਸਾਧ ਕੇ ਸੰਗਿ॥੩॥

ਅਨੁਵਾਦਿ

(੧) ਲੱਖ ਕ੍ਰੋੜ ਭਰਾਵਾਂ ਹੁੰਦੇ, ਜਦੋਂ ਕੋਈ ਚਲਦਾ ਨਹੀਂ ਚਾਰਾ॥
ਨਾਮ ਪ੍ਰਭੂ ਦਾ ਸਿਮਰਨ ਕਰਕੇ, ਹੋ ਜਾਂਦਾ ਹੈ ਪਾਰ ਉਤਾਰਾ॥
(੨) ਅਤਿ ਮੁਸ਼ਕਲਾਂ ਇਸ ਬੰਦੇ ਨੂੰ, ਹਰ ਪਾਸਿਉਂ ਜਦ ਪਾਵਨ ਘੇਰਾ॥
ਪਲ ਵਿਚ ਆਣ ਸਹਾਇਤਾ ਕਰਦਾ, ਐਸਾ ਨਾਮ ਪ੍ਰਭੂ ਹੈ ਤੇਰਾ॥
(੩) ਚੋਰਾਸੀ ਦੇ ਗੇੜ 'ਚ ਪ੍ਰਾਨੀ, ਜੰਮਦਾ ਮਰਦਾ ਰਹਿੰਦਾ ਹੈ ਜਦ॥
ਮੁਕਤੀ ਪਦ ਪ੍ਰਾਪਤ ਕਰਦਾ, ਨਾਮ ਤੇਰਾ ਉਹ ਲੈਂਦਾ ਹੈ ਜਦ॥
(੪) ਹਊਮੈ ਦੀ ਜੋ ਮੈਲ ਇਹ ਪ੍ਰਾਨੀ, ਕਰ ਨਹੀਂ ਸਕਦਾ ਮਨ ਤੋਂ ਦੂਰ॥
ਨਾਮ ਹਰੀ ਦਾ ਪਾਪ ਕ੍ਰੋੜਾਂ, ਪਲ ਵਿਚ ਕਰ ਦੇਂਦਾ ਕਾਫ਼ੂਰ॥
(੫) ਐ ਮਨ ਐਸਾ ਨਾਮ ਪ੍ਰਭੂ ਦਾ, ਜਪਿਆ ਕਰ ਤੂੰ ਨਾਲ ਪਿਆਰ॥
ਮਿਲਦਾ ਹੈ ਇਹ ਸਾਧ ਸੰਗਤ ਤੋਂ, ਨੂਰੀ ਸਤਿਗੁਰ ਸਿਰਜਣਹਾਰ॥

(੧) ਜਿਹ ਮਾਰਗ ਕੇ ਗਨੇ ਜਾਹਿ ਨ ਕੋਸਾ॥ ਹਰਿ ਕਾ ਨਾਮੁ ਊਹਾ ਸੰਗ ਤੋਸਾ॥
(੨) ਜਿਹ ਪੈਂਡੇ ਮਹਾ ਅੰਧ ਗੁਬਾਰਾ॥ ਹਰਿ ਕਾ ਨਾਮੁ ਸੰਗਿ ਉਜੀਆਰਾ॥
(੩) ਜਹਾ ਪੰਥਿ ਤੇਰਾ ਕੋ ਨ ਸਿਞਾਨੂ॥ ਹਰ ਕਾ ਨਾਮੁ ਤਹ ਨਾਲਿ ਪਛਾਨੂ॥
(੪) ਜਹ ਮਹਾ ਭਇਆਨ ਤਪਤਿ ਬਹੁ ਘਾਮ॥ ਤਹ ਹਰਿ ਕੇ ਨਾਮ ਕੀ ਤੁਮ ਊਪਰਿ ਛਾਮ॥
(੫) ਜਹਾ ਤ੍ਰਿਖਾ ਮਨ ਤੁਝੁ ਆਕਰਖੈ॥ ਤਹ ਨਾਨਕ ਹਰਿ ਹਰਿ ਅੰਮ੍ਰਿਤੁ ਬਰਖੈ॥੪॥

ਅਨੁਵਾਦਿ

(੧) ਜੀਵਨ ਰੂਪੀ ਜਿਸ ਰਸਤੇ ਦੇ, ਕੋਹਾਂ ਦਾ ਨਹੀਂ ਕੋਈ ਸ਼ੁਮਾਰ॥
ਉਸ ਰਸਤੇ ਵਿਚ ਨਾਮ ਪ੍ਰਭੂ ਦਾ, ਬੰਦੇ ਤੇਰਾ ਬਣੂ ਅਧਾਰ॥
(੨) ਜਿਹੜੇ ਰਾਹ ਵਿਚ ਹਰ ਪਾਸੇ ਹੀ, ਛਾਇਆ ਹੋਇਆ ਘੁੱਪ ਹਨੇਰਾ॥
ਉਥੇ ਕਰਦਾ ਨਾਮ ਪ੍ਰਭੂ ਦਾ, ਨੂਰੀ ਰੌਸ਼ਨ ਚਾਰ ਚੁਫੇਰਾ॥
(੩) ਜਿਸ ਰਸਤੇ ਵਿਚ ਬੰਦੇ ਤੇਰਾ, ਨਾ ਕੋਈ ਸਾਥੀ ਨਾ ਕੋਈ ਮੇਲੀ॥
ਉਸ ਰਸਤੇ ਵਿਚ ਨਾਮ ਹਰੀ ਦਾ, ਤੇਰਾ ਸੰਗੀ ਤੇਰਾ ਬੇਲੀ॥
(੪) ਜਿਹੜੇ ਰਾਹ ਵਿਚ ਅਤ ਭਿਆਨਕ, ਗਰਮੀ ਪ੍ਰਾਨੀ ਨੂੰ ਤੜਪਾਵੈ॥
ਉਸ ਰਸਤੇ ਵਿਚ ਨਾਮ ਹਰੀ ਦਾ, ਠੰਡੀ ਛਾਂ ਸਮ ਸੁਖ ਪਹੁੰਚਾਵੈ॥
(੫) ਜਿਸ ਰਾਹ ਦੇ ਵਿਚ ਮੋਹ ਮਾਇਆ ਦੀ, ਤੈਨੂੰ ਐ ਮਨ ਪਿਆਸ ਸਤਾਊ॥
ਉੱਥੇ ਨੂਰੀ ਸਤਿਗੁਰ ਮੇਰਾ, ਹਰੀ ਨਾਮ ਦੀ ਵਰਖਾ ਪਾਊ॥

(੧) ਭਗਤ ਜਨਾ ਕੀ ਬਰਤਨਿ ਨਾਮੁ॥ ਸੰਤ ਜਨਾ ਕੈ ਮਨਿ ਬਿਸ੍ਰਾਮੁ॥
(੨) ਹਰਿ ਕਾ ਨਾਮੁ ਦਾਸ ਕੀ ਓਟ॥ ਹਰਿ ਕੈ ਨਾਮਿ ਉਧਰੇ ਜਨ ਕੋਟਿ॥
(੩) ਹਰਿ ਜਸੁ ਕਰਤ ਸੰਤ ਦਿਨੁ ਰਾਤਿ॥ ਹਰਿ ਹਰਿ ਅਉਖਧੁ ਸਾਧ ਕਮਾਤਿ॥
(੪) ਹਰਿ ਜਨ ਕੈ ਹਰਿ ਨਾਮੁ ਨਿਧਾਨੁ॥ ਪਾਰਬ੍ਰਹਮਿ ਜਨ ਕੀਨੋ ਦਾਨ॥
(੫) ਮਨ ਤਨ ਰੰਗਿ ਰਤੇ ਰੰਗ ਏਕੈ॥ ਨਾਨਕ ਜਨ ਕੈ ਬਿਰਤਿ ਬਿਬੇਕੈ॥੫॥

ਅਨੁਵਾਦਿ

(੧) ਨਾਮ ਪ੍ਰਭੂ ਭਗਤਾਂ ਦਾ ਹੈ, ਹਰ ਵੇਲੇ ਪਿਆਰੇ ਵਰਤਾਰਾ॥
ਸੰਤ-ਜਨਾਂ ਦੇ ਮਨ ਰੱਖਦਾ ਹੈ, ਵਾਸਾ ਮੇਰਾ ਸਤਿਗੁਰ ਪਿਆਰਾ॥
(੨) ਨਾਮ ਪ੍ਰਭੂ ਦਾ ਭਗਤਾਂ ਦੇ ਲਈ, ਐ ਮਨ ਇਕੋ ਇਕ ਸਹਾਰਾ॥
ਇਸ ਦੇ ਨਾਲ ਕ੍ਰੋੜਾਂ ਪਾਪੀ, ਪਾਉਂਦੇ ਪਿਆਰੇ ਪਾਰ ਉਤਾਰਾ॥
(੩) ਨਿਸਦਿਨ ਸੰਤ ਸਦਾ ਨੇ ਕਰਦੇ, ਹਰ ਪ੍ਰਭ ਦੀ ਹੀ ਸੋਭਾ ਪਿਆਰੇ॥
ਨਾਮ ਦਾ ਦਾਰੂ ਹਾਸਲ ਕਰ ਕੇ, ਹਉਮੈ ਰੋਗ ਮਿਟਾਵਨ ਸਾਰੇ॥
(੪) ਭਗਤ ਜਨਾਂ ਦੇ ਮਨ ਵਿਚ ਰਹਿੰਦਾ, ਹਰੀ ਨਾਮ ਦਾ ਇਕ ਖਜ਼ਾਨਾ॥
ਆਪ ਪ੍ਰਭੂ ਨੇ ਸੰਤਾਂ ਨੂੰ ਇਹ, ਬਖਸ਼ਿਸ਼ ਕੀਤਾ ਹੈ ਨਜ਼ਰਾਨਾ॥
(੫) ਭਗਤ ਜਨਾਂ ਦੇ ਤਨ ਮਨ ਪਿਆਰੇ, ਪ੍ਰਭੂ ਨਾਮ ਦੇ ਰੰਗ 'ਚ ਰੰਗੇ॥
ਸਤਿਗੁਰ ਸੂਝ ਇਹਨਾਂ ਨੂੰ ਬਖ਼ਸ਼ੀ, ਪਰਖ ਸਕਣ ਉਹ ਮੰਦੇ ਚੰਗੇ॥

(੧) ਹਰਿ ਕਾ ਨਾਮੁ ਜਨ ਕਉ ਮੁਕਤਿ ਜੁਗਤਿ॥ ਹਰਿ ਕੈ ਨਾਮਿ ਜਨ ਕਉ ਤ੍ਰਿਪਤਿ ਭੁਗਤਿ॥
(੨) ਹਰਿ ਕਾ ਨਾਮੁ ਜਨ ਕਾ ਰੂਪ ਰੰਗ॥ ਹਰਿ ਨਾਮੁ ਜਪਤ ਕਬ ਪਰੈ ਨ ਭੰਗੁ॥
(੩) ਹਰਿ ਕਾ ਨਾਮੁ ਜਨ ਕੀ ਵਡਿਆਈ॥ ਹਰਿ ਕੈ ਨਾਮ ਜਨ ਸੋਭਾ ਪਾਈ॥
(੪) ਹਰਿ ਕਾ ਨਾਮੁ ਜਨ ਕਉ ਭੋਗ ਜੋਗ॥ ਹਰਿ ਨਾਮੁ ਜਪਤ ਕਛੁ ਨਾਹਿ ਬਿਓਗੁ॥
(੫) ਜਨੁ ਰਾਤਾ ਹਰਿ ਨਾਮ ਕੀ ਸੇਵਾ॥ ਨਾਨਕ ਪੂਜੈ ਹਰਿ ਹਰਿ ਦੇਵਾ॥੬॥

ਅਨੁਵਾਦਿ

(੧) ਨਾਮ ਹਰੀ ਦਾ ਹਰੀ ਭਗਤ ਨੂੰ, ਮੁਕਤਿ ਹੋਣ ਦੀ ਜੁਗਤੀ ਦੱਸੇ॥
ਨਾਮ ਹਰੀ ਦਾ ਭਗਤ ਦੇ ਤਾਈਂ, ਮੋਹ ਮਾਇਆ ਦੀ ਤ੍ਰਿਪਤੀ ਦੱਸੇ॥
(੨) ਨਾਮ ਹਰੀ ਦਾ ਭਗਤ ਵਾਸਤੇ, ਸੁੰਦਰ ਰੂਪ ਅਪਾਰ ਸੁਹਾਵੇ॥
ਨਾਮ ਹਰੀ ਦੇ ਸਿਮਰਨ ਸਦਕੇ, ਕਦੇ ਕੋਈ ਅੜਚਨ ਨਾ ਆਵੇ॥
(੩) ਹਰੀ ਨਾਮ ਸਦਕੇ ਹੁੰਦੀ ਹੈ, ਜਗ ਤੇ ਭਗਤਾਂ ਦੀ ਵਡਿਆਈ॥
ਹਰੀ ਨਾਮ ਥੀਂ ਭਗਤ ਜਨਾਂ ਨੇ, ਹਰ ਥਾਂ ਤੇ ਹੀ ਸੋਭਾ ਪਾਈ॥
(੪) ਭੋਗੀ-ਜੋਗੀ ਦੋਹਾਂ ਲਈ ਹੈ, ਨਾਮ ਪ੍ਰਭੂ ਦਾ ਉਤਮ ਸਾਧਨ॥
ਹਰੀ ਨਾਮ ਦੇ ਸਿਮਰਨ ਸਦਕੇ, ਦੁਖ ਕਲੇਸ਼ ਨ ਵਿਆਪੈ ਐ ਮਨ॥
(੫) ਭਗਤ ਹਰੀ ਦੇ ਹਰ ਵੇਲੇ ਹੀ, ਹਰੀ ਨਾਮ ਦੇ ਰੰਗ 'ਚ ਰੰਗੇ॥
ਅੱਠੋ ਪਹਿਰ ਹੀ ਨੂਰੀ ਸਤਿਗੁਰ, ਪ੍ਰਭ ਦੀ ਸੇਵਾ ਪੂਜਾ ਮੰਗੇ॥

(੧) ਹਰਿ ਹਰਿ ਜਨ ਕੈ ਮਾਲੁ ਖਜੀਨਾ॥ ਹਰਿ ਧਨੁ ਜਨ ਕਉ ਆਪਿ ਪ੍ਰਭਿ ਦੀਨਾ॥
(੨) ਹਰਿ ਹਰਿ ਜਨ ਕੈ ਓਟ ਸਤਾਣੀ॥ ਹਰਿ ਪ੍ਰਤਾਪਿ ਜਨ ਅਵਰ ਨ ਜਾਣੀ॥
(੩) ਓਤਿ ਪੋਤਿ ਜਨ ਹਰਿ ਰਸਿ ਰਾਤੇ॥ ਸੁੰਨਿ ਸਮਾਧਿ ਨਾਮ ਰਸ ਮਾਤੇ॥
(੪) ਆਠ ਪਹਰ ਜਨੁ ਹਰਿ ਹਰਿ ਜਪੈ॥ ਹਰਿ ਕਾ ਭਗਤੁ ਪ੍ਰਗਟ ਨਹੀਂ ਛਪੈ॥
(੫) ਹਰਿ ਕੀ ਭਗਤਿ ਮੁਕਤਿ ਬਹੁ ਕਰੇ॥ ਨਾਨਕ ਜਨ ਸੰਗਿ ਕੇਤੇ ਤਰੇ॥੭॥

ਅਨੁਵਾਦਿ

(੧) ਨਾਮ ਹਰੀ ਦਾ ਭਗਤ ਉਹਦੇ ਲਈ, ਧਨ ਦਾ ਹੈ ਅਣਮੋਲ ਖ਼ਜ਼ਾਨਾ॥
ਖ਼ੁਸ਼ ਹੋ ਕੇ ਹਰ ਆਪ ਭਗਤ ਨੂੰ, ਬਖਸ਼ਿਸ਼ ਕੀਤਾ ਇਹ ਨਜ਼ਰਾਨਾ॥
(੨) ਨਾਮ ਹਰੀ ਦਾ ਭਗਤ ਉਹਦੇ ਲਈ, ਇਕੋ ਹੈ ਬਲਵਾਨ ਸਹਾਰਾ॥
ਇਕ ਹਰੀ ਦੀ ਕ੍ਰਿਪਾ ਬਾਝੋਂ, ਹੋਰ ਨਹੀਂ ਕੁਝ ਉਸ ਨੂੰ ਪਿਆਰਾ॥
(੩) ਰੋਮ ਰੋਮ ਥੀਂ ਭਗਤ ਹਰੀ ਦੇ, ਪ੍ਰੀਤ ਹਰੀ ਸੰਗ ਇਉਂ ਮਤਵਾਲੇ॥
ਸਾਧੂ ਜਿਵੇਂ ਸਮਾਧੀ ਅੰਦਰ, ਮਸਤ ਹੋਏ ਪੀ ਪ੍ਰੇਮ ਪਿਆਲੇ॥
(੪) ਚੱਤੋ ਪਹਿਰ ਜੋ ਭਗਤ ਹਰੀ ਦੇ, ਹਰੀ ਨਾਮ ਵਿਚ ਸੁਰਤੀ ਲਾਵਨ॥
ਉਹ ਪਰਗਿਟ ਹੋਣੋਂ ਨਹੀਂ ਰਹਿੰਦੇ, ਦੁਨੀਆਂ ਦੇ ਉਘੇ ਹੋ ਜਾਵਨ॥
(੫) ਭਗਤ ਹਰੀ ਦਾ ਭਗਤੀ ਕਰ ਕੇ, ਮੁਕਤ ਕਰੇ ਕਈਆਂ ਨੂੰ ਪਿਆਰੇ॥
ਸਤਿਗੁਰ ਪ੍ਰਭ ਦੇ ਭਗਤ ਦੀ ਸੰਗਤ, ਨੂਰੀ ਕਈ ਹੋਰਾਂ ਨੂੰ ਤਾਰੇ॥

(੧) ਪਾਰਜਾਤੁ ਇਹੁ ਹਰਿ ਕੋ ਨਾਮ॥ ਕਾਮਧੇਨ ਹਰਿ ਹਰਿ ਗੁਣ ਗਾਮ॥
(੨) ਸਭ ਤੇ ਊਤਮ ਹਰਿ ਕੀ ਕਥਾ॥ ਨਾਮੁ ਸੁਨਤ ਦਰਦ ਦੁਖ ਲਥਾ॥
(੩) ਨਾਮ ਕੀ ਮਹਿਮਾ ਸੰਤ ਰਿਦ ਵਸੈ॥ ਸੰਤ ਪ੍ਰਤਾਪਿ ਦੁਰਤ ਸਭ ਨਸੈ॥
(੪) ਸੰਤ ਕਾ ਸੰਗੁ ਵਡਭਾਗੀ ਪਾਈਐ। ਸੰਤ ਕੀ ਸੇਵਾ ਨਾਮੁ ਧਿਆਈਐ॥
(੫) ਨਾਮੁ ਤੁਲਿ ਕਛੁ ਅਵਰੁ ਨ ਹੋਇ॥ ਨਾਨਕ ਗੁਰਮੁਖਿ ਨਾਮੁ ਪਾਵੈ ਜਨੁ ਕੋਇ॥੮॥੨॥

ਅਨੁਵਾਦਿ

(੧) ਨਾਮ ਹਰੀ ਦਾ ਪਾਰਜਾਤ ਹੈ, ਜੋ ਪੂਰੀ ਹਰ ਕਰੇ ਮੁਰਾਦ॥
ਇਛਿਆ ਪੂਰਕ ਕਾਮਧੇਨ ਇਹ, ਹਰੀ ਨਾਮੁ ਰੱਖੇ ਮਨ ਸ਼ਾਦ॥
(੨) ਸਭਨਾਂ ਤੋਂ ਇਹ ਉਤਮ ਪਿਆਰੇ, ਪ੍ਰਭ ਦੀਆਂ ਬਾਤਾਂ, ਪ੍ਰਭ ਦੀਆਂ ਗਲਾਂ॥
ਨਾਮ ਹਰੀ ਦਾ ਸੁਣ ਕੇ ਪਿਆਰੇ, ਦੁਖ ਦਰਦ ਨੂੰ ਪੈਂਦੀਆਂ ਠਲ੍ਹਾਂ॥
(੩) ਨਾਮ ਪ੍ਰਭੂ ਦਾ ਸੋਭਾ ਪਿਆਰੇ, ਸੰਤ ਜਨਾਂ ਦੇ ਹਿਰਦੇ ਵੱਸੇ॥
ਸੰਤ ਜਨਾਂ ਦੀ ਕ੍ਰਿਪਾ ਸਦਕੇ, ਦੁਖ ਪਾਪ ਬੰਦੇ ਦਾ ਨੱਸੇ॥
(੪) ਵਡੇ ਭਾਗੀਂ ਹੀ ਮਿਲਦੀ ਹੈ, ਸੰਤ ਜਨਾਂ ਦੀ ਸੰਗਤ ਐ ਮਨ॥
ਸੰਤ ਜਨਾਂ ਦੀ ਸੇਵਾ ਤੋਂ ਹੀ, ਨਾਮ ਪ੍ਰਭੂ ਦਾ ਹੁੰਦਾ ਸਿਮਰਨ॥
(੫) ਨਾਮ ਬਰਾਬਰ ਹੋਰ ਪਦਾਰਥ, ਜਗ ਤੇ ਨ ਕੋਈ ਨਜ਼ਰੀਂ ਆਵੇ॥
ਸਤਿਗੁਰ ਦੇ ਸਨਮੁਖ ਹੋ ਕੇ ਹੀ, ਬੰਦਾ ਨਾਮ ਪ੍ਰਭੂ ਦਾ ਪਾਵੇ॥

***

ਸਲੋਕੁ॥
ਬਹੁ ਸਾਸਤ੍ਰ ਬਹੁ ਸਿਮ੍ਰਿਤੀ ਪੇਖੇ ਸਰਬ ਢਢੋਲਿ॥
ਪੂਜਸਿ ਨਾਹੀ ਹਰਿ ਹਰੇ ਨਾਨਕ ਨਾਮ ਅਮੋਲ॥੧॥

ਅਨੁਵਾਦਿ
ਸੱਭ ਸ਼ਾਸਤ੍ਰ ਸੱਭ ਸਿੰਮ੍ਰਤੀਆਂ ਵੇਖੇ ਸੱਭ ਗਹੁ ਨਾਲ ਵਿਚਾਰੇ॥
ਹਰੀ ਨਾਮ ਦੇ ਤੁਲ ਨਹੀਂ ਹਨ ਸਤਿਗੁਰ ਇਹ ਸਾਰੇ ਦੇ ਸਾਰੇ॥

ਅਸਟਪਦੀ

(੧) ਜਾਪ ਤਾਪ ਗਿਆਨ ਸਭਿ ਧਿਆਨ॥ ਖਟ ਸਾਸਤ੍ਰ ਸਿਮ੍ਰਿਤਿ ਵਖਿਆਨ॥
(੨) ਜੋਗ ਅਭਿਆਸ ਕਰਮ ਧ੍ਰਮ ਕਿਰਿਆ॥ ਸਗਲ ਤਿਆਗਿ ਬਨ ਮਧੇ ਫਿਰਿਆ॥
(੩) ਅਨਿਕ ਪ੍ਰਕਾਰ ਕੀਏ ਬਹੁ ਜਤਨਾ॥ ਪੁੰਨ ਦਾਨ ਹੋਮੇ ਬਹੁ ਰਤਨਾ॥
(੪) ਸਰੀਰੁ ਕਟਾਇ ਹੋਮੈ ਕਰਿ ਰਾਤੀ॥ ਵਰਤ ਨੇਮ ਕਰੈ ਬਹੁ ਭਾਤੀ॥
(੫) ਨਹੀ ਤੁਲਿ ਰਾਮ ਨਾਮ ਬੀਚਾਰ॥ ਨਾਨਕ ਗੁਰਮੁਖਿ ਨਾਮੁ ਜਪੀਐ ਇਕ ਬਾਰ॥੧॥

ਅਨੁਵਾਦਿ

(੧) ਜੇ ਕੋਈ ਪ੍ਰਾਨੀ ਮਨ ਚਿਤ ਲਾ ਕੇ, ਜਪ ਤਪ ਦੇ ਵਿਚ ਲਾਉਂਦਾ ਧਿਆਨ॥
ਦੇਵਤਿਆਂ ਦੀ ਮਹਿਮਾ ਕਰਕੇ, ਕਰੇ ਸ਼ਾਸਤ੍ਰਾਂ ਦਾ ਵਖਿਆਨ॥
(੨) ਜੋਗ ਦੇ ਸਾਧਨ, ਧਰਮ ਦੇ ਬੰਧਨ, ਨੇਕੀ ਦਾ ਕਰਦਾ ਅਭਿਆਸ॥
ਸੱਭ ਕੁਝ ਛਡ ਉਦਾਸੀ ਬਣ ਕੇ, ਜੰਗਲ ਜੰਗਲ ਫਿਰੇ ਉਦਾਸ॥
(੩) ਕਰਦਾ ਜਤਨ ਅਨੇਕ ਤਰ੍ਹਾਂ ਦੇ, ਬੰਦਾ ਪਾਵਣ ਲਈ ਭਗਵਾਨ॥
ਹਵਨ ਕਰੇ ਘਿਉ ਅੱਗ 'ਚ ਸਾੜੇ, ਹੋਰ ਅਨੇਕ ਕਰੇ ਪੁੰਨ ਦਾਨ॥
(੪) ਆਪਣੇ ਤਨ ਦੇ ਟੁਕੜੇ ਕਰਕੇ, ਅੱਗ ਦੇ ਅੰਦਰ ਦੇਵੇ ਸਾੜ॥
ਨਿਯਮ ਵਰਤ ਅਨੇਕਾਂ ਕਰਕੇ, ਉਸਦੀ ਭੇਟਾ ਦੇਵੇ ਚਾਹੜ॥
(੫) ਪ੍ਰਭੂ ਨਾਮ ਦੇ ਤੁਲ ਨਹੀਂ ਹਨ, ਐਪਰ ਇਹ ਸਾਰੇ ਵੀਚਾਰ॥
ਸਤਿਗੁਰ ਦੇ ਸਨਿਮੁਖ ਹੋ ਪਿਆਰੇ, ਜੇਕਰ ਨਾਮ ਜਪੀਏ ਇਕ ਵਾਰ॥

(੧) ਨਉ ਖੰਡ ਪ੍ਰਿਥਮੀ ਫਿਰੈ ਚਿਰੁ ਜੀਵੈ। ਮਹਾ ਉਦਾਸੁ ਤਪੀਸਰ ਥੀਵੈ॥
(੨) ਅਗਨਿ ਮਾਹਿ ਹੋਮਤ ਪਰਾਨ॥ ਕਨਿਕ ਅਸ੍ਵ ਹੈਵਰ ਭੂਮਿ ਦਾਨ॥
(੩) ਨਿਉਲੀ ਕਰਮ ਕਰੈ ਬਹੁ ਆਸਨ॥ ਜੈਨ ਮਾਰਗ ਸੰਜਮ ਅਤਿ ਸਾਧਨ॥
(੪) ਨਿਮਖ ਨਿਮਖ ਕਰਿ ਸਰੀਰੁ ਕਟਾਵੈ॥ ਤਉ ਭੀ ਹਉਮੈ ਮੈਲੁ ਨ ਜਾਵੈ॥
(੫) ਹਰਿ ਕੇ ਨਾਮ ਸਮਸਰਿ ਕਛੁ ਨਾਹਿ॥ ਨਾਨਕ ਗੁਰਮੁਖਿ ਨਾਮੁ ਜਪਤ ਗਤਿ ਪਾਇ॥੨॥

ਅਨੁਵਾਦਿ

(੧) ਪਾ ਕੇ ਉਮਰ ਜੇ ਲੰਬੀ ਪ੍ਰਾਨੀ, ਨੌਂ ਖੰਡਾਂ ਦੇ ਚਕਰ ਲਾਵੇ॥
ਛਡ ਕੇ ਗਰਿਸਤ ਉਦਾਸੀ ਬਣ ਕੇ, ਤੱਪ ਵਿਚ ਅਪਣੀ ਸੁਰਤ ਟਿਕਾਵੇ॥
(੨) ਅੱਗ ਦੀ ਭੇਂਟ ਕਰੇ ਜਿੰਦ ਅਪਣੀ, ਵਾਰ ਦੇਵੇ ਕੋਈ ਅਪਣੀ ਜਾਨ॥
ਸੋਨਾ, ਚਾਂਦੀ, ਹਾਥੀ, ਘੋੜੇ, ਭੋਏਂ ਵੀ ਕਰ ਦੇਵੇ ਦਾਨ॥
(੩) ਨਿਉਲੀ ਕ੍ਰਮ ਅਨੇਕਾਂ ਆਸਨ, ਕਰਕੇ ਇਹ ਤਨ ਖ਼ੂਬ ਤਪਾਵੇ॥
ਜੈਨੀਆਂ ਵਰਗੇ ਔਖੇ ਸਾਧਨ, ਸੰਜਮ ਥੀਂ ਸਾਰੇ ਅਪਨਾਵੇ॥
(੪) ਤਨ ਅਪਣੇ ਦੇ ਟੁਕੜੇ ਟੁਕੜੇ, ਬੇਸ਼ਕ ਪਿਆਰੇ ਕੋਈ ਕਟਾਵੇ॥
ਫਿਰ ਵੀ ਉਸ ਪ੍ਰਾਨੀ ਦੇ ਮਨ ਦੀ, ਹਉਮੈਂ ਮੈਲ ਨਾ ਉੱਕਾ ਜਾਵੇ॥
(੫) ਨਾਮ ਹਰੀ ਦੇ ਤੁਲ ਨਾ ਕੋਈ, ਪ੍ਰਭ ਦੀ ਮਹਿਮਾ ਕਹੀ ਨਾ ਜਾਵੇ॥
ਸਿਮਰੂ ਨਾਮ ਜੋ ਪ੍ਰਭ ਦਾ ਸਤਿਗੁਰ, ਨੂਰੀ ਉਹ ਹੀ ਮੁਕਤੀ ਪਾਵੇ॥

(੧) ਮਨ ਕਾਮਨਾ ਤੀਰਥ ਦੇਹ ਛੁਟੈ॥ ਗਰਬੁ ਗੁਮਾਨੁ ਨ ਮਨ ਤੇ ਹੁਟੈ॥
(੨) ਸੋਚ ਕਰੈ ਦਿਨਸੁ ਅਰੁ ਰਾਤਿ॥ ਮਨ ਕੀ ਮੈਲੁ ਨ ਤਨ ਤੇ ਜਾਤਿ॥
(੩) ਇਸੁ ਦੇਹੀ ਕਉ ਬਹੁ ਸਾਧਨਾ ਕਰੈ॥ ਮਨ ਤੇ ਕਬਹੂ ਨ ਬਿਖਿਆ ਟਰੈ॥
(੪) ਜਲਿ ਧੋਵੈ ਬਹੁ ਦੇਹ ਅਨੀਤਿ॥ ਸੁਧ ਕਹਾ ਹੋਇ ਕਾਚੀ ਭੀਤਿ॥
(੫) ਮਨ ਹਰਿ ਕੇ ਨਾਮ ਕੀ ਮਹਿਮਾ ਊਚ॥ ਨਾਨਕ ਨਾਮ ਉਧਰੇ ਪਤਿਤ ਬਹੁ ਮੂਚ॥੩॥

ਅਨੁਵਾਦ

(੧) ਜੈ ਕੋਈ ਚਾਹਵੇ ਤੀਰਥ ਜਾ ਕੇ, ਐ ਮਨ ਮੇਰੇ ਨਿਕਲਨ ਪ੍ਰਾਨ॥
ਏਸ ਤਰ੍ਹਾਂ ਵੀ ਜਾਂਦਾ ਨਹੀਂ ਪਰ, ਪਿਆਰੇ ਮਨ ਦਾ ਗਰਭ ਗੁਮਾਨ॥
(੨) ਨਿਸ ਦਿਨ ਬੰਦਾ ਸੋਚ ਕਰੇ ਜੇ, ਦਿਲ ਵਿਚ ਕਰਦਾ ਰਹੇ ਵਿਚਾਰ॥
ਤਨ ਦੇ ਧੋਤਿਆਂ ਜਾਂਦੇ ਨਹੀਂ ਪਰ, ਉੱਕਾ ਮਨ ਦੇ ਮੈਲ ਵਿਕਾਰ॥
(੩) ਇਸ ਦੇਹੀ ਨੂੰ ਸਾਧਨ ਖਾਤਰ, ਬੰਦਾ ਯਤਨ ਅਨੇਕਾਂ ਲਾਵੇ॥
ਮਨ ਦੇ ਉਤੋਂ ਕਦੇ ਵੀ ਐਪਰ, ਮਾਇਆ ਦਾ ਪ੍ਰਭਾਵ ਨਾ ਜਾਵੈ॥
(੪) ਨਾਸਵੰਤ ਇਸ ਤਨ ਦੇ ਤਾਂਈਂ, ਜੇ ਬੰਦਾ ਮਲ ਮਲ ਕੇ ਧੋਵੇ॥
ਫਿਰ ਵੀ ਤਨ ਦੀ ਕੰਧ ਇਹ ਕੱਚੀ, ਪਿਆਰੇ ਮੂਲ ਨਾ ਨਿਰਮਲ ਹੋਵੇ॥
(੫) ਐ ਮਨ ਉਸ ਪ੍ਰਭ ਦੀ ਮਹਿਮਾ ਦਾ, ਆਉਂਦਾ ਨਹੀਂ ਕੁਝ ਅੰਤ ਸ਼ੁਮਾਰ॥
ਸਤਿਗੁਰ ਨਾਮ ਪ੍ਰਭੂ ਦਾ ਜਪ ਕੇ, ਤਰ ਗਏ ਪਤਿਤ ਅਨੇਕਾਂ ਵਾਰ॥

(੧) ਬਹੁਤੁ ਸਿਆਣਪ ਜਮ ਕਾ ਭਉ ਬਿਆਪੈ॥ ਅਨਿਕ ਜਤਨ ਕਰਿ ਤ੍ਰਿਸਨ ਨਾ ਧ੍ਰਾਪੈ॥
(੨) ਭੇਖ ਅਨੇਕ ਅਗਨਿ ਨਹੀਂ ਬੁਝੈ॥ ਕੋਟਿ ਉਪਾਵ ਦਰਗਹ ਨਹੀਂ ਸਿਝੈ॥
(੩) ਛੂਟਸਿ ਨਾਹੀ ਊਭ ਪਇਆਲਿ॥ ਮੋਹਿ ਬਿਆਪਹਿ ਮਾਇਆ ਜਾਲਿ॥
(੪) ਅਵਰ ਕਰਤੂਤਿ ਸਗਲੀ ਜਮੁ ਡਾਨੈ॥ ਗੋਵਿੰਦ ਭਜਨ ਬਿਨੁ ਤਿਲੁ ਨਹੀਂ ਮਾਨੈ॥
(੫) ਹਰਿ ਕਾ ਨਾਮੁ ਜਪਤ ਦੁਖੁ ਜਾਇ॥ ਨਾਨਕ ਬੋਲੈ ਸਹਿਜ ਸੁਭਾਇ॥੪॥

ਅਨੁਵਾਦ

(੧) ਨਰ ਜਿਤਨੀ ਚਤਰਾਈ ਕਰਦਾ, ਓਨਾ ਵਿਆਪੈ ਮਨ ਦਾ ਭੈ॥
ਬੇਸ਼ਕ ਜਤਨ ਅਨੇਕਾਂ ਕਰ ਲੈ, ਤ੍ਰਿਸਨਾ ਫੇਰ ਨਾ ਰਜਦੀ ਹੈ॥
(੨) ਤ੍ਰਿਸਨਾ ਅਗ ਬੁਝੇ ਨਾ ਉੱਕਾ, ਚਾਹੇ ਭੇਖ ਅਨੇਕ ਧਰੋ॥
ਕ੍ਰੋੜ ਜਤਨ ਕਰਕੇ ਦਰਗਾਹ ਵਿਚ, ਨਰ ਨਹੀਂ ਸੁਰਖਰੂ ਸਕਦਾ ਹੋ॥
(੩) ਚੜ੍ਹ ਜਾਵੇ ਆਕਾਸ਼ ਤੇ ਭਾਵੇ, ਜਾਂ ਪਾਤਾਲ 'ਚ ਧਸ ਜਾਵੇ॥
ਮੋਹ ਮਾਇਆ ਦੇ ਜਾਲ 'ਚ ਪਿਆਰੇ, ਫਿਰ ਵੀ ਬੰਦਾ ਫਸ ਜਾਵੇ॥
(੪) ਹਰ ਕਰਤੂਤ ਕਰਨ ਤੇ ਐ ਮਨ, ਧਰਮ ਰਾਜ ਡੰਨ ਲਾਉਂਦਾ ਹੈ॥
ਧਰਮ ਰਾਜ ਦੇ ਕਹਿਰ ਤੋਂ ਪਿਆਰੇ, ਪ੍ਰਭ ਦਾ ਨਾਮ ਬਚਾਉਂਦਾ ਹੈ॥
(੫) ਨਾਮ ਹਰੀ ਦਾ ਸਿਮਰਨ ਕਰਨਾ, ਸਾਰੇ ਦੁਖ ਮਿਟਾਉਂਦਾ ਹੈ॥
ਸਤਿਗੁਰ ਬੋਲੇ ਉਹ ਅਡੋਲ ਨਰ, ਸਹਿਜ ਅਵਸਥਾ ਪਾਉਂਦਾ ਹੈ॥

(੧) ਚਾਰਿ ਪਦਾਰਥ ਜੇ ਕੋ ਮਾਗੈ॥ ਸਾਧਨ ਜਨਾ ਕੀ ਸੇਵਾ ਲਾਗੈ॥
(੨) ਜੇ ਕੋ ਅਪੁਨਾ ਦੂਖੁ ਮਿਟਾਵੈ॥ ਹਰਿ ਹਰਿ ਨਾਮੁ ਰਿਦੈ ਸਦ ਗਾਵੈ॥
(੩) ਜੇ ਕੋ ਅਪਨੀ ਸੋਭਾ ਲੋਰੈ॥ ਸਾਧ ਸੰਗਿ ਇਹ ਹਉਮੈ ਛੋਰੈ॥
(੪) ਜੇ ਕੋ ਜਨਮ ਮਰਣ ਤੇ ਡਰੈ॥ ਸਾਧ ਜਨਾ ਕੀ ਸਰਨੀ ਪਰੈ॥
(੫) ਜਿਸੁ ਜਨ ਕਉ ਪ੍ਰਭ ਦਰਸ ਪਿਆਸਾ॥ ਨਾਨਕ ਤਾਕੈ ਬਲਿ ਬਲਿ ਜਾਸਾ॥੫॥

ਅਨੁਵਾਦਿ

(੧) ਧਰਮ, ਅਰਥ, ਤੇ ਮੋਖ, ਕਾਮ ਇਹ, ਜੇ ਕੋਈ ਚਾਰ ਪਦਾਰਥ ਚਾਹਵੇ॥
ਐ ਮਨ ਉਹ ਨਰ ਸੰਤ ਜਨਾਂ ਦੀ, ਸੇਵਾ ਦੇ ਵਿਚ ਜੀਵਨ ਲਾਵੇ॥
(੨) ਜੇ ਕੋਈ ਚਾਹੁੰਦਾ ਜੀਵਨ ਦੇ ਵਿਚ, ਦੁਖ ਨਾ ਮੇਰੇ ਨੇੜੇ ਆਵੇ॥
ਐ ਮਨ ਉਹ ਨਰ ਮਨ ਚਿਤ ਲਾ ਕੇ, ਹਰ ਹਰ ਨਾਮ ਹਮੇਸ਼ਾ ਗਾਵੈ॥
(੩) ਜੇ ਕੋਈ ਪ੍ਰਾਨੀ ਇਸ ਦੁਨੀਆਂ ਵਿਚ, ਸੋਭਾ ਜਾਂ ਵਡਿਆਈ ਚਾਹਵੇ॥
ਉਹ ਨਰ ਕਰੇ ਸਾਧ ਦੀ ਸੰਗਤ, ਹਉਮੇਂ ਦੇ ਨੇੜੇ ਨਾ ਜਾਵੇ॥
(੪) ਜਿਸ ਪ੍ਰਾਨੀ ਨੂੰ ਜਨਮ ਮਰਨ ਦੇ ਚੱਕਰ ਤੋਂ, ਸੱਚ ਮੁਚ ਡਰ ਆਵੇ॥
ਐ ਮਨ ਉਹ ਨਰ ਸੰਤ ਜਨਾਂ ਦੀ, ਸਰਨੀ ਪੈ ਕੇ ਜਨਮ ਬਤਾਵੈ॥
(੫) ਐ ਮਨ ਪ੍ਰਭ ਦਰਸ਼ਨ ਦਾ ਪਿਆਸਾ, ਜੇ ਕੋਈ ਮੈਨੂੰ ਨਜ਼ਰੀਂ ਆਵੇ॥
ਸਤਿਗੁਰ ਮੇਰਾ ਦਿਲ ਉਸ ਉੱਤੇ, ਵਾਰ ਵਾਰ ਬਲਹਾਰੀ ਜਾਵੇ॥

(੧) ਸਗਲ ਪੁਰਖ ਮਹਿ ਪੁਰਖੁ ਪ੍ਰਧਾਨੁ॥ ਸਾਧ ਸੰਗਿ ਜਾ ਕਾ ਮਿਟੈ ਅਭਿਮਾਨੁ॥
(੨) ਆਪਸ ਕਉ ਜੋ ਜਾਣੈ ਨੀਚਾ॥ ਸੋਊ ਗਨੀਐ ਸਭ ਤੇ ਊਚਾ॥
(੩) ਜਾ ਕਾ ਮਨੁ ਹੋਇ ਸਗਲ ਕੀ ਰੀਨਾ॥ ਹਰਿ ਹਰਿ ਨਾਮੁ ਤਿਨਿ ਘਟਿ ਘਟਿ ਚੀਨਾ॥
(੪) ਮਨ ਅਪੁਨੇ ਤੇ ਬੁਰਾ ਮਿਟਾਨਾ॥ ਪੇਖੈ ਸਗਲ ਸ੍ਰਿਸਟਿ ਸਾਜਨਾ॥
(੫) ਸੂਖ ਦੂਖ ਜਨ ਸਮ ਦ੍ਰਿਸਟੇਤਾ॥ ਨਾਨਕ ਪਾਪ ਪੁੰਨ ਨਹੀਂ ਲੇਪਾ॥੬॥

ਅਨੁਵਾਦਿ

(੧) ਉਸ ਪ੍ਰਾਨੀ ਨੂੰ ਇਸ ਦੁਨੀਆ ਵਿਚ, ਸਭ ਤੋਂ ਵੱਡਾ ਸਮਝੋ ਪਿਆਰੇ॥
ਜਿਹੜਾ ਸਤ ਸੰਗਤ ਵਿਚ ਰਹਿ ਕੇ, ਦਿਲ ਚੋਂ ਗਰਬ ਗੁਮਾਨ ਨੂੰ ਮਾਰੇ॥
(੨) ਜੋ ਪ੍ਰਾਨੀ ਇਸ ਦੁਨੀਆਂ ਵਿਚ, ਖੁਦ ਨੂੰ ਸਭ ਤੋਂ ਨੀਚ ਕਹਾਵੈ॥
ਉਹ ਹੀ ਬੰਦਾ ਇਸ ਦੁਨੀਆਂ ਤੇ, ਸਭ ਤੋਂ ਉੱਚੀ ਪਦਵੀ ਪਾਵੈ॥
(੩) ਜੋ ਪ੍ਰਾਨੀ ਦੁਨੀਆਂ ਵਿਚ ਖੁਦ ਨੂੰ, ਚਰਨ ਧੂੜ ਹਰ ਇਕ ਦੀ ਜਾਣੇਂ॥
ਉਹ ਬੰਦਾ ਹੀ ਕਣ ਕਣ ਅੰਦਰ, ਮੇਰੇ ਪ੍ਰਭ ਦਾ ਨੂਰ ਪਛਾਣੇਂ॥
(੪) ਜਿਸ ਨੇ ਆਪਣੇ ਮਨ ਦੇ ਵਿਚੋਂ, ਕਰ ਦਿੱਤੀ ਹੈ ਖ਼ਤਮ ਬੁਰਾਈ॥
ਉਸਨੂੰ ਸਮਝੋ ਖ਼ਲਕਤ ਸਾਰੀ, ਰੂਪ ਸਜਣ ਦਾ ਨਜ਼ਰੀਂ ਆਈ॥
(੫) ਜਿਸ ਬੰਦੇ ਨੇ ਇਸ ਦੁਨੀਆਂ ਵਿਚ, ਸੁਖ ਦੁਖ ਇਕ ਸਮਾਨ ਸਮਝਿਆ॥
ਉਸ ਬੰਦੇ ਤੇ ਪੁੰਨ ਪਾਪ ਦਾ, ਸਤਿਗੁਰ ਅਸਰ ਕਦੇ ਨਹੀਂ ਹੋਇਆ॥

(੧) ਨਿਰਧਨ ਕਉ ਧਨੁ ਤੇਰੋ ਨਾਉ॥ ਨਿਥਾਵੇ ਕਉ ਨਾਉ ਤੇਰਾ ਥਾਉ॥
(੨) ਨਿਮਾਨੇ ਕਉ ਪ੍ਰਭ ਤੇਰੋ ਮਾਨੁ॥ ਸਗਲ ਘਟਾ ਕਉ ਦੇਵਹੁ ਦਾਨੁ॥
(੩) ਕਰਨ ਕਰਾਵਨਹਾਰ ਸੁਆਮੀ॥ ਸਗਲ ਘਟਾ ਕੇ ਅੰਤਰਜਾਮੀ॥
(੪) ਅਪਨੀ ਗਤਿ ਮਿਤਿ ਜਾਨਹੁ ਆਪੇ॥ ਆਪਨ ਸੰਗਿ ਆਪਿ ਪ੍ਰਭ ਰਾਤੇ॥
(੫) ਤੁਮ੍ਹਰੀ ਉਸਤਤਿ ਤੁਮ ਤੇ ਹੋਇ॥ ਨਾਨਕ ਅਵਰੁ ਨ ਜਾਨਸਿ ਕੋਇ॥੭॥

ਅਨੁਵਾਦਿ

(੧) ਤੇਰਾ ਨਾਮ ਹੀ ਨਿਰਧਨ ਦੇ ਲਈ, ਧਨ ਦਾ ਇਕੋ ਇਕ ਖ਼ਜ਼ਾਨਾ॥
ਤੇਰਾ ਨਾਮ ਹੀ ਬੇ ਘਰ ਦੇ ਲਈ, ਅਸਲੀ ਪੱਕਾ ਪਤਾ ਟਿਕਾਨਾ॥
(੨) ਤੇਰਾ ਨਾਮ ਨਿਮਾਣੇ ਦਾ ਵੀ, ਦੁਨੀਆਂ ਦੇ ਵਿਚ ਮਾਣ ਕਰਾਵੇ॥
ਹਰ ਇਕ ਜੀਵ ਦੇ ਤਾਂਈ ਐ ਮਨ, ਤੇਰੀ ਮੇਹਰ ਥੀਂ ਰਿਜ਼ਕ ਪਹੁੰਚਾਵੇ॥
(੩) ਕਰੇ ਕਰਾਵੇ ਆਪੇ ਸਭ ਕੁਝ, ਸਭ ਦਾ ਮਾਲਕ ਉਹ ਰਖਵਾਲਾ॥
ਹਰ ਦਿਲ ਅੰਦਰ ਉਸ ਦਾ ਵਾਸਾ, ਹਰ ਦਿਲ ਦੀ ਉਹ ਜਾਨਣ ਵਾਲਾ॥
(੪) ਹੇ ਪ੍ਰਭ ਤੂੰ ਆਪੇ ਹੀ ਆਪਣੀ, ਹਾਲਤ ਤੇ ਵਡਿਆਈ ਜਾਣੇਂ॥
ਆਪੇ ਆਪਣੇ ਵਿਚ ਸਮਾਂ ਕੇ, ਮਗਨ ਰਹੇਂ ਹਰ ਇਕ ਰੰਗ ਮਾਣੇਂ॥
(੫) ਤੇਰੀ ਸੋਭਾ ਤੂੰ ਹੀ ਜਾਣੇਂ, ਕੋਈ ਕਰ ਨਾ ਸਕੇ ਬਿਆਨ॥
ਨੂਰੀ ਸਤਿਗੁਰ ਤੇਰੀ ਮਹਿਮਾ, ਜਾਣ ਨਹੀਂ ਸਕਦਾ ਇਨਸਾਨ॥

(੧) ਸਰਬ ਧਰਮ ਮਹਿ ਸ੍ਰੇਸਟ ਧਰਮੁ॥ ਹਰਿ ਕੋ ਨਾਮੁ ਜਪਿ, ਨਿਰਮਲ ਕਰਮੁ
(੨) ਸਗਲ ਕ੍ਰਿਆ ਮਹਿ ਊਤਮ ਕਿਰਿਆ॥ ਸਾਧ ਸੰਗਿ ਦੁਰਮਤਿ ਮਲੁ ਹਿਰਿਆ॥
(੩) ਸਗਲ ਉਦਮ ਮਹਿ ਉਦਮੁ ਭਲਾ॥ ਹਰਿ ਕਾ ਨਾਮੁ ਜਪਹੁ ਜੀਅ ਸਦਾ॥
(੪) ਸਗਲ ਬਾਨੀ ਮਹਿ ਅੰਮ੍ਰਿਤ ਬਾਨੀ॥ ਹਰਿ ਕੋ ਜਸੁ ਸੁਨਿ ਰਸਨ ਬਖਾਨੀ॥
(੫) ਸਗਲ ਥਾਨ ਤੇ ਓਹੁ ਊਤਮ ਥਾਨੁ॥ ਨਾਨਕ ਜਿਹ ਘਟਿ ਵਸੈ ਹਰਿ ਨਾਮੁ॥੮॥

ਅਨੁਵਾਦਿ

(੧) ਸਭ ਧਰਮਾਂ ਤੋਂ ਉਤਮ ਜਗ ਤੇ, ਏਹੋ ਇਕੋ ਧਰਮ ਹੈ ਪਿਆਰੇ॥
ਨਾਮ ਹਰੀ ਦਾ ਜਪ ਕੇ ਪ੍ਰਾਨੀ, ਅਪਣਾ ਜੀਵਨ ਸ਼ੁਧ ਗੁਜ਼ਾਰੇ॥
(੨) ਸਭ ਰੀਤਾਂ ਰਸਮਾਂ ਨੇਮਾਂ 'ਚੋਂ, ਏਹੋ ਹੈ ਇਕ ਕੰਮ ਸੁਹਾਣਾ॥
ਸਤ ਸੰਗਤ ਵਿਚ ਰਹਿਕੇ ਬੰਦੇ, ਮਨ ਦੀ ਹਉਮੈਂ ਮੈਲ ਗਵਾਣਾ॥
(੩) ਹਰ ਉਦਮ 'ਚੋਂ ਏਹੋ ਉਦਮ, ਚੰਗਾ ਹੈ ਨਾ ਮਨੋਂ ਭੁਲਾਉ॥
ਹਰੀ ਨਾਮ ਦੇ ਸਿਮਰਨ ਵਿਚ ਹੀ, ਪਿਆਰੇ ਅਪਣਾ ਮਨ ਚਿਤ ਲਾਉ॥
(੪) ਬਾਣੀਆਂ ਵਿਚੋਂ ਸਭ ਤੋਂ ਉਤਮ, ਏਹੋ ਬਾਣੀ ਤੁਸੀਂ ਵਿਚਾਰੋ॥
ਹਰ ਜਸ ਸਰਵਨ ਕਰੋ ਹਮੇਸ਼ਾ, ਰਸਨਾ ਤੋਂ ਹਰ ਨਾਮ ਉਚਾਰੋ॥
(੫) ਸਭ ਤੀਰਥ ਅਸਥਾਨ ਤੋਂ ਉਤਮ, ਉਹ ਦਿਲ ਰੂਪੀ ਥਾਨ ਸੁਹਾਵੇ॥
ਨੂਰੀ ਸਤਿਗੁਰ ਇਹ ਫੁਰਮਾਇਆ, ਜਿਸ ਦੇ ਹਿਰਦੇ ਨਾਮ ਸਮਾਵੇ॥

ਸਲੋਕੁ ॥

ਨਿਰਗੁਨੀਆਰ ਇਆਨਿਆ ਸੋ ਪ੍ਰਭੁ ਸਦਾ ਸਮਾਲਿ ॥
ਜਿਨਿ ਕੀਆ ਤਿਸੁ ਚੀਤਿ ਰਖੁ ਨਾਨਕ ਨਿਬਹੀ ਨਾਲਿ ॥੧॥

ਅਨੁਵਾਦਿ

ਐ ਨਿਰਗੁਣ ਗੁਣ ਹੀਣ ਬੰਦਿਆ, ਚੇਤੇ ਰਖ ਤੂੰ ਦੀਨ ਦਿਆਲ ॥
ਜਿਸ ਤੈਨੂੰ ਹੈ ਪੈਦਾ ਕੀਤਾ, ਉਹਹੀ ਨਿਭਣਾ ਤੇਰੇ ਨਾਲ ॥

ਅਸਟਪਦੀ

(੧) ਰਮਈਆ ਕੇ ਗੁਨ ਚੇਤਿ ਪਰਾਨੀ॥ ਕਵਨ ਮੂਲ ਤੇ ਕਵਨ ਦ੍ਰਿਸਟਾਨੀ॥
(੨) ਜਿਨਿ ਤੂੰ ਸਾਜਿ ਸਵਾਰਿ ਸੀਗਾਰਿਆ॥ ਗਰਭ ਅਗਨਿ ਮਹਿ ਜਿਨਹਿ ਉਬਾਰਿਆ॥
(੩) ਬਾਰ ਬਿਵਸਥਾ ਤੁਝਹਿ ਪਿਆਰੈ ਦੂਧ॥ ਭਰਿ ਜੋਬਨ ਭੋਜਨ ਸੁਖ ਸੂਧ॥
(੪) ਬਿਰਧਿ ਭਇਆ ਊਪਰਿ ਸਾਕ ਸੈਨ॥ ਮੁਖਿ ਅਪਿਆਉ ਬੈਠ ਕਉ ਦੈਨ॥
(੫) ਇਹੁ ਨਿਰਗੁਨੁ ਗੁਨੁ ਕਛੂ ਨ ਬੂਝੈ॥ ਬਖਸਿ ਲੇਹੁ ਤਉ ਨਾਨਕ ਸੀਝੈ॥੧॥

ਅਨੁਵਾਦਿ

(੧) ਐ ਪ੍ਰਾਨੀ ਉਹ ਰਾਮ ਸੁਹਾਣਾ, ਮਨ ਚਿਤ ਲਾ ਗੁਣ ਉਸ ਦੇ ਗਾਉ॥
ਜਿਸ ਮੁੱਢ ਤੋਂ ਤੇਰਾ ਰੂਪ ਸਜਾਇਆ, ਉਸ ਨੂੰ ਆਪਣੇ ਚਿਤ ਵਸਾਉ॥
(੨) ਜਿਸ ਪ੍ਰਭ ਤੈਨੂੰ ਪੈਦਾ ਕਰ ਕੇ, ਸੁੰਦਰ ਰੂਪ ਅਪਾਰ ਬਣਾਇਆ॥
ਜਿਸ ਪਿਆਰੇ ਤੇਰੀ ਰਕਸ਼ਾ ਕਰ ਕੇ, ਗਰਭ ਅਗਨ ਤੋਂ ਆਣ ਬਚਾਇਆ॥
(੩) ਬਚਪਨ ਵਿਚ ਜਦ ਬੱਚਾ ਸੀ ਤੂੰ, ਪਿਆਰੇ ਤੈਨੂੰ ਦੁਧ ਪਿਲਾਇਆ॥
ਜੋਬਨ ਵਿਚ ਭੋਜਨ ਸੁਖ ਦੇ ਕੇ, ਸੋਝੀ ਦਾ ਹਰ ਰਾਹ ਵਿਖਾਇਆ॥
(੪) ਬਿਰਧਿ ਹੋਇਆ ਤਾਂ ਸਾਕ ਸਬੰਧੀ, ਤੇਰੇ ਲਈ ਬਖਸ਼ੇ ਰਖਵਾਲੇ॥
ਮੂੰਹ ਵਿਚ ਤੇਰੇ ਪਾਉਣ ਗਰਾਹੀਆਂ, ਸੱਭ ਕੁੱਝ ਦੇਵਣ, ਦੇਵਣ ਵਾਲੇ॥
(੫) ਫਿਰ ਵੀ ਐ ਨਾ ਸ਼ੁਕਰੇ ਪ੍ਰਾਨੀ, ਉਸ ਦੇ ਨਾ ਜਾਣੇ ਉਪਕਾਰ॥
ਬਖਸ਼ ਲਵੇ ਜੇ ਨੂਰੀ ਸਤਿਗੁਰ, ਉਹ ਕਰ ਸਕਦਾ ਬੇੜਾ ਪਾਰ॥

(੧) ਜਿਹ ਪ੍ਰਸਾਦਿ ਧਰ ਊਪਰਿ ਸੁਖ ਬਸਹਿ॥ ਸੁਤ ਭ੍ਰਾਤ ਮੀਤ ਬਨਿਤਾ ਸੰਗ ਹਸਹਿ॥
(੨) ਜਿਹ ਪ੍ਰਸਾਦਿ ਪੀਵਹਿ ਸੀਤਲ ਜਲਾ॥ ਸੁਖਦਾਈ ਪਵਨੁ ਪਾਵਕੁ ਅਮੁਲਾ॥
(੩) ਜਿਹ ਪ੍ਰਸਾਦਿ ਭੋਗਹਿ ਸਭਿ ਰਸਾ॥ ਸਗਲ ਸਮਗ੍ਰੀ ਸੰਗਿ ਸਾਥਿ ਬਸਾ॥
(੪) ਦੀਨੇ ਹਸਤ ਪਾਵ ਕਰਨ ਨੇਤ੍ਰ ਰਸਨਾ॥ ਤਿਸਹਿ ਤਿਆਗਿ ਅਵਰ ਸੰਗਿ ਰਚਨਾ॥
(੫) ਐਸੇ ਦੋਖ ਮੂੜ ਅੰਧ ਬਿਆਪੇ॥ ਨਾਨਕ ਕਾਢਿ ਲੇਹੁ ਪ੍ਰਭਿ ਆਪੇ॥੨॥

ਅਨੁਵਾਦਿ

(੧) ਐ ਪ੍ਰਾਨੀ ਜਿਸ ਦੀ ਕ੍ਰਿਪਾ ਥੀਂ, ਤੂੰ ਧਰਤੀ ਤੇ ਵਸਦਾਂ ਰਸਦਾਂ॥
ਪੁਤਰ, ਭਾਈ, ਮੀਤ, ਇਸਤ੍ਰੀ, ਹਰ ਇਕ ਨਾਲ ਖੁਸ਼ੀ ਵਿਚ ਹਸਦਾ॥
(੨) ਜਿਸ ਦੀ ਮੇਹਰ ਨਾਲ ਤੂੰ ਪ੍ਰਾਨੀ, ਠੰਡੇ ਜਲ ਥੀਂ ਪਿਆਸ ਮਿਟਾਉਨਾ॥
ਸੀਤਲ ਹਵਾ ਸੁਖਾਂ ਦੀ ਲੈਨਾਂ, ਅਣਮੁਲਾ ਅੱਗ ਦਾ ਨਿਘ ਪਾਉਨਾਂ॥
(੩) ਜਿਸ ਦੀ ਕ੍ਰਿਪਾ ਨਾਲ ਤੂੰ ਪਿਆਰੇ, ਹਰ ਇਕ ਸ਼ੈ ਦਾ ਲੁਤਫ਼ ਉਠਾਉਨਾਂ॥
ਹਰ ਇਕ ਵਸਤ ਪ੍ਰਾਪਤ ਕਰ ਕੇ, ਤੂੰ ਦੁਨੀਆਂ ਦੀ ਮੌਜ ਉਡਾਉਨਾਂ॥
(੪) ਹੱਥ ਪੈਰ, ਕੰਨ, ਅੱਖਾਂ, ਜੀਭਾ, ਬਖ਼ਸ਼ੇ ਜਿਸ ਤੈਨੂੰ ਦਾਤਾਰ॥
ਹੋਰਾਂ ਨਾਲ ਪ੍ਰੀਤਾਂ ਪਾ ਕੇ, ਉਹ ਦਿੱਤਾ ਤੂੰ ਮਨੋਂ ਵਿਸਾਰ॥
(੫) ਏਹੋ ਜਿਹਾ ਨਾਸ਼ੁਕਰਾ ਅੰਨ੍ਹਾ, ਉਸ ਦਾ ਨਾ ਜੋ ਸ਼ੁਕਰ ਗੁਜ਼ਾਰੇ॥
ਸਤਿਗੁਰ ਦੀ ਅਰਦਾਸ ਇਹ ਨੂਰੀ, ਆਪ ਹਰੀ ਉਹਨੂੰ ਪਾਰ ਉਤਾਰੇ॥

(੧) ਆਦਿ ਅੰਤਿ ਜੋ ਰਾਖਨਹਾਰੁ॥ ਤਿਸ ਸਿਉ ਪ੍ਰੀਤਿ ਨ ਕਰੈ ਗਵਾਰੁ॥
(੨) ਜਾ ਕੀ ਸੇਵਾ ਨਵ ਨਿਧਿ ਪਾਵੈ॥ ਤਾ ਸਿਉ ਮੂੜਾ ਮਨੁ ਨਹੀ ਲਾਵੈ॥
(੩) ਜੋ ਠਾਕੁਰੁ ਸਦ ਸਦਾ ਹਜੂਰੇ॥ ਤਾ ਕਉ ਅੰਧਾ ਜਾਨਤ ਦੂਰੇ॥
(੪) ਜਾ ਕੀ ਟਹਲ ਪਾਵੈ ਦਰਗਹ ਮਾਨੁ॥ ਤਿਸਹਿ ਬਿਸਾਰੈ ਮੁਗਧੁ ਅਜਾਨ॥
(੫) ਸਦਾ ਸਦਾ ਇਹੁ ਭੂਲਨਹਾਰੁ॥ ਨਾਨਕ ਰਾਖਨਹਾਰੁ ਅਪਾਰੁ॥੩॥

ਅਨੁਵਾਦਿ

(੧) ਜਨਮ ਤੋਂ ਲੈ ਜੋ ਮਰਨ ਤੀਰਕਾਂ, ਰਾਖੀ ਤੇਰੀ ਕਰੇ ਦਾਤਾਰ॥
ਉਸ ਪ੍ਰੀਤਮ ਨਾਲ ਐ ਮਨ ਮੂਰਖ, ਤੂੰ ਕਾਹਤੋਂ ਨਹੀਂ ਕਰਦਾ ਪਿਆਰ॥
(੨) ਜਿਸ ਦੀ ਸੇਵ ਕਮਾਇਆਂ ਬੰਦੇ, ਮਿਲ ਜਾਵਣ ਸਭ ਮਾਲ ਖ਼ਜ਼ਾਨੇ॥
ਉਸ ਥੀਂ ਪਿਆਰੋਂ ਪ੍ਰੀਤ ਲਗਾਉਣਾ, ਐ ਮੂਰਖ ਤੂੰ ਕਿਉਂ ਨਾ ਜਾਣੇਂ॥
(੩) ਐ ਬੰਦੇ ਜਿਹੜਾ ਹਰ ਵੇਲੇ, ਅੰਗ ਸੰਗ ਰਹਿੰਦਾ ਪ੍ਰਤਿਪਾਲ॥
ਉਸ ਨੂੰ ਹੀ ਤੂੰ ਅੰਨ੍ਹਿਆਂ ਵਾਂਗਰ, ਕਿਉਂ ਕਰਦਾ ਏਂ ਦੂਰ ਖ਼ਿਆਲ॥
(੪) ਜਿਸ ਦੀ ਸੇਵ ਕਮਾਇਆਂ ਮਨ, ਮਿਲਦਾ ਹੈ ਦਰਗਾਹੇ ਮਾਨ॥
ਉਸ ਨੂੰ ਦਿਲੋਂ ਭੁਲਾਈ ਬੈਠਾਂ, ਕਿੰਨਾ ਤੂੰ ਮੂਰਖ ਨਾਦਾਨ॥
(੫) ਭੁਲਣਹਾਰ ਸਦਾ ਇਹ ਬੰਦਾ, ਇਹ ਬੰਦਾ ਹੈ ਭੁਲਣਹਾਰ॥
ਸਤਿਗੁਰ ਰਖਣਹਾਰ ਸੁਆਮੀ, ਉਸ ਦੀ ਮਹਿਮਾ ਅਪਰਮਪਾਰ॥

(੧) ਰਤਨੁ ਤਿਆਗਿ ਕਉਡੀ ਸੰਗਿ ਰਚੈ॥ ਸਾਚੁ ਛੋਡਿ ਝੂਠ ਸੰਗਿ ਮਚੈ॥
(੨) ਜੋ ਛਡਨਾ ਸੁ ਅਸਥਿਰੁ ਕਰਿ ਮਾਨੈ॥ ਜੋ ਹੋਵਨੁ ਸੋ ਦੂਰਿ ਪਰਾਨੈ॥
(੩) ਛੋਡਿ ਜਾਇ ਤਿਸ ਕਾ ਸ੍ਰਮੁ ਕਰੈ॥ ਸੰਗਿ ਸਹਾਈ ਤਿਸੁ ਪਰਹਰੈ॥
(੪) ਚੰਦਨ ਲੇਪੁ ਉਤਾਰੈ ਧੋਇ॥ ਗਰਧਬ ਪ੍ਰੀਤਿ ਭਸਮ ਸੰਗਿ ਹੋਇ॥
(੫) ਅੰਧ ਕੂਪ ਮਹਿ ਪਤਿਤ ਬਿਕਰਾਲ॥ ਨਾਨਕ ਕਾਢਿ ਲੇਹੁ ਪ੍ਰਭ ਦਇਆਲ॥੪॥

ਅਨੁਵਾਦਿ

(੧) ਛਡ ਕੇ ਰਤਨ ਜਵਾਹਰ ਬੰਦਾ, ਕੌਡਾਂ ਪਿਛੇ ਮਰਦਾ ਹੈ॥
ਸੱਚਾ ਨਾਮ ਵਿਸਾਰ ਪ੍ਰਭੂ ਦਾ, ਝੂਠੇ ਧੰਦੇ ਕਰਦਾ ਹੈ॥
(੨) ਜੋ ਵਸਤੂ ਛਡਣੀ ਪੈਣੀ ਏਂ, ਅਮਰ ਓਸ ਨੂੰ ਜਾਣ ਰਿਹਾ ਹੈ॥
ਜਿਹੜੀ ਮੌਤ ਅਟੱਲ ਅਮਰਹੈ, ਉਸ ਨੂੰ ਦੂਰ ਪਛਾਣ ਰਿਹਾ ਹੈ॥
(੩) ਜੋ ਮਾਇਆ ਏਥੇ ਛੱਡ ਜਾਣੀ, ਉਸ ਦੀ ਚਿੰਤਾ ਧਾਰੀ ਫਿਰਦਾਂ॥
ਐ ਮਨ ਜੋ ਹੈ ਸਾਥੀ ਤੇਰਾ, ਉਸ ਨੂੰ ਦਿਲੋਂ ਵਿਸਾਰੀ ਫਿਰਦਾਂ॥
(੪) ਚੰਦਨ ਦੀ ਉਹ ਸਾਰ ਕੀ ਜਾਣੇਂ, ਲਾਹ ਦੇਵੇ ਖ਼ੁਸ਼ਬੋਈ ਸਾਰੀ॥
ਖੋਤਾ ਪ੍ਰੀਤ ਸਵਾਹ ਨਾਲ ਕਰਦਾ, ਸਮਝੇ ਚੰਦਨ ਤੋਂ ਖੇਹ ਪਿਆਰੀ॥
(੫) ਮੋਹ ਮਾਇਆ ਦੇ ਭਿਆਨਕ ਖੂਹ ਵਿਚ, ਡਿੱਗੇ ਪਏ ਹਾਂ ਪ੍ਰਭੂ ਬਚਾਉ॥
ਦਿਆਲੂ ਬਣ ਕੇ ਬਹਰ ਕੱਢੋ, ਸਤਿਗੁਰੂ ਬੇੜਾ ਬੰਨੇ ਲਾਉ॥

(੧) ਕਰਤੂਤਿ ਪਸੂ ਕੀ ਮਾਨ ਜਾਤਿ॥ ਲੋਕ ਪਚਾਰਾ ਕਰੈ ਦਿਨ ਰਾਤਿ॥
(੨) ਬਾਹਰਿ ਭੇਖ ਅੰਤਿਰ ਮਲੁ ਮਾਇਆ॥ ਛਪਸਿ ਨਾਹਿ ਕਛੁ ਕਰੈ ਛਪਾਇਆ॥
(੩) ਬਾਹਰਿ ਗਿਆਨ ਧਿਆਨ ਇਸਨਾਨ॥ ਅੰਤਰਿ ਬਿਆਪੈ ਲੋਭੁ ਸੁਆਨੁ॥
(੪) ਅੰਤਰਿ ਅਗਨਿ ਬਾਹਰਿ ਤਨੁ ਸੁਆਹ॥ ਗਲਿ ਪਾਥਰ ਕੈਸੇ ਤਰੈ ਅਥਾਹ॥
(੫) ਜਾ ਕੈ ਅੰਤਰਿ ਬਸੈ ਪ੍ਰਭ ਆਪਿ॥ ਨਾਨਕ ਤੇ ਜਨ ਸਹਿਜ ਸਮਾਤਿ॥੫॥

ਅਨੁਵਾਦਿ

(੧) ਬੰਦਾ ਹੋ ਕੇ ਪਸ਼ੂਆਂ ਜਿਹੀਆਂ, ਇਹ ਕਰਤੂਤਾਂ ਕਰਦਾ ਹੈ॥
ਲੋਕ ਵਿਖਾਵਾ ਨਿਸ_ਦਨ ਕਰ ਕੇ, ਸਤਿਗੁਰ ਤੋਂ ਨਾ ਡਰਦਾ ਹੈ॥
(੨) ਬਾਹਰੋਂ ਸਾਧੂ ਜਾਪਣ ਵਾਲੇ, ਅੰਦਰੋਂ ਮਨ ਦੇ ਗੰਦੇ ਨੇ॥
ਪਰਗਟਿ ਹੋਣੋਂ ਰਹਿ ਨਹੀਂ ਸਕਦੇ, ਜੋ ਵੀ ਚੰਗੇ ਮੰਦੇ ਨੇ॥
(੩) ਗਿਆਨ, ਧਿਆਨ, ਇਸ਼ਨਾਨ ਦਾ ਬਾਹਰੋਂ ਢੌਂਗ ਰਚਾਉਂਦੇ ਰਹਿੰਦੇ ਨੇ॥
ਅੰਦਰੋਂ ਬੈਠੇ ਲੋਭੀ ਕੁੱਤੇ, ਮਨ ਭਟਕਾਉਂਦੇ ਰਹਿੰਦੇ ਨੇ॥
(੪) ਦਿਲ ਵਿਚ ਅੱਗ ਬਲੇ ਅੰਤਾਂ ਦੀ, ਤਨੀਂ ਬਿਭੂਤ ਰਮਾਉਂਦੇ ਨੇ॥
ਗਲ ਨੂੰ ਪੱਥਰ ਬੰਨ੍ਹ ਕੇ ਮੂਰਖ, ਸਾਗਰ ਤਰਨਾ ਚਾਹੁੰਦੇ ਨੇ॥
(੫) ਜਿਸ ਦੇ ਹਿਰਦੇ ਨੂਰੀ ਪ੍ਰੀਤਮ, ਸਤਿਗੁਰ ਆਪ ਸਮਾਉਂਦਾ ਹੈ॥
ਉਹ ਹੀ ਲੀਨ ਪ੍ਰਭੂ ਵਿਚ ਹੋ ਕੇ, ਸਹਿਜ ਅਵਸਥਾ ਪਾਉਂਦਾ ਹੈ॥

(੧) ਸੁਨਿ ਅੰਧਾ ਕੈਸੇ ਮਾਰਗੁ ਪਾਵੈ॥ ਕਰੁ ਗਹਿ ਲੇਹੁ ਓੜਿ ਨਿਬਹਾਵੈ॥
(੨) ਕਹਾ ਬੁਝਾਰਤਿ ਬੂਝੈ ਡੋਰਾ॥ ਨਿਸਿ ਕਹੀਐ ਤਉ ਸਮਝੈ ਭੋਰਾ॥
(੩) ਕਹਾ ਬਿਸਨ ਪਦ ਗਾਵੈ ਗੁੰਗ॥ ਜਤਨ ਕਰੈ ਤਉ ਭੀ ਸੁਰ ਭੰਗ॥
(੪) ਕਹ ਪਿੰਗੁਲ ਪਰਬਤ ਪਰ ਭਵਨ॥ ਨਹੀਂ ਹੋਤ ਊਹਾ ਉਸੁ ਗਵਨ॥
(੫) ਕਰਤਾਰ ਕਰੁਣਾਮੈ ਦੀਨ ਬੇਨਤੀ ਕਰੈ॥ ਨਾਨਕ ਤੁਮਰੀ ਕਿਰਪਾ ਤਰੈ॥੬॥

ਅਨੁਵਾਦਿ

(੧) ਸੁਣ ਕੇ ਅੰਨ੍ਹਾ ਕਿਵੇਂ ਪ੍ਰਾਨੀ, ਰਸਤੇ ਰਸਤੇ ਜਾ ਸਕਦਾ ਹੈ॥
ਆਪ ਪ੍ਰਭੂ ਜੇ ਹੱਥ ਪਕੜੇ ਤਾਂ, ਆਪਣੀ ਮੰਜ਼ਲ ਪਾ ਸਕਦਾ ਹੈ॥
(੨) ਬੋਲਾ ਪ੍ਰਾਨੀ ਨਾਲ ਇਸ਼ਾਰੇ, ਕਿਦਾਂ ਸੋਝੀ ਪਾ ਸਕਦਾ ਹੈ॥
ਕਹੀਏ ਰਾਤ ਸਮਝ ਕੇ ਦਿਨ ਉਹ, ਉਲਟਾ ਧੋਖਾ ਖਾ ਸਕਦਾ ਹੈ॥
(੩) ਗੂੰਗਾ ਪ੍ਰਾਨੀ ਭਲਾ ਕਿਸ ਤਰ੍ਹਾਂ, ਗੀਤ ਪ੍ਰਭੂ ਦੇ ਗਾ ਸਕਦਾ ਹੈ॥
ਜਤਨ ਕੀਤਿਆਂ ਫਿਰ ਵੀ ਨਹੀਂ ਉਹ, ਸੁਰ ਸਿਧੀ ਕੋਈ ਲਾ ਸਕਦਾ ਹੈ॥
(੪) ਲੂਲ੍ਹੇ ਬੰਦੇ ਕੋਲੋਂ ਕਿੱਥੇ? ਪਰਬਤ ਚੜ੍ਹਿਆ ਜਾ ਸਕਦਾ ਹੈ॥
ਉਸ ਦੀ ਓਥੇ ਪਹੁੰਚ ਨਹੀਂ ਹੈ, ਉਹ ਕੀ ਪੂਰੀ ਪਾ ਸਕਦਾ ਹੈ?
(੫) ਹੇ ਕਰਤਾਰ ਦਾਤਾਰ ਪ੍ਰੀਤਮ, ਮੇਰੀ ਇਹ ਅਰਦਾਸ ਪਿਆਰੇ॥
ਸਤਿਗੁਰੂ ਮੇਹਰ ਤੇਰੀ ਜੇ ਹੋਵੇ, ਉਹ ਨੂਰੀ ਨੂੰ ਪਾਰ ਉਤਾਰੇ॥

(੧) ਸੰਗਿ ਸਹਾਈ ਸੁ ਆਵੈ ਨ ਚੀਤਿ॥ ਜੋ ਬੈਰਾਈ ਤਾ ਸਿਉ ਪ੍ਰੀਤਿ॥
(੨) ਬਲੂਆ ਕੇ ਗ੍ਰਿਹ ਭੀਤਰਿ ਬਸੈ॥ ਅਨਦ ਕੇਲ ਮਾਇਆ ਰੰਗਿ ਰਸੈ॥
(੩) ਦ੍ਰਿੜੁ ਕਰਿ ਮਾਨੈ ਮਨਹਿ ਪ੍ਰਤੀਤਿ॥ ਕਾਲੁ ਨ ਆਵੈ ਮੂੜੇ ਚੀਤਿ॥
(੪) ਬੈਰ ਬਿਰੋਧ ਕਾਮ ਕ੍ਰੋਧ ਮੋਹ॥ ਝੂਠ ਬਿਕਾਰ ਮਹਾ ਲੋਭ ਧ੍ਰੋਹ॥
(੫) ਇਆਹੂ ਜੁਗਤਿ ਬਿਹਾਨੇ ਕਈ ਜਨਮ॥ ਨਾਨਕ ਰਾਖਿ ਲੇਹੁ ਆਪਨ ਕਰਿ ਕਰਮ॥੭॥

ਅਨੁਵਾਦਿ

(੧) ਇਹ ਬੰਦਾ ਨਾ ਸਮਝ ਬੜਾ ਹੈ, ਸਾਥੀ ਨੂੰ ਨਹੀਂ ਚਿਤ ਵਸਾਉਂਦਾ॥
ਸੱਚਾ ਨਾਮ ਵਿਸਾਰ ਪ੍ਰਭੂ ਦਾ, ਵੈਰੀ ਨਾਲ ਪ੍ਰੀਤਾਂ ਪਾਉਂਦਾ॥
(੨) ਰੇਤ ਦੇ ਘਰ ਵਿਚ ਵਾਸਾ ਕਰ ਕੇ, ਅਮਰ ਆਪ ਨੂੰ ਜਾਣ ਰਿਹਾ ਹੈ॥
ਮਾਇਆ ਦੀ ਮਸਤੀ ਦੇ ਅੰਦਰ, ਇਹ ਨਰ ਮੌਜਾਂ ਮਾਣ ਰਿਹਾ ਹੈ।
(੩) ਮਨ ਵਿਚ ਏਹੋ ਪੱਕ ਪਕਾ ਕੇ, ਅਮਰ ਆਪ ਨੂੰ ਜਾਣੀ ਬੈਠਾ॥
ਜਿਹੜੀ ਮੌਤ ਅਟੱਲ ਅਮਰਹੈ, ਉਸ ਨੂੰ ਦੂਰ ਪਛਾਣੀ ਬੈਠਾ॥
(੪) ਕਾਮ, ਕ੍ਰੋਧ, ਮੋਹ ਵੈਰ, ਵਿਰੋਧ, 'ਚ ਇਹ ਬੰਦਾ ਹੋਇਆ ਗ਼ਲਤਾਨ
ਝੂਠ, ਵਿਕਾਰ, ਲੋਭ, ਠੱਗੀ ਵਿਚ, ਫਸ ਕੇ ਇਹ ਭੁਲਿਆ ਭਗਵਾਨ॥
(੫) ਏਸ ਤਰ੍ਹਾਂ ਹੀ ਇਸ ਪ੍ਰਾਨੀ ਨੇ, ਜਨਮ ਗੁਜ਼ਾਰੇ ਬਾਰਮ ਬਾਰ॥
ਸਤਿਗੁਰ ਦੀ ਅਰਦਾਸ ਇਹ ਨੂਰੀ, ਮੇਹਰ ਕਰੇ ਆਪਣੀ ਕਰਤਾਰ।

(੧) ਤੂ ਠਾਕੁਰੁ ਤੁਮ ਪਹਿ ਅਰਦਾਸਿ॥ ਜੀਉ ਪਿੰਡੁ ਸਭੁ ਤੇਰੀ ਰਾਸਿ॥
(੨) ਤੁਮ ਮਾਤ ਪਿਤਾ ਹਮ ਬਾਰਿਕ ਤੇਰੇ॥ ਤੁਮਰੀ ਕ੍ਰਿਪਾ ਮਹਿ ਸੂਖ ਘਨੇਰੇ॥
(੩) ਕੋਇ ਨ ਜਾਨੈ ਤੁਮਰਾ ਅੰਤੁ॥ ਊਚੇ ਤੇ ਊਚਾ ਭਗਵੰਤ॥
(੪) ਸਗਲ ਸਮਗ੍ਰੀ ਤੁਮਰੈ ਸੂਤ੍ਰਿ ਧਾਰੀ॥ ਤੁਮ ਤੇ ਹੋਇ ਸੁ ਆਗਿਆਕਾਰੀ॥
(੫) ਤੁਮਰੀ ਗਤਿ ਮਿਤਿ ਤੁਮ ਹੀ ਜਾਨੀ॥ ਨਾਨਕ ਦਾਸ ਸਦਾ ਕੁਰਬਾਨੀ॥੧॥੮॥

ਅਨੁਵਾਦਿ

(੧) ਹੇ ਮਾਲਕ ਤੂੰ ਸੁਆਮੀ ਮੇਰਾ, ਤੇਰੇ ਅਗੇ ਹੈ ਅਰਦਾਸ॥
ਇਹ ਜੀਵਨ ਇਹ ਜਾਨ ਦੀ ਬਖਸ਼ਿਸ਼, ਇਹ ਤੇਰੀ ਹੀ ਸਾਰੀ ਰਾਸ॥
(੨) ਤੂੰ ਹੈਂ ਮਾਤ, ਪਿਤਾ ਵੀ ਤੂੰ ਹੈਂ, ਅਸੀਂ ਹਾਂ ਤੇਰੇ ਸਾਰੇਬਾਲ॥
ਸੁਖ ਅਨੰਦ ਮਿਲੇ ਜੋ ਸਾਨੂੰ, ਇਹ ਤੁਹਾਡੀ ਹੀ ਕ੍ਰਿਪਾ ਨਾਲ॥
(੩) ਤੇਰਾ ਭੇਤ ਕਿਸੇ ਨਾ ਪਾਇਆ, ਤੇਰਾ ਆਦ ਨਾ ਕੋਈ ਅੰਤ॥
ਤੇਰੇ ਜਿਹਾ ਕੋਈ ਹੋਰ ਨਹੀਂ ਹੈ, ਤੂੰ ਸਭ ਤੋਂ ਵੱਡਾ ਭਗਵੰਤ॥
(੪) ਇਹ ਦੁਨੀਆਂ ਦੀ ਸਾਰੀ ਵਸਤੂ, ਤੇਰੇ ਹੁਕਮ ਖੜੋਤੀ ਦਿਸੇ॥
ਤੇਰੇ ਹੁਕਮ 'ਚ ਹਰਕਤ ਕਰਦੀ, ਤੇਰੇ ਹੁਕਮ ਪਰੋਤੀ ਦਿਸੇ॥
(੫) ਤੇਰਾ ਭੇਤ ਕਿਸੇ ਨਹੀਂ ਪਾਇਆ, ਤੂੰ ਆਪੇ ਨੂੰ ਸਕਦਾ ਜਾਣ॥
ਤੇਰਾ ਸੇਵਕ ਸਤਿਗੁਰੂ ਤੇਰੇ, ਹਰ ਦਮ ਨੂਰੀ ਹੈ ਕੁਰਬਾਨ॥

ਸਲੋਕੁ॥

ਦੇਨਹਾਰ ਪ੍ਰਭ ਛੋਡਿ ਕੈ ਲਾਗਹਿ ਆਨ ਸੁਆਇ॥
ਨਾਨਕ ਕਹੂ ਨ ਸੀਝਈ ਬਿਨੁ ਨਾਵੈ ਪਤਿ ਜਾਇ॥੧॥

ਅਨੁਵਾਦਿ

ਦੇਣਹਾਰਦਾਤਾਰ ਵਿਸਾਰ, ਧੰਦੀਂ ਫਸਿਆ ਇਹ ਸੰਸਾਰ॥
ਸਤਿਗੁਰ ਇਹ ਨਾ ਸਕਿਆ ਜਾਣ, ਨਾਮ ਬਿਨਾਂ ਨਹੀਂ ਮਿਲਦਾ ਮਾਣ

ਅਸਟਪਦੀ

(੧) ਦਸ ਬਸਤੂ ਲੇ ਪਾਛੈ ਪਾਵੈ॥ ਏਕ ਬਸਤੁ ਕਾਰਨ ਬਿਖੋਟਿ ਗਵਾਵੈ॥
(੨) ਏਕ ਭੀ ਨ ਦੇਇ, ਦਸ ਭੀ ਹਿਰਿ ਲੇਇ॥ ਤਉ ਮੂੜਾ ਕਹੁ ਕਹਾ ਕਰੇਇ॥
(੩) ਜਿਸੁ ਠਾਕੁਰ ਸਿਉ ਨਾਹੀ ਚਾਰਾ॥ ਤਾ ਕਉ ਕੀਜੈ ਸਦ ਨਮਸਕਾਰਾ।
(੪) ਜਾ ਕੈ ਮਨ ਲਾਗਾ ਪ੍ਰਭੁ ਮੀਠਾ॥ ਸਰਬ ਸੂਖ ਤਾਹੂ ਮਨ ਵੂਠਾ॥
(੫) ਜਿਸ ਜਨ ਅਪਨਾ ਹੁਕਮੁ ਮਨਾਇਆ॥ ਸਰਬ ਥੋਕ ਨਾਨਕ ਤਿਨਿ ਪਾਇਆ॥੧॥

ਅਨੁਵਾਦਿ

(੧) ਦਸ ਵਸਤਾਂ ਪਾ ਕੇ ਵੀ ਪ੍ਰਭ ਤੋਂ, ਹੋਇਆ ਨਾ ਬੰਦਾ ਸਰਸ਼ਾਰ।
ਜੇ ਇਕ ਵਸਤ ਨਾ ਪ੍ਰਾਪਤ ਹੋਈ, ਦਿਲ ਵਿਚ ਗੁੱਸਾ ਕਰੇ ਹਜ਼ਾਰ॥
(੨) ਜੇ ਇਕ ਵੀ ਨਾ ਬਖ਼ਸ਼ੇ ਸਤਿਗੁਰ, ਦਸ ਵੀ ਉਹ ਖੋਹ ਲਏ ਸਰਕਾਰ॥
ਫਿਰ ਤੂੰ ਕੀ ਕਰ ਸਕਦਾਂ ਮੂਰਖ, ਦਿਲ ਵਿਚ ਏਨੀ ਬਾਤ ਵਿਚਾਰ॥
(੩) ਜਿਸ ਪ੍ਰਭ ਅੱਗੇ ਜ਼ੋਰ ਨਹੀਂ ਹੈ, ਤੂੰ ਹੈਂ ਬੇ ਬਸ ਤੇ ਲਾਚਾਰ॥
ਉਸ ਮਾਲਕ ਨੂੰ ਨਿਮਸਕਾਰ ਕਰ, ਹੋ ਜਾਵੈ ਤੇਰਾ ਉਧਾਰ॥
(੪) ਜਿਸ ਦੇ ਦਿਲ ਵਿਚ ਨਾਮ ਪ੍ਰਭੂ ਦਾ, ਜਿਸ ਦੇ ਦਿਲ ਵਿਚ ਪ੍ਰਭ ਦਾ ਪਿਆਰ
ਦੁਨੀਆ ਦੇ ਸੁਖ ਉਸ ਨੂੰ ਮਿਲਦੇ , ਹੋ ਜਾਂਦਾ ਹੈ ਬੇੜਾ ਪਾਰ॥
(੫) ਜਿਸ ਤੋਂ ਹੁਕਮ ਮਨਾਵੇ ਆਪਣਾ, ਮੇਹਰ ਕਰੇ ਜਿਸ ਤੇ ਕਰਤਾਰ॥
ਉਹ ਨਰ ਜੱਗ ਦੇ ਕੁੱਲ ਪਦਾਰਥ, ਸਤਿਗੁਰ ਪਾਵੇ ਇਕੋ ਵਾਰ॥

(੧) ਅਗਨਤ ਸਾਹੁ ਅਪਨੀ ਦੇ ਰਾਸਿ॥ ਖਾਤ ਪੀਤ ਬਰਤੈ ਅਨਦ ਉਲਾਸਿ॥
(੨) ਅਪੁਨੀ ਅਮਾਨ ਕਛੁ ਬਹੁਰਿ ਸਾਹੁ ਲੇਇ॥ ਅਗਿਆਨੀ ਮਨਿ ਰੋਸੁ ਕਰੇਇ॥
(੩) ਅਪਨੀ ਪਰਤੀਤਿ ਆਪਹੀ ਖੋਵੈ॥ ਬਹੁਰਿ ਉਸ ਕਾ ਬਿਸ੍ਵਾਸ ਨਾ ਹੋਵੇ॥
(੪) ਜਿਸ ਕੀ ਬਸਤੁ ਤਿਸੁ ਆਗੈ ਰਾਖੈ॥ ਪ੍ਰਭ ਕੀ ਆਗਿਆ ਮਾਨੈ ਮਾਥੈ॥
(੫) ਉਸ ਤੇ ਚਉਗੁਨ ਕਰੈ ਨਹਾਲੁ॥ ਨਾਨਕ ਸਾਹਿਬ ਸਦਾ ਦਇਆਲੁ॥੨॥

ਅਨੁਵਾਦਿ

(੧) ਐ ਬੰਦੇ ਇਹਮਾਲ ਖ਼ਜ਼ਾਨੇ, ਬਖ਼ਸ਼ੇ ਤੈਨੂੰ ਸ਼ਾਹ ਦਾਤਾਰ॥
ਖਾਵੇਂ, ਪੀਵੇਂ, ਹਸੇਂ, ਖੇਡੇਂ, ਮਾਣੇ ਸਜਣਾ ਮੌਜ ਬਹਾਰ॥
(੨) ਜੇ ਇਹ ਸ਼ਾਹ ਇਸ ਵਿਚੋਂ ਕੋਈ, ਵਾਪਸ ਸ਼ੈ ਲੈ ਲਏ ਸਰਕਾਰ॥
ਵੇਖੋ ਇਹ ਨਾ-ਸਮਝ ਪ੍ਰਾਨੀ, ਮਨ ਵਿਚ ਰੋਸਾ ਕਰੇ ਹਜ਼ਾਰ॥
(੩) ਏਸ ਤਰ੍ਹਾਂ ਇਹ ਪ੍ਰਾਨੀ ਅਪਣਾ, ਆਪ ਗਵਾ ਲੈਂਦਾ ਇਅਤਬਾਰ॥
ਮੁੜਕੇ ਇਸ ਦਾ ਇਅਤਬਾਰ ਊਹ, ਕਰਦਾ ਨਹੀਂ ਸ਼ਾਹ ਦੂਜੀ ਵਾਰ॥
(੪) ਜੇ ਇਹ ਪ੍ਰਾਣੀ ਉਸ ਦੇ ਸਾਹਵੇਂ, ਸਭ ਕੁਝ ਉਸ ਤੇ ਦੇਵੇ ਵਾਰ॥
ਉਸ ਦੇ ਹੁਕਮ ਨੂੰ ਹੱਸ ਕੇ ਮੰਨੇ, ਸਿਰ ਮੱਥੇ ਕਰ ਸ਼ੁਕਰ ਗੁਜ਼ਾਰ॥
(੫) ਤਾਂ ਫਿਰ ਉਸ ਤੇ ਇਸਤੋਂ ਚੌਣੀ, ਬਖ਼ਸ਼ਸ਼ ਕਰਦਾ ਹੈ ਕਰਤਾਰ॥
ਨੂਰੀ ਸਤਿਗੁਰ ਮੇਹਰਦਾ ਸਾਂਈ, ਖ਼ੁਸ਼ੀਆਂ ਦਾ ਭਰਦਾ ਭੰਡਾਰ॥

(੧) ਅਨਿਕ ਭਾਤਿ ਮਾਇਆ ਕੇ ਹੇਤ॥ ਸਰਪਰ ਹੋਵਤ ਜਾਨੁ ਅਨੇਤ॥
(੨) ਬਿਰਖ ਕੀ ਛਾਇਆ ਸਿਉ ਰੰਗੁ ਲਾਵੈ॥ ਓਹ ਬਿਨਸੈ ਉਹ ਮਨਿ ਪਛੁਤਾਵੈ॥
(੩) ਜੋ ਦੀਸੈ ਸੋ ਚਾਲਨਹਾਰੁ॥ ਲਪਟਿ ਰਹਿਓ ਤਹ ਅੰਧਾਰੁ॥
(੪) ਬਟਾਊ ਸਿਉ ਜੋ ਲਾਵੈ ਨੇਹ॥ ਤਾ ਕਉ ਹਾਥਿ ਨ ਆਵੈ ਕੇਹ॥
(੫) ਮਨ ਹਰਿ ਕੇ ਨਾਮ ਕੀ ਪ੍ਰੀਤਿ ਸੁਖਦਾਈ॥ ਕਰਿ ਕ੍ਰਿਪਾ ਨਾਨਕ ਆਪਿ ਲਏ ਲਾਈ॥੩॥

ਅਨੁਵਾਦ

(੧) ਮਾਇਆ ਦੇ ਨੇ ਰੰਗ ਅਪਾਰ, ਮੋਹਿਆ ਹੈ ਜਿਸ ਨੇ ਸੰਸਾਰ॥
ਨਾਸਵੰਤ ਹੈ ਸਭ ਨੇ ਹੋਣਾ, ਜੋ ਵੀ ਦਿਸਦਾ ਆਖ਼ਰਕਾਰ॥
(੨) ਛਾਂ ਰੁੱਖ ਦੀ ਥੀਂ ਜੇ ਕੋਈ ਐ ਮਨ, ਪਾ ਬਹਿੰਦਾ ਹੈ ਗੂੜ੍ਹਾ ਪਿਆਰ॥
ਬਿਨਸ ਜਾਂਦੀ ਹੈ ਜਦ ਉਹ ਛਾਇਆ, ਫਿਰ ਪਛਤਾਵਾ ਕਰੇ ਹਜ਼ਾਰ
(੩) ਨਜ਼ਰ ਆਉਂਦਾ ਹੈ ਜੋ ਵੀ ਏਥੇ, ਉਹ ਸਾਰਾ ਹੈ ਬਿਨਸਨਹਾਰ॥
ਅੰਨ੍ਹਿਆਂ ਵਾਂਗਰ ਮਾਰ ਕੇ ਜੱਫੇ, ਇਹ ਮਨ ਮਸਤ ਹੋਇਆ ਗਾਵਾਰ॥
(੪) ਰਾਹੀਂ ਨਾਲ ਪ੍ਰੀਤ ਜੋ ਪਾਉਂਦਾ, ਉਹ ਪਛਤਾਉਂਦਾ ਆਖ਼ਰਕਾਰ॥
ਉਸ ਦੇ ਪੱਲੇ ਕੁਝ ਨਹੀਂ ਪੈਂਦਾ, ਬਹਿ ਜਾਂਦਾ ਉਹ ਹੱਥ ਪਸਾਰ॥
(੫) ਐ ਮਨ ਨਾਮ ਹਰੀ ਦੇ ਵਿਚੋਂ, ਸੁਖਾਂ ਵਾਲੀ ਮਿਲਦੀ ਸਾਰ॥
ਮੇਹਰ ਕਰੇ ਜੇ ਨੂਰੀ ਸਤਿਗੁਰ, ਮੇਲ ਲਵੇ ਉਸ ਨੂੰ ਕਰਤਾਰ॥

(੧) ਮਿਥਿਆ ਤਨੁ ਧਨੁ ਕੁਟੰਬੁ ਸਬਾਇਆ। ਮਿਥਿਆ ਹਉਮੈ ਮਮਤਾ ਮਾਇਆ॥
(੨) ਮਿਥਿਆ ਰਾਜ ਜੋਬਨ ਧਨ ਮਾਲ॥ ਮਿਥਿਆ ਕਾਮ ਕ੍ਰੋਧ ਬਿਕਰਾਲ॥
(੩) ਮਿਥਿਆ ਰਥ ਹਸਤੀ ਅਸ੍ਵ ਬਸਤ੍ਰਾ। ਮਿਥਿਆ ਰੰਗ ਸੰਗਿ ਮਾਇਆ ਪੇਖਿ ਹਸਤਾ॥
(੪) ਮਿਥਿਆ ਧ੍ਰੋਹ ਮੋਹ ਅਭਿਮਾਨੁ॥ ਮਿਥਿਆ ਆਪਸ ਊਪਰਿ ਕਰਤ ਗੁਮਾਨੁ॥
(੫) ਅਸਥਿਰੁ ਭਗਤਿ ਸਾਧ ਕੀ ਸਰਨ॥ ਨਾਨਕ ਜਪਿ ਜਪਿ ਜੀਵੈ ਹਰਿ ਕੇ ਚਰਨ॥੪॥

ਅਨੁਵਾਦ

(੧) ਨਾਸਵਾਨ ਹੈ ਤਨ ਧਨ ਬੰਦੇ, ਨਾਸਵਾਨ ਸਾਰਾ ਪ੍ਰਵਾਰ॥
ਨਾਸਵਾਨ ਇਹ ਮੋਹ ਮਾਇਆ ਹੈ, ਨਾਸਵਾਨ ਹਉਮੈਂ ਹੰਕਾਰ॥
(੨) ਨਾਸਵਾਨ ਸਭ ਰਾਜ ਤੇ ਜੋਬਨ, ਨਾਸਵਾਨ ਇਹ ਦੌਲਤ ਮਾਲ॥
ਨਾਸਵਾਨ ਹੈ ਲਹਿਰ ਕਾਮ ਦੀ, ਨਾਸਵਾਨ ਹੈ ਕ੍ਰੋਧ ਚੰਡਾਲ॥
(੩) ਨਾਸਵਾਨ, ਰਥ, ਹਾਥੀ, ਘੋੜੇ, ਨਾਸਵਾਨ ਬਸਤਰ ਸੰਸਾਰੀ॥
ਨਾਸਵਾਨ ਰਲ ਸੰਗੀਆਂ ਹਸਣਾ, ਨਾਸਵਾਨ ਮੋਹ ਮਾਇਆ ਸਾਰੀ॥
(੪) ਨਾਸਵਾਨ ਛਲ ਪਿਆਰ ਨੇ ਜਗ ਦੇ, ਨਾਸਵਾਨ ਪਿਆਰੇ ਅਭਿਮਾਨ॥
ਨਾਸਵਾਨ ਇਹ ਸਮਝ ਪ੍ਰਾਨੀ, ਆਪਣੇ ਆਪ ਤੇ ਕਰਨਾ ਮਾਨ।
(੫) ਰਹਿਣੀ ਹੈ ਇਕ ਪ੍ਰਭ ਦੀ ਭਗਤੀ, ਜੋ ਨਰ ਸਾਧ ਸਰਨ ਤੋਂ ਪਾਵੇ॥
ਚਰਨ ਪ੍ਰਭੂ ਦੇ ਜਪ ਜਪ ਪ੍ਰਾਨੀ, ਇਸ ਜੀਵਨ ਨੂੰ ਸਫਲ ਬਿਤਾਵੇ॥

(੧) ਮਿਥਿਆ ਸ੍ਰਵਨ ਪਰ ਨਿੰਦਾ ਸੁਨਹਿ ॥ ਮਿਥਿਆ ਹਸਤ ਪਰ ਦਰਬ ਕਉ ਹਿਰਹਿ ॥
(੨) ਮਿਥਿਆ ਨੇਤ੍ਰ ਪੇਖਤ ਪਰ ਤ੍ਰਿਅ ਰੂਪਾਦ ॥ ਮਿਥਿਆ ਰਸਨਾ ਭੋਜਨ ਅਨ ਸ੍ਵਾਦ ॥
(੩) ਮਿਥਿਆ ਚਰਨ ਪਰ ਬਿਕਾਰ ਕਉ ਧਾਵਹਿ ॥ ਮਿਥਿਆ ਮਨ ਪਰ ਲੋਭ ਲੁਭਾਵਹਿ ॥
(੪) ਮਿਥਿਆ ਤਨ ਨਹੀ ਪਰ ਉਪਕਾਰਾ ॥ ਮਿਥਿਆ ਬਾਸੁ ਲੇਤ ਬਿਕਾਰਾ ॥
(੫) ਬਿਨੁ ਬੂਝੇ ਮਿਥਿਆ ਸਭ ਭਏ ॥ ਸਫਲ ਦੇਹ ਨਾਨਕ ਹਰਿ ਹਰਿ ਨਾਮ ਲਏ ॥੫॥

ਅਨੁਵਾਦਿ

(੧) ਉਹ ਵਿਅਰਥ ਕੰਨ ਹਨ ਬੰਦੇ, ਪਰ ਨਿੰਦਿਆ ਹਰ ਦਮ ਜੋ ਭਾਵਨ ॥
ਉਹ ਵਿਅਰਥ ਹੱਥ ਹਨ ਪ੍ਰਾਨੀ, ਜਿਹੜੇ ਵਸਤੂ ਪਰਾਈ ਚਾਵਨ ॥
(੨) ਉਹ ਵਿਅਰਥ ਨੈਣ ਜੋ ਤਕਦੇ, ਰੂਪਵਾਨ ਹਨ ਨਾਰ ਪਰਾਈ ॥
ਉਹ ਵਿਅਰਥ ਜੀਭ ਹੈ ਪਿਆਰੇ, ਜੋ ਖਾਵਨ ਦੇ ਸਵਾਦੀਂ ਲਾਈ ॥
(੩) ਉਹ ਵਿਅਰਥ ਪੈਰ ਹਨ ਪ੍ਰਾਨੀ, ਜੋ ਵਿਕਾਰ ਦੇ ਰਸਤੇ ਜਾਵਨ ॥
ਉਹ ਵਿਅਰਥ ਜੋ ਮਨ ਦੇ ਲੋਭੀ, ਤਕ ਕੇ ਹਰ ਸ਼ੈ ਮਨ ਲਲਚਾਵਨ ॥
(੪) ਉਸ ਬੰਦੇ ਦਾ ਤਨ ਵਿਅਰਥ ਹੈ, ਜੋ ਨਾ ਪਰਉਪਕਾਰ ਕਮਾਵੇ ॥
ਉਸ ਪ੍ਰਾਨੀ ਦਾ ਨੱਕ ਵਿਅਰਥ ਹੈ, ਬਾਸ ਵਿਕਾਰਾ ਦੀ ਜੋ ਚਾਹਵੇ ॥
(੫) ਸਮਝ ਬਿਨਾਂ ਵਿਅਰਥ ਨੇ ਸਾਰੇ, ਤੇਰਾ ਇਕ ਇਕ ਅੰਗ ਪਿਆਰੇ ॥
ਸਫਲ ਸਰੀਰ ਜੋ ਹਰ ਹਰ ਜਪਦਾ, ਨੂਰੀ ਸਤਿਗੁਰ ਸੰਗ ਪਿਆਰੇ ॥

(੧) ਬਿਰਥੀ ਸਾਕਤ ਕੀ ਆਰਜਾ ॥ ਸਾਚ ਬਿਨਾ ਕਹ ਹੋਵਤ ਸੂਚਾ ॥
(੨) ਬਿਰਥਾ ਨਾਮ ਬਿਨਾ ਤਨੁ ਅੰਧ ॥ ਮੁਖਿ ਆਵਤ ਤਾ ਕੈ ਦੁਰਗੰਧ ॥
(੩) ਬਿਨੁ ਸਿਮਰਨ ਦਿਨੁ ਰੈਨਿ ਬ੍ਰਿਥਾ ਬਿਹਾਇ ॥ ਮੇਘ ਬਿਨਾ ਜਿਉ ਖੇਤੀ ਜਾਇ ॥
(੪) ਗੋਬਿੰਦ ਭਜਨ ਬਿਨੁ ਬ੍ਰਿਥੇ ਸਭ ਕਾਮ ॥ ਜਿਉ ਕਿਰਪਨ ਕੇ ਨਿਰਾਰਥ ਦਾਮ ॥
(੫) ਧੰਨਿ ਧੰਨਿ ਤੇ ਜਨ ਜਿਹ ਘਟਿ ਬਸਿਓ ਹਰਿ ਨਾਉ ॥
ਨਾਨਕ ਤਾ ਕੈ ਬਲਿ ਬਲਿ ਜਾਉ ॥੬॥

ਅਨੁਵਾਦਿ

(੧) ਜੋ ਪ੍ਰਾਨੀ ਬੇ ਮੁੱਖ ਹੈ ਪ੍ਰਭ ਤੋਂ, ਉਸਦਾ ਜੀਵਨ ਬਿਰਥਾ ਜਾਨ ॥
ਸਚੇ ਨਾਮ ਬਿਨਾਂ ਕੋਈ ਕਿਦਾਂ, ਬਣ ਸਕਦਾ ਸੁੱਚਾ ਇਨਸਾਨ ॥
(੨) ਨਾਮ ਤੋਂ ਵਾਂਝਾ ਜੋ ਤਨ ਜੱਗ ਤੇ, ਉਹ ਤਨ ਐ ਮਨ ਅੰਨ੍ਹਾ ਜਾਣ ॥
ਉਸਦੇ ਮੂੰਹ 'ਚੋਂ ਪ੍ਰਭ ਨਿੰਦਿਆ ਦੀ, ਆਉਂਦੀ ਭੈੜੀ ਬਾਸ ਪਛਾਣ ॥
(੩) ਬਿਨ ਹਰਭਜਨ ਦੇ ਸੁਣ ਐ ਬੰਦੇ, ਬਿਰਥੇ ਬੀਤਨ ਜੋ ਦਿਨ ਰਾਤ ॥
ਸੜੀ ਹੋਈ ਉਹ ਜਾਣੋਂ ਖੇਤੀ, ਪੈਂਦੀ ਨਹੀਂ ਜਿਸ ਤੇ ਬਰਸਾਤ ॥
(੪) ਪ੍ਰਭ ਸਿਮਰਨ ਬਿਨ ਸੁਣ ਐ ਪ੍ਰਾਨੀ, ਬਿਰਥੇ ਨੇ ਇਉਂ ਕਾਰ ਵਿਹਾਰ ॥
ਜਿਉਂ ਕੰਜੂਸ ਦੀ ਦੌਲਤ ਪਿਆਰੇ, ਨਾ ਕੋਈ ਕਾਰਜ ਸਕੇ ਸਵਾਰ ॥
(੫) ਧੰਨ ਉਹ ਲੋਕ ਜਿਨਾਂ ਦੇ ਦਿਲ ਵਿਚ, ਰੋਮ ਰੋਮ ਵਸਿਆ ਕਰਤਾਰ ॥
ਉਹਨਾਂ ਉਤੇ ਨੂਰੀ ਸਤਿਗੁਰ, ਵਾਰ ਵਾਰ ਜਾਵੇ ਬਲਿਹਾਰ ॥

(੧) ਰਹਤ ਅਵਰ ਕਛੁ ਅਵਰ ਕਮਾਵਤ ॥ ਮਨਿ ਨਹੀ ਪ੍ਰੀਤਿ ਮੁਖਹੁ ਗੰਢ ਲਾਵਤ ॥
(੨) ਜਾਨਨਹਾਰ ਪ੍ਰਭੂ ਪਰਬੀਨ ॥ ਬਾਹਰਿ ਭੇਖ ਨ ਕਾਹੂ ਭੀਨ ॥
(੩) ਅਵਰ ਉਪਦੇਸੈ ਆਪਿ ਨ ਕਰੈ ॥ ਆਵਤ ਜਾਵਤ ਜਨਮੈ ਮਰੈ ॥
(੪) ਜਿਸ ਕੈ ਅੰਤਰਿ ਬਸੈ ਨਿਰੰਕਾਰੁ ॥ ਤਿਸ ਕੀ ਸੀਖ ਤਰੈ ਸੰਸਾਰੁ ॥
(੫) ਜੋ ਤੁਮ ਭਾਨੇ ਤਿਨ ਪ੍ਰਭੁ ਜਾਤਾ ॥ ਨਾਨਕ ਉਨ ਜਨ ਚਰਨ ਪਰਾਤਾ ॥੭॥

ਅਨੁਵਾਦਿ

(੧) ਬਾਹਰੋਂ ਭੇਖ ਧਰਮ ਦੇ ਕਰਕੇ, ਅੰਦਰੋਂ ਕਪਟ ਕਮਾਵੇ ਪ੍ਰਾਨੀ ॥
ਮਨ ਦੇ ਵਿਚ ਨਹੀਂ ਪਿਆਰ ਹਰੀ ਦਾ, ਮੂੰਹ ਤੋਂ ਪ੍ਰੀਤ ਜਤਾਵੇ ਪ੍ਰਾਨੀ ॥
(੨) ਜਾਨਣ ਹਾਰ ਪ੍ਰਭੂ ਸੱਭ ਜਾਣੇ, ਅਤਿ ਦਾ ਉਹ ਹੈ ਚਤੁਰ ਸਿਆਣਾ ॥
ਬਾਹਰੋਂ ਭੇਖ ਵਿਖਾਵੇ ਕਰਕੇ, ਬੰਦੇ ਔਖਾ ਪ੍ਰਭੂ ਰੀਝਾਣਾ
(੩) ਹੋਰਾਂ ਨੂੰ ਜੋ ਮੱਤਾਂ ਦੇਵੇ, ਐਪਰ ਅਮਲ ਨਹੀਂ ਜੋ ਕਰਦਾ ॥
ਜਨਮ ਮਰਨ ਦੇ ਗੇੜ ਪਿਆ ਉਹ, ਪਿਆਰੇ ਰਹਿੰਦਾ ਜੰਮਦਾ ਮਰਦਾ ॥
(੪) ਜਿਸ ਦੇ ਦਿਲ ਹੈ ਵਾਸਾ ਕੀਤਾ, ਆਪ ਪ੍ਰਭੂ ਨੂਰੀ ਨਿਰੰਕਾਰੀ ॥
ਉਸ ਪ੍ਰਭੂਦੀ ਹੀ ਸਿੱਖਿਆ ਨੇ ਹੈ, ਪਿਆਰੇ ਇਹ ਸਭ ਦੁਨੀਆਂ ਤਾਰੀ ॥
(੫) ਜਿਸ ਮਨ ਜਾਣ ਲਿਆ ਪ੍ਰਭੂ ਤੈਨੂੰ, ਉਹ ਜਨ ਤੈਨੂੰ ਹੈਨ ਪਿਆਰੇ ॥
ਨੂਰੀ ਸਤਿਗੁਰ ਚਰਨ ਪਰਸਕੇ, ਵਾਰ ਵਾਰ ਉਸ ਦੇ ਬਲਿਹਾਰੇ ॥

(੧) ਕਰਉ ਬੇਨਤੀ ਪਾਰਬ੍ਰਹਮ ਸਭੁ ਜਾਨੈ ॥ ਅਪਨਾ ਕੀਆ ਆਪਹਿ ਮਾਨੈ ॥
(੨) ਆਪਹਿ ਆਪ ਆਪਿ ਕਰਤ ਨਿਬੇਰਾ ॥ ਕਿਸੈ ਦੂਰਿ ਜਨਾਵਤ ਕਿਸੈ ਬੁਝਾਵਤ ਨੇਰਾ ॥
(੩) ਉਪਾਵ ਸਿਆਨਪ ਸਗਲ ਤੇ ਰਹਤ ॥ ਸਭੁ ਕਛੁ ਜਾਨੈ ਆਤਮ ਕੀ ਰਹਤ ॥
(੪) ਜਿਸੁ ਭਾਵੈ ਤਿਸੁ ਲਏ ਲੜਿ ਲਾਏ ॥ ਥਾਨ ਥਨੰਤਰਿ ਰਹਿਆ ਸਮਾਇ ॥
(੫) ਸੋ ਸੇਵਕੁ ਜਿਸੁ ਕਿਰਪਾ ਕਰੀ ॥ ਨਿਮਖ ਨਿਮਖ ਜਪਿ ਨਾਨਕ ਹਰੀ ॥੮॥੫॥

ਅਨੁਵਾਦਿ

(੧) ਜੋ ਜੋ ਵੀ ਮੈਂਕਰਾਂ ਬੇਨਤੀ, ਉਹ ਸਭ ਸਤਿਗੁਰ ਜਾਣ ਰਿਹਾ ਹੈ ॥
ਆਪ ਉਹ ਸਭ ਨੂੰ ਪੈਦਾ ਕਰਕੇ, ਬਖਸ਼ ਆਪ ਹੀ ਮਾਣ ਰਿਹਾ ਹੈ ॥
(੨) ਜੀਵ ਦੇ ਕੀਤੇ ਕਰਮ ਮੁਤਾਬਿਕ, ਉਹ ਪ੍ਰਭ ਆਪੇ ਕਰੇ ਨਿਖੇੜਾ ॥
ਆਪ ਕਿਸੇ ਨੂੰ ਦਸਦਾ ਦੂਰੀ, ਆਪ ਕਿਸੇ ਨੂੰ ਦਸਦਾ ਨੇੜਾ ॥
(੩) ਹਰ ਹੀਲੇ, ਚਤਰਾਈ ਕੋਲੋਂ, ਦੂਰ ਰਹੇ ਉਹ ਬੜਾ ਨਿਆਰਾ ॥
ਹਰ ਦਿਲ ਦੀ ਪ੍ਰਭ ਜਾਨਣ ਵਾਲਾ, ਹਰ ਇਕ ਦਾ ਉਹ ਭੇਤੀ ਸਾਰਾ ॥
(੪) ਜਿਸ ਤੇ ਉਸ ਦੀ ਕ੍ਰਿਪਾ ਹੋਵੇ, ਉਸਨੂੰ ਉਹ ਗਲ ਲਾ ਲੈਂਦਾ ਹੈ ॥
ਕਣ ਕਣ ਵਿਚ ਸਮਾਇਆ ਹੈ ਜੋ, ਉਸ ਪ੍ਰਭ ਨੂੰ ਉਹ ਪਾ ਲੈਂਦਾ ਹੈ ॥
(੫) ਜਿਸ ਸੇਵਕ ਤੇ ਕ੍ਰਿਪਾ ਕਰਦਾ, ਨੂਰੀਪ੍ਰੀਤਮ ਉਹ ਪ੍ਰਭ ਪਿਆਰਾ ॥
ਉਹ ਨਰ ਦਮ ਦਮ ਜਪ ਕੇ ਉਸ ਨੂੰ, ਪਿਆਰੇ ਪਾਵੇ ਪਾਰ ਉਤਾਰਾ ॥

ਸਲੋਕੁ॥

ਕਾਮ ਕ੍ਰੋਧ ਅਰੁ ਲੋਭ ਮੋਹ ਬਿਨਸਿ ਜਾਇ ਅਹੰਮੇਵ॥
ਨਾਨਕ ਪ੍ਰਭ ਸਰਣਾਗਤੀ, ਕਰਿ ਪ੍ਰਸਾਦੁ ਗੁਰਦੇਵ॥੧॥

ਅਨੁਵਾਦਿ

ਕਾਮ, ਕ੍ਰੋਧ ਤੇ ਲੋਭ ਮੋਹ, ਦੂਰ ਕਰੋ ਮੇਰਾ ਹੰਕਾਰ॥
ਆਇਆ ਸਰਣ ਪ੍ਰਭੂਦੀ ਪਿਆਰੇ, ਮਿਹਰ ਕਰੋ ਗੁਰ ਬਖਸ਼ਨ ਹਾਰ

ਅਸਟਪਦੀ

(੧) ਜਿਹ ਪ੍ਰਸਾਦਿ ਛਤੀਹ ਅੰਮ੍ਰਿਤ ਖਾਹਿ॥ ਤਿਸੁ ਠਾਕੁਰ ਕਉ ਰਖੁ ਮਨ ਮਾਹਿ॥
(੨) ਜਿਹ ਪ੍ਰਸਾਦਿ ਸੁਗੰਧਤ ਤਨਿ ਲਾਵਹਿ॥ ਤਿਸ ਕਉ ਸਿਮਰਤ ਪਰਮ ਗਤਿ ਪਾਵਹਿ॥
(੩) ਜਿਹ ਪ੍ਰਸਾਦਿ ਬਸਹਿ ਸੁਖ ਮੰਦਰਿ॥ ਤਿਸਹਿ ਧਿਆਇ ਸਦਾ ਮਨ ਅੰਦਰਿ॥
(੪) ਜਿਹ ਪ੍ਰਸਾਦਿ ਗ੍ਰਿਹ ਸੰਗਿ ਸੁਖ ਬਸਨਾ॥ ਆਠ ਪਹਰ ਸਿਮਰਹੁ ਤਿਸੁ ਰਸਨਾ॥
(੫) ਜਿਹ ਪ੍ਰਸਾਦਿ ਰੰਗ ਰਸ ਭੋਗ॥ ਨਾਨਕ ਸਦਾ ਧਿਆਈਐ ਧਿਆਵਨ ਜੋਗ॥੧॥

ਅਨੁਵਾਦਿ

(੧) ਜਿਸ ਦੀ ਕ੍ਰਿਪਾ ਨਾਲ ਐ ਬੰਦੇ, ਭੋਜਨ ਤਰ੍ਹਾਂ ਤਰ੍ਹਾਂ ਦੇ ਖਾਵੇਂ॥
ਤੈਨੂੰ ਚਾਹੀਦਾ ਉਸ ਮਾਲਕ ਨੂੰ, ਇਕ ਪਲ ਵੀ ਨਾ ਮਨੋਂ ਭੁਲਾਵੇਂ॥
(੨) ਜਿਸ ਦੀ ਕ੍ਰਿਪਾ ਨਾਲ ਤੂੰ ਬੰਦੇ, ਤਨ ਤੇ ਬਾਸ ਸੁਗੰਧਾਂ ਲਾਵੇਂ॥
ਤੈਨੂੰ ਚਾਹੀਦਾ ਹੈ ਉਸ ਦਾ, ਸਿਮਰਨ ਕਰਕੇ ਮੁਕਤੀ ਪਾਵੇਂ
(੩) ਜਿਸਦੀ ਕ੍ਰਿਪਾ ਨਾਲ ਐ ਬੰਦੇ, ਸੁੱਖ-ਮਈ ਘਰ ਅੰਦਰ ਸੁੱਖ ਪਾਉਨਾ॥
ਤੈਨੂੰ ਚਾਹੀਦਾ ਹੈ ਉਹ ਪ੍ਰੀਤਮ ਮਨ ਅੰਦਰ ਹਰ ਵਕਤ ਧਿਆਉਨਾਂ॥
(੪) ਜਿਸ ਦੀ ਕ੍ਰਿਪਾ ਨਾਲ ਇਹ ਬੰਦਾ, ਆਪਣੇ ਘਰ ਵਿਚ ਹਰ ਸੁੱਖ ਪਾਵੇ॥
ਚਾਹੀਦਾ ਹੈ ਉਸ ਦੀ ਜੀਭਾ, ਅੱਠੇ ਪਹਿਰ ਹੀ ਉਸ ਨੂੰ ਧਿਆਵੇ॥
(੫) ਜਿਸ ਦੀ ਕ੍ਰਿਪਾ ਨਾਲ ਪ੍ਰਾਨੀ, ਮਾਣ ਰਿਹਾ ਸੱਭ ਜੱਗ ਦੇ ਭੋਗ॥
ਸਿਮਰਨ ਹਾਰ ਸਦਾ ਉਹ ਸਿਮਰੋ, ਨੂਰੀ ਸਤਿਗੁਰ ਸਿਮਰਨ ਜੋਗ॥

(੧) ਜਿਹ ਪ੍ਰਸਾਦਿ ਪਾਟ ਪਟੰਬਰ ਹਢਾਵਹਿ॥ ਤਿਸਹਿ ਤਿਆਗਿ ਕਤ ਅਵਰ ਲੁਭਾਵਹਿ॥
(੨) ਜਿਹ ਪ੍ਰਸਾਦਿ ਸੁਖਿ ਸੇਜ ਸੋਈਜੈ॥ ਮਨ ਆਠ ਪਹਰ ਤਾ ਕਾ ਜਸੁ ਗਾਵੀਜੈ॥
(੩) ਜਿਹ ਪ੍ਰਸਾਦਿ ਤੁਝੁ ਸਭ ਕੋਊ ਮਾਨੈ। ਮੁਖਿ ਤਾ ਕੋ ਜਸੁ ਰਸਨ ਬਖਾਨੈ॥
(੪) ਜਿਹ ਪ੍ਰਸਾਦਿ ਤੇਰੋ ਰਹਿਤਾ ਧਰਮੁ॥ ਮਨ ਸਦਾ ਧਿਆਇ ਕੇਵਲ ਪਾਰਬ੍ਰਹਮ॥
(੫) ਪ੍ਰਭ ਜੀ ਜਪਤ ਦਰਗਹ ਮਾਨ ਪਾਵਹਿ। ਨਾਨਕ ਪਤਿ ਸੇਤੀ ਘਰਿ ਜਾਵਹਿ॥੨॥

ਅਨੁਵਾਦਿ

(੧) ਜਿਸ ਦੀ ਕ੍ਰਿਪਾ ਨਾਲ ਐ ਬੰਦੇ, ਤੱਨ ਤੇ ਰੇਸ਼ਮ ਪੱਟ ਹੰਢਾਵੇਂ॥
ਉਹ ਪ੍ਰਭ ਫੇਰ ਵਿਸਾਰ ਕੇ ਤੂੰ ਕਿਉਂ, ਹੋਰੀਂ ਪਾਸੀਂ ਮਨ ਲਲਚਾਵੇਂ॥
(੨) ਜਿਸ ਦੀ ਕ੍ਰਿਪਾ ਨਾਲ ਐ ਬੰਦੇ, ਸੇਜੇ ਨੀਂਦ ਸੁੱਖਾਂ ਦੀ ਪਾਵੇਂ॥
ਤੈਨੂੰ ਚਾਹੀਦਾ ਹਰ ਦਮ ਉਸਦਾ, ਸਿਮਰਨ ਕਰ ਕਰਕੇ ਜਸ ਗਾਵੇਂ॥
(੩) ਜਿਸ ਦੀ ਕ੍ਰਿਪਾ ਨਾਲ ਹੈ ਹਰ ਇਕ, ਤੇਰਾ ਕਰਦਾ ਮਾਣ ਹੈ ਪਿਆਰੇ॥
ਉਸ ਪ੍ਰੀਤਮ ਦਾ ਜੱਸ ਹਰ ਵੇਲੇ, ਮੁੱਖੋਂ ਤੇਰੀ ਜੀਭ ਉਚਾਰੇ॥
(੪) ਜਿਸ ਦੀ ਕ੍ਰਿਪਾ ਨਾਲ ਐ ਪਿਆਰੇ, ਕਾਇਮ ਤੇਰਾ ਧਰਮ ਈਮਾਨ
ਐ ਮਨ ਤੂੰ ਸਿਮਰ ਹਰ ਵੇਲੇ, ਕੇਵਲ ਉਹ ਸੱਚਾ ਭਗਵਾਨ॥
(੫) ਨਾਮ ਪ੍ਰਭੁ ਦਾ ਜਪਕੇ ਐ ਮਨ, ਮਾਣ ਉਹਦੀ ਦਰਗਾਹ ਵਿਚ ਪਾਉ॥
ਨੂਰੀ ਸਤਿਗੁਰ ਇਹ ਬਿਧ ਪਾਈ, ਇੱਜ਼ਤ ਨਾਲ ਆਪਣੇ ਘਰ ਜਾਉ।

(੧) ਜਿਹ ਪ੍ਰਸਾਦਿ ਆਰੋਗ ਕੰਚਨ ਦੇਹੀ॥ ਲਿਵ ਲਾਵਹੁ ਤਿਸੁ ਰਾਮ ਸਨੇਹੀ॥
(੨) ਜਿਹ ਪ੍ਰਸਾਦਿ ਤੇਰਾ ਓਲਾ ਰਹਤ॥ ਮਨ ਸੁਖੁ ਪਾਵਹਿ ਹਰਿ ਹਰਿ ਜਸੁ ਕਹਤ॥
(੩) ਜਿਹ ਪ੍ਰਸਾਦਿ ਤੇਰੇ ਸਗਲ ਛਿਦ੍ਰ ਢਾਕੇ॥ ਮਨ ਸਰਨੀ ਪਰੁ ਠਾਕੁਰ ਪ੍ਰਭ ਤਾਕੈ॥
(੪) ਜਿਹ ਪ੍ਰਸਾਦਿ ਤੁਝੁ ਕੋ ਨ ਪਹੂਚੈ॥ ਮਨ ਸਾਸਿ ਸਾਸਿ ਸਿਮਰਹੁ ਪ੍ਰਭ ਊਚੇ॥
(੫) ਜਿਹ ਪ੍ਰਸਾਦਿ ਪਾਈ ਦ੍ਰੁਲਭ ਦੇਹ॥ ਨਾਨਕ ਤਾ ਕੀ ਭਗਤਿ ਕਰੇਹ॥੩॥

ਅਨੁਵਾਦਿ

(੧) ਜਿਸ ਦੀ ਕ੍ਰਿਪਾ ਨਾਲ ਇਹ ਤੇਰੀ, ਸੋਨੇ ਜਿਹੀ ਅਰੋਗ ਹੈ ਦੇਹੀ॥
ਜੱਗ ਦੇ ਝੰਜਿਟ ਛਡ ਕੇ ਐ ਮਨ, ਤੂੰ ਲਿਵ ਲਾ ਉਸ ਰਾਮ ਸਨੇਹੀ॥
(੨) ਤੇਰਾ ਪਰਦਾ ਢਕਿਆ ਰਹਿੰਦਾ, ਜਿਸ ਦੀ ਕ੍ਰਿਪਾ ਨਾਲ ਹੈ ਪਿਆਰੇ॥
ਉਸ ਪ੍ਰੀਤਮ ਦੇ ਗੁਣ ਗਾ ਕੇ ਤੂੰ, ਸੁੱਖ ਪਾ ਇਸ ਦੁਨੀਆਂ ਦੇ ਸਾਰੇ॥
(੩) ਜੋ ਪ੍ਰਭ ਆਪਣੀ ਮੇਹਰ ਦੇ ਸਦਕੇ, ਤੇਰੇ ਸਾਰੇ ਐਬ ਛੁਪਾਵੇ॥
ਉਸ ਪ੍ਰੀਤਮ ਦੀ ਸਰਨੀ ਪੈ ਕੇ, ਪ੍ਰਾਨੀ ਮਨ ਚਾਹੁੰਦਾ ਫਲ ਪਾਵੇ॥
(੪) ਜਿਸ ਦੀ ਕ੍ਰਿਪਾ ਨਾਲ ਐ ਬੰਦੇ, ਤੇਰੇ ਨਾਲ ਨਾ ਮਿੱਕੇ ਕੋਈ॥
ਹਰ ਸਾਹ ਨਾਲ ਸਿਮਰ ਨਾਂ ਉਸ ਦਾ, ਸਭ ਤੋਂ ਉੱਚਾ ਸਤਿਗੁਰ ਸੋਈ॥
(੫) ਜਿਸਦੀ ਮੇਹਰ ਦੇ ਸਦਕੇ ਪ੍ਰਾਨੀ, ਤੂੰ ਦੁਰਲਭ ਮਾਣਸ ਦੇਹ ਪਾਈ॥
ਨੂਰੀ ਸਤਿਗੁਰ ਉਸ ਪ੍ਰੀਤਮ ਦੀ, ਹਰ ਪਲ ਭਗਤੀ ਕਰ ਤੂੰ ਭਾਈ॥

(੧) ਜਿਹ ਪ੍ਰਸਾਦਿ ਆਭੂਖਨ ਪਹਿਰੀਜੈ॥ ਮਨ ਤਿਸੁ ਸਿਮਰਤੁ ਕਿਉ ਆਲਸੁ ਕੀਜੈ॥
(੨) ਜਿਹ ਪ੍ਰਸਾਦਿ ਅਸ੍ਵ ਹਸਤਿ ਅਸਵਾਰੀ॥ ਮਨ ਤਿਸੁ ਪ੍ਰਭ ਕਉ ਕਬਹੂ ਨ ਬਿਸਾਰੀ॥
(੩) ਜਿਹ ਪ੍ਰਸਾਦਿ ਬਾਗ ਮਿਲਖ ਧਨਾ॥ ਰਾਖੁ ਪਰੋਇ ਪ੍ਰਭੁ ਅਪੁਨੇ ਮਨਾ॥
(੪) ਜਿਨਿ ਤੇਰੀ ਮਨ ਬਨਤ ਬਨਾਈ॥ ਊਠਤ ਬੈਠਤ ਸਦ ਤਿਸਹਿ ਧਿਆਈ॥
(੫) ਤਿਸਹਿ ਧਿਆਇ ਜੋ ਏਕ ਅਲਖੈ॥ ਈਹਾ ਊਹਾ ਨਾਨਕ ਤੇਰੀ ਰਖੈ॥੪॥

ਅਨੁਵਾਦਿ

(੧) ਜਿਸ ਪ੍ਰਭ ਦੀ ਕ੍ਰਿਪਾ ਦੇ ਸਦਕੇ, ਐ ਪ੍ਰਾਨੀ ਤੂੰ ਪਹਿਨੇਂ ਜ਼ੇਵਰ॥
ਹੁਣ ਤੂੰ ਕਿਉਂ ਕਰਦਾ ਏਂ ਆਲਸ, ਹਰ ਪਲ ਉਸਦਾ ਹੀ ਸਿਮਰਨ ਕਰ॥
(੨) ਜਿਸ ਪ੍ਰਭ ਦੀ ਕ੍ਰਿਪਾ ਦੇ ਸਦਕੇ, ਘੋੜੇ ਹਾਥੀ ਕਰੇਂ ਸਵਾਰੀ॥
ਐ ਮਨ ਕਦੇ ਵਿਸਾਰ ਨਾ ਉਸ ਨੂੰ, ਹਰ ਦਮ ਉਸ ਦੀ ਹੀ ਕਰ ਦਾਰੀ॥
(੩) ਜਿਸ ਦੀ ਕ੍ਰਿਪਾ ਨਾਲ ਪਿਆਰੇ, ਬੈਠਾਂ ਬਾਗ ਮਿਲਖ ਧਨ ਪਾ ਕੇ॥
ਉਸ ਪ੍ਰੀਤਮ ਨੂੰ ਹਰ ਵੇਲੇ ਤੂੰ, ਆਪਣੇ ਮਨ ਵਿਚ ਰੱਖ ਵਸਾ ਕੇ॥
(੪) ਜਿਸ ਪ੍ਰਭ ਤੈਨੂੰ ਸਿਰਜ ਕੇ ਪਿਆਰੇ, ਇਹ ਸਾਰੀ ਹੈ ਬਣਤ ਬਣਾਈ॥
ਉਠਦੇ ਬਹਿੰਦੇ ਹਰ ਵੇਲੇ ਹੀ, ਉਸ ਪ੍ਰਭ ਨੂੰ ਤੂੰ ਸਿਮਰ ਸਦਾ ਹੀ॥
(੫) ਉਸ ਨੂੰ ਸਿਮਰ ਜੋ ਇਕੋ ਇਕ ਹੈ, ਉਹ ਅਦਿਖ ਨਾ ਜਿਸ ਦਾ ਅੰਤ॥
ਸਤਿਗੁਰ ਏਥੇ ਵੀ ਉਥੇ ਵੀ, ਰੱਖਿਆ ਕਰਦਾ ਉਹ ਭਗਵੰਤ॥

(੧) ਜਿਹ ਪ੍ਰਸਾਦਿ ਕਰਹਿ ਪੁੰਨ ਬਹੁ ਦਾਨ ॥ ਮਨ ਆਠ ਪਹਰ ਕਰਿ ਤਿਸ ਕਾ ਧਿਆਨ ॥
(੨) ਜਿਹ ਪ੍ਰਸਾਦਿ ਤੂੰ ਆਚਾਰ ਬਿਉਹਾਰੀ ॥ ਤਿਸੁ ਪ੍ਰਭ ਕਉ ਸਾਸਿ ਸਾਸਿ ਚਿਤਾਰੀ ॥
(੩) ਜਿਹ ਪ੍ਰਸਾਦਿ ਤੇਰਾ ਸੁੰਦਰ ਰੂਪੁ ॥ ਸੋ ਪ੍ਰਭੁ ਸਿਮਰਹੁ ਸਦਾ ਅਨੂਪੁ ॥
(੪) ਜਿਹ ਪ੍ਰਸਾਦਿ ਤੇਰੀ ਨੀਕੀ ਜਾਤਿ ॥ ਸੋ ਪ੍ਰਭੁ ਸਿਮਰਿ ਸਦਾ ਦਿਨ ਰਾਤਿ ॥
(੫) ਜਿਹ ਪ੍ਰਸਾਦਿ ਤੇਰੀ ਪਤਿ ਰਹੈ ॥ ਗੁਰਪ੍ਰਸਾਦਿ ਨਾਨਕ ਜਸੁ ਕਹੈ ॥੫॥

ਅਨੁਵਾਦ

(੧) ਜਿਸ ਪ੍ਰਭ ਦੀ ਕ੍ਰਿਪਾ ਦੇ ਸਦਕੇ, ਤੂੰ ਬੰਦੇ ਕਰਦਾਂ ਪੁੰਨ ਦਾਨ ॥
ਤੈਨੂੰ ਚਾਹੀਦਾ ਹੈ ਉਸ ਦਾ ਐ ਬੰਦੇ, ਤੂੰ ਕਰ ਅੱਠੇ ਪਹਿਰ ਧਿਆਨ ॥
(੨) ਜਿਸ ਪ੍ਰਭ ਦੀ ਕ੍ਰਿਪਾ ਦੇ ਸਦਕੇ, ਤੂੰ ਕਰਦਾਂ ਸਭ ਕਾਰ ਵਿਹਾਰ
ਤੈਨੂੰ ਚਾਹੀਦਾ ਹੈ, ਉਸ ਪ੍ਰਭ ਦਾ, ਹਰ ਸਾਹ ਨਾਲ ਤੂੰ ਨਾਮ ਚਿਤਾਰ
(੩) ਜਿਸ ਪ੍ਰਭ ਦੀ ਕ੍ਰਿਪਾ ਦੇਸਦਕੇ, ਤੈਨੂੰ ਮਿਲਿਆ ਰੂਪ ਅਪਾਰ ॥
ਉਸ ਪ੍ਰਭ ਵਰਗਾ ਹੋਰ ਨਹੀਂ ਹੈ, ਉਸ ਨੂੰ ਸਿਮਰ ਤੂੰ ਬਾਰਮ-ਬਾਰ ॥
(੪) ਜਿਸ ਪ੍ਰਭ ਦੀ ਕ੍ਰਿਪਾ ਤੋਂ ਪਾਈ, ਤੂੰ ਮਾਨੁਖ ਦੀ ਉਤਮ ਜ਼ਾਤ ॥
ਉਹ ਪ੍ਰਭ ਕਦੇ ਵਿਸਾਰ ਨਾ ਐ ਮਨ, ਸਿਮਰਨ ਕਰ ਉਸ ਦਾ ਦਿਨ ਰਾਤ ॥
(੫) ਜਿਸ ਪ੍ਰਭ ਦੀ ਕ੍ਰਿਪਾ ਦੇ ਸਦਕੇ, ਤੇਰੀ ਪਤ ਰਹਿੰਦੀ ਹੈ ਪਿਆਰੇ ॥
ਸਤਿਗੁਰ ਗੁਰ ਕ੍ਰਿਪਾ ਥੀਂ ਬੰਦਾ, ਹਰ ਦਮ ਉਸ ਦੀ ਸਿਫਤ ਉਚਾਰੇ ॥

(੧) ਜਿਹ ਪ੍ਰਸਾਦਿ ਸੁਨਹਿ ਕਰਨ ਨਾਦ ॥ ਜਿਹ ਪ੍ਰਸਾਦਿ ਪੇਖਹਿ ਬਿਸਮਾਦ ॥
(੨) ਜਿਹ ਪ੍ਰਸਾਦਿ ਬੋਲਹਿ ਅੰਮ੍ਰਿਤ ਰਸਨਾ ॥ ਜਿਹ ਪ੍ਰਸਾਦਿ ਸੁਖਿ ਸਹਜੇ ਬਸਨਾ ॥
(੩) ਜਿਹ ਪ੍ਰਸਾਦਿ ਹਸਤ ਕਰ ਚਲਹਿ ॥ ਜਿਹ ਪ੍ਰਸਾਦਿ ਸੰਪੂਰਨ ਫਲਹਿ ॥
(੪) ਜਿਹ ਪ੍ਰਸਾਦਿ ਪਰਮ ਗਤਿ ਪਾਵਹਿ ॥ ਜਿਹ ਪ੍ਰਸਾਦਿ ਸੁਖ ਸਹਜ ਸਮਾਵਹਿ ॥
(੫) ਐਸਾ ਪ੍ਰਭੁ ਤਿਆਗਿ ਅਵਰ ਕਤ ਲਾਗਹੁ ॥ ਗੁਰਪ੍ਰਸਾਦਿ ਨਾਨਕ ਮਨ ਜਾਗਹੁ ॥੬॥

ਅਨੁਵਾਦ

(੧) ਜਿਸ ਪ੍ਰੱਭ ਦੀ ਕ੍ਰਿਪਾ ਦੇ ਸਦਕੇ, ਸੁਣਦਾਂ ਬੋਲ ਤੂੰ ਪਿਆਰੇ ਪਿਆਰੇ ॥
ਜਿਸ ਪ੍ਰੀਤਮ ਦੀ ਰਹਿਮਤ ਸਦਕੇ, ਤੂੰ ਵੇਖੇਂ ਅਸਚਰਜ ਨਿਜ਼ਾਰੇ ॥
(੨) ਜਿਸ ਪ੍ਰਭ ਦੀ ਕ੍ਰਿਪਾ ਦੇ ਸਦਕੇ, ਐ ਮੱਨ ਮਿੱਠੇ ਬੋਲ ਉਚਾਰੇਂ ॥
ਜਿਸ ਪ੍ਰਭ ਦੀ ਕ੍ਰਿਪਾ ਦੇ ਸਦਕੇ, ਜੀਵਨ ਅਪਣਾ ਸੁਖੀ ਗੁਜ਼ਾਰੇਂ ॥
(੩) ਜਿਸ ਪ੍ਰੱਭ ਦੀ ਕ੍ਰਿਪਾ ਦੇ ਸਦਕੇ, ਤੂੰ ਹੱਥੀਂ ਹਰ ਕਾਰ ਕਮਾਵੇਂ ॥
ਜਿਸ ਪ੍ਰੱਭ ਦੀ ਕ੍ਰਿਪਾ ਦੇ ਸਦਕੇ, ਹਰ ਕੰਮ ਵਿਚ ਸਫਲਤਾ ਪਾਵੇਂ ॥
(੪) ਜਿਸ ਪ੍ਰੱਭ ਦੀ ਕ੍ਰਿਪਾ ਦੇ ਸਦਕੇ, ਐ ਨਰ ਤੂੰ ਮੁਕਤੀ ਪਦ ਪਾਵੇਂ ॥
ਜਿਸ ਪ੍ਰੱਭ ਦੀ ਕ੍ਰਿਪਾ ਦੇ ਸਦਕੇ, ਜੀਵਨ ਸੁੱਖ ਦੇ ਨਾਲ ਬਿਤਾਵੇਂ ॥
(੫) ਐਸਾ ਪ੍ਰਭੂ ਵਿਸਾਰ ਕੇ ਪਿਆਰੇ, ਹੋਰ ਤਰਫ਼ ਨਾ ਧਿਆਨ ਲਗਾਉ ॥
ਸਤਿਗੁਰੂ ਗੁਰ ਕ੍ਰਿਪਾ ਥੀਂ ਜਾਗੋ, ਮਨ ਵਿਚ ਨੂਰੀ ਜੋਤ ਜਗਾਉ ॥

(੧) ਜਿਹ ਪ੍ਰਸਾਦਿ ਤੂੰ ਪ੍ਰਗਟੁ ਸੰਸਾਰਿ॥ ਤਿਸੁ ਪ੍ਰਭ ਕਉ ਮੂਲਿ ਨ ਮਨਹੁ ਬਿਸਾਰਿ॥
(੨) ਜਿਹ ਪ੍ਰਸਾਦਿ ਤੇਰਾ ਪਰਤਾਪੁ॥ ਰੇ ਮਨ ਮੂੜ ਤੂ ਤਾ ਕਉ ਜਾਪੁ॥
(੩) ਜਿਹ ਪ੍ਰਸਾਦਿ ਤੇਰੇ ਕਾਰਜ ਪੂਰੇ॥ ਤਿਸਹਿ ਜਾਨ ਮਨ ਸਦਾ ਹਜੂਰੇ॥
(੪) ਜਿਹ ਪ੍ਰਸਾਦਿ ਤੂੰ ਪਾਵਹਿ ਸਾਚੁ॥ ਰੇ ਮਨ ਮੇਰੇ ਤੂੰ ਤਾ ਸਿਉ ਰਾਚੁ॥
(੫) ਜਿਹ ਪ੍ਰਸਾਦਿ ਸਭ ਕੀ ਗਤਿ ਹੋਇ॥ ਨਾਨਕ ਜਾਪੁ ਜਪੈ ਜਪੁ ਸੋਇ॥੭॥

ਅਨੁਵਾਦਿ

(੧) ਜਿਸ ਪ੍ਰੱਭੂ ਦੀ ਕ੍ਰਿਪਾ ਦੇ ਸਦਕੇ, ਤੂੰ ਮਸ਼ਹੂਰ ਹੈਂ ਵਿਚ ਸੰਸਾਰ॥
ਉਸ ਪ੍ਰੀਤਮ ਨੂੰ ਅਪਣੇ ਮਨ 'ਚੋਂ, ਐ ਬੰਦੇ ਨਾ ਮੂਲ ਵਿਸਾਰ॥
(੨) ਜਿਸ ਪ੍ਰੱਭ ਦੀ ਕ੍ਰਿਪਾ ਦੇ ਸਦਕੇ, ਤੇਰਾ ਜਗ ਤੇ ਹੈ ਪ੍ਰਤਾਪ॥
ਮਨ ਮੂਰਖ ਤੈਨੂੰ ਉਸ ਪ੍ਰਭ ਦਾ,ਹਰ ਦਮ ਕਰਨਾ ਚਾਹੀਦਾ ਜਾਪ॥
(੩) ਜਿਸ ਪ੍ਰਭ ਦੀ ਕ੍ਰਿਪਾ ਦੇ ਸਦਕੈ, ਸਫਲ ਹੋਣ ਸਭ ਤੇਰੇ ਕਾਜ॥
ਉਹ ਪ੍ਰੱਭ ਹਾਜ਼ਰ ਜਾਣ ਸਦਾ ਮਨ, ਉਹ ਹੀ ਤੇਰੀ ਰਖਦਾ ਲਾਜ॥
(੪) ਜਿਸ ਪ੍ਰੱਭ ਦੀ ਕ੍ਰਿਪਾ ਦੇ ਸਦਕੇ, ਤੂੰ ਸੱਚ ਦੀ ਪਾਈ ਹੈ ਦਾਤ॥
ਐ ਮਨ ਉਸ ਪਿਆਰੇ ਪ੍ਰੀਤਮ ਸੰਗ, ਰੱਚ ਮਿੱਚ ਜ਼ਾਵੇ ਤੇਰੀ ਜਾਤ॥
(੫) ਜਿਸ ਪ੍ਰੱਭ ਦੀ ਕ੍ਰਿਪਾ ਦੇ ਸਦਕੇ, ਹਰ ਇਕ ਉਸ ਤਕ ਕਰੇ ਰਸਾਈ॥
ਨੂਰੀ ਸਤਿਗੁਰ ਉਸੇ ਨੂੰ ਹੀ, ਸਿਮਰਨ ਕਰ ਕਰ ਮੁਕਤੀ ਪਾਈ॥

(੧) ਆਪਿ ਜਪਾਏ ਜਪੈ ਸੋ ਨਾਉ॥ ਆਪਿ ਗਾਵਾਏ ਸੁ ਹਰਿ ਗੁਨ ਗਾਉ॥
(੨) ਪ੍ਰਭ ਕ੍ਰਿਪਾ ਤੇ ਹੋਇ ਪ੍ਰਗਾਸੁ॥ ਪ੍ਰਭੂ ਦਇਆ ਤੇ ਕਮਲ ਬਿਗਾਸੁ॥
(੩) ਪ੍ਰਭ ਸੁਪ੍ਰਸੰਨ ਬਸੈ ਮਨ ਸੋਇ॥ ਪ੍ਰਭ ਦਇਆ ਤੇ ਮਤਿ ਊਤਮ ਹੋਇ॥
(੪) ਸਰਬ ਨਿਧਾਨ ਪ੍ਰਭ ਤੇਰੀ ਮਇਆ। ਆਪਹੁ ਕਛੂ ਨ ਕਿਨਹੂ ਲਇਆ॥
(੫) ਜਿਤੁ ਜਿਤੁ ਲਾਵਹੁ ਤਿਤੁ ਲਗਹਿ ਹਰਿ ਨਾਥ॥ ਨਾਨਕ ਇਨਕੈ ਕਛੂ ਨ ਹਾਥ॥੮॥੬॥

ਅਨੁਵਾਦਿ

(੧) ਇਸ ਬੰਦੇ ਤੋਂ ਆਪੇ ਸਤਿਗੁਰ, ਅਪਣਾ ਉਤਮ ਨਾਮ ਜਪਾਉਂਦਾ॥
ਮੇਹਰ ਕਰੇ ਜਿਸ ਤੇ ਪ੍ਰਭ ਅਪਣੀ, ਉਹ ਹੀ ਉਸ ਪ੍ਰਭ ਦੇ ਗੁਣ ਗਾਉਂਦਾ॥
(੨) ਓਸ ਪ੍ਰਭੂ ਦੀ ਕ੍ਰਿਪਾ ਸਦਕੇ, ਮਨ ਵਿਚ ਹੋਇਆ ਉਸ ਦਾ ਨੂਰ॥
ਪ੍ਰੱਭ ਕ੍ਰਿਪਾ ਥੀਂ ਬੰਦੇ ਦਾ ਦਿਲ, ਕੰਵਲ ਵਾਂਗ ਖਿੜ ਪਵੇ ਹਜ਼ੂਰ॥
(੩) ਜਿਸ ਪ੍ਰਾਨੀਤੇ ਤ੍ਰੁਠਦਾ ਹੈ ਪ੍ਰਭ, ਉਸ ਦੇ ਮਨ ਹੀ ਕਰਦਾ ਵਾਸ॥
ਉਸ ਪ੍ਰਭ ਦੀ ਕ੍ਰਿਪਾ ਦੇ ਸਦਕੇ, ਉਤਮ ਬੁੱਧ ਹੋਏ ਪ੍ਰਗਾਸ॥
(੪) ਐ ਪ੍ਰੱਭ ਸਾਰੇ ਮਾਲ ਖਜ਼ਾਨੇ, ਤੇਰੇ ਹੱਨ ਤੇਰੀ ਹੈ ਮਾਇਆ॥
ਤੇਰੀ ਮਿਹਰ ਬਿਨਾਂ ਇਹਦਸੋ? ਕਿਸ ਨੇ ਆਪੇ ਹੈ ਕੁਝ ਪਾਇਆ॥
(੫) ਐ ਮਾਲਕ ਤੂੰ ਜਿਸ ਪਾਸੇ ਵੀ, ਲਾਵੇਂ ਤਾਂ ਲਗਦੇ ਹੱਨ ਸਾਰੇ॥
ਇਹਨਾਂ ਦੇ ਹੱਥ ਅੰਦਰ ਕੀ ਹੈ? ਇਹ ਤਾਂ ਦੱਸੋ? ਸਤਗੁਰ ਪਿਆਰੇ॥

ਸਲੋਕੁ ॥

ਅਗਮ ਅਗਾਧਿ ਪਾਰਬ੍ਰਹਮੁ ਸੋਇ ॥ ਜੋ ਜੋ ਕਹੈ ਸੁ ਮੁਕਤਾ ਹੋਇ ॥
ਸੁਨਿ ਮੀਤਾ ਨਾਨਕੁ ਬਿਨਵੰਤਾ ॥ ਸਾਧ ਜਨਾ ਕੀ ਅਚਰਜ ਕਥਾ ॥੧॥

ਅਨੁਵਾਦਿ

ਉਹ ਬੇਅੰਤ ਪੂਰਨ ਪਰਮੇਸ਼ੂਰ , ਉਸ ਦਾ ਪਿਆਰੇ ਅੰਤ ਨਾ ਆਵੇ ॥
ਜੋ ਜੋ ਉਸਦਾ ਸਿਮਰਨ ਕਰਦਾ, ਸੋ ਸੋ ਪ੍ਰਾਨੀ ਮੁਕਤੀ ਪਾਵੇ ॥
ਸੁਣ ਸੱਜਣਾ ਇਕ ਬਾਤ ਹੈ ਮੇਰੀ, ਮੈਂ ਪਿਆਰੇ ਇਕ ਅਰਜ਼ ਗੁਜ਼ਾਰਾਂ ॥
ਜਿਸ ਗੁਰਮੁਖ ਨੇ ਸਾਧ ਲਿਆ ਮਨ, ਅਚਰਜ ਉਸਦੀ ਕਥਾ ਪੁਕਾਰਾਂ ॥

ਅਸਟਪਦੀ

(੧) ਸਾਧ ਕੈ ਸੰਗਿ ਮੁਖ ਊਜਲ ਹੋਤ॥ ਸਾਧ ਸੰਗਿ ਮਲੁ ਸਗਲੀ ਖੋਤ॥
(੨) ਸਾਧ ਕੈ ਸੰਗਿ ਮਿਟੈ ਅਭਿਮਾਨੁ॥ ਸਾਧ ਕੈ ਸੰਗਿ ਪ੍ਰਗਟੈ ਸੁਗਿਆਨੁ॥
(੩) ਸਾਧ ਕੈ ਸੰਗਿ ਬੁਝੈ ਪ੍ਰਭੁ ਨੇਰਾ॥ ਸਾਧ ਸੰਗਿ ਸਭੁ ਹੋਤ ਨਿਬੇਰਾ॥
(੪) ਸਾਧ ਕੈ ਸੰਗਿ ਪਾਏ ਨਾਮ ਰਤਨੁ॥ ਸਾਧ ਕੈ ਸੰਗਿ ਏਕ ਊਪਰਿ ਜਤਨੁ॥
(੫) ਸਾਧ ਕੀ ਮਹਿਮਾ ਬਰਨੈ ਕਉਨੁ ਪ੍ਰਾਨੀ॥ ਨਾਨਕ ਸਾਧ ਕੀ ਸੋਭਾ ਪ੍ਰਭ ਮਾਹਿ ਸਮਾਨੀ॥੧॥

ਅਨੁਵਾਦਿ

(੧) ਸਾਧ ਸੰਗਤ ਕਰਿਆਂ ਤੇ ਬੰਦੇ, ਮੁਖ ਤੇ ਆਉਂਦਾ ਉੱਜਲਾ ਨੂਰ॥
ਸਾਧ ਸੰਗਤ ਕਰਿਆਂ ਤੇ ਮਨ ਦੀ, ਪਿਆਰੇ ਮੈਲ ਹੋਵੇ ਸੱਭ ਦੂਰ॥
(੨) ਸਾਧ ਦੀ ਸੰਗਤ ਕਰਿਆਂ ਤੋਂ ਹੈ, ਮਿੱਟ ਜਾਂਦਾ ਪਿਆਰੇ ਅਭਿਮਾਨ॥
ਸਾਧ ਸੰਗਤ ਕਰਿਆਂ ਤੇ ਬੰਦੇ, ਪਰਗਟਿ ਹੁੰਦਾ ਸ੍ਰੇਸ਼ਟ ਗਿਆਨ॥
(੩) ਸਾਧ ਦੀ ਸੰਗਤ ਕਰਿਆਂ ਤੇ ਹੈ, ਪ੍ਰਾਨੀ ਪ੍ਰਭ ਦੇ ਨੇੜੇ ਆਉਂਦਾ॥
ਸਾਧ ਦੀ ਸੰਗਤ ਕਰ ਕੇ ਬੰਦਾ, ਤ੍ਰਿਸ਼ਨਾਵਾਂ ਤੇ ਕਾਬੂ ਪਾਉਂਦਾ॥
(੪) ਸਾਧ ਸੰਗ ਤੋਂ ਮਿਲਦਾ ਹੈ ਇਕ, ਨਾਮ ਦਾ ਨੂਰੀ ਰਤਨ ਪਿਆਰੇ॥
ਸਾਧ ਸੰਗਤ ਕਰ ਕੇ ਜਨ ਕਰਦਾ, ਪ੍ਰਭੂ ਮਿਲਨੇਂ ਦਾ ਜਤਨ ਪਿਆਰੇ॥
(੫) ਸਾਧ ਕੀ ਸੋਭਾ ਤੇ ਵਡਿਆਈ, ਕਿਹੜਾ ਜੋ ਕਰੇ ਸਕੇ ਬਿਆਨ॥
ਨੂਰੀ ਸਤਿਗੁਰੂ ਸਾਧ ਦੀ ਸੋਭਾ, ਜਾਣੋਂ ਪਿਆਰੇ ਪ੍ਰਭੂ ਸਮਾਨ॥

(੧) ਸਾਧ ਕੈ ਸੰਗਿ ਅਗੋਚਰੁ ਮਿਲੈ॥ ਸਾਧ ਕੈ ਸੰਗਿ ਸਦਾ ਪਰਫੁਲੈ॥
(੨) ਸਾਧ ਕੈ ਸੰਗਿ ਆਵਹਿ ਬਸਿ ਪੰਚਾ॥ ਸਾਧ ਸੰਗਿ ਅੰਮ੍ਰਿਤ ਰਸੁ ਭੁੰਚਾ॥
(੩) ਸਾਧ ਸੰਗਿ ਹੋਇ ਸਭ ਕੀ ਰੇਨ॥ ਸਾਧ ਕੈ ਸੰਗਿ ਮਨੋਹਰ ਬੈਨ॥
(੪) ਸਾਧ ਕੈ ਸੰਗਿ ਨ ਕਤਹੂੰ ਧਾਵੈ॥ ਸਾਧਸੰਗਿ ਅਸਥਿਤਿ ਮਨੁ ਪਾਵੈ॥
(੫) ਸਾਧ ਕੈ ਸੰਗਿ ਮਾਇਆ ਤੇ ਭਿੰਨ॥ ਸਾਧਸੰਗਿ ਨਾਨਕ ਪ੍ਰਭ ਸੁਪ੍ਰਸੰਨ॥੨॥

ਅਨੁਵਾਦਿ

(੧) ਸਾਧ ਕੀ ਸੰਗਤਿ ਕਰਿਆਂ ਤੇ ਹੈ, ਮਿਲ ਜਾਂਦਾ ਅਣਡਿੱਠਾ ਕਰਤਾਰ॥
ਸਾਧ ਸੰਗਤ ਕਰਿਆਂ ਤੇ ਪ੍ਰਾਨੀ, ਹਰ ਵੇਲੇ ਰਹਿੰਦਾ ਸਰਸ਼ਾਰ॥
(੨) ਸਾਧ ਸੰਗ ਕਰਿਆਂ ਤੇ ਐ ਮਨ, ਪੰਜੇ ਬਦੀਆਂ ਵੱਸ ਹੋ ਜਾਣ॥
ਸਾਧ ਸੰਗਤ ਕਰ ਕੇ ਹੀ ਪ੍ਰਾਨੀ, ਨਾਮ ਦਾ ਨੂਰੀ ਅੰਮ੍ਰਿਤ ਪਾਣ॥
(੩) ਸਾਧ ਸੰਗਤ ਕਰ ਕੇ ਹੀ ਇਹ ਨਰ, ਬਣ ਜਾਂਦਾ ਦਾਸਾਂ ਦਾ ਦਾਸ॥
ਸਾਧ ਦੀ ਸੰਗਤ ਕਰ ਕੇ ਬੰਦਾ, ਬੋਲੇ ਮਿੱਠੇ ਬਚਨ ਬਿਲਾਸ॥
(੪) ਸਾਧ ਦੀ ਸੰਗਤ ਕਰ ਕੇ ਪ੍ਰਾਨੀ, ਹੋਰ ਕਿਸੇ ਨਾ ਪਾਸੇ ਜਾਵੇ॥
ਸਾਧ ਸੰਗ ਤੋਂ ਇਹ ਨਰ ਪ੍ਰਭ ਥੀਂ, ਮਨ ਚਿਤ ਹੋ ਕੇ ਬਿਰਤੀ ਲਾਵੇ॥
(੫) ਸਾਧ ਸੰਗ ਕਰ ਕੇ ਹੀ ਪ੍ਰਾਨੀ, ਮਾਇਆ ਦਾ ਮੋਹ ਮਾਣ ਮਿਟਾਵੇ॥
ਸਾਧ ਸੰਗ ਕਰ ਕੇ ਹੀ ਪ੍ਰਾਨੀ, ਨੂਰੀ ਪ੍ਰਭ ਤੋਂ ਖੁਸ਼ੀਆਂ ਪਾਵੇ॥

(੧) ਸਾਧ ਸੰਗਿ ਦੁਸਮਨ ਸਭਿ ਮੀਤ॥ ਸਾਧੂ ਕੈ ਸੰਗਿ ਮਹਾ ਪੁਨੀਤ॥
(੨) ਸਾਧ ਸੰਗਿ ਕਿਸ ਸਿਉ ਨਹੀ ਬੈਰੁ॥ ਸਾਧ ਕੈ ਸੰਗਿ ਨਾ ਬੀਗਾ ਪੈਰੁ॥
(੩) ਸਾਧ ਕੈ ਸੰਗਿ ਨਾਹੀ ਕੋ ਮੰਦਾ॥ ਸਾਧਿ ਸੰਗਿ ਜਾਨੇ ਪਰਮਾਨੰਦਾ॥
(੪) ਸਾਧ ਕੈ ਸੰਗਿ ਨਾਹੀ ਹਉ ਤਾਪੁ॥ ਸਾਧ ਕੈ ਸੰਗਿ ਤਜੈ ਸਭੁ ਆਪੁ॥
(੫) ਆਪੇ ਜਾਨੈ ਸਾਧ ਬਡਾਈ॥ ਨਾਨਕ ਸਾਧ ਪ੍ਰਭੂ ਬਨਿ ਆਈ॥੩॥

ਅਨੁਵਾਦਿ

(੧) ਸਾਧ ਸੰਗਤ ਕਰਿਆਂ ਤੇ ਬੰਦੇ, ਵੈਰੀ ਵੀ ਬਣ ਜਾਵਣ ਮੀਤ॥
ਸਾਧ ਸੰਗਤ ਕਰਿਆਂ ਤੇ ਹਿਰਦਾ, ਹੋ ਜਾਂਦਾ ਹੈ ਮਹਾਂ ਪੁਨੀਤ॥
(੨) ਸਾਧ ਸੰਗਤ ਕਰਿਆਂ ਤੇ ਬੰਦੇ, ਕਿਸੇ ਨਾਲ ਨਹੀਂ ਰਹਿੰਦਾ ਵੈਰ॥
ਸਾਧ ਸੰਗਤ ਕਰਿਆਂ ਤੇ ਪ੍ਰਾਨੀ, ਮੰਦੇ ਕੰਮੀਂ ਜਾਣ ਨ ਪੈਰ॥
(੩) ਸਾਧ ਸੰਗਤ ਕਰਿਆਂ ਤੇ ਪਿਆਰੇ, ਲਗਦਾ ਨਹੀਂ ਕੋਈ ਜਗ ਤੇ ਮੰਦਾ॥
ਸਾਧ ਸੰਗਤ 'ਚੋਂ ਇਹ ਨਰ ਜਾਣੇਂ, ਕੱਣ ਕੱਣ ਵਿਚ ਹੈ ਪਰਮਾਨੰਦਾ॥
(੪) ਸਾਧ ਸੰਗਤ ਕਰਿਆਂ ਪ੍ਰਾਨੀ ਨੂੰ, ਰਹਿੰਦਾ ਨਹੀਂ ਹੋਂਮੈ ਦਾ ਤਾਪ॥
ਸਾਧ ਸੰਗਤ ਕਰਿਆਂ ਤੇ ਬੰਦਾ, ਅਪਣਾਪਨ ਤਜ ਸਕਦਾ ਆਪ॥
(੫) ਸਾਧ ਦੀ ਸੋਭਾ ਤੇ ਵਡਿਆਈ, ਆਪੇ ਹੀ ਜਾਣੇਂ ਕਰਤਾਰ॥
ਪਿਆਰੇ ਸਾਧੂ ਦਾ ਤੇ ਪ੍ਰਭ ਦਾ, ਪੈ ਜਾਂਦਾ ਹੈ ਗੂੜ੍ਹਾ ਪਿਆਰ॥

(੧) ਸਾਧ ਕੈ ਸੰਗਿ ਨ ਕਬਹੂ ਧਾਵੈ। ਸਾਧ ਕੈ ਸੰਗਿ ਸਦਾ ਸੁਖੁ ਪਾਵੈ॥
(੨) ਸਾਧ ਸੰਗਿ ਬਸਤੁ ਅਗੋਚਰ ਲਹੈ॥ ਸਾਧੂ ਕੈ ਸੰਗਿ ਅਜਰੁ ਸਹੈ॥
(੩) ਸਾਧ ਕੈ ਸੰਗਿ ਬਸੈ ਥਾਨਿ ਊਚੈ॥ ਸਾਧੂ ਕੈ ਸੰਗਿ ਮਹਲਿ ਪਹੂਚੈ॥
(੪) ਸਾਧ ਕੈ ਸੰਗਿ ਦ੍ਰਿੜੈ ਸਭਿ ਧਰਮ॥ ਸਾਧ ਕੈ ਸੰਗਿ ਕੇਵਲ ਪਾਰਬ੍ਰਹਮ॥
(੫) ਸਾਧ ਕੈ ਸੰਗਿ ਪਾਏ ਨਾਮ ਨਿਧਾਨ॥ ਨਾਨਕ ਸਾਧੂ ਕੈ ਕੁਰਬਾਨ॥੪॥

ਅਨੁਵਾਦਿ

(੧) ਸਾਧ ਸੰਗਤ ਕਰਿਆਂ ਤੇ ਪਿਆਰੇ, ਮਨ ਦੀ ਭਟਕਣ ਹੋਵੇ ਦੂਰ॥
ਸਾਧ ਸੰਗਤ ਕਰਿਆ ਤੇ ਪ੍ਰਾਨੀ, ਹਰ ਦਮ ਸੁਖੀਂ ਰਹੇ ਭਰਪੂਰ॥
(੨) ਸਾਧ ਸੰਗਤ ਕਰ ਕੇ ਇਹ ਬੰਦਾ, ਪਾਵੇ ਅਣਡਿੱਠਾ ਭਗਵਾਨ॥
ਸਾਧ ਸੰਗਤ ਕਰ ਕੇ ਹੀ ਪ੍ਰਾਨੀ, ਹਰ ਮੁਸ਼ਕਲ ਨੂੰ ਸਹੇ ਅਸਾਨ॥
(੩) ਸਾਧ ਸੰਗਤ ਕਰ ਕੇ ਹੀ ਪ੍ਰਾਨੀ, ਪਾਉਂਦਾ ਹੈ ਉੱਚਾ ਅਸਥਾਨ॥
ਸਾਧੂ ਦੀ ਸੰਗਤ ਦੇ ਰਾਹੀਂ, ਪਿਆਰੇ ਮਿਲਦਾ ਹੈ ਭਗਵਾਨ॥
(੪) ਸਾਧ ਸੰਗਤ ਕਰ ਕੇ ਇਹ ਬੰਦਾ, ਹਰ ਇਕ ਧਰਮ ਦੀ ਸੋਝੀ ਪਾਉਂਦੈ॥
ਸਾਧ ਸੰਗਤ ਕਰਿਆਂ ਤੇ ਐ ਮਨ, ਹਰ ਥਾਂ ਤੇ ਪ੍ਰਭ ਨਜ਼ਰੀ ਆਉਂਦੈ॥
(੫) ਸਾਧ ਦੀ ਸੰਗਤ ਦੇ ਸਦਕੇ, ਬੰਦਾ ਨਾਮ ਦੀ ਦੌਲਤ ਪਾਵੇ॥
ਐਸੇ ਸਾਧੂ ਉਤੇ ਸਤਿਗੁਰ, ਵਾਰ ਵਾਰ ਬਲਿਹਾਰੀ ਜਾਵੇ॥

(੧) ਸਾਧ ਕੈ ਸੰਗਿ ਸਭ ਕੁਲ ਉਧਾਰੈ॥ ਸਾਧ ਸੰਗਿ ਸਾਜਨ ਮੀਤ ਕੁਟੰਬ ਨਿਸਤਾਰੈ॥
(੨) ਸਾਧੂ ਕੈ ਸੰਗਿ ਸੋ ਧਨੁ ਪਾਵੈ॥ ਜਿਸੁ ਧਨ ਤੇ ਸਭੁ ਕੋ ਪਰਸਾਵੈ॥
(੩) ਸਾਧ ਸੰਗਿ ਧਰਮਰਾਇ ਕਰੇ ਸੇਵਾ॥ ਸਾਧ ਕੈ ਸੰਗਿ ਸੋਭਾ ਸੁਰਦੇਵਾ॥
(੪) ਸਾਧੂ ਕੈ ਸਗਿ ਪਾਪ ਪਲਾਇਨ॥ ਸਾਧ ਸੰਗਿ ਅੰਮ੍ਰਿਤ ਗੁਨ ਗਾਇਨ॥
(੫) ਸਾਧ ਕੈ ਸੰਗਿ ਸ੍ਰਬ ਥਾਨ ਗੰਮਿ॥ ਨਾਨਕ ਸਾਧਕੈ ਸੰਗਿ ਸਫਲ ਜਨੰਮ॥੫॥

ਅਨੁਵਾਦਿ

(੧) ਸਾਧ ਦੀ ਸੰਗਤ ਕਰਕੇ ਬੰਦਾ, ਕੁੱਲ ਅਪਣੀ ਸੱਭ ਲੈਂਦਾ ਤਾਰ॥
ਸਾਧ ਸੰਗਤ ਥੀਂ ਪਾਰ ਉਤਾਰੇ, ਸੱਜਣ ਮੀਤ ਸਾਰਾ ਪਰਵਾਰ॥
(੨) ਸਾਧ ਦੀ ਸੰਗਤ ਕਰਕੇ, ਪ੍ਰਾਨੀ, ਐਸਾ ਮਾਲ ਖ਼ਜ਼ਾਨਾ ਪਾਵੇ॥
ਜਿਹੜਾ ਧਨ ਪਾ ਕੇ ਹਰ ਪ੍ਰਾਨੀ, ਜੱਗ ਅੰਦਰ ਉੱਘਾ ਹੋ ਜਾਵੇ॥
(੩) ਸਾਧ ਦੀ ਸੰਗਤ ਕਰਿਆ ਬੰਦੇ, ਧਰਮ ਰਾਜ ਤੇਰੀ ਸੇਵ ਕਮਾਵੇ॥
ਸਾਧ ਸੰਗਤ ਦੇ ਸਦਕੇ ਤੇਰੀ, ਇੰਦਰ ਦੇਵ ਵੀ ਸੋਭਾ ਗਾਵੇ॥
(੪) ਸਾਧ ਸੰਗਤ ਕਰਿਆਂ ਬੰਦੇ ਦੇ, ਪਾਪ ਪਲਾਂ ਵਿਚ ਦੂਰ ਹੋ ਜਾਣ॥
ਸਾਧ ਸੰਗਤ ਕਰ ਕੇ ਹੀ ਪ੍ਰਾਨੀ, ਕਰਦੇ ਹੱਨ ਪ੍ਰਭ ਦੇ ਗੁਣ ਗਾਣ॥
(੫) ਸਾਧ ਸੰਗਤ ਕਰ ਕੇ ਇਹਬੰਦਾ, ਹਰ ਮੰਜ਼ਲ ਨੂੰ ਪਾ ਲੈਂਦਾ ਹੈ॥
ਕਰ ਕੇ ਸੰਗਤ ਸਾਧ ਦੀ ਪ੍ਰਾਨੀ, ਜੀਵਨ ਸਫਲ ਬਣਾ ਲੈਂਦਾ ਹੈ॥

(੧) ਸਾਧ ਕੈ ਸੰਗਿ ਨਹੀਂਕਛੁ ਘਾਲ॥ ਦਰਸਨੁ ਭੇਟਤ ਹੋਤ ਨਿਹਾਲ॥
(੨) ਸਾਧ ਕੇ ਸੰਗਿ ਕਲੂਖਤ ਹਰੈ॥ ਸਾਧਕੈ ਸੰਗਿ ਨਰਕ ਪਰਹਰੈ॥
(੩) ਸਾਧ ਕੈ ਸੰਗਿ ਈਹਾ ਊਹਾ ਸੁਹੇਲਾ॥ ਸਾਧ ਸੰਗਿ ਬਿਛੁਰਤ ਹਰਿ ਮੇਲਾ॥
(੪) ਜੋ ਇਛੈ ਸੋਈ ਫਲੁ ਪਾਵੈ॥ ਸਾਧ ਕੈ ਸੰਗਿਨ ਬਿਰਥਾ ਜਾਵੈ॥
(੫) ਪਾਰਬ੍ਰਹਮ ਸਾਧ ਰਿਦ ਬਸੈ॥ ਨਾਨਕ ਉਧਰੈ ਸਾਧ ਸੁਨਿ ਰਸੈ॥੬॥

ਅਨੁਵਾਦਿ

(੧) ਸਾਧ ਸੰਗਤ ਕਰਿਆਂ ਤੇਬੰਦੇ, ਤਪ ਆਦਿ ਦੀ ਮਿਟੇ ਉਖਾਲ॥
ਸਾਧ ਸੰਗਤ ਕਰਿਆਂ ਤੇ ਪਿਆਰੇ, ਹਿਰਦਾ ਹਰ ਦਮ ਰਹੇ ਨਿਹਾਲ॥
(੨) ਸਾਧ ਸੰਗਤ ਕਰਿਆਂ ਬੰਦੇ ਦਾ, ਪਾਪ ਵਿਕਾਰ ਨਾ ਰਹੇ ਪਿਆਰੇ॥
ਸਾਧ ਸੰਗਤ ਕਰਿਆਂ ਬੰਦੇ ਦੇ, ਨਰਕਾਂ ਦੇ ਦੁਖ ਮਿਟਦੇ ਸਾਰੇ॥
(੩) ਸਾਧ ਦੀ ਸੰਗਤ ਕਰਿਆ ਬੰਦੇ, ਹਰ ਥਾਂ ਮਿਲਦਾ ਸੁਖ ਸਤਿਕਾਰ॥
ਸਾਧੂ ਦੀ ਸੰਗਤ ਦੇ ਸਦਕੇ, ਮਿਲਦੈ ਹੈ ਵਿਛੁੜਿਆ ਕਰਤਾਰ॥
(੪) ਸਾਧ ਦੀ ਸੰਗਤ ਕਰ ਕੇ ਪ੍ਰਾਨੀ, ਮਨ ਇਛੁਤ ਫਲ ਪਾ ਸਕਦਾ ਹੈ॥
ਸਾਧ ਸੰਗ ਕੀਤਾ ਐ ਬੰਦੇ, ਬਿਰਥਾ ਕਿਦਾਂ ਜਾ ਸਕਦਾ ਹੈ॥
(੫) ਸਾਧੂ ਦੇ ਹਿਰਦੇ ਵਿਚ ਵਸਦਾ, ਪਾਰਬ੍ਰਹਮ ਜੱਗ ਸਿਰਜਣਹਾਰ॥
ਸੁਣ ਕੇ ਬਚਨ ਸਾਧੂ ਦੇ ਬੰਦਾ, ਪਿਆਰੇ ਭਵ ਜਲ ਉਤਰੇ ਪਾਰ॥

(੧) ਸਾਧ ਕੈ ਸੰਗਿ ਸੁਨਉ ਹਰਿ ਨਾਉ॥ ਸਾਧ ਸੰਗਿ ਹਰਿ ਕੇ ਗੁਨ ਗਾਉ॥
(੨) ਸਾਧ ਕੈ ਸੰਗਿ ਨ ਮਨ ਤੇ ਬਿਸਰੈ॥ ਸਾਧ ਸੰਗਿ ਸਰਪਰ ਨਿਸਤਰੈ॥
(੩) ਸਾਧਿ ਕੈ ਸੰਗਿ ਲਗੈ ਪ੍ਰਭੁ ਮੀਠਾ॥ ਸਾਧੂ ਕੈ ਸੰਗਿ ਘਟਿ ਘਟਿ ਡੀਠਾ॥
(੪) ਸਾਧ ਸੰਗਿ ਭਏ ਆਗਿਆਕਾਰੀ॥ ਸਾਧ ਸੰਗਿ ਗਤਿ ਭਈ ਹਮਾਰੀ॥
(੫) ਸਾਧ ਕੈ ਸੰਗਿ ਮਿਟੇ ਸਭਿ ਰੋਗ॥ ਨਾਨਕ ਸਾਧ ਭੇਟੇ ਸੰਜੋਗ॥੭॥

ਅਨੁਵਾਦਿ

(੧) ਸਾਧ ਸੰਗਤ ਕਰਕੇ ਐ ਮਨ ਮੈਂ, ਨਾਮ ਪ੍ਰਭੂ ਦਾ ਸੁਣਨਾਂ ਚਾਹਵਾਂ॥
ਸਾਧ ਦੀ ਸੰਗਤ ਕਰ ਕੇ ਪਿਆਰੇ, ਗੀਤ ਸਦਾ ਉਸ ਪ੍ਰਭ ਦੇ ਗਾਵਾਂ।
(੨) ਸਾਧ ਸੰਗਤ ਕਰਿਆਂ ਤੇ ਪ੍ਰਾਨੀ, ਮਨ ਤੋਂ ਨਾ ਵਿਸਰੇ ਕਰਤਾਰ॥
ਸਾਧ ਸੰਗਤ ਕਰ ਕੇ ਹੀ ਪ੍ਰਾਨੀ, ਭਵ ਸਾਗਰ ਤੋਂ ਹੁੰਦਾ ਪਾਰ॥
(੩) ਸਾਧ ਦੀ ਸੰਗਤ ਕਰਿਆਂ ਤੇ ਉਹ, ਅਰਸ਼ੀ ਪ੍ਰੀਤਮ ਪਿਆਰਾ ਜਾਪੇ॥
ਸਾਧ ਦੀ ਸੰਗਤ ਕਰਿਆਂ ਉਸਦਾ, ਕਣ ਕਣ ਵਿਚ ਨਜ਼ਾਰਾ ਜਾਪੇ॥
(੪) ਸਾਧ ਦੀ ਸੰਗਤ ਕਰਕੇ ਪਿਆਰੇ, ਪ੍ਰਭ ਦੇ ਹੁਕਮ 'ਚ ਰਹਿਣਾ ਆਵੇ॥
ਸਾਧ ਦੀ ਸੰਗਤ ਕਰਕੇ ਇਹ ਨਰ, ਮੁਕਤਿ ਹੋਣ ਦੀ ਜੁਗਤੀ ਪਾਵੇ॥
(੫) ਸਾਧ ਦੀ ਸੰਗਤ ਕਰ ਕੇ ਪ੍ਰਾਨੀ, ਤਨ ਮਨ ਦੇ ਸਭ ਰੋਗ ਮਿਟਾਵੇ॥
ਨੂਰੀ ਸਤਿਗੁਰ ਸਾਧ ਦੀ ਸੰਗਤ, ਭਾਗਾਂ ਦੇ ਨਾਲ ਪ੍ਰਭੂ ਮਿਲਾਵੇ॥

(੧) ਸਾਧ ਕੀ ਮਹਿਮਾ ਬੇਦ ਨ ਜਾਨਹਿ॥ ਜੇਤਾ ਸੁਨਹਿ ਤੇਤਾ ਬਖਿਆਨਹਿ॥
(੨) ਸਾਧ ਕੀ ਉਪਮਾ ਤਿਹੁ ਗੁਣ ਤੇ ਦੂਰਿ॥ ਸਾਧ ਕੀ ਉਪਮਾ ਰਹੀ ਭਰਪੂਰਿ॥
(੩) ਸਾਧ ਕੀ ਸੋਭਾ ਕਾ ਨਾਹੀ ਅੰਤ॥ ਸਾਧ ਕੀ ਸੋਭਾ ਸਦਾ ਬੇਅੰਤ॥
(੪) ਸਾਧ ਦੀ ਸੋਭਾ ਊਚ ਤੇ ਊਚੀ॥ ਸਾਧ ਕੀ ਸੋਭਾ ਮੂਚ ਤੇ ਮੂਚੀ॥
(੫) ਸਾਧ ਕੀ ਸੋਭਾ ਸਾਧ ਬਨਿ ਆਈ॥ ਨਾਨਕ ਸਾਧ ਪ੍ਰਭ ਭੇਦੁ ਨ ਭਾਈ॥੮॥੭॥

ਅਨੁਵਾਦਿ

(੧) ਸਾਧ ਕੀ ਸੋਭਾ ਤੇ ਵਡਿਆਈ, ਵੇਦਾਂ ਨੇ ਵੀ ਥਹੁ ਨਹੀਂ ਪਾਈ॥
ਜਿਤਨਾ ਸੁਣਿਆ ਉਤਨਾ ਦਸਿਆ, ਇਸ ਤੋਂ ਵੱਧ ਨਾ ਦੱਸਿਆ ਭਾਈ॥
(੨) ਸਾਧ ਦੀ ਸੋਭਾ ਦਾ ਕੀ ਕਹਿਣਾ, ਤਿੰਨ ਗੁਣਾਂ ਤੋਂ ਪਰੇ ਪਰੇਰੇ॥
ਸਾਧ ਦੀ ਸੋਭਾ ਪ੍ਰਭੁ ਦੀ ਸੋਭਾ, ਕੱਣ ਕੱਣ ਵਿਚ ਨੇ ਜਿਸਦੇ ਡੇਰੇ॥
(੩) ਸਾਧ ਦੀ ਸੋਭਾ ਦਾ ਕੀ ਕਹਿਣਾ, ਅੰਤ ਕੋਈ ਜਿਸ ਦਾ ਨਾ ਆਵੇ॥
ਹੈ ਬੇਅੰਤ ਸਾਧ ਕੀ ਸੋਭਾ, ਕੌਣ ਹੈ ਜੋ ਅੰਦਾਜ਼ਾ ਲਾਵੇ॥
(੪) ਸਾਧ ਦੀ ਸੋਭਾ ਸਭ ਤੋਂ ਉੱਚੀ, ਹੋਰ ਨਹੀਂ ਪਿਆਰੇ ਇਸਦੇ ਤੁਲ॥
ਅੱਣ ਮੁਲੀ ਹੈ ਸਾਧ ਦੀ ਸੋਭਾ, ਕੌਣ ਜੋ ਇਸ ਦਾ ਪਾਵੇ ਮੁਲ?
(੫) ਸਾਧ ਦੀ ਸੋਭਾ ਸਾਧ ਹੀ ਜ਼ਾਣੇਂ, ਆਪੇ ਹੀ ਉਹ ਕਰੇ ਬਿਆਨ॥
ਨੂਰੀ ਸਤਿਗੁਰ ਸਾਧ ਪ੍ਰਭੂ ਦੀ, ਪਿਆਰੇ ਜਾਣੋਂ ਇਕੋ ਜਾਨ॥

ਸਲੋਕੁ ॥

ਮਨਿ ਸਾਚਾ ਮੁਖਿ ਸਾਚਾ ਸੋਇ ॥ ਅਵਰੁ ਨ ਪੇਖੈ ਏਕਸੁ ਬਿਨੁ ਕੋਇ ॥
ਨਾਨਕ ਇਹ ਲਛਣ ਬ੍ਰਹਮਗਿਆਨੀ ਹੋਇ ॥੧॥

ਅਨੁਵਾਦਿ

ਜਿਸਦੇ ਮੱਨ ਸੱਚਾ ਪ੍ਰਭੂ, ਸੱਚ ਮੁੱਖ ਕਰੇ ਬਿਆਨ ॥
ਹੋਰ ਨਾ ਪ੍ਰੱਭ ਦੇ ਨੂਰ ਬਿਨ, ਵੇਖੇ ਉਹ ਇਨਸਾਨ ॥
ਉਹ ਪ੍ਰਾਨੀ ਸਤਿਗੁਰ ਕਹੇ, ਤੂੰ ਬ੍ਰਹਮ ਗਿਆਨੀ ਮਾਨ ॥

ਅਸਟਪਦੀ

(੧) ਬ੍ਰਹਮਗਿਆਨੀ ਸਦਾ ਨਿਰਲੇਪ॥ ਜੈਸੇ ਜਲ ਮਹਿ ਕਮਲ ਅਲੇਪ॥
(੨) ਬ੍ਰਹਮਗਿਆਨੀ ਸਦਾ ਨਿਰਦੋਖ॥ ਜੈਸੇ ਸੂਰੁ ਸਰਬ ਕਉ ਸੋਖ॥
(੩) ਬ੍ਰਹਮਗਿਆਨੀ ਕੈ ਦ੍ਰਿਸਟਿ ਸਮਾਨਿ॥ ਜੈਸੇ ਰਾਜ ਰੰਕ ਕਉ ਲਾਗੈ ਤੁਲਿ ਪਵਾਨ॥
(੪) ਬ੍ਰਹਮਗਿਆਨੀ ਕੈ ਧੀਰਜੁ ਏਕ॥ ਜਿਉ ਬਸੁਧਾ ਕੋਊ ਖੋਦੈ ਕੋਊ ਚੰਦਨ ਲੇਪ॥
(੫) ਬ੍ਰਹਮਗਿਆਨੀ ਕਾ ਇਹੈ ਗੁਨਾਉ॥ ਨਾਨਕ ਜਿਉ ਪਾਵਕ ਕਾ ਸਹਜ ਸੁਭਾਉ॥੧॥

ਅਨੁਵਾਦਿ

(੧) ਬ੍ਰਹਮਗਿਆਨੀ ਦਾ ਮਨ ਸਦਾ ਹੀ ਰਹਿੰਦਾ ਇਉਂ ਬੇਦਾਗ ਹਜ਼ੂਰ॥
ਪਾਣੀ ਵਿਚ ਫੁਲ ਕਮਲ ਦਾ ਹਰ ਦੱਮ, ਰਹਿੰਦਾ ਜਿਉਂ ਬੇ ਲਾਗ ਹਜ਼ੂਰ॥
(੨) ਬ੍ਰਹਮਗਿਆਨੀ ਮਾਨੁਖ ਸਦਾ ਹੀ, ਹਰ ਇਕ ਇਉਂ ਵਿਕਾਰ ਨੂੰ ਮਾਰੇ॥
ਸੂਰਜ ਜਿਵੇਂ ਸੁਕਾ ਦੇਂਦਾ ਹੈ, ਹਰ ਇਕ ਸ਼ੈ ਦੇ ਰਸ ਨੂੰ ਪਿਆਰੇ॥
(੩) ਬ੍ਰਹਮਗਿਆਨੀ ਦੀ ਨਿਗਾਹ ਦੇ ਅੰਦਰ, ਇਕੋ ਜਿਹਾ ਸਾਰਾ ਸੰਸਾਰ॥
ਜਿਉਂ ਰਾਜੇ ਤੇ ਕੰਗਲੇ ਤਾਂਈ, ਪਵਨ ਛੋਹੇ ਪਿਆਰੇ ਇਕ ਸਾਰ॥
(੪) ਬ੍ਰਹਮਗਿਆਨੀ ਮਾਨੁਖ ਦਾ ਧੀਰਜ, ਇਕੋ ਜਿਹਾ ਰਹਿੰਦਾ ਹਰ ਹਾਲ॥
ਧਰਤ ਜਿਵੇਂ ਕੋਈ ਖੁਰਚੇ ਪ੍ਰਾਨੀ, ਛਿੜਕੇ ਪਿਆ ਕੋਈ ਜਿਵੇਂ ਗੁਲਾਲ॥
(੫) ਬ੍ਰਹਮਗਿਆਨੀ ਮਾਨੁਖ ਦਾ ਗੁਣ ਇਹ, ਹਰਦਮ ਨਿਰਮਲ ਰਹੇ ਹਜ਼ੂਰ॥
ਅੱਗ ਜਿਵੇਂ ਸੱਭ ਸਾੜ ਕੇ ਪਿਆਰੇ, ਕਰੇ ਮੈਲ ਹਰ ਸ਼ੈ ਦੀ ਦੂਰ॥

(੧) ਬ੍ਰਹਮਗਿਆਨੀ ਨਿਰਮਲ ਤੇ ਨਿਰਮਲਾ॥ ਜੈਸੇ ਮੈਲੁ ਨ ਲਾਗੈ ਜਲਾ॥
(੨) ਬ੍ਰਹਮਗਿਆਨੀ ਕੈ ਮਨਿ ਹੋਇ ਪ੍ਰਗਾਸੁ॥ ਜੈਸੇ ਧਰ ਊਪਰਿ ਆਕਾਸੁ॥
(੩) ਬ੍ਰਹਮਗਿਆਨੀ ਕੈ ਮਿਤ੍ਰ ਸਤ੍ਰ ਸਮਾਨਿ॥ ਬ੍ਰਹਮਗਿਆਨੀ ਕੈ ਨਾਹੀ ਅਭਿਮਾਨ॥
(੪) ਬ੍ਰਹਮਗਿਆਨੀ ਊਚ ਤੇ ਊਚਾ॥ ਮਨਿ ਅਪਨੈ ਹੈ ਸਭ ਤੇ ਨੀਚਾ॥
(੫) ਬ੍ਰਹਮਗਿਆਨੀ ਸੇ ਜਨ ਭਏ॥ ਨਾਨਕ ਜਿਨ ਪ੍ਰਭੁ ਆਪਿ ਕਰੇਇ॥੨॥

ਅਨੁਵਾਦਿ

(੧) ਹਰ ਇਕ ਬਦੀਓਂ ਦੂਰ ਰਹੇਜੇ, ਬ੍ਰਹਮਗਿਆਨੀ ਉਹ ਨਿਰਮਲ ਭਾਰੀ॥
ਜਿਦਾਂ ਪਾਣੀ ਮੈਲ ਤੇ ਪਿਆਰੇ, ਉਤਮ ਰਹਿੰਦਾ ਹੈ ਹਰ ਵਾਰੀ॥
(੨) ਬ੍ਰਹਮਗਿਆਨੀ ਦੇ ਮੱਨ ਵਿਚ ਵੱਸਦਾ, ਮੇਰੇ ਪ੍ਰਭ ਦਾ ਪਿਆਰੇ ਨੂਰ॥
ਧਰਤੀ ਤੇ ਅਸਮਾਨ ਜਿਵੇਂ ਹੈ, ਪ੍ਰਾਨੀ ਹਰ ਇਕ ਜਗ੍ਹਾ ਜ਼ਰੂਰ॥
(੩) ਬ੍ਰਹਮਗਿਆਨੀ ਨੂੰ ਸਾਰੇ ਸਮ ਨੇ, ਮਿਤ੍ਰ ਵੈਰੀ ਸਭ ਸੰਸਾਰ॥
ਬ੍ਰਹਮਗਿਆਨੀ ਦੇ ਦਿਲ ਵਿਚ ਨਹੀਂ ਹੈ, ਉੱਕਾ ਹੀ ਪਿਆਰੇ ਹੰਕਾਰ॥
(੪) ਬ੍ਰਹਮਗਿਆਨੀ ਦੀ ਹਸਤੀ ਨੂੰ ਤੂੰ, ਸਭਤੋਂ ਉੱਚੀ ਜਾਨ ਪਿਆਰੇ॥
ਪਰ ਉਹ ਆਪਣੇ ਆਪ ਦੇ ਤਾਈ, ਜਾਣੇ ਕੀਟ ਸਮਾਨ ਪਿਆਰੇ॥
(੫) ਬ੍ਰਹਮਗਿਆਨੀ ਬਣਦਾ ਹੈ ਪਿਆਰੇ, ਉਹ ਹੀ ਜਗ ਤੇ ਪੁਰਸ਼ ਮਹਾਨ
ਨੂਰੀ ਸਤਿਗੁਰ ਆਪ ਪ੍ਰਭੂ ਹੀ, ਪਿਆਰੇ ਜਿਸ ਨੂੰ ਬਖਸ਼ੇ ਮਾਨ॥

(੧) ਬ੍ਰਹਮਗਿਆਨੀ ਸਗਲ ਕੀ ਰੀਨਾ॥ ਆਤਮਰਸੁ ਬ੍ਰਹਮਗਿਆਨੀ ਚੀਨਾ॥
(੨) ਬ੍ਰਹਮਗਿਆਨੀ ਕੀ ਸਭ ਊਪਰਿ ਮਇਆ॥ ਬ੍ਰਹਮਗਿਆਨੀ ਤੇ ਕਛੁ ਬੁਰਾ ਨ ਭਇਆ॥
(੩) ਬ੍ਰਹਮਗਿਆਨੀ ਸਦਾ ਸਮਦਰਸੀ॥ ਬ੍ਰਹਮਗਿਆਨੀ ਕੀ ਦ੍ਰਿਸਟਿ ਅੰਮ੍ਰਿਤੁ ਬਰਸੀ॥
(੪) ਬ੍ਰਹਮਗਿਆਨੀ ਬੰਧਨ ਤੇ ਮੁਕਤਾ॥ ਬ੍ਰਹਮਗਿਆਨੀ ਕੀ ਨਿਰਮਲ ਜੁਗਤਾ॥
(੫) ਬ੍ਰਹਮਗਿਆਨੀ ਕਾ ਭੋਜਨੁ ਗਿਆਨ॥ ਨਾਨਕ ਬ੍ਰਹਮਗਿਆਨੀ ਕਾ ਬ੍ਰਹਮ ਧਿਆਨੁ॥੩॥

ਅਨੁਵਾਦਿ

(੧) ਬ੍ਰਹਮਗਿਆਨੀ ਹੈ ਬਣ ਕੇ ਰਹਿੰਦਾ, ਚਰਨ ਧੂੜ ਸਭਨਾਂ ਦੀ ਪਿਆਰੇ॥
ਬ੍ਰਹਮਗਿਆਨੀ ਨੇ ਜਾਣ ਲਏ ਨੇ, ਆਤਮ-ਰਸ ਦੇ ਕੁੱਲ ਨਜ਼ਾਰੇ॥
(੨) ਬ੍ਰਹਮਗਿਆਨੀ ਹਰ ਦਮ ਹੈ ਰਹਿੰਦਾ, ਹਰ ਇਕ ਤੇ ਕ੍ਰਿਪਾਲ ਪਿਆਰੇ॥
ਬ੍ਰਹਮਗਿਆਨੀ ਨਹੀਂਕਦੇ ਸੋਚਦਾ, ਮੰਦਾ ਕਦੇ ਖ਼ਿਆਲ ਪਿਆਰੇ॥
(੩) ਬ੍ਰਹਮਗਿਆਨੀ ਦੀ ਨਿਗਾਹ ਦੇ ਅੰਦਰ, ਸਾਰੇ ਇਕ ਸਮਾਨ ਨੇ ਪਿਆਰੇ॥
ਬ੍ਰਹਮਗਿਆਨੀ ਪ੍ਰਭ ਗਿਆਨ ਦਾ ਹਰਦਮ, ਅੰਮ੍ਰਿਤ ਰਸ ਬਰਸਾਨ ਪਿਆਰੇ॥
(੪) ਹਰ ਇਕ ਬੰਧਨ ਤੋਂ ਬ੍ਰਹਮ ਗਿਆਨੀ, ਰਹਿੰਦਾ ਸਦਾ ਆਜ਼ਾਦ ਹੈ ਪਿਆਰੇ॥
ਬ੍ਰਹਮਗਿਆਨੀ ਦਾ ਸਾਰਾ ਜੀਵਨ, ਹਰ ਜੁਗਤੀ ਥੀਂ ਸ਼ਾਦ ਹੈ ਪਿਆਰੇ॥
(੫) ਬ੍ਰਹਮਗਿਆਨੀ ਨੂੰ ਗਿਆਨ ਪ੍ਰਭੂ ਦਾ, ਭੋਜਨ ਜਿਹਾ ਆਧਾਰ ਪਿਆਰੇ॥
ਸਤਿਗੁਰ ਬ੍ਰਹਮ ਗਿਆਨੀ ਦੀ ਸੁਰਤੀ, ਰਹਿੰਦੀ ਸੰਗ ਕਰਤਾਰ ਪਿਆਰੇ॥

(੧) ਬ੍ਰਹਮਗਿਆਨੀ ਏਕ ਊਪਰਿ ਆਸ॥ ਬ੍ਰਹਮਗਿਆਨੀ ਕਾ ਨਹੀਂ ਬਿਨਾਸ॥
(੨) ਬ੍ਰਹਮਗਿਆਨੀ ਕੈ ਗਰੀਬੀ ਸਮਾਹਾ॥ ਬ੍ਰਹਮਗਿਆਨੀ ਪਰਉਪਕਾਰ ਉਮਾਹਾ॥
(੩) ਬ੍ਰਹਮਗਿਆਨੀ ਕੈ ਨਾਹੀ ਧੰਧਾ॥ ਬ੍ਰਹਮਗਿਆਨੀ ਲੇ ਧਾਵਤੁ ਬੰਧਾ॥
(੪) ਬ੍ਰਹਮਗਿਆਨੀ ਕੈ ਹੋਇ ਸੁ ਭਲਾ॥ ਬ੍ਰਹਮਗਿਆਨੀ ਸੁਫਲ ਫਲਾ॥
(੫) ਬ੍ਰਹਮਗਿਆਨੀ ਸੰਗਿ ਸਗਲ ਉਧਾਰੁ॥ ਨਾਨਕ ਬ੍ਰਹਮਗਿਆਨੀ ਜਪੈ ਸਗਲ ਸੰਸਾਰੁ॥੪॥

ਅਨੁਵਾਦਿ

(੧) ਬ੍ਰਹਮਗਿਆਨੀ ਰਖਦਾ ਹਰ ਵੇਲੇ, ਇਕ ਪ੍ਰੱਭਦੇ ਉੱਤੇ ਹੀ ਆਸ॥
ਬ੍ਰਹਮਗਿਆਨੀ ਦੀ ਉੱਚ ਹਸਤੀ ਦਾ, ਹੁੰਦਾ ਪਿਆਰੇ ਨਹੀਂ ਵਿਨਾਸ॥
(੨) ਬ੍ਰਹਮਗਿਆਨੀ ਦੇ ਹਿਰਦੇ ਅੰਦਰ, ਰਹੇ ਗ਼ਰੀਬੀ ਸਦਾ ਸਮਾਈ॥
ਪਰ ਉਪਕਾਰ ਕਮਾ ਬ੍ਰਹਮ ਗਿਆਨੀ, ਚਿੱਤ ਅਪਣਾ ਰੱਖਦਾ ਖ਼ੁਸ਼ ਭਾਈ॥
(੩) ਬ੍ਰਹਮਗਿਆਨੀ ਹਰ ਇਕ ਝੰਜਿਟ ਤੋਂ, ਮੁਕਤ ਰਹੇ ਹਰ ਹਾਲ ਪਿਆਰੇ॥
ਬ੍ਰਹਮਗਿਆਨੀ ਦੇ ਵਿਆਪੇ ਨਾ ਮਨ, ਮੋਹ ਮਾਇਆ ਜੰਜਾਲ ਪਿਆਰੇ॥
(੪) ਬ੍ਰਹਮਗਿਆਨੀ ਹਰ ਹਾਲ 'ਚ ਰਹਿੰਦਾ, ਪ੍ਰਭ ਦਾ ਸ਼ੁਕਰ ਗੁਜ਼ਾਰ ਪਿਆਰੇ॥
ਬ੍ਰਹਮਗਿਆਨੀ ਹਰ ਕਾਰਜ ਅੰਦਰ, ਸਫਲ ਰਹੇ ਹਰ ਵਾਰ ਪਿਆਰੇ॥
(੫) ਬ੍ਰਹਮਗਿਆਨੀ ਦੀ ਸੰਗਤ ਕਰਕੇ, ਸਭ ਦਾ ਹੋਏ ਉਧਾਰ ਪਿਆਰੇ॥
ਬ੍ਰਹਮਗਿਆਨੀ ਦੀ ਮਿਹਰ ਥੀਂ ਸਤਿਗੁਰ, ਸਿਮਰੇ ਜੱਗ ਦਾਤਾਰ ਪਿਆਰੇ॥

(੧) ਬ੍ਰਹਮਗਿਆਨੀ ਕੈ ਏਕੈ ਰੰਗ॥ ਬ੍ਰਹਮਗਿਆਨੀ ਕੈ ਬਸੈ ਪ੍ਰਭੁ ਸੰਗ॥
(੨) ਬ੍ਰਹਮਗਿਆਨੀ ਕੈ ਨਾਮੁ ਆਧਾਰੁ॥ ਬ੍ਰਹਮਗਿਆਨੀ ਕੈ ਨਾਮੁ ਪਰਵਾਰੁ॥
(੩) ਬ੍ਰਹਮਗਿਆਨੀ ਸਦਾ ਸਦ ਜਾਗਤ॥ ਬ੍ਰਹਮਗਿਆਨੀ ਅਹੰਬੁਧਿ ਤਿਆਗਤ॥
(੪) ਬ੍ਰਹਮਗਿਆਨੀ ਕੈ ਮਨਿ ਪਰਮਾਨੰਦ॥ ਬ੍ਰਹਮਗਿਆਨੀ ਕੈ ਘਰਿ ਸਦਾ ਅਨੰਦ॥
(੫) ਬ੍ਰਹਮਗਿਆਨੀ ਸੁਖ ਸਹਜ ਨਿਵਾਸ॥ ਨਾਨਕ ਬ੍ਰਹਮਗਿਆਨੀ ਕਾ ਨਹੀਂ ਬਿਨਾਸ॥੫॥

ਅਨੁਵਾਦਿ

(੧) ਬ੍ਰਹਮਗਿਆਨੀ ਦੇ ਮਨ ਵਸਦਾ ਹੈ, ਇਕ ਪ੍ਰਭ ਦਾ ਹੀ ਪ੍ਰਾਨੀ ਪਿਆਰ॥
ਬ੍ਰਹਮਗਿਆਨੀ ਦਾ ਬੇਲੀ ਬਣਕੇ, ਆਪ ਰਹੇ ਮੇਰਾ ਦਾਤਾਰ॥
(੨) ਬ੍ਰਹਮਗਿਆਨੀ ਨੂੰ ਪ੍ਰਭੂ ਨਾਮ ਦਾ, ਹਰਦਮ ਰਹਿੰਦਾ ਟੇਕ ਅਧਾਰ॥
ਬ੍ਰਹਮਗਿਆਨੀ ਨੂੰ ਪ੍ਰਭੂ ਨਾਮ ਹੀ, ਉਸ ਦਾ ਹੈ ਸਾਰਾ ਪਰਵਾਰ॥
(੩) ਰਹੇ ਸੁਚੇਤ ਸਦਾ ਬ੍ਰਹਮਗਿਆਨੀ, ਉਪਜੇ ਨਾ ਮਨ ਪਾਪ ਵਿਕਾਰ॥
ਬ੍ਰਹਮਗਿਆਨੀ ਪ੍ਰਭ ਦੀ ਕ੍ਰਿਪਾ ਥੀਂ, ਤਿਆਗੇ ਸਭ ਹਉਮੈਂ-ਹੰਕਾਰ॥
(੪) ਬ੍ਰਹਮਗਿਆਨੀ ਦੇ ਮਨ ਵਿਚ ਵਸਦਾ, ਆਪ ਪ੍ਰਭੂ ਮੇਰਾ ਦਾਤਾਰ॥
ਬ੍ਰਹਮਗਿਆਨੀ ਦੇ ਹਿਰਦੇ ਰੂਪੀ, ਘਰ ਵਿਚ ਰਹਿੰਦੀ ਸਦਾ ਬਹਾਰ॥
(੫) ਬ੍ਰਹਮਗਿਆਨੀ ਦੇ ਮਨ ਵਿਚ ਰਖਦਾ, ਸੁਖ-ਮਈ ਪ੍ਰਭ ਆਪ ਨਿਵਾਸ॥
ਸਤਿਗੁਰ ਪਿਆਰੇਬ੍ਰਹਮਗਿਆਨੀ ਦੇ, ਨੂਰ ਦਾ ਹੁੰਦਾ ਨਹੀਂ ਬਿਨਾਸ॥

(੧) ਬ੍ਰਹਮਗਿਆਨੀ ਬ੍ਰਹਮ ਕਾ ਬੇਤਾ॥ ਬ੍ਰਹਮਗਿਆਨੀ ਏਕ ਸੰਗਿ ਹੇਤਾ॥
(੨) ਬ੍ਰਹਮਗਿਆਨੀ ਕੈ ਹੋਇ ਅਚਿੰਤ॥ ਬ੍ਰਹਮਗਿਆਨੀ ਕਾ ਨਿਰਮਲ ਮੰਤ॥
(੩) ਬ੍ਰਹਮਗਿਆਨੀ ਜਿਸੁ ਕਰੈਪ੍ਰਭ ਆਪਿ॥ ਬ੍ਰਹਮਗਿਆਨੀ ਕਾ ਬਡ ਪਰਤਾਪ॥
(੪) ਬ੍ਰਹਮਗਿਆਨੀ ਕਾ ਦਰਸੁ ਬਡਭਾਗੀ ਪਾਈਐ॥ ਬ੍ਰਹਮਗਿਆਨੀ ਕਉ ਬਲਿ ਬਲਿ ਜਾਈਐ॥
(੫) ਬ੍ਰਹਮਗਿਆਨੀ ਕਉ ਖੋਜਹਿ ਮਹੇਸੁਰ॥ ਨਾਨਕ ਬ੍ਰਹਮਗਿਆਨੀ ਆਪ ਪਰਮੇਸੁਰ॥੬॥

ਅਨੁਵਾਦਿ

(੧) ਬ੍ਰਹਮਗਿਆਨੀ ਹੈ ਮੇਰੇ ਪ੍ਰਭ ਦਾ, ਬੇਲੀ ਮਹਿਰਮ ਵਾਕਫ਼ਕਾਰ॥
ਬ੍ਰਹਮਗਿਆਨੀ ਇਕ ਪ੍ਰਭੂ ਸੰਗ ਹੀ ਹਰ-ਦਮ ਚਿੱਤੋਂ ਕਰੇ ਪਿਆਰ॥
(੨) ਬ੍ਰਹਮਗਿਆਨੀ ਦੇ ਮਨ ਵਿਚ ਐ ਮਨ, ਚਿੰਤਾ ਫ਼ਿਕਰ ਨਾ ਉਕਾ ਆਵੇ॥
ਬ੍ਰਹਮਗਿਆਨੀ ਦੇ ਬਚਨ ਅਮੋਲਕ, ਹਰ ਕੋਈ ਸੁਣ ਨਿਰਮਲ ਹੋ ਜਾਵੇ॥
(੩) ਬ੍ਰਹਮਗਿਆਨੀ ਬਣਦਾ ਉਹ ਪਿਆਰੇ, ਜਿਸ ਨੂੰ ਸਤਿਗੁਰ ਆਪ ਬਣਾਵੇ॥
ਬ੍ਰਹਮਗਿਆਨੀ ਬਣ ਜਾਵੇ ਜੋ ਨਰ, ਚੌਂਹ ਕੂੰਟੀ ਉੱਘਾ ਹੋ ਜਾਵੇ॥
(੪) ਕੋਈ ਵੱਡਭਾਗੀਹੀ ਵਿਰਲਾ, ਬ੍ਰਹਮਗਿਆਨੀ ਦਾ ਦਰਸ਼ਨ ਪਾਵੇ॥
ਬ੍ਰਹਮਗਿਆਨੀ ਦੇ ਦਰਸ ਤੋਂ ਪ੍ਰਾਨੀ, ਵਾਰ ਵਾਰ ਬਲਿਹਾਰੀ ਜਾਵੇ॥
(੫) ਬ੍ਰਹਮਗਿਆਨੀ ਦੀ ਭਾਲ 'ਚ ਫਿਰਦੇ, ਸ਼ਿਵਜੀ ਜਿਹੇ ਦਿਉਤੇ ਬਲਵਾਨ॥
ਬ੍ਰਹਮਗਿਆਨੀ ਖ਼ੁੱਦਹੀ ਪਰਮੇਸ਼ੁਰ, ਸਤਿਗੁਰ ਦਾ ਨੂਰੀ ਫ਼ਰਮਾਨ॥

(੧) ਬ੍ਰਹਮਗਿਆਨੀ ਕੀ ਕੀਮਤਿ ਨਾਹਿ ॥ ਬ੍ਰਹਮਗਿਆਨੀ ਕੈ ਸਗਲ ਮਨ ਮਾਹਿ ॥
(੨) ਬ੍ਰਹਮਗਿਆਨੀ ਕਾ ਕਉਨ ਜਾਨੈ ਭੇਦੁ ॥ ਬ੍ਰਹਮਗਿਆਨੀ ਕਉ ਸਦਾ ਅਦੇਸੁ ॥
(੩) ਬ੍ਰਹਮਗਿਆਨੀ ਕਾ ਕਥਿਆ ਨ ਜਾਇ ਅਧਾਖੁਰੁ ॥ ਬ੍ਰਹਮਗਿਆਨੀ ਸਰਬ ਕਾ ਠਾਕੁਰੁ ॥
(੪) ਬ੍ਰਹਮਗਿਆਨੀ ਕੀਮਿਤਿ ਕਉਨੁ ਬਖਾਨੈ ॥ ਬ੍ਰਹਮਗਿਆਨੀ ਕੀ ਗਤਿ ਬ੍ਰਹਮਗਿਆਨੀ ਜਾਨੈ ॥
(੫) ਬ੍ਰਹਮਗਿਆਨੀ ਕਾ ਅੰਤੁ ਨ ਪਾਰੁ ॥ ਨਾਨਕ ਬ੍ਰਹਮਗਿਆਨੀ ਕਉ ਸਦਾ ਨਮਸਕਾਰੁ ॥੭ ॥

ਅਨੁਵਾਦਿ

(੧) ਬ੍ਰਹਮਗਿਆਨੀ ਦੇ ਗੁਣਾਂ ਦਾ ਉੱਕਾ, ਮੁੱਲ ਨਾ ਪਾਇਆ ਜਾਏ ਹਜ਼ੂਰ ॥
ਬ੍ਰਹਮਗਿਆਨੀ ਦਾ ਮਨ ਹੈ ਪ੍ਰਾਨੀ, ਹਰ ਇਕ ਹੀ ਗੁਣ ਥੀਂ ਭਰਪੂਰ ॥
(੨) ਬ੍ਰਹਮਗਿਆਨੀ ਦੇ ਭੇਤ ਨੂੰ ਦੱਸੋ? ਕੌਣ ਭਲਾ ਜਾਣੇ ਸਰਕਾਰ ॥
ਬ੍ਰਹਮਗਿਆਨੀ ਨੂੰ ਕਰ ਐ ਬੰਦੇ, ਹਰ ਵੇਲੇ ਤੂੰ ਨਿਮਸਕਾਰ ॥
(੩) ਬ੍ਰਹਮਗਿਆਨੀ ਦੀ ਤਿੱਲ ਮਾਤ੍ਰ ਵੀ, ਹੁੰਦੀ ਨਹੀਂ ਹੈ ਸਿਫ਼ਤ ਬਿਆਨ ॥
ਬ੍ਰਹਮਗਿਆਨੀ ਮਾਲਕ ਹੈ ਸੱਭ ਦਾ, ਪੂਜਯ-ਯੋਗ ਇਹ ਪ੍ਰਭੂ ਸਮਾਨ ॥
(੪) ਬ੍ਰਹਮਗਿਆਨੀ ਦੀ ਉਚ-ਜੀਵਨੀ, ਕੌਣ ਭਲਾ ਦੱਸੇ ਸਰਕਾਰ?
ਬ੍ਰਹਮਗਿਆਨੀ ਬਾਰੇ ਤਾਂ ਕੋਈ, ਬ੍ਰਹਮ ਗਿਆਨੀ ਹੀ ਸਕੂ ਉਚਾਰ ॥
(੫) ਬ੍ਰਹਮਗਿਆਨੀ ਹੈ ਗੁਣਾਂ ਦਾ ਸਾਗਰ, ਅੰਤ ਨਾ ਜਿਸ ਦਾ ਪਾਰਾਵਾਰ ॥
ਬ੍ਰਹਮਗਿਆਨੀ ਨੂੰ ਹਰ ਦਮ ਪਿਆਰੇ, ਨਿਮਸਕਾਰ ਕਰ ਬਾਰਮ-ਬਾਰ ॥

(੧) ਬ੍ਰਹਮਗਿਆਨੀ ਸਭ ਸ੍ਰਿਸਟਿ ਕਾ ਕਰਤਾ ॥ ਬ੍ਰਹਮਗਿਆਨੀ ਸਦ ਜੀਵੈ ਨਹੀਂ ਮਰਤਾ ॥
(੨) ਬ੍ਰਹਮਗਿਆਨੀ ਮੁਕਤਿ ਜੁਗਤਿ ਜੀਅ ਕਾ ਦਾਤਾ ॥ ਬ੍ਰਹਮਗਿਆਨੀ ਪੂਰਨ ਪੁਰਖੁ ਬਿਧਾਤਾ ॥
(੩) ਬ੍ਰਹਮਗਿਆਨੀ ਅਨਾਥ ਕਾ ਨਾਥੁ ॥ ਬ੍ਰਹਮ ਗਿਆਨੀ ਕਾ ਸਭ ਊਪਰਿ ਹਾਥੁ ॥
(੪) ਬ੍ਰਹਮਗਿਆਨੀ ਕਾ ਸਗਲ ਅਕਾਰੁ ॥ ਬ੍ਰਹਮ ਗਿਆਨੀ ਆਪਿ ਨਿਰੰਕਾਰੁ ॥
(੫) ਬ੍ਰਹਮਗਿਆਨੀ ਕੀ ਸੋਭਾ ਬ੍ਰਹਮਗਿਆਨੀ ਬਨੀ ॥ ਨਾਨਕ ਬ੍ਰਹਮਗਿਆਨੀ ਸਰਬ ਕਾ ਧਨੀ ॥੮ ॥੮ ॥

ਅਨੁਵਾਦਿ

(੧) ਬ੍ਰਹਮਗਿਆਨੀ ਸਾਰੇ ਹੀ ਜਗਦਾ, ਜਾਣੋਂ ਪ੍ਰਾਨੀ ਸਿਰਜਣਹਾਰ ॥
ਬ੍ਰਹਮਗਿਆਨੀ ਹੈ ਅਮਰ ਹਮੇਸ਼ਾਂ, ਮਰਦਾ ਜੰਮਦਾ ਨਹੀਂ ਸਰਕਾਰ ॥
(੨) ਬ੍ਰਹਮਗਿਆਨੀ ਮੁਕਤੀ ਦਾ ਰਸਤਾ, ਦਸਦਾ ਹੈ ਜੁਗਤੀ ਦੇ ਨਾਲ ॥
ਬ੍ਰਹਮਗਿਆਨੀ ਪੂਰਨ ਪਰਮੇਸ਼ੂਰ, ਤੇ ਆਪੇ ਹੀ ਪੁਰਖ ਅਕਾਲ ॥
(੩) ਬ੍ਰਹਮਗਿਆਨੀ ਬੇ-ਕਸ ਦਾ ਸਾਥੀ, ਤੇ ਮਾੜੇ ਦਾ ਮਦਦਗਾਰ ॥
ਬ੍ਰਹਮਗਿਆਨੀ ਹਰ ਇਕ ਦੇ ਉਤੇ, ਮਿਹਰ ਕਰੇਂਦਾ ਅਪਰਮ-ਪਾਰ ॥
(੪) ਬ੍ਰਹਮਗਿਆਨੀ ਕੱਣ ਕੱਣ ਵਿਚ ਵਸਦਾ, ਹਰ ਥਾਂ ਤੇ ਉਸ ਦਾ ਪਾਸਾਰ ॥
ਬ੍ਰਹਮਗਿਆਨੀ ਉਹ ਆਪ ਹੈ ਐ ਮਨ, ਆਪੇ ਉਹ ਨੂਰੀ ਨਿਰੰਕਾਰ ॥
(੫) ਬ੍ਰਹਮਗਿਆਨੀ ਦੀ ਸੋਭਾ ਪ੍ਰਾਨੀ, ਬ੍ਰਹਮਗਿਆਨੀ ਹੀ ਕਰੇ ਬਿਆਨ ॥
ਬ੍ਰਹਮਗਿਆਨੀ ਮਾਲਕ ਹੈ ਸਭ ਦਾ , ਪਿਆਰੇ ਉਹ ਸੱਭ ਦਾ ਭਗਵਾਨ ॥

ਸਲੋਕੁ॥

ਉਰਿਧਾਰੈ ਜੋ ਅੰਤਰਿ ਨਾਮ॥ ਸਰਬ ਮੈਂ ਪੇਖੈ ਭਗਵਾਨੁ।
ਨਿਮਖ ਨਿਮਖ ਠਾਕੁਰ ਨਮਸਕਾਰੈ॥ ਨਾਨਕ ਓਹੁ ਅਪਰਸੁ ਸਗਲ ਨਿਸਤਾਰੈ॥੧॥

ਅਨੁਵਾਦਿ

ਹਿਰਦੇ ਅਪਣੇ ਨਾਮ ਪ੍ਰਭੂ ਦਾ, ਜੋ ਪਿਆਰੇ ਲੈਂਦਾ ਹੈ ਧਾਰ॥
ਕੱਣ ਕੱਣ ਵਿਚ ਭਗਵਾਨ ਦੀ ਮੂਰਤ, ਦਿੱਸਦੀ ਹੈ ਜਿਸ ਨੂੰ ਸਾਕਾਰ॥
ਹਰ ਪਲ ਜਿਹੜਾ ਉਸ ਪ੍ਰਭੂ ਤਾਈ, ਕਰਦੈ ਪਿਆਰੇ ਨਿਮਸਕਾਰ॥
ਜਿਸ ਨੂੰ ਛੋਹ ਸਕੇ ਨਾ ਕੋਈ, ਸਤਿਗੁਰ ਉਹ ਤਾਰੇ ਸੰਸਾਰ॥

ਅਸਟਪਦੀ

(੧) ਮਿਥਿਆ ਨਾਹੀ ਰਸਨਾ ਪਰਸ॥ ਮਨ ਮਹਿ ਪ੍ਰੀਤਿ ਨਿਰੰਜਨ ਦਰਸ॥
(੨) ਪਰ ਤ੍ਰਿਅ ਰੂਪੁ ਨ ਪੇਖੈ ਨੇਤ੍ਰ॥ ਸਾਧ ਕੀ ਟਹਲ ਸੰਤ ਸੰਗਿ ਹੇਤ॥
(੩) ਕਰਨ ਨ ਸੁਨੈ ਕਾਹੂ ਕੀ ਨਿੰਦਾ॥ ਸਭ ਤੇ ਜਾਨੈ ਆਪਸ ਕਉ ਮੰਦਾ॥
(੪) ਗੁਰ ਪ੍ਰਸਾਦਿ ਬਿਖਿਆ ਪਰ ਹਰੈ॥ ਮਨ ਕੀ ਬਾਸਨਾ ਮਨ ਤੇ ਟਰੈ॥
(੫) ਇੰਦ੍ਰੀ ਜਿਤ ਪੰਚ ਦੋਖ ਤੇ ਰਹਤ॥ ਨਾਨਕ ਕੋਟਿ ਮਧੇ ਕੋ ਐਸਾ ਅਪਰਸ॥੧॥

ਅਨੁਵਾਦਿ

(੧) ਜਿਹੜਾ ਬੰਦਾ ਝੂਠ ਨੂੰ ਉੱਕਾ, ਪਰਸਨ ਦੇਂਦਾ ਨਹੀਂ ਜ਼ਬਾਨ॥
ਆਪਣੇ ਮਨ ਵਿਚ ਪ੍ਰਭੂ ਪ੍ਰੀਤ ਦਾ, ਰਖਦਾ ਹੈਹਰ ਵਕਤ ਧਿਆਨ॥
(੨) ਨੈਣਾਂ ਨਾਲ ਨਹੀਂ ਜੋ ਤੱਕਦਾ, ਰੂਪਵਤੀ ਸੁੰਦਰ ਮੁਟਿਆਰ॥
ਜੋ ਸੰਤਾਂ ਦੀ ਸੇਵਾ ਕਰਦਾ, ਸਾਧ ਜਨਾਂ ਥੀਂ ਰਖਦਾ ਪਿਆਰ॥
(੩) ਕਿਸੇ ਪੁਰਸ਼ ਦੀ ਨਿੰਦਿਆ ਜਿਹੜਾ, ਸੁਣਦਾ ਨਹੀਂ ਕੰਨਾਂ ਦੇ ਨਾਲ॥
ਹਰ ਇਕ ਬੰਦੇ ਨਾਲੋਂ ਖ਼ੁਦ ਨੂੰ, ਜਿਹੜਾ ਮੰਦਾ ਕਰੇ ਖ਼ਿਆਲ॥
(੪) ਸਤਿਗੁਰ ਦੀ ਕ੍ਰਿਪਾ ਦੇ ਸਦਕੇ, ਜਿਹੜਾ ਮਾਇਆ ਤਜੇ ਹਜ਼ੂਰ॥
ਜਿਹੜਾ ਅਪਣੇ ਮਨ ਦੀ ਭਟਕਣ, ਆਪਣੇ ਦਿਲ ਤੋਂ ਕਰ ਲੈ ਦੂਰ॥
(੫) ਇੰਦ੍ਰੀਆਂ ਵਸ ਕਰਕੇ ਜਿਹੜਾ, ਪੰਜੇ ਦੁਸ਼ਮਨ ਦੇਵੇ ਮਾਰ॥
ਵਿਰਲਾ ਪੁਰਸ਼ ਕ੍ਰੋੜਾਂ ਵਿਚੋਂ, ਸਤਿਗੁਰ ਹੁੰਦਾ ਵਿਚ ਸੰਸਾਰ॥

(੧) ਬੈਸਨੋ ਸੋ ਜਿਸੁ ਊਪਰਿ ਸੁਪ੍ਰਸੰਨ॥ ਬਿਸਨ ਕੀ ਮਾਇਆ ਤੇ ਹੋਇ ਭਿੰਨ॥
(੨) ਕਰਮ ਕਰਤ ਹੋਵੈ ਨਿਹਕਰਮ॥ ਤਿਸੁ ਬੈਸਨੋ ਕਾ ਨਿਰਮਲ ਧਰਮ॥
(੩) ਕਾਹੂ ਫਲ ਕੀ ਇੱਛਾ ਨਹੀਂ ਬਾਛੈ॥ ਕੇਵਲ ਭਗਤਿ ਕੀਰਤਨ ਸੰਗ ਰਾਚੈ॥
(੪) ਮਨ ਤਨੁ ਅੰਤਰਿ ਸਿਮਰਨ ਗੋਪਾਲ॥ ਸਭ ਊਪਰਿ ਹੋਵਤ ਕਿਰਪਾਲ॥
(੫) ਆਪਿ ਦ੍ਰਿੜੈ ਅਵਰਹ ਨਾਮੁ ਜਪਾਵੈ॥ ਨਾਨਕ ਓਹੁ ਬੈਸਨੋ ਪਰਮ ਗਤਿ ਪਾਵੈ॥੨॥

ਅਨੁਵਾਦਿ

(੧) ਉਹ ਪ੍ਰਾਨੀ ਹੈ ਅਸਲ ਵੈਸ਼ਨੋ, ਜਿਸ ਤੇ ਹੈ ਪ੍ਰਭ ਆਪ ਦਿਆਲ॥
ਮਾਇਆ ਤੋਂ ਨਿਰਲੇਪ ਰਹੇ ਜੋ, ਪ੍ਰੀਤ ਕਰੇ ਅਪਨੇ ਪ੍ਰਭ ਨਾਲ॥
(੨) ਕਰਮ ਕਰੇਂਦਾ ਵੀ ਦੁਨੀਆ ਵਿਚ, ਰਹਿੰਦਾ ਹੈ ਜਿਹੜਾ ਨਿਹੁ-ਕਰਮ॥
ਉਸ ਨੂੰ ਜਾਣੋਂ ਅਸਲ ਵੈਸ਼ਨੋ, ਉਸ ਪ੍ਰਾਨੀ ਦਾ ਨਿਰਮਲ ਧਰਮ॥
(੩) ਖ਼ਾਹਸ਼ ਨਹੀਂ ਜਿਸ ਦੀ ਕੋਈ ਉੱਕਾ ਤੇ ਨਾ ਹੈ ਕੋਈ ਜਿਸ ਦੀ ਮੰਗ॥
ਚੱਤੋ ਪਹਿਰ ਮਸਤ ਰਹੇ ਜਿਹੜਾ, ਭਗਤੀ ਤੇ ਕੀਰਤਨ ਦੇ ਸੰਗ॥
(੪) ਤਨ ਮਨ ਥੀਂ ਜੋ ਸਿਮਰਨ ਕਰਦਾ, ਐ ਦਿਲਜੋ ਵੀ ਪੁਰਸ਼ ਅਕਾਲ॥
ਹਰਇਕ ਜੀਵਨ ਤੇ ਹਰਦਮ ਜਿਹੜਾ, ਰਹਿੰਦਾ ਸੱਚੇ ਦਿਲੋਂ ਦਿਆਲ॥
(੫) ਆਪ ਕਰੇ ਸਤਿਗੁਰ ਦਾ ਸਿਮਰਨ, ਹੋਰਾਂ ਤੋਂ ਸਿਮਰਨ ਕਰਵਾਵੇ॥
ਸਤਿਗੁਰ ਆਖੇ ਇਸ ਦੁਨੀਆਂ ਦੇ, ਉਹ ਹੀ ਵੈਸ਼ਨੋ ਮੁਕਤੀ ਪਾਵੇ॥

(੧) ਭਗਉਤੀ ਭਗਵੰਤ ਭਗਤਿ ਕਾ ਰੰਗੁ ॥ ਸਗਲ ਤਿਆਗੈ ਦੁਸਟ ਕਾ ਸੰਗੁ ॥
(੨) ਮਨ ਤੇ ਬਿਨਸੈ ਸਗਲਾ ਭਰਮੁ ॥ ਕਰਿ ਪੂਜੈ ਸਗਲ ਪਾਰਬ੍ਰਹਮੁ ॥
(੩) ਸਾਧਸੰਗਿ ਪਾਪਾ ਮਲੁ ਧੋਵੈ ॥ ਤਿਸੁ ਭਗਉਤੀ ਕੀ ਮਤਿ ਊਤਮ ਹੋਵੈ ॥
(੪) ਭਗਵੰਤ ਕੀ ਟਹਿਲ ਕਰੈ ਨਿਤ ਨੀਤਿ ॥ ਮਨੁ ਤਨੁ ਅਰਪੈ ਬਿਸਨ ਪਰੀਤਿ ॥
(੫) ਹਰਿ ਕੇ ਚਰਨ ਹਿਰਦੈ ਬਸਾਵੈ ॥ ਨਾਨਕ ਐਸਾ ਭਗਉਤੀ ਭਗਵੰਤ ਕਉ ਪਾਵੈ ॥੩॥

ਅਨੁਵਾਦ

(੧) ਉਹ ਅਸਲੀ ਹੈ ਭਗਤ ਪ੍ਰਭੂ ਦਾ, ਜੋ ਇਕ ਪ੍ਰਭ ਨੂੰ ਕਰਦਾ ਪਿਆਰ॥
ਮਨਮੁਖਾਂ ਦੀ ਸੰਗਤ ਛਡ ਕੇ, ਸਿਮਰਨ ਕਰਦਾ ਸਤਿ ਕਰਤਾਰ॥
(੨) ਮਨ ਤੋਂ ਭਰਮ ਮਿਟਾ ਕੇ ਸਾਰੇ, ਦੂਰ ਕਰੇ ਹਉਮੈਂ ਹੰਕਾਰ॥
ਕਣ ਕਣ ਵਿਚ ਮੌਜੂਦ ਜਾਣ ਕੇ, ਸਿਮਰਨ ਕਰਦੈ ਸਿਰਜਣਹਾਰ॥
(੩) ਜੋ ਸੰਗਤ ਸਾਧੂ ਦੀਕਰ ਕੇ, ਪਾਪਾਂ ਦੀ ਮਲ ਪਿਆਰੇ ਧੋਵੇ!॥
ਐਸੇ ਪ੍ਰਭੂ ਭਗਤ ਦੀ ਸ਼ਕਤੀ, ਉਚੀ ਸੁਚੀ ਉਤਮ ਹੋਵੇ॥
(੪) ਉਸ ਪ੍ਰਭ ਦੇ ਸੇਵਾ ਵਿਚ ਐ ਮਨ, ਹਰਦਮ ਰਹੇ ਜੋ ਤਾਬਿਆਦਾਰ॥
ਮਨ ਤਨ ਉਸਦੀ ਭੇਟਾ ਕਰ ਕੇ, ਜਾਵੇ ਸਤਿਗੁਰ ਤੋਂ ਬਲਿਹਾਰ॥
(੫) ਪ੍ਰਭ ਦੇ ਚਰਨ ਵਸਾ ਹਿਰਦੇ ਵਿਚ, ਪੂਜੈ ਉਸ ਨੂੰ ਬਾਰਮਬਾਰ॥
ਐਹੋ ਜਿਹਾਹੀ ਭਗਤ ਪ੍ਰਭੂ ਦਾ ਪਾ ਲੈਂਦਾ ਪ੍ਰਭ ਨੂੰ ਸਾਕਾਰ॥

(੧) ਸੋ ਪੰਡਿਤੁ ਜੋ ਮਨੁ ਪਰਬੋਧੈ ॥ ਰਾਮ ਨਾਮੁ ਆਤਮ ਮਹਿ ਸੋਧੈ ॥
(੨) ਰਾਮ ਨਾਮ ਸਾਰੁ ਰਸੁ ਪੀਵੈ ॥ ਉਸੁ ਪੰਡਿਤ ਕੈ ਉਪਦੇਸਿ ਜਗੁ ਜੀਵੈ ॥
(੩) ਹਰਿ ਕੀ ਕਥਾ ਹਿਰਦੈ ਬਸਾਵੈ ॥ ਸੋ ਪੰਡਿਤੁ ਫਿਰਿ ਜੋਨਿ ਨ ਆਵੈ ॥
(੪) ਬੇਦ ਪੁਰਾਨ ਸਿਮ੍ਰਿਤ ਬੂਝੈ ਮੂਲ ॥ ਸੂਖਮ ਮਹਿ ਜਾਨੈ ਅਸਥੂਲੁ ॥
(੫) ਚਹੁ ਵਰਨਾ ਕਉ ਦੇ ਉਪਦੇਸੁ ॥ ਨਾਨਕ ਉਸੁ ਪੰਡਿਤ ਕਉ ਸਦਾ ਅਦੇਸੁ ॥੪॥

ਅਨੁਵਾਦ

(੧) ਉਹ ਹੈ ਅਸਲੀ ਪੰਡਿਤ ਜਿਹੜਾ, ਦਿਲ ਵਿਚ ਪ੍ਰਭ ਦੀ ਜੋਤ ਜਗਾਵੇ॥
ਜੋ ਵੀ ਪ੍ਰਾਨੀ ਨਾਮ ਪ੍ਰਭੂ ਦਾ, ਆਪਣੇ ਦਿਲ 'ਚੋਂ ਖੋਜੇ ਪਾਵੇ
(੨) ਨਾਮ ਪ੍ਰਭੂ ਦਾ ਨਿਰਮਲ ਅੰਮ੍ਰਿਤ, ਜੋ ਪ੍ਰਾਨੀ ਇਹ ਅੰਮ੍ਰਿਤ ਪੀਵੇ॥
ਉਸ ਪੰਡਿਤ ਤੋਂ ਸਿੱਖਿਆ ਲੈ ਕੇ, ਦੁਨੀਆ ਸੁੱਖ ਦਾ ਜੀਵਨ ਜੀਵੇ॥
(੩) ਜੋ ਪੰਡਤ ਉਸ ਪ੍ਰਭ ਦੀਆ ਬਾਤਾਂ, ਆਪਣੇ ਮਨ ਦੇ ਵਿਚ ਵਸਾਵੇ
ਜੰਮਣ ਮਰਨ ਦੇ ਚਕਰ ਅੰਦਰ, ਐਸਾ ਪੰਡਤ ਮੂਲ ਨਾ ਆਵੇ
(੪) ਵੇਦ ਪੁਰਾਣ ਤੇ ਧਰਮ ਪੁਸਤਕਾਂ, ਪੜ੍ਹ ਕੇ ਜੋ ਅਸਲੀਅਤ ਜਾਣੇਂ॥
ਉਹ ਹੀ ਪ੍ਰਾਨੀ ਸੂਖਮ ਪ੍ਰਭ ਦਾ, ਕੱਣ ਕੱਮ ਵਿਚੋਂ ਨੂਰ ਪਛਾਣੇਂ॥
(੫) ਜਿਹੜਾ ਪੰਡਤ ਚਹੁੰ ਵਰਨਾ ਨੂੰ, ਉਸ ਪ੍ਰਭ ਦਾ ਉਪਦੇਸ ਸੁਣਾਵੇ॥
ਉਸ ਪੰਡਤ ਦੇ ਅੱਗੇ ਹਰਦਮ, ਨੂਰੀ ਸਤਿਗੁਰ ਸੀਸ ਨਿਵਾਵੇ॥

(੧) ਬੀਜ ਮੰਤ੍ਰ ਸਰਬ ਕੋ ਗਿਆਨੁ॥ ਚਹੁ ਵਰਨਾ ਮਹਿ ਜਪੈ ਕੋਊ ਨਾਮੁ॥
(੨) ਜੋ ਜੋ ਜਪੈ ਤਿਸ ਕੀ ਗਤਿ ਹੋਇ॥ ਸਾਧ ਸੰਗਿ ਪਾਵੈ ਜਨੁ ਕੋਇ॥
(੩) ਕਰਿ ਕਿਰਪਾ ਅੰਤਰਿ ਉਰਧਾਰੈ॥ ਪਸੁ ਪ੍ਰੇਤ ਮੁਘਦ ਪਾਥਰ ਕਉ ਤਾਰੈ॥
(੪) ਸਰਬ ਰੋਗ ਕਾ ਅਉਖਧ_ਨਾਮ। ਕਲਿਆਣ ਰੂਪ ਮੰਗਲ ਗੁਣ ਗਾਮ॥
(੫) ਕਾਹੂ ਜੁਗਤਿ ਕਿਤੈ ਨ ਪਾਈਐ ਧ੍ਰਮਿ॥ ਨਾਨਕ ਤਿਸੁ ਮਿਲੈ ਜਿਸੁ ਲਿਖਿਆ ਧੁਰਿ ਕਰਮਿ॥੫॥

ਅਨੁਵਾਦ

(੧) ਮੁੱਢਲਾ, ਮੰਤ੍ਰ ਨਾਮ ਪ੍ਰਭੂ ਦਾ, ਜੋ ਹਰ ਇਕ ਨੂੰ ਗਿਆਨ ਸਿਖਾਵੇ॥
ਚੌਂਹ ਵਰਨਾਂ 'ਚੋਂ ਜੋ ਵੀ ਪ੍ਰਾਨੀ, ਨਾਮ ਜਪਣ ਵਿਚ ਸੁਰਤੀ ਲਾਵੇ॥
(੨) ਜੋ ਜੋ ਨਾਮ ਪ੍ਰਭੂ ਦਾ ਜਪਦਾ, ਸੋਈ ਸੋਈ ਮੁਕਤੀਪਾਵੇ॥
ਕੋਈ ਕਰਮਾਂ ਵਾਲਾ ਹੀ ਪਰ, ਸੰਤਾਂ ਦੀ ਸੰਗਤ ਵਿਚ ਆਵੇ॥
(੩) ਜਿਸ ਤੇ ਮਿਹਰ ਪ੍ਰਭੂ ਦੀ ਹੋਵੇ, ਉਹਪ੍ਰਭ ਆਪਣੇ ਚਿਤ ਵਸਾਵੇ॥
ਪਸੂ, ਪ੍ਰੇਤ, ਮੂਰਖ ਤੇ ਪੱਥਰ, ਸਭਨਾਂ ਨੂੰ ਇਕ ਨਾਮ ਤਰਾਵੇ॥
(੪) ਸਭ ਰੋਗਾਂਦੀ ਨਾਮ ਦਵਾਈ, ਸਿਮਰਨ ਸਾਰੇ ਰੋਗ ਹਟਾਵੇ॥
ਮੁੱਕਤ ਰੂਪ ਹੋਵੇ ਵਡਭਾਗੀ ਜਿਹੜਾ ਗੀਤ ਪ੍ਰਭੂ ਦੇਗਾਵੇ॥
(੫) ਕਿਸੇ ਜੁਗਤ ਜਾਂ ਕਿਸੇ ਧਰਮ ਥੀਂ, ਨਾਮ ਨਹੀਂ ਇਹ ਪ੍ਰਾਨੀ ਪਾਵੇ॥
ਸਤਿਗੁਰ ਨਾਮ ਮਿਲੇ ਪ੍ਰਭ ਉਸ ਨੂੰ, ਜੋ ਧੁਰ ਮੱਸਤਕ ਲੇਖ ਲਿਖਾਵੇ॥

(੧) ਜਿਸ ਕੈ ਮਨਿ ਪਾਰਬ੍ਰਹਮ ਕਾ ਨਿਵਾਸੁ॥ ਤਿਸ ਕਾ ਨਾਮੁ ਸਤਿ ਰਾਮਦਾਸੁ॥
(੨) ਆਤਮ ਰਾਮੁ ਤਿਸੁ ਨਦਰੀ ਆਇਆ॥ ਦਾਸ ਦਸੰਤਣ ਭਾਇ ਤਿਨਿ ਪਾਇਆ॥
(੩) ਸਦਾ ਨਿਕਟਿਨਿਕਟਿ ਹਰਿ ਜਾਨੁ॥ ਸੋ ਦਾਸੁ ਦਰਗਹ ਪਰਵਾਨੁ॥
(੪) ਅਪੁਨੇ ਦਾਸ ਕਉ ਅਪਿ ਕਿਰਪਾ ਕਰੈ॥ ਤਿਸੁ ਦਾਸ ਕਉ ਸਭ ਸੋਝੀ ਪਰੈ॥
(੫) ਸਗਲ ਸੰਗਿ ਆਤਮੁ ਉਦਾਸੁ॥ ਐਸੀ ਜੁਗਤਿ ਨਾਨਕ ਰਾਮਦਾਸੁ॥੬॥

ਅਨੁਵਾਦ

(੧) ਜਿਸ ਦੇ ਦਿਲ ਵਿਚ ਵਾਸਾ ਕੀਤਾ ਨੂਰੀ, ਪ੍ਰੀਤਮ ਸਤ ਕਰਤਾਰ॥
ਉਹ ਹੈ ਅਸਲੀ ਦਾਸ ਰਾਮ ਦਾ, ਸਚ ਬਾਤ ਜਾਣੋਂ ਸਰਕਾਰ॥
(੨) ਜਿਸ ਨੇ ਸਰਭ ਵਿਆਪੀ ਪ੍ਰਭ ਦਾ, ਕਣ ਕੱਣ 'ਚੋਂ ਕੀਤਾ ਦੀਦਾਰ॥
ਦਾਸਾਂ ਦਾ ਬਣ ਦਾਸ ਓਸ ਨੇ, ਪਾਇਆ ਹੈ ਪ੍ਰਭ ਬੱਖਸ਼ਨਹਾਰ॥
(੩) ਜੋ ਪ੍ਰਾਣੀ ਉਸ ਪ੍ਰਭ ਨੂੰ ਹਰਦਮ,ਜਾਣੇ ਅਪਣੇ ਨਿੱਕਟ ਹਜ਼ੂਰ॥
ਉਹ ਸੇਵਕ ਹੀ ਪ੍ਰਭ ਦੇ ਦਰ ਤੇ, ਹੁੰਦਾ ਹੈ ਪਿਆਰੇ ਮਨਜ਼ੂਰ॥
(੪) ਆਪਣੇ ਦਾਸ ਤੇ ਆਪੇ ਹੀਜੇ, ਮੇਹਰ ਕਰੇ ਉਹ ਸਿਰਜਣਹਾਰ॥
ਉਸ ਦਾਸ ਨੂੰ ਸੋਝੀ ਆਵੇ, ਹਰ ਥਾਂ ਹੈ ਸਤਿਗੁਰ ਸਾਕਾਰ॥
(੫) ਜੋ ਪ੍ਰਵਾਰ 'ਚ ਰਹਿਕੇ ਰਖ਼ਦਾ, ਚਿੱਤ ਉਦਾਸ ਮੇਰੀ ਸਰਕਾਰ॥
ਏਸ ਜੁਗਤ ਥੀਂ ਨੂਰੀ ਸਤਿਗੁਰ, ਰਾਮ ਦਾ ਬਣਦੈ ਤਾਅਬੇਦਾਰ॥

(੧) ਪ੍ਰਭ ਕੀ ਆਗਿਆ ਆਤਮ ਹਿਤਾਵੈ॥ ਜੀਵਨ ਮੁਕਤਿ ਸੋਊ ਕਹਾਵੈ॥
(੨) ਤੈਸਾ ਹਰਖੁ ਤੈਸਾ ਉਸੁ ਸੋਗੁ॥ ਸਦਾ ਅਨੰਦੁ ਤਹ ਨਹੀਂ ਬਿਓਗੁ॥
(੩) ਤੈਸਾ ਸੁਵਰਨੁ ਤੈਸੀ ਉਸੁ ਮਾਟੀ॥ ਤੈਸਾ ਅੰਮ੍ਰਿਤੁ ਤੈਸੀ ਬਿਖੁ ਖਾਟੀ॥
(੪) ਤੈਸਾ ਮਾਨੁ ਤੈਸਾ ਅਭਿਮਾਨੁ॥ ਤੈਸਾ ਰੰਕੁ ਤੈਸਾ ਰਾਜਾਨੁ॥
(੫) ਜੋ ਵਰਤਾਏ ਸਾਈ ਜੁਗਤਿ॥ ਨਾਨਕ ਓਹੁ ਪੁਰਖੁ ਕਹੀਐ ਜੀਵਨ ਮੁਕਤਿ॥੭॥

ਅਨੁਵਾਦਿ

(੧) ਹੁਕਮ ਪ੍ਰਭੂ ਦਾ ਜੋ ਵੀ ਪ੍ਰਾਣੀ, ਮਿਠਾ ਕਰ ਕੇ ਚਿਤ ਵਸਾਵੇ॥
ਉਹ ਨਿਰਲੇਪ ਮਾਇਆ ਵਿਚ ਰਹਿ ਕੇ, ਜੀਵਨ ਵਿਚ ਮੁਕਤੀ ਪਦ ਪਾਵੇ॥
(੨) ਹਰਖ ਸੋਗ ਨੂੰ ਇਕੋ ਮੰਨੇ, ਖੁਸ਼ੀ ਗ਼ਮੀ ਨੂੰ ਇੱਕੋ ਜਾਣੇ॥
ਉਸ ਨੂੰ ਨਹੀਂ ਵਿਛੋੜਾ ਪ੍ਰਭ ਦਾ, ਉਹ ਅਨੰਦ ਹਮੇਸ਼ਾ ਮਾਣੇ॥
(੩) ਸੋਨਾ ਤੇ ਮਿਟੀ ਹਨ ਇਕੋ, ਜਿਸ ਦੀ ਨੇਕ ਨਿਗਾਹ ਦੇ ਅੰਦਰ॥
ਅੰਮ੍ਰਿਤ ਜ਼ਹਿਰ ਬਰਾਬਰ ਦੋਵੇਂ, ਬੇਪਰਵਾਹ ਦੀ ਚਾਹ ਦੇ ਅੰਦਰ॥
(੪) ਜਿਸ ਤਾਂਈ ਕੋਈ ਗਿਲਾ ਨਾ ਸ਼ਿਕਵਾ, ਮਾਨ ਅਤੇ ਅਭਿਮਾਨ ਦੇ ਅੰਦਰ॥
ਜਿਸ ਨੂੰ ਭੇਦਭਾਵ ਨਹੀਂ ਕੋਈ, ਕੰਗਲੇ ਤੇ ਧਨਵਾਨ ਦੇ ਅੰਦਰ॥
(੫) ਜੋ ਵੀ ਪ੍ਰਭੂ ਜੁਗਤੀ ਵਰਤਾਵੈ, ਰਾਜ਼ੀ ਰਹੇ ਰਜ਼ਾ ਦੇ ਅੰਦਰ॥
ਉਹ ਜੀਂਦੇ ਜੀ ਮੁਕਤ ਕਹਾਵੇ, ਸਤਿਗੁਰ ਇਸ ਦੁਨੀਆਂ ਦੇ ਅੰਦਰ॥

(੧) ਪਾਰਬ੍ਰਹਮ ਕੇ ਸਗਲੇ ਠਾਉ॥ ਜਿਤੁ ਜਿਤੁ ਘਰਿ ਰਾਖੈ ਤੈਸਾ ਤਿਨ ਨਾਉ॥
(੨) ਆਪੇ ਕਰਨ ਕਰਾਵਨ ਜੋਗੁ॥ ਪ੍ਰਭ ਭਾਵੈ ਸੋਈ ਫੁਨਿ ਹੋਗੁ॥
(੩) ਪਸਰਿਓ ਆਪਿ ਹੋਇ ਅਨਤ ਤਰੰਗ॥ ਲਖੇ ਨ ਜਾਹਿ ਪਾਰਬ੍ਰਹਮ ਕੇ ਰੰਗ॥
(੪) ਜੈਸੀ ਮਤਿ ਦੇਇ ਤੈਸਾ ਪਰਗਾਸ॥ ਪਾਰਬ੍ਰਹਮ ਕਰਤਾ ਅਬਿਨਾਸ॥
(੫) ਸਦਾ ਸਦਾ ਸਦਾ ਦਇਆਲ॥ ਸਿਮਰਿ ਸਿਮਰਿ ਨਾਨਕ ਭਏ ਨਿਹਾਲ॥੮॥੯॥

ਅਨੁਵਾਦਿ

(੧) ਹਰ ਦਿਲ ਵਿਚ ਹੈ ਪ੍ਰਭ ਦਾ ਵਾਸਾ, ਕਣ ਕਣ ਵਿਚ ਹੈ ਨੂਰ ਓਸ ਦਾ॥
ਜਿੱਥੇ ਜਿੱਥੇ ਜੀਵ ਉਹ ਰੱਖੇ, ਉਹ ਨਾਮ ਹੋਏ ਮਸ਼ਹੂਰ ਓਸ ਦਾ॥
(੨) ਕਰਨਹਾਰ ਹੈ ਸਤਿਗੁਰ ਮੇਰਾ, ਆਪੇ ਸਭ ਕੁਝ ਕਰੇ ਕਰਾਵੇ॥
ਜੋ ਜੋ ਚਾਹੁੰਦਾ ਹੈ ਉਹ ਸਾਹਿਬ, ਸੋਈ ਸੋਈ ਬਣਤ ਬਣਾਵੇ॥
(੩) ਹਰ ਇਕ ਲਹਿਰ 'ਚ ਵਾਸਾ ਉਸਦਾ, ਕੱਣ ਕੱਣ ਵਿਚ ਪਸਾਰਾ ਉਸਦਾ॥
ਉਸ ਦੀ ਮਹਿਮਾ ਕਹਿਣੀ ਔਖੀ, ਹਰ ਰੰਗ ਵਿਚ ਨਜ਼ਾਰਾ ਉਸਦਾ॥
(੪) ਬਖਸ਼ੇ ਸਤਿਗੁਰ ਸੋਝੀ ਜਿਤਨੀ, ਉਤਨੀ ਜ਼ਾਹਰ ਕਰੇ ਪ੍ਰਾਨੀ॥
ਉਹ ਦਾਤਾਰ ਹੀ ਸਭ ਕੁਝ ਕਰਦਾ, ਨਾਸ ਰਹਿਤ ਨੂਰੀ ਨੂਰਾਨੀ॥
(੫) ਹਰ ਦਮ, ਦਮ, ਦਮ ਮਿਹਰਵਾਨ ਉਹ, ਐਸਾ ਹੈ ਉਹ ਪਰਉਪਕਾਰੀ॥
ਨੂਰੀ ਸਤਿਗੁਰ ਸਿਮਰ ਸਿਮਰ ਕੇ, ਖ਼ਲਕਤ ਉਸ ਤੋਂ ਜਾਵੇ ਵਾਰੀ॥

ਸਲੋਕੁ॥

ਉਸਤਤਿ ਕਰਹਿ ਅਨੇਕ ਜਨ ਅੰਤੁ ਨ ਪਾਰਾਵਾਰ॥
ਨਾਨਕ ਰਚਨਾ ਪ੍ਰਭਿ ਰਚੀ ਬਹੁ ਬਿਧਿ ਅਨਿਕ ਪ੍ਰਕਾਰ॥੧॥

ਅਨੁਵਾਦਿ

ਸੋਭਾ ਪ੍ਰਭ ਦੀਕਰਨ ਅਨੇਕਾਂ, ਅੰਤ ਨਾ ਐਪਰ ਪਾਇਆ ਹੈ॥
ਐ ਸਤਿਗੁਰ ਪ੍ਰਭ ਬਹੁਤ ਵਿਧਾਂ ਥੀਂ, ਇਹ ਸੰਸਾਰ ਬਣਾਇਆ ਹੈ॥

ਅਸਟਪਦੀ

(੧) ਕਈ ਕੋਟਿ ਹੋਇ ਪੂਜਾਰੀ॥ ਕਈ ਕੋਟਿ ਆਚਾਰ ਬਿਉਹਾਰੀ॥
(੨) ਕਈ ਕੋਟਿ ਭਏ ਤੀਰਥ ਵਾਸੀ॥ ਕਈ ਕੋਟਿ ਬਨ ਭ੍ਰਮਹਿ ਉਦਾਸੀ॥
(੩) ਕਈ ਕੋਟਿ ਬੇਦ ਕੇ ਸ੍ਰੋਤੇ॥ ਕਈ ਕੋਟਿ ਤਪੀਸੁਰ ਹੋਤੇ॥
(੪) ਕਈ ਕੋਟਿ ਆਤਮ ਧਿਆਨੁ ਧਾਰਹਿ॥ ਕਈ ਕੋਟਿ ਕਬਿ ਕਾਬਿ ਬੀਚਾਰਹਿ॥
(੫) ਕਈ ਕੋਟਿ ਨਵਤਨ ਨਾਮ ਧਿਆਵਹਿ॥ ਨਾਨਕ ਕਰਤੇ ਕਾ ਅੰਤੁ ਨ ਪਾਵਹਿ॥੧॥

ਅਨੁਵਾਦ

(੧) ਦੁਨੀਆ ਵਿਚ ਕ੍ਰੋੜਾਂ ਬੰਦੇ, ਮੇਰੇ ਪ੍ਰਭ ਦੇ ਹੈਨ ਪੂਜਾਰੀ॥
ਕਈ ਕ੍ਰੋੜ ਧਾਰਮਿਕ ਰੀਤਾਂ, ਕਰਦੇ ਹਨ ਏਥੇ ਨਰ ਨਾਰੀ॥
(੨) ਕਈ ਕ੍ਰੋੜ ਪ੍ਰਾਨੀ ਏਥੇ, ਬਣ ਬੈਠੇ ਤੀਰਥ ਦੇ ਵਾਸੀ॥
ਕਈ ਕ੍ਰੋੜ ਬਣਾਂ ਚਿ ਭੌਂਦੇ, ਧਾਰੀ ਫਿਰਦੇ ਭੇਖ ਉਦਾਸੀ॥
(੩) ਕਈ ਕ੍ਰੋੜ ਪ੍ਰਾਨੀ ਜਗ ਤੇ, ਵੇਦਾਂਦੇ ਸ੍ਰੋਤੇ ਹਨ ਭਾਰੇ॥
ਕਈ ਕ੍ਰੋੜ ਤਪਸਵੀ ਸਾਧੂ, ਇਸ ਦੁਨੀਆਂ ਤੋਂ ਬਿਲਕੁਲ ਨਿਆਰੇ॥
(੪) ਕਈ ਕ੍ਰੋੜ ਪ੍ਰਾਨੀ ਏਥੇ, ਆਤਮ ਧਿਆਨ ਦਿਲਾਂ ਵਿਚ ਧਾਰਨ॥
ਕਈ ਕ੍ਰੋੜ ਕਵੀਆਂ ਦੀ ਕਵਿਤਾ, ਬੈਠੇ ਗਹੁ ਦੇ ਨਾਲ ਵਿਚਾਰਨ॥
(੫) ਕਈ ਕ੍ਰੋੜ ਪ੍ਰਾਨੀ ਪ੍ਰਭ ਦੇ, ਨੂਰੀ ਨਾਮ ਨਵੇਂ ਨਿਤ ਧਿਆਵਨ॥
ਐਪਰ ਓਸ ਦਾਤਾਰ ਪ੍ਰਭੂ ਦਾ, ਐ ਸਤਿਗੁਰ ਕੋਈ ਅੰਤ ਨਾ ਪਾਵਨ॥

(੧) ਕਈ ਕੋਟਿ ਭਏ ਅਭਿਮਾਨੀ॥ ਕਈ ਕੋਟਿ ਅੰਧ ਅਗਿਆਨੀ॥
(੨) ਕਈ ਕੋਟਿ ਕਿਰਪਨ ਕਠੋਰ॥ ਕਈ ਕੋਟਿ ਅਭਿਗ ਆਤਮ ਨਿਕੋਰ॥
(੩) ਕਈ ਕੋਟਿ ਪਰਦਰਬਕਉ ਹਿਰਹਿ॥ ਕਈ ਕੋਟਿ ਪਰਦੂਖਨਾ ਕਰਹਿ॥
(੪) ਕਈ ਕੋਟਿ ਮਾਇਆ ਸ੍ਰਮ ਮਾਹਿ॥ ਕਈ ਕੋਟਿ ਪਰਦੇਸ ਭ੍ਰਮਾਹਿ॥
(੫) ਜਿਤੁ ਜਿਤੁ ਲਾਵਹੁ ਤਿਤੁ ਤਿਤੁ ਲਗਨਾ॥ ਨਾਨਕ ਕਰਤੇ ਕੀ ਜਾਨੈ ਕਰਤਾ ਰਚਨਾ॥੨॥

ਅਨੁਵਾਦ

(੧) ਕਈ ਕ੍ਰੋੜ ਦੁਨੀਆਂ ਦੇ ਬੰਦੇ, ਬੜੇ ਬੜੇ ਹੰਕਾਰੀ ਨੇ॥
ਕਈਆਂ ਕ੍ਰੋੜ ਦੁਨੀਆਂ ਦੇ ਬੰਦੇ, ਜਾਹਲ ਮੂਰਖ ਭਾਰੀ ਨੇ॥
(੨) ਕਈ ਕ੍ਰੋੜ ਦੁਨੀਆਂ ਦੇ ਬੰਦੇ, ਸੂਮ ਤੇ ਪੱਥਰ ਦਿਲ ਦੇ ਨੇ॥
ਕਈ ਕ੍ਰੋੜਜੋ ਨਹੀਂ ਪਸੀਜਨ, ਦਿਲ ਦੇ ਕੋਰੇ ਮਿਲਦੇ ਨੇ॥
(੩) ਕਈ ਕ੍ਰੋੜ ਦੁਨੀਆਂ ਤੇ ਪ੍ਰਾਨੀ, ਧਨ ਹੋਰਾਂ ਦਾ ਹਰਦੇ ਨੇ॥
ਕਈ ਕ੍ਰੋੜ ਦੁਨੀਆਂ ਦੇ ਬੰਦੇ, ਚੁਗਲੀ ਨਿੰਦਿਆਂ ਕਰਦੇ ਨੇ॥
(੪) ਕਈ ਕ੍ਰੋੜ ਦੁਨੀਆਂ ਦੇ ਬੰਦੇ, ਧਨ ਲਈ ਕਸ਼ਟ ਉਠਾਉਂਦੇ ਨੇ॥
ਕਈ ਕ੍ਰੋੜ ਦੁਨੀਆਂ ਦੇ ਬੰਦੇ, ਪ੍ਰਦੇਸਾਂ ਵਿਚ ਭਉਂਦੇ ਨੇ॥
(੫) ਜਿਸ ਜਿਸ ਧੰਦੇ ਲਾਈ ਦੁਨੀਆਂ, ਉਸ ਉਸ ਲਗੀ ਹੋਈ ਹੈ॥
ਸਤਿਗੁਰ ਪ੍ਰਭ ਦੀਆਂ ਪ੍ਰਭ ਹੀ ਜਾਣੇ, ਹੋਰ ਨਾ ਜਾਣੇ ਕੋਈ ਹੈ॥

(੧) ਕਈ ਕੋਟਿ ਸਿਧ ਜਤੀ ਜੋਗੀ। ਕਈ ਕੋਟਿ ਰਾਜੇ ਰਸ ਭੋਗੀ॥
(੨) ਕਈ ਕੋਟਿ ਪੰਖੀ ਸਰਪ ਉਪਾਏ॥ ਕਈ ਕੋਟਿ ਪਾਥਰ ਬਿਰਖ ਨਿਪਜਾਏ॥
(੩) ਕਈ ਕੋਟਿ ਪਵਣ ਪਾਣੀ ਬੈਸੰਤਰ॥ ਕਈ ਕੋਟਿ ਦੇਸ ਭੂ ਮੰਡਲ॥
(੪) ਕਈ ਕੋਟਿ ਸਸੀਅਰ ਸੂਰ ਨਖ੍ਯ੍ਤ੍ਰ॥ ਕਈ ਕੋਟਿ ਦੇਵ ਦਾਨਵ ਇੰਦ੍ਰ ਸਿਰਿ ਛਤ੍ਰ॥
(੫) ਸਗਲ ਸਮਗ੍ਰੀ ਅਪਨੈ ਸੂਤਿ ਧਾਰੈ॥ ਨਾਨਕ ਜਿਸੁ ਜਿਸੁ ਭਾਵੈ ਤਿਸੁ ਤਿਸੁ ਨਿਸਤਾਰੈ॥੩॥

ਅਨੁਵਾਦਿ

(੧) ਕਈ ਕ੍ਰੋੜ ਦੁਨੀਆਂ ਦੇ ਬੰਦੇ, ਪੂਰਨ ਜਤੀ ਤੇ ਜੋਗੀ ਨੇ॥
ਕਈ ਕ੍ਰੋੜ ਅਯਾਸ਼ੀ ਰਾਜੇ, ਕਾਮੁਕ ਰਸ ਦੇ ਭੋਗੀ ਨੇ॥
(੨) ਮੇਰੇ ਪ੍ਰਭ ਨੇ ਕਈ ਕ੍ਰੋੜਾਂ, ਪੰਛੀ ਨਾਗ ਬਣਾਏ ਨੇ॥
ਮੇਰੇ ਪ੍ਰਭ ਨੇ ਕਈ ਕ੍ਰੋੜਾਂ, ਪਥਰ ਰੁਖ ਉਗਾਏ ਨੇ॥
(੩) ਕਈ ਕ੍ਰੋੜ ਹਵਾਵਾਂ ਪਾਣੀ, ਨਾ ਅਗਨੀ ਦੀਆਂ ਥੋੜ੍ਹਾਂ ਨੇ॥
ਕਈ ਕ੍ਰੋੜ ਧ੍ਰਤੀ ਦੇ ਚਕਰ, ਦੇਸ਼ ਵੀ ਕਈ ਕ੍ਰੋੜਾਂ ਨੇ॥
(੪) ਕਈ ਕ੍ਰੋੜ ਚੰਦ ਤੇ ਸੂਰਜ, ਕਈ ਕਰੋੜਾਂ ਤਾਰੇ ਨੇ॥
ਕਰੋੜਾਂ ਦਿਉ ਤੇ ਰਾਕਸ਼ ਇੰਦਰ, ਛਤਰ ਜਿਨ੍ਹਾਂ ਸਿਰੀਂ ਭਾਰੇ॥
(੫) ਇਹ ਸ੍ਰਿਸ਼ਟੀ ਇਕ ਸੂਤਰ ਅੰਦਰ, ਪ੍ਰਭ ਨੇ ਪਰੋਈ ਹੋਈ ਹੈ॥
ਮੇਰਾ ਸਤਿਗੁਰ ਜੋ ਜੋ ਚਾਹੁੰਦਾ, ਕਰਦਾ ਸੋਈ ਸੋਈ ਹੈ॥

(੧) ਕਈ ਕੋਟਿ ਰਾਜਸ ਤਾਮਸ ਸਾਤਕ॥ ਕਈ ਕੋਟਿ ਬੇਦ ਪੁਰਾਨ ਸਿਮ੍ਰਿਤਿ ਅਰੁ ਸਾਸਤ॥
(੨) ਕਈ ਕੋਟਿ ਕੀਏ ਰਤਨ ਸਮੁਦ॥ ਕਈ ਕੋਟਿ ਨਾਨਾ ਪ੍ਰਕਾਰ ਜੰਤ॥
(੩) ਕਈ ਕੋਟਿ ਕੀਏ ਚਿਰਜੀਵੇ॥ ਕਈ ਕੋਟਿ ਗਿਰੀ ਮੇਰ ਸੁਵਰਨ ਥੀਵੇ॥
(੪) ਕਈ ਕੋਟਿ ਜਖ੍ਯ੍ਯ ਕਿੰਨਰ ਪਿਸਾਚ॥ ਕਈ ਕੋਟਿ ਭੂਤ ਪ੍ਰੇਤ ਸੂਕਰ ਮ੍ਰਿਗਾਚ॥
(੫) ਸਭ ਤੇ ਨੇਰੈ ਸਭ ਹੂ ਤੇ ਦੂਰਿ॥ ਨਾਨਕ ਆਪਿ ਅਲਿਪਤੁ ਰਹਿਆ ਭਰਪੂਰਿ॥੪॥

ਅਨੁਵਾਦਿ

(੧) ਰਜੋ ਤਮੋ ਤੇ ਸਤੋ ਗੁਣਾਂ ਵਿਚ, ਐ ਮਨ ਇਥੈ ਕਈ ਕਰੋੜ॥
ਵੇਦ ਪੁਰਾਨ ਸਿਮ੍ਰਤੀਆਂ ਸ਼ਾਸਤ੍ਰ, ਪੜ੍ਹਨ ਵਾਲਿਆਂ ਦੀ ਨਾ ਹੈ ਥੋੜ੍ਹ॥
(੨) ਸਾਗਰ ਦੇ ਵਿਚ ਰਤਨ ਕ੍ਰੋੜਾਂ, ਰਤਨਾਂ ਥੀਂ ਸਾਗਰ ਭਰਪੂਰ॥
ਤਰ੍ਹਾਂ ਤਰ੍ਹਾਂ ਦੇ ਜੀਵ ਕ੍ਰੋੜਾਂ, ਪ੍ਰਭ ਨੇ ਪੈਦਾ ਕਰੇ ਹਜ਼ੂਰ॥
(੩) ਕਈ ਕ੍ਰੋੜਾਂ ਜੀਵ ਨੇ ਏਥੇ, ਲੰਮੀਆਂ ਉਮਰਾਂ ਅਪਰਮ-ਪਾਰ॥
ਕਈ ਕ੍ਰੋੜ ਸੋਨੇ ਦੇ ਪਰਬਤ, ਸਾਜੇ ਨੇ ਪ੍ਰਭ ਸਾਜਣਹਾਰ॥
(੪) ਕ੍ਰੋੜਾਂ ਯਕਸ਼ ਪਿਸਾਚ ਤੇ ਕਿੰਨਰ, ਆਉਂਦਾ ਨਹੀਂ ਹੈ ਪਾਰਾਵਾਰ॥
ਕਈ ਕ੍ਰੋੜਾਂ ਭੂਤ ਪ੍ਰੇਤ ਨੇ, ਸੂਰ ਤੇ ਜਾਬਰ ਸ਼ੇਰ ਅਪਾਰ॥
(੫) ਹਰ ਇਕ ਦੇ ਪ੍ਰਭ ਨੇੜੇ ਵੀ ਹੈ, ਹਰ ਇਕ ਤੋਂ ਨੂਰੀ ਪ੍ਰਭ ਦੂਰ॥
ਹਰ ਇਕ ਵਿਚ ਪ੍ਰਭ ਵਿਆਪਕ ਵੀ ਹੈ, ਸਤਿਗੁਰ ਪ੍ਰਭ ਨਿਰਲੇਪ ਹਜ਼ੂਰ॥

(੧) ਕਈ ਕੋਟਿ ਪਾਤਾਲ ਕੇ ਵਾਸੀ॥ ਕਈ ਕੋਟਿ ਨਰਕ ਸੁਰਗ ਨਿਵਾਸੀ॥
(੨) ਕਈ ਕੋਟਿ ਜਨਮਹਿ ਜੀਵਹਿ ਮਰਹਿ॥ ਕਈ ਕੋਟਿ ਬਹੁ ਜੋਨੀ ਫਿਰਹਿ॥
(੩) ਕਈ ਕੋਤਿ ਬੈਠਤ ਹੀ ਖਾਹਿ॥ ਕਈ ਕੋਟਿ ਘਾਲਹਿ ਥਕਿ ਪਾਹਿ॥
(੪) ਕਈ ਕੋਟਿ ਕੀਏ ਧਨਵੰਤ॥ ਕਈ ਕੋਟਿ ਮਾਇਆ ਮਹਿ ਚਿੰਤ॥
(੫) ਜਹ ਜਹ ਭਾਣਾ ਤਹ ਤਹ ਰਾਖੇ॥ ਨਾਨਖ ਸਭੁ ਕਿਛੁ ਪ੍ਰਭ ਕੈ ਹਾਥੇ॥੫॥

ਅਨੁਵਾਦਿ

(੧) ਕਈ ਕ੍ਰੋੜ ਦੁਨੀਆਂ ਦੇ ਬੰਦੇ, ਜੋ ਪਾਤਾਲ ਦੇ ਵਾਸੀ ਨੇ॥
ਕਈ ਕ੍ਰੋੜਾਂ ਨਰਕ 'ਚ ਰਹਿੰਦੇ, ਕ੍ਰੋੜਾਂ ਸਵਰਗ ਨਿਵਾਸੀ ਨੇ॥
(੨) ਕਈ ਕ੍ਰੋੜਾਂ ਜੀਵ ਜਗਤ ਤੇ, ਜੰਮਦੇ ਮਰਦੇ ਰਹਿੰਦੇ ਨੇ।
ਕਈ ਕ੍ਰੋੜ ਪੈ ਜੂਨਾਂ ਅੰਦਰ ਕਸ਼ਟ ਅਨੇਕਾਂ ਸਹਿੰਦੇ ਨੇ॥
(੩) ਕਈ ਕ੍ਰੋੜ ਦੁਨੀਆਂ ਦੇ ਬੰਦੇ, ਵਿਹਲੇ ਬੈਠੇ ਖਾਂਦੇ ਨੇ॥
ਮਿਹਨਤ ਕਰ ਕਰ ਕਈ ਕ੍ਰੋੜਾਂ, ਐ ਮਨ ਥੱਕ ਟੁੱਟ ਜਾਂਦੇ ਨੇ॥
(੪) ਕਈ ਕ੍ਰੋੜ ਦੁਨੀਆਂ ਦੇ ਬੰਦੇ, ਧੰਨ ਵਾਲੇ ਧਨਵਾਨ ਪਏ॥
ਮਾਇਆ ਦੀ ਚਿੰਤਾ ਵਿਚ ਭਟਕਣ, ਕਈ ਕ੍ਰੋੜ ਇਨਸਾਨ ਪਏ॥
(੫) ਜਿਸ ਨੂੰ ਜਿਸ ਥਾਂ ਰੱਖੇ ਉਹ ਪ੍ਰਭ, ਉਸ ਦੇ ਅੱਗੇ ਜ਼ੋਰ ਨਹੀਂ॥
ਸਭ ਕੁਝ ਉਸ ਦੇ ਹੱਥ ਹੈ ਪਿਆਰੇ, ਉਸ ਜਿਹਾ ਸਤਿਗੁਰ ਹੋਰ ਨਹੀਂ॥

(੧) ਕਈ ਕੋਟਿ ਭਏ ਬੈਰਾਗੀ॥ ਰਾਮ ਨਾਮ ਸੰਗਿ ਤਿਨ ਲਿਵ ਲਾਗੀ॥
(੨) ਕਈ ਕੋਟਿ ਪ੍ਰਭ ਕਉ ਖੋਜੰਤੇ॥ ਆਤਮ ਮਹਿ ਪਾਰਬ੍ਰਹਮੁ ਲਹੰਤੇ॥
(੩) ਕਈ ਕੋਟਿ ਦਰਸਨ ਪ੍ਰਭ ਪਿਆਸ॥ ਤਿਨ ਕਉ ਮਿਲਿਓ ਪ੍ਰਭੁ ਅਬਿਨਾਸ॥
(੪) ਕਈ ਕੋਟਿ ਮਾਗਹਿ ਸਤਸੰਗੁ॥ ਪਾਰਬ੍ਰਹਮੁ ਤਿਨੁ ਲਾਗਾ ਰੰਗੁ॥
(੫) ਜਿਨ ਕਉ ਹੋਏ ਆਪਿ ਸੁਪ੍ਰਸੰਨ॥ ਨਾਨਕ ਤੇ ਜਨ ਸਦਾ ਧਨਿ ਧੰਨਿ॥੬॥

ਅਨੁਵਾਦਿ

(੧) ਕਈ ਕ੍ਰੋੜ ਦੁਨੀਆਂ ਦੇ ਬੰਦੇ, ਦੁਨੀਆਂ ਦੇ ਵਿਚ ਹਨ ਬੈਰਾਗੀ॥
ਰਾਮ ਨਾਮ ਦੇ ਸੰਗ ਜਿਨ੍ਹਾਂ ਦੀ, ਅਠੇ ਪਹਿਰ ਰਹੇ ਲਿਵ ਲਾਗੀ॥
(੨) ਕਈ ਕ੍ਰੋੜ ਦੁਨੀਆ ਦੇ ਬੰਦੇ, ਉਸ ਪ੍ਰੀਤਮ ਦੀ ਕਰਦੇ ਭਾਲ॥
ਆਪਣੇ ਮਨ ਵਿਚ ਝਾਤੀ ਪਾ ਕੇ, ਟੋਲਣ ਅਪਣਾ ਦੀਨ ਦਿਆਲ॥
(੩) ਕਈ ਕ੍ਰੋੜ ਦੁਨੀਆਂ ਦੇ ਬੰਦੇ, ਲੋਚਣ ਪ੍ਰਭ ਦਾ ਹੀ ਦੀਦਾਰ॥
ਮਿਲ ਜਾਂਦਾ ਸਾਕਾਰ ਉਹਨਾਂ ਨੂੰ, ਉਹ ਅਬਿਨਾਸੀ ਸਿਰਜਣ ਹਾਰ॥
(੪) ਕਈ ਕਰੋੜ ਦੁਨੀਆਂ ਦੇ ਬੰਦੇ, ਮੰਗਣ ਉਸ ਪਿਆਰੇ ਦਾ ਸੰਗ॥
ਉਨ੍ਹਾਂ ਤੇ ਦਾਤਾਰ ਪ੍ਰਭੂ ਦਾ, ਹਰ ਦਮ ਚੜ੍ਹਿਆ ਰਹਿੰਦਾ ਰੰਗ॥
(੫) ਜੀਹਨਾਂ ਉਤੇ ਹੋ ਜਾਂਦਾ ਹੈ, ਮੇਰਾ ਸਤਿਗੁਰ ਆਪ ਦਿਆਲ॥
ਸਤਿਗੁਰ ਉਹ ਜਨ ਭਾਗਾਂ ਵਾਲੇ, ਉਨ੍ਹਾਂ ਦੇ ਹੱਨ ਭਾਗ ਕਮਾਲ॥

(੧) ਕਈ ਕੋਟਿ ਖਾਣੀ ਅਰੁ ਖੰਡ॥ ਕਈ ਕੋਟਿ ਅਕਾਸ ਬ੍ਰਹਮੰਡ॥
(੨) ਕਈ ਕੋਟਿ ਹੋਏ ਅਵਤਾਰ॥ ਕਈ ਜੁਗਤਿ ਕੀਨੋ ਬਿਸਥਾਰ॥
(੩) ਕਈ ਬਾਰ ਪਸਰਿਓ ਪਾਸਾਰ॥ ਸਦਾ ਸਦਾ ਇਕੁ ਏਕੰਕਾਰ॥
(੪) ਕਈ ਕੋਟਿ ਕੀਨੇ ਬਹੁ ਭਾਤਿ॥ ਪ੍ਰਭ ਤੇ ਹੋਏ ਪ੍ਰਭ ਮਾਹਿ ਸਮਾਤਿ॥
(੫) ਤਾ ਕਾ ਅੰਤੁ ਨ ਜਾਨੈ ਕੋਇ॥ ਆਪੇ ਆਪਿ ਨਾਨਕ ਪ੍ਰਭੁ ਸੋਇ॥੭॥

ਅਨੁਵਾਦ

(੧) ਕਈ ਕ੍ਰੋੜਾਂ ਦੁਨੀਆਂ ਦੇ ਬੰਦੇ, ਚੌਹ ਖਾਣਾ ਤੇ ਖੰਡਾ ਵਿਚ ਹਜ਼ੂਰ॥
ਕਈ ਕ੍ਰੋੜਾਂ ਜੀਵ ਜੰਤ ਥੀਂ, ਇਹ ਦੁਨੀਆਂ ਦਾ ਭਰਿਆ ਪੂਰ॥
(੨) ਕਈ ਕ੍ਰੋੜਾਂ ਵਿਚ ਦੁਨੀਆਂ ਤੇ, ਪੈਦਾ ਹੋਏ ਨੇ ਅਵਤਾਰ॥
ਬਹੁਤ ਵਿਦਾਂ ਥੀਂ ਇਸ ਦੁਨੀਆਂ ਦਾ, ਕੀਤਾ ਹੈ ਨੂਰੀ ਵਿਸਥਾਰ॥
(੩) ਕਈ ਵੇਰ ਪ੍ਰਭ ਇਸ ਦੁਨੀਆਂ ਦਾ, ਆਪ ਖਿਲਾਰਿਆ ਹੈ ਪਾਸਾਰ॥
ਆਪ ਸਮੇਟ ਕੇ ਸਾਰੀ ਰਚਨਾ, ਕਾਇਮ ਰਹਿੰਦਾ ਇਕ ਨਰੰਕਾਰ॥
(੪) ਕਈ ਕ੍ਰੋੜ ਤਰ੍ਹਾਂ ਦਾ ਉਸਨੇ, ਰਚਿਆ ਇਹ ਸਾਰਾ ਸੰਸਾਰ॥
ਇਕ ਦਾਤਾਰ ਤੋਂ ਪੈਦਾ ਹੋ ਕੇ, ਉਸ ਵਿਚ ਲੀਨ ਹੋਏ ਸਾਕਾਰ॥
(੫) ਉਸ ਪ੍ਰੀਤਮ ਦਾਤਾਰ ਪ੍ਰਭੂ ਦਾ, ਕੋਈ ਅੰਤ ਨਾ ਸਕਿਆ ਜਾਣ॥
ਉਸ ਵਰਗਾ ਉਹ ਆਪ ਹੈ ਸਤਿਗੁਰ, ਹੋਰ ਨਾ ਉਸ ਦੀ ਕੋਈ ਪਛਾਣ॥

(੧) ਕਈ ਕੋਟਿ ਪਾਰਬ੍ਰਹਮ ਕੇ ਦਾਸ॥ ਤਿਨ ਹੋਵਤ ਆਤਮ ਪਰਗਾਸ॥
(੨) ਕਈ ਕੋਟਿ ਤਤ ਕੇ ਬੇਤੇ॥ ਸਦਾ ਨਿਹਾਰਹਿ ਏਕੋ ਨੇਤ੍ਰੇ॥
(੩) ਕਈ ਕੋਟਿ ਨਾਮ ਰਸੁ ਪੀਵਹਿ॥ ਅਮਰ ਭਏ ਸਦ ਸਦ ਹੀ ਜੀਵਹਿ॥
(੪) ਕਈ ਕਟਿ ਨਾਮ ਗੁਨ ਗਾਵਹਿ॥ ਆਤਮ ਰਸਿ ਸੁਖਿ ਸਹਜਿ ਸਮਾਵਹਿ॥
(੫) ਅਪੁਨੇ ਜਨ ਕਉ ਸਾਸਿ ਸਾਸਿ ਸਮਾਰੇ॥ ਨਾਨਕ ਓਇ ਪਰਮੇਸੁਰ ਕੇ ਪਿਆਰੇ॥੮॥੧੦॥

ਅਨੁਵਾਦ

(੧) ਕਈ ਕ੍ਰੋੜ ਦੁਨੀਆਂ ਦੇ ਬੰਦੇ, ਪਰਮੇਸਰ ਦੇ ਦਾਸ ਹਜ਼ੂਰ॥
ਜੀਹਨਾ ਦੇ ਮਨ ਅੰਦਰ ਰਹਿੰਦਾ, ਉਸ ਕਰਤਾਰ ਦਾ ਹਰ ਦਮ ਨੂਰ॥
(੨) ਕਈ ਕ੍ਰੋੜ ਦੁਨੀਆਂ ਦੇ ਬੰਦੇ, ਭੇਤੀ ਨੇ ਉਸ ਪ੍ਰਭ ਦੇ ਖਾਸ॥
ਜੋ ਵੇਂਹਦੇ ਨੇ ਹਾਜ਼ਰ-ਨਾਜ਼ਰ, ਕੱਣ-ਕੱਣ ਵਿਚ ਪ੍ਰਭ ਆਪਣੇ ਪਾਸ॥
(੩) ਕਈ ਕ੍ਰੋੜ ਦੁਨੀਆਂ ਦੇ ਬੰਦੇ, ਨਾਮ ਦੇ ਰਸ ਦਾ ਅੰਮ੍ਰਿਤ ਪੀਣ॥
ਜਨਮ ਮਰਨ ਦਾ ਗੇੜ ਮੁਕਾ ਕੇ, ਹੋ ਕੇ ਅਮਰ ਸਦਾ ਉਹ ਜੀਣ।
(੪) ਕਈ ਕ੍ਰੋੜ ਦੁਨੀਆਂ ਦੇ ਬੰਦੇ, ਰਾਮ ਨਾਮ ਦੇ ਗਾਵਣ ਗੀਤ॥
ਹਿਰਦੇ ਸੁਖ ਅਨੰਦ ਉਹ ਮਾਨਣ, ਓਸ ਪ੍ਰਭੂ ਸੰਗ ਪਾ ਕੇ ਪ੍ਰੀਤ॥
(੫) ਅਪਣੇ ਭਗਤਾਂ ਦੀ ਪ੍ਰਭ ਆਪੇ, ਦਮ ਦਮ ਕਰਦਾ ਆਪ ਸੰਭਾਲ॥
ਸਤਿਗੁਰ ਉਹੀ ਪ੍ਰਭ ਦੇ ਪਿਆਰੇ, ਜੀਹਨਾਂ ਤੇ ਉਹ ਆਪ ਦਿਆਲ॥

ਸਲੋਕੁ॥

ਕਰਣ ਕਾਰਣ ਪ੍ਰਭੁ ਏਕੁ ਹੈ ਦੂਸਰ ਨਾਹੀ ਕੋਇ॥
ਨਾਨਕ ਤਿਸੁ ਬਲਿਹਾਰਣੈ ਜਲਿ ਥਲਿ ਮਹੀਅਲਿ ਸੋਇ॥੧॥

ਅਨੁਵਾਦ

ਸਿਰਜਹਾਰਾ ਜਗਤ ਦਾ, ਬਿਨ ਪ੍ਰਭ ਨਹੀਂ ਹਜ਼ੂਰ॥
ਮੈਂ ਪ੍ਰਭ ਉਸ ਤੋਂ ਵਾਰਨੇ, ਕੱਣ-ਕੱਣ ਜਿਸ ਦਾ ਨੂਰ॥

ਅਸਟਪਦੀ

(੧) ਕਰਨ ਕਰਾਵਨ ਕਰਨੈ ਜੋਗੁ ॥ ਜੋ ਤਿਸੁ ਭਾਵੈ ਸੋਈ ਹੋਗੁ ॥
(੨) ਖਿਨ ਮਹਿ ਥਾਪਿ ਉਥਾਪਨਹਾਰਾ ॥ ਅੰਤੁ ਨਹੀਂ ਕਿਛੁ ਪਾਰਾਵਾਰਾ ॥
(੩) ਹੁਕਮੇ ਧਾਰਿ ਅਧਰ ਰਹਾਵੈ ॥ ਹੁਕਮੇ ਉਪਜੈ ਹੁਕਮਿ ਸਮਾਵੈ ॥
(੪) ਹੁਕਮੇ ਊਚ ਨੀਚ ਬਿਉਹਾਰ ॥ ਹੁਕਮੇ ਅਨਿਕ ਰੰਗ ਪਰਕਾਰ ॥
(੫) ਕਰਿ ਕਰਿ ਦੇਖੈ ਅਪਨੀ ਵਡਿਆਈ ॥ ਨਾਨਕ ਸਭ ਮਹਿ ਰਹਿਆ ਸਮਾਈ ॥੧ ॥

ਅਨੁਵਾਦਿ

(੧) ਸਭ ਕੁਝ ਪ੍ਰਭ ਹੀ ਕਰਦਾ ਬੰਦੇ, ਉਹ ਹੀ ਹੈ ਸਭ ਕਰਨੇਹਾਰ ॥
ਜੋ ਉਸ ਨੂੰ ਲਗਦਾ ਹੈ ਚੰਗਾ, ਹੁੰਦਾ ਹੈ ਓਹ ਹੀ ਸਰਕਾਰ ॥
(੨) ਪਲ ਅੰਦਰ ਪੈਦਾ ਕਰ ਕੇ ਸ੍ਰਿਸ਼ਟੀ, ਪਲ ਅੰਦਰ ਕਰ ਸਕਦਾ ਨਾਸ ॥
ਕਿਸ ਨੂੰ ਦੱਸੋ! ਥਹੁ ਹੈ ਪਿਆਰੇ, ਕਿਤਨਾ ਬਲ ਹੈ ਉਸ ਦੇ ਪਾਸ ॥
(੩) ਹੁਕਮ ਉਹਦੇ ਵਿਚ ਬਿਨਾਂ ਆਸਰੇ, ਟਿਕੀ ਖੜੋਤੀ ਹਰ ਇਕ ਸ਼ੈ ॥
ਹੁਕਮ ਉਹਦੇ ਵਿਚ ਪੈਦਾ ਹੋ ਕੇ, ਹੁਕਮ ਉਹਦੇ ਵਿਚ ਹੁੰਦਾ ਖੈ ॥
(੪) ਉੱਚੇ, ਨੀਵੇਂ ਸਾਰੇ ਬੰਦੇ, ਓਸੇ ਨੇ ਸਾਜੇ ਸਰਕਾਰ ॥
ਹੁਕਮ ਉਹਦੇ ਵਿਚ ਹੋਵਣ ਜਗ ਤੇ, ਖੇਡ ਤਮਾਸ਼ੇ ਬਹੁ ਪ੍ਰਕਾਰ ॥
(੫) ਕਰ ਕਰ ਕੇ ਸਭ ਕੁਝ ਉਹ ਵੇਖੇ, ਆਪੇ ਹੀ ਆਪਣੀ ਉਹ ਸ਼ਾਨ ॥
ਹਰ ਇਕ ਵਿਚ ਵਸਦਾ ਉਹ ਪਿਆਰੇ, ਸਤਿਗੁਰ ਦਾ ਨੂਰੀ ਫੁਰਮਾਨ ॥

(੧) ਪ੍ਰਭ ਭਾਵੈ ਮਾਨੁਖ ਗਤਿ ਪਾਵੈ ॥ ਪ੍ਰਭ ਭਾਵੈ ਤਾ ਪਾਥਰ ਤਰਾਵੈ ॥
(੨) ਪ੍ਰਭੁ ਭਾਵੈਬਿਨੁ ਸਾਸ ਤੇ ਰਾਖੈ ॥ ਪ੍ਰਭ ਭਾਵੈ ਤਾ ਹਰਿ ਗੁਣ ਭਾਖੈ ॥
(੩) ਪ੍ਰਭ ਭਾਵੈ ਤਾ ਪਤਿਤ ਉਧਾਰੈ ॥ ਆਪਿ ਕਰੈ ਆਪਨ ਬੀਚਾਰੈ ॥
(੪) ਦੁਹਾ ਸਿਰਿਆ ਕਾ ਆਪਿ ਸੁਆਮੀ ॥ ਖੇਲੈ ਬਿਗਸੈ ਅੰਤਰਜਾਮੀ ॥
(੫) ਜੋ ਭਾਵੈ ਸੋਕਾਰ ਕਰਾਵੈ ॥ ਨਾਨਕ ਦ੍ਰਿਸਟੀ ਅਵਰੁ ਨ ਆਵੈ ॥੨ ॥

ਅਨੁਵਾਦਿ

(੧) ਪ੍ਰਭ ਚਾਹਵੇ ਤਾਂ ਪਾ ਸਕਦਾ ਹੈ, ਮੁਕਤਿ ਪਦਾਰਥ ਇਹ ਨਰ ਪਿਆਰੇ ॥
ਪ੍ਰਭ ਚਾਹਵੇ ਪੱਥਰ ਦਿਲ ਪ੍ਰਾਨੀ, ਭਵ ਸਾਗਰ ਤੋਂ ਪਾਰ ਉਤਾਰੇ ॥
(੨) ਪ੍ਰਭ ਚਾਹਵੇ ਬਿਨ ਸਾਹ ਤੋਂ ਬੰਦਾ, ਰੱਖ ਸਕਦਾ ਹੈ ਉਹ ਸੁਰਜੀਤ ॥
ਮੇਹਰ ਕਰੇ ਜਿਸ ਤੇ ਪ੍ਰਭ ਮੇਰਾ, ਗਾਉਂਦਾ ਹੈ ਉਹ ਪ੍ਰਭ ਦੇ ਗੀਤ ॥
(੩) ਪ੍ਰਭ ਚਾਹਵੇ ਤਾਂ ਧਰਮ ਤੋਂ ਹੀਣੇ, ਬੰਦੇ ਦਾ ਕਰ ਦਵੇ ਉਧਾਰ ॥
ਜੋ ਕੁਝ ਹੀ ਉਹ ਕਰਦਾ ਪਿਆਰੇ, ਉਸ ਦਾ ਹੈ ਆਪਣਾ ਵੀਚਾਰ ॥
(੪) ਲੋਕ ਅਤੇ ਪਰਲੋਕ ਦੋਹਾਂ ਦਾ, ਆਪੇ ਹੈ ਮਾਲਕ ਦਾਤਾਰ ॥
ਖ਼ੁਸ਼ ਹੋ ਹੋ ਵੇਖੇ ਸਭ ਖੇਡਾਂ, ਅੰਤਰਯਾਮੀ ਪ੍ਰਭ ਨਰੰਕਾਰ ॥
(੫) ਜੋ ਮੇਰਾ ਪ੍ਰਭ ਚਾਹੁੰਦਾ ਪਿਆਰੇ, ਸੋ ਇਹ ਪ੍ਰਾਨੀ ਕਰਦੈ ਕਾਰ ॥
ਪਿਆਰੇ ਉਸ ਵਰਗਾ ਨਹੀਂ ਦਿਸਦਾ, ਦੂਜਾ ਹੋਰ ਕੋਈ ਕਰਤਾਰ ॥

(੧) ਕਹੁ ਮਾਨੁਖ ਤੇ ਕਿਆ ਹੋਇ ਆਵੈ॥ ਜੋ ਤਿਸੁ ਭਾਵੈ ਸੋਈ ਕਰਾਵੈ॥
(੨) ਇਸ ਕੈ ਹਾਥਿ ਹੋਇ ਤਾ ਸਭੁ ਕਿਛੁ ਲੇਇ॥ ਜੋ ਤਿਸ ਭਾਵੈ ਸੋਈ ਕਰੇਇ॥
(੩) ਅਨਜਾਨਤ ਬਿਖਿਆ ਮਹਿ ਰਚੈ॥ ਜੇ ਜਾਨਤ ਆਪਨ ਆਪ ਬਚੈ॥
(੪) ਭਰਮੇ ਭੂਲਾ ਦਹਦਿਸਿ ਧਾਵੈ॥ ਨਿਮਖ ਮਹਿ ਚਾਰਿ ਕੁੰਟ ਫਿਰਿ ਆਵੈ॥
(੫) ਕਰਿ ਕਿਰਪਾ ਜਿਸੁ ਅਪਨੀ ਭਗਤੀ ਦੇਇ॥ ਨਾਨਕ ਤੇ ਜਨ ਨਾਮਿ ਮਿਲੇਇ॥੩॥

ਅਨੁਵਾਦਿ

(੧) ਦੱਸੋ! ਇਸ ਬੰਦੇ ਵਸ ਕੀ ਹੈ? ਕੀ ਦੱਸੋ! ਇਸ ਤੋਂ ਬਣ ਆਉਂਦਾ॥
ਜੋ ਵੀ ਪ੍ਰਭ ਚਾਹੁੰਦਾ ਹੈ ਪਿਆਰੇ, ਉਹ ਹੀ ਇਸ ਤੋਂ ਕਾਰ ਕਰਾਉਂਦਾ॥
(੨) ਜੇ ਇਸ ਦੇ ਆਪਣੇ ਵੱਸ ਹੋਵੇ, ਹਰ ਸ਼ੈ ਤੇ ਇਹ ਕਾਬੂ ਪਾਵੇ।
ਕਰਦਾ ਹੈ ਪ੍ਰਭ ਉਹ ਹੀ ਐਪਰ, ਜੋ ਉਸਦੇ ਆਪਣੇ ਮਨ ਭਾਵੇ॥
(੩) ਇਹ ਪ੍ਰਾਨੀ ਬੇ ਸੋਝੀ ਕਰ ਕੇ, ਮਾਇਆ ਵਿਚ ਪਿਆਰੇ ਗਲਤਾਨ॥
ਜੇ ਕਰ ਸੋਝੀ ਹੋਵੇ ਇਸ ਨੂੰ, ਆਪਣੇ ਆਪ ਬਚੇ ਨਾਦਾਨ॥
(੪) ਇਹ ਨਰ ਪਿਆ ਭੁਲੇਖੇ ਅੰਦਰ, ਦਸੀਂ ਦਸ਼ਾਵੀਂ ਚੱਕਰ ਲਾਉਂਦਾ॥
ਚੋਹ ਕੂੰਟਾਂ ਵਿਚ ਮਾਇਆ ਖਾਤਰ, ਪਲ ਵਿਚ ਜਾਂਦਾ ਪਲ ਵਿਚ ਆਉਂਦਾ॥
(੫) ਮੇਹਰ ਕਰੇ ਜਿਸ ਤੇ ਪ੍ਰਭ ਮੇਰਾ, ਉਸ ਨੂੰ ਅਪਣੀ ਭਗਤੀ ਲਾਉਂਦਾ॥
ਪਿਆਰੇ ਉਸਦੀ ਮੇਹਰ ਥੀਂ ਇਹ ਨਰ, ਨਾਮ ਦੀ ਨੂਰੀ ਦੌਲਤ ਪਾਉਂਦਾ॥

(੧) ਖਿਨ ਮਹਿ ਨੀਚ ਕੀਟ ਕਉ ਰਾਜ॥ ਪਾਰਬ੍ਰਹਮ ਗਰੀਬ ਨਿਵਾਜ॥
(੨) ਜਾ ਕਾ ਦ੍ਰਿਸਟਿ ਕਛੂ ਨਾ ਆਵੈ॥ ਤਿਸੁ ਤਤਕਾਲ ਦਹਦਿਸ ਪ੍ਰਗਟਾਵੈ॥
(੩) ਜਾ ਕਉ ਅਪਨੀ ਕਰੈ ਬਖਸੀਸ॥ ਤਾ ਕਾ ਲੇਖਾ ਨ ਗਨੈ ਜਗਦੀਸ॥
(੪) ਜੀਉ ਪਿੰਡ ਸਭਤਿਸ ਕੀ ਰਾਸਿ॥ ਘਟਿ ਘਟਿ ਪੂਰਨ ਬ੍ਰਹਮ ਪ੍ਰਗਾਸ॥
(੫) ਅਪਨੀ ਬਣਤ ਆਪਿ ਬਨਾਈ॥ ਨਾਨਕ ਜੀਵੈ ਦੇਖਿ ਬਡਾਈ॥੪॥

ਅਨੁਵਾਦਿ

(੧) ਪੱਲ ਦੇ ਵਿਚਪ੍ਰਭ ਦੇ ਸਕਦਾ ਹੈ, ਕੀੜੇ ਜਿਹੇ ਨਿਰਧਨ ਨੂੰ ਰਾਜ॥
ਪਾਰ ਬ੍ਰਹਮ ਪ੍ਰਮੇਸ਼ਵਰ ਮੇਰਾ, ਉਹ ਵੱਡਾ ਹੈ ਗਰੀਬ ਨਿਵਾਜ॥
(੨) ਜਿਸ ਪ੍ਰਾਨੀ ਵਿਚ ਐ ਮਨ ਉੱਕਾ, ਗੁਣ ਕੋਈ ਵੀ ਨਜ਼ਰ ਨਾ ਆਵੇ॥
ਪ੍ਰਭ ਚਾਹਵੇ ਤਾਂ ਪਲ ਦੇ ਅੰਦਰ, ਉਹ ਉੱਘਾ ਜਗ ਤੇ ਹੋ ਜਾਵੇ॥
(੩) ਜਿਸ ਪ੍ਰਾਨੀ ਤੇ ਸਤਿਗੁਰ ਮੇਰਾ, ਕ੍ਰਿਪਾ ਅਪਣੀ ਕਰੇ ਅਪਾਰ॥
ਉਸ ਦੇ ਫਿਰ ਕਰਮਾਂ ਦਾ ਲੇਖਾਂ, ਗਿਣਦਾ ਨਹੀਂ ਹੈ ਸਿਰਜਣਹਾਰ॥
(੪) ਇਹ ਜੀਵਨ ਇਹ ਜਾਨ ਦੀ ਬਖਸ਼ਿਸ਼, ਇਹ ਸਾਰੀ ਹੀ ਉਸ ਦੀ ਰਾਸ॥
ਕੱਣ ਕੱਣ ਵਿਚ ਵਿਆਪਕ ਪਿਆਰੇ, ਮੇਰੇ ਪ੍ਰਭ ਦਾ ਜਲਵਾ ਖਾਸ॥
(੫) ਆਪੇ ਹੀ ਇਸ ਜਗ ਦੀ ਰਚਨਾ, ਸਾਜੀ ਹੈ ਪ੍ਰਭ ਸਾਜਣਹਾਰ॥
ਸਤਿਗੁਰ ਅਪਣੀ ਤੱਕ ਵਡਿਆਈ, ਜਾਂਦਾ ਹੈ ਆਪੇ ਬਲਿਹਾਰ॥

(੧) ਇਸ ਕਾ ਬਲੁ ਨਾਹੀ ਇਸੁ ਹਾਥ॥ ਕਰਨ ਕਰਾਵਨ ਸਰਬ ਕੋ ਨਾਥ॥
(੨) ਆਗਿਆਕਾਰੀ ਬਪੁਰਾ ਜੀਉ॥ ਜੋ ਤਿਸੁ ਭਾਵੈ ਸੋਈ ਫੁਨਿ ਥੀਉ॥
(੩) ਕਬਹੂ ਊਚ ਨੀਚ ਮਹਿ ਬਸੈ॥ ਕਬਹੂ ਸੋਗ ਹਰਖ ਰੰਗਿ ਹਸੈ॥
(੪) ਕਬਹੂ ਨਿੰਦ ਚਿੰਦ ਬਿਉਹਾਰ॥ ਕਬਹੂ ਊਭ ਅਕਾਸ ਪਇਆਲ॥
(੫) ਕਬਹੂ ਬੇਤਾ ਬ੍ਰਹਮ ਬੀਚਾਰ॥ ਨਾਨਕ ਆਪਿ ਮਿਲਾਵਣਹਾਰ॥੫॥

ਅਨੁਵਾਦ

(੧) ਇਸ ਪ੍ਰਾਨੀ ਦੇ ਅਪਣੇ ਹੱਥ ਵਿਚ, ਅਪਣੀ ਤਾਕਤ ਨਹੀਂ ਸਰਕਾਰ॥
ਹਰ ਇਕ ਦਾ ਮਾਲਕ ਉਹ ਸਵਾਮੀ, ਕਰੇ ਕਰਾਵੇ ਉਹ ਦਾਤਾਰ॥
(੨) ਇਹ ਵੇਚਾਰਾ ਜੀਵ ਤਾਂ ਪਿਆਰੇ, ਉਸ ਪ੍ਰਭ ਦਾ ਹੈ ਅਗਿਆਕਾਰ॥
ਜੋ ਵੀ ਪ੍ਰਭ ਨੂੰ ਚੰਗਾ ਲੱਗਦਾ, ਸੋ ਹੀ ਹੁੰਦਾ ਹੈ ਸਰਕਾਰ॥
(੩) ਊਚਾਂ ਵਿਚ ਉਹ ਕਦੇ ਨੀਚਾਂ ਵਿਚ, ਵਸਦਾ ਹੈ ਪ੍ਰਭ ਸਿਰਜਣਹਾਰ॥
ਗ਼ਮ ਦੇ ਵਿਚ ਉਹ ਕਦੇ ਖ਼ੁਸ਼ੀ ਵਿਚ, ਰੰਗ ਤਮਾਸ਼ੇ ਕਰੇ ਹਜ਼ਾਰ॥
(੪) ਮਨ ਵਿਚ ਕਦੇ ਵਿਚਾਰ ਬਣਾ ਕੇ, ਨਿੰਦਿਆ ਦੀ ਚਲਦਾ ਹੈ ਚਾਲ॥
ਕਦੇ ਖ਼ੁਸ਼ੀ ਵਿਚ ਚੜ੍ਹੇ ਅਕਾਸ਼ੀਂ, ਗ਼ਮ ਵਿਚ ਡੁਬਦਾ ਕਦੇ ਪਾਤਾਲ॥
(੫) ਬਣ ਕੇ ਕਦੇ ਪ੍ਰਭੂ ਦਾ ਮਹਿਰਮ, ਉਸ ਦੀ ਕਰਦਾ ਆਪ ਵਿਚਾਰ॥
ਜੀਵਾਂ ਨੂੰ ਉਹ ਮੇਲਣ ਵਾਲਾ, ਨੂਰੀ ਸਤਿਗੁਰ ਆਪ ਦਾਤਾਰ॥

(੧) ਕਬਹੂ ਨਿਰਤਿ ਕਰੈ ਬਹੁ ਭਾਂਤਿ॥ ਕਬਹੂ ਸੋਇ ਰਹੈ ਦਿਨੁ ਰਾਤਿ॥
(੨) ਕਬਹੂ ਮਹਾ ਕ੍ਰੋਧ ਬਿਕਰਾਲ॥ ਕਬਹੂ ਸਰਬ ਕੀ ਹੋਤ ਰਵਾਲ॥
(੩) ਕਬਹੂ ਹੋਇ ਬਹੈ ਬਡ ਰਾਜਾ॥ ਕਬਹੂ ਭੇਖਾਰੀ ਨੀਚ ਕਾ ਸਾਜਾ॥
(੪) ਕਬਹੂ ਅਪਕੀਰਤਿ ਮਹਿ ਆਵੈ॥ ਕਬਹੂ ਭਲਾ ਭਲਾ ਕਹਾਵੈ॥
(੫) ਜਿਉ ਪ੍ਰਭੁ ਰਾਖੈ ਤਿਵ ਹੀ ਰਹੈ॥ ਗੁਰ ਪ੍ਰਸਾਦਿ ਨਾਨਕ ਸਚੁ ਕਹੈ॥੬॥

ਅਨੁਵਾਦ

(੧) ਜੀਆਂ ਵਿਚ ਪ੍ਰਭ ਕਦੇ ਸਮਾ ਕੇ, ਨਾਚ ਵਿਖਾਉਂਦੈ ਬਹੁ ਪ੍ਰਕਾਰ॥
ਜੀਆਂ ਵਿਚ ਪ੍ਰਭ ਕਦੇ ਸਮਾ ਕੇ, ਸੌਂ ਕੇ ਨਿਸ ਦਿਨ ਦਵੇ ਗੁਜ਼ਾਰ॥
(੨) ਹੋ ਕੇ ਕਦੇ ਕਰੋਧਵਾਨ ਪ੍ਰਭ, ਅਤਿ ਭਿਆਨਕ ਸ਼ਕਲ ਬਣਾਵੇ॥
ਜੀਆਂ ਵਿਚ ਪ੍ਰਭ ਕਦੇ ਸਮਾ ਕੇ, ਚਰਨ ਧੂੜ ਸਭ ਦੀ ਹੋ ਜਾਵੇ॥
(੩) ਆਪਣੇ ਆਪ ਕਦੇ ਪ੍ਰਭੂ ਮੇਰਾ, ਬਣ ਬਹਿੰਦਾ ਹੈ ਰਾਜਾ ਭਾਰੀ॥
ਜੀਆਂ ਵਿਚ ਪ੍ਰਭ ਕਦੇ ਸਮਾ ਕੇ, ਸਾਂਗ ਰਚੇ ਬਹੁ ਨੀਚ ਭਿਖਾਰੀ॥
(੪) ਜੀਆਂ ਵਿਚ ਪ੍ਰਭ ਕਦੇ ਸਮਾਂ ਕੇ, ਮੰਦੀ ਸੋਭਾ ਹੈ ਕਰਵਾਉਂਦੈ॥
ਜੀਆਂ ਵਿਚ ਪ੍ਰਭ ਕਦੇ ਸਮਾ ਕੇ, ਚੰਗਾ ਚੰਗਾ ਹੈ ਅਖਵਾਉਂਦੈ॥
(੫) ਜਿਵੇਂ ਪ੍ਰਭੂ ਰੱਖਦਾ ਹੈ ਸਭ ਨੂੰ, ਇਹ ਨਰ ਓਦਾਂ ਰਹਿਣ ਪਿਆਰੇ॥
ਮੇਹਰ ਗੁਰਾਂ ਥੀਂ ਸਤਿਗੁਰ ਮੇਰੇ, ਸੱਚ ਬਾਤ ਇਹ ਕਹਿਣ ਪਿਆਰੇ॥

(੧) ਕਬਹੂ ਹੋਇ ਪੰਡਿਤੁ ਕਰੇ ਬਖ੍ਹਾਨ॥ ਕਬਹੂ ਮੋਨਿ ਧਾਰੀ ਲਾਵੈ ਧਿਆਨੁ॥
(੨) ਕਬਹੂ ਤਟ ਤੀਰਥ ਇਸਨਾਨ॥ ਕਬਹੂ ਸਿਧ ਸਾਧਿਕ ਮੁਖਿ ਗਿਆਨ॥
(੩) ਕਬਹੂ ਕੀਟ ਹਸਤਿ ਪਤੰਗ ਹੋਇ ਜੀਆ॥ ਅਨਿਕ ਜੋਨਿ ਭਰਮੈ ਭਰਮੀਆ॥
(੪) ਨਾਨਾ ਰੂਪ ਜਿਉ ਸ੍ਵਾਗੀ ਦਿਖਾਵੈ॥ ਜਿਉ ਪ੍ਰਭ ਭਾਵੈ ਤਿਵੈ ਨਚਾਵੈ॥
(੫) ਜੋ ਤਿਸੁ ਭਾਵੈ ਸੋਈ ਹੋਇ॥ ਨਾਨਕ ਦੂਜਾ ਅਵਰੁ ਨਾ ਕੋਇ॥੭॥

ਅਨੁਵਾਦਿ

(੧) ਸਰਬ ਵਿਆਪੀ ਪ੍ਰਭੂ ਕਦੇ ਹੈ, ਪੰਡਤ ਬਣ ਕਰਦਾ ਵਖਿਆਨ॥
ਲਾ ਕੇ ਕਦੇ ਸਮਾਧੀ ਪਿਆਰੇ, ਮੋਨ ਧਾਰ ਕੇ ਲਾਉਂਦੈ ਧਿਆਨ॥
(੨) ਨਦੀ ਕਿਨਾਰੇ, ਕਦੇ ਤੀਰਥੀਂ, ਜਾ ਜਾ ਕੇ ਕਰਦਾ ਇਸ਼ਨਾਨ॥
ਬਣ ਕੇ ਸਿੱਧ ਕਦੇ ਕਰ ਸਾਧਨ, ਮੁੱਖੋਂ ਬੋਲੇ ਕਦੇ ਗਿਆਨ॥
(੩) ਕੀੜਾ, ਹਾਥੀ, ਕਦੇ ਪਤੰਗਾ, ਕਈ ਜੀਆਂ ਵਿਚ ਨਜ਼ਰੀਂ ਆਉਂਦੈ॥
ਇਹ ਪ੍ਰੀਤਮ ਆਪੇ ਹੀ ਪਿਆਰੇ, ਬਹੁ ਜੂਨਾਂ ਦੇ ਚੱਕਰ ਲਾਉਂਦੈ॥
(੪) ਜਿੱਦਾਂ ਹੈ ਕੋਈ ਬਹੁ ਰੂਪੀਆ, ਤਰ੍ਹਾ ਤਰ੍ਹਾਂ ਦੇ ਸਵਾਂਗ ਵਿਖਾਉਂਦੈ॥
ਇਸ ਪ੍ਰਭ ਨੂੰ ਜਿਉਂ ਚੰਗਾ ਲੱਗਦਾ, ਉਹ ਜੀਵਾਂ ਨੂੰ ਤਿਵੇਂ ਨਚਾਉਂਦੈ॥
(੫) ਹੁੰਦਾ ਹੈ ਉਹੋ ਹੀ ਪਿਆਰੇ, ਜੋ ਮੇਰੇ ਪ੍ਰਭ ਨੂੰ ਹੈ ਭਾਉਂਦੈ॥
ਨੂਰੀ ਸਤਿਗੁਰ ਬਾਝੋਂ ਦੂਜਾ, ਹੋਰ ਨਹੀਂ ਹੈ ਨਜ਼ਰੀਂ ਆਉਂਦੈ॥

(੧) ਕਬਹੂ ਸਾਧ ਸੰਗਤਿ ਇਹੁ ਪਾਵੈ॥ ਉਸ ਅਸਥਾਨ ਤੇ ਬਹੁਰਿ ਨਾ ਆਵੈ॥
(੨) ਅੰਤਰਿ ਹੋਇ ਗਿਆਨ ਪਰਗਾਸੁ॥ ਉਸੁ ਅਸਥਾਨ ਕਾ ਨਹੀ ਬਿਨਾਸੁ॥
(੩) ਮਨ ਤਨ ਨਾਮਿ ਰਤੇ ਇਕ ਰੰਗਿ॥ ਸਦਾ ਬਸਹਿ ਪਾਰਬ੍ਰਹਮ ਕੈ ਸੰਗਿ॥
(੪) ਜਿਉ ਜਲ ਮਹਿ ਜਲੁ ਆਇ ਖਟਾਨਾ॥ ਤਿਉ ਜੋਤੀ ਸੰਗਿ ਜੋਤਿ ਸਮਾਨਾ॥
(੫) ਮਿਟਿ ਗਏ ਗਵਨ ਪਾਏ ਬਿਸ੍ਰਾਮ॥ ਨਾਨਕ ਪ੍ਰਭ ਕੈ ਸਦ ਕੁਰਬਾਨ॥੮॥੧੧॥

ਅਨੁਵਾਦਿ

(੧) ਜਦੋਂ ਕਦੇ ਇਹ ਜੀਵ ਪਿਆਰੇ, ਗੁਰਮੁਖਾਂ ਦੀ ਸੰਗਤ ਪਾਉਂਦੈ॥
ਐਸਾ ਮਸਤ ਉਥੇ ਹੋ ਜਾਂਦਾ, ਉਸ ਥਾਂ ਤੋਂ ਵਾਪਸ ਨਹੀਂ ਆਉਂਦੈ॥
(੨) ਉਸ ਜਨ ਦੇ ਮਨ ਅੰਦਰ ਪਿਆਰੇ, ਪ੍ਰਭੂ ਗਿਆਨ ਦਾ ਨੂਰ ਹੋ ਜਾਵੇ॥
ਉਸ ਗਿਆਨ ਦੇ ਨੂਰ ਦਾ ਪ੍ਰਾਨੀ, ਮੁੜ ਕੇ ਕਦੇ ਵਿਨਾਸ ਨਾ ਆਵੇ॥
(੩) ਮਨ ਤਨ ਅਪਣਾ ਨਾਮ ਪ੍ਰਭੂ ਥੀਂ, ਜੋ ਵੀ ਪਿਆਰੇ ਲੈਂਦੇ ਰੰਗ॥
ਭੇਦ ਭਾਵ ਮਿਟਾ ਕੇ ਉਹ ਨਰ, ਰਹਿਣ ਪ੍ਰਭੂ ਦੇ ਹਰਦਮ ਸੰਗ॥
(੪) ਜਿੱਦਾਂ ਫਿਰ ਪਹਿਚਾਨ ਨ ਹੋਵੇ, ਪਾਣੀ ਵਿਚ ਜਦ ਪਾਣੀ ਆਵੇ॥
ਰੂਹ ਐ ਮਨ ਇਉਂ ਸੰਗਤ ਸਦਕੇ, ਜੋਤ ਪ੍ਰਭੂ ਦੇ ਸੰਗ ਸਮਾਵੇ॥
(੫) ਜਨਮ ਮਰਨ ਦੀ ਭਟਕਣ ਮੁੱਕੇ, ਐ ਮਨ ਪ੍ਰਭ ਦੇ ਸੰਗ ਸਮਾਵਾਂ॥
ਉਸ ਪ੍ਰਭੂ ਤੋਂ ਐ ਨੂਰੀ ਸਤਿਗੁਰ, ਹਰਦਮ ਮੈਂ ਬਲਿਹਾਰੇ ਜਾਵਾਂ॥

ਸਲੋਕੁ ॥

ਸੁਖੀ ਬਸੈ ਮਸਕੀਨੀਆ ਆਪੁ ਨਿਵਾਰਿ ਤਲੇ ॥
ਬਡੇ ਬਡੇ ਅਹੰਕਾਰੀਆ ਨਾਨਕ ਗਰਬਿ ਗਲੇ ॥੧॥

ਅਨੁਵਾਦਿ

ਜੋ ਆਜਜ਼ ਮਸਕੀਨ ਨੇ, ਬੰਦੇ ਵਿਚ ਸੰਸਾਰ॥
ਆਪਾ ਭਾਵ ਤਿਆਗ ਉਹ, ਰਹਿੰਦੇ ਨਾਲ ਬਹਾਰ॥
ਹੰਕਾਰੀ ਮਾਨੁੱਖ ਜੋ ਰੱਖਣ ਮਨ ਹੰਕਾਰ॥
ਪ੍ਰਾਨੀ ਉਹ ਹੰਕਾਰ ਥੀਂ, ਗਲਦੇ ਆਖਰਕਾਰ॥

ਅਸਟਪਦੀ॥

(੧) ਜਿਸ ਕੈ ਅੰਤਰਿ ਰਾਜ ਅਭਿਮਾਨੁ॥ ਸੋ ਨਰਕਪਾਤੀ ਹੋਵਤ ਸੁਆਨੁ॥
(੨) ਜੋ ਜਾਨੈ ਮੈ ਜੋਬਨਵੰਤੁ॥ ਸੋ ਹੋਵਤ ਬਿਸਟਾ ਕਾ ਜੰਤੁ॥
(੩) ਆਪਸ ਕਉ ਕਰਮਵੰਤੁ ਕਹਾਵੈ॥ ਜਨਮਿ ਮਰੈ ਬਹੁ ਜੋਨਿ ਭ੍ਰਮਾਵੈ॥
(੪) ਧਨ ਭੂਮਿ ਕਾ ਜੋ ਕਰੈ ਗੁਮਾਨੁ॥ ਸੋ ਮੂਰਖੁ ਅੰਧਾ ਅਗਿਆਨੁ॥
(੫) ਕਰਿ ਕਿਰਪਾ ਜਿਸ ਕੈ ਹਿਰਦੈ ਗਰੀਬੀ ਬਸਾਵੈ॥
ਨਾਨਕ ਈਹਾ ਮੁਕਤੁ ਆਗੈ ਸੁਖੁ ਪਾਵੈ॥੧॥

ਅਨੁਵਾਦਿ

(੧) ਜਿਸ ਦੇ ਮਨ ਹੰਕਾਰ ਬੜਾ ਹੈ, ਮੈਂ ਹਾਂ ਜੱਗ ਤੇ ਸ਼ਾਹ ਸੁਲਤਾਨ॥
ਉਹ ਨਰ ਕਾਬਿਲ ਨਰਕ ਹੈ ਪਿਆਰੇ, ਕੁੱਤਾ ਉਹ ਜਾਣੋਂ ਇਨਸਾਨ॥
(੨) ਜਿਸ ਦੇ ਮਨ ਵਿਚ ਮਾਣ ਇਹ ਪ੍ਰਾਨੀ, ਸੁੰਦਰ ਮੇਰਾ ਰੂਪ ਅਪਾਰ॥
ਉਹ ਜਾਣੋਂ ਵਿਸ਼ਟਾ ਦਾ ਕੀੜਾ, ਫਾਥਾ ਜੋ ਵਿਚ ਵਿਸ਼ੇ ਵਿਕਾਰ॥
(੩) ਅਪਣੇ ਆਪ ਦੇ ਤਾਈਂ ਐ ਮਨ, ਕਰਮਵੰਤ ਜੋ ਵੀ ਅਖਵਾਵੇ॥
ਪੈ ਪੈ ਕੇ ਉਹ ਜੂਨਾਂ ਅੰਦਰ, ਜਨਮ ਮਰਨ ਦੇ ਚੱਕਰ ਖਾਵੇ॥
(੪) ਧਨ, ਧਰਤੀ ਦਾ ਜੋ ਜਨ ਪਿਆਰੇ, ਦੁਨੀਆਂ ਦੇ ਵਿਚ ਕਰੇ ਗੁਮਾਨ॥
ਉਸ ਨੂੰ ਤੂੰ ਐ ਜਾਣ ਪ੍ਰਾਨੀ, ਉਹ ਮੂਰਖ ਜਾਹਲ ਨਾਦਾਨ॥
(੫) ਕ੍ਰਿਪਾ ਕਰ ਕੇ ਜਿਸ ਦੇ ਹਿਰਦੇ, ਵੇਸ ਗਰੀਬੀ ਪ੍ਰਭੂ ਵਸਾਵੇ॥
ਸਤਿਗੁਰ ਉਹ ਸੁਖ ਮਾਣੇਂ ਏਥੇ, ਦਰਗਾਹ ਵਿਚ ਵੀ ਉਹ ਸੁਖ ਪਾਵੇ॥

(੧) ਧਨਵੰਤਾ ਹੋਇ ਕਰਿ ਗਰਬਾਵੈ॥ ਤ੍ਰਿਣ ਸਮਾਨਿ ਕਛੁ ਸੰਗਿ ਨ ਜਾਵੈ॥
(੨) ਬਹੁ ਲਸਕਰ ਮਾਨੁਖ ਊਪਰਿ ਕਰੇ ਆਸ॥ ਪਲ ਭੀਤਰਿ ਤਾਕਾ ਹੋਇ ਬਿਨਾਸ॥
(੩) ਸਭ ਤੇ ਆਪ ਜਾਨੈ ਬਲਵੰਤੁ॥ ਖਿਨ ਮਹਿ ਹੋਇ ਜਾਇ ਭਸਮੰਤੁ॥
(੪) ਕਿਸੈ ਨ ਬਦੈ ਆਪਿ ਅਹੰਕਾਰੀ॥ ਧਰਮਰਾਇ ਤਿਸ ਕਰੇ ਖੁਆਰੀ॥
(੫) ਗੁਰਪ੍ਰਸਾਦਿ ਜਾ ਕਾ ਮਿਟੈ ਅਭਿਮਾਨੁ॥ ਸੋ ਜਨੁ ਨਾਨਕ ਦਰਗਹ ਪਰਵਾਨੁ॥੨॥

ਅਨੁਵਾਦਿ

(੧) ਧਨ ਵਾਲੇ ਨੂੰ ਮਾਣ ਬੜਾ ਹੈ, ਮਾਣ ਉਹਦੇ ਦਾ ਅੰਤ ਨਾ ਆਵੇ॥
ਤੀਲੇ ਜਿਤਨੀ ਸ਼ੈ ਵੀ ਐਪਰ, ਪ੍ਰਾਨੀ ਉਸ ਦੇ ਸਾਥ ਨ ਜਾਵੇ॥
(੨) ਫ਼ੌਜਾਂ ਤੇ ਬੰਦਿਆਂ ਤੇ ਜੋ ਨਰ, ਰੱਖਦਾ ਹੈ ਬਹੁਤੀ ਹੀ ਆਸ॥
ਪਲ ਅੰਦਰ ਹੀ ਹੁਕਮ ਪ੍ਰਭੂ ਥੀਂ, ਹੋ ਜਾਂਦਾ ਹੈ ਸਭ ਦਾ ਨਾਸ॥
(੩) ਜੋ ਪ੍ਰਾਨੀ ਖ਼ੁਦ ਅਪਣੇ ਤਾਈਂ, ਜਾਣੈਂ ਮੈਂ ਵੱਡਾ ਬਲਵਾਨ॥
ਪਲ ਵਿਚ ਹੀ ਉਹ ਭਸਮ ਕਰੇ ਪ੍ਰਭੂ, ਮਿੱਟ ਜਾਵੇ ਉਹਦਾ ਨਾਂ ਨਿਸ਼ਾਨ॥
(੪) ਰੱਖਦਾ ਨਹੀਂ ਪ੍ਰਵਾਹ ਕਿਸੇ ਦੀ, ਹੋ ਜਾਂਦੇ ਜੋ ਵੀ ਹੰਕਾਰੀ॥
ਅੰਤ ਸਮੇਂ ਤਦ ਧਰਮ ਰਾਜ ਤੋਂ, ਹੁੰਦੀ ਉਸ ਦੀ ਅਤਿ ਖੁਆਰੀ॥
(੫) ਸਤਿਗੁਰ ਦੀ ਕ੍ਰਿਪਾ ਦੇ ਸਦਕੇ, ਮਿਟ ਜਾਂਦੈ ਜਿਸ ਦਾ ਅਭਿਮਾਨ॥
ਉਹ ਨਰ ਪਿਆਰੇ ਦਰ ਪ੍ਰਭੂ ਦੇ, ਹੁੰਦਾ ਹੈ ਨੂਰੀ ਪ੍ਰਵਾਨ॥

(੧) ਕੋਟਿ ਕਰਮ ਕਰੈ ਹਉ ਧਾਰੇ॥ ਸ੍ਰਮੁ ਪਾਵੈ ਸਗਲੇ ਬਿਰਥਾਰੇ॥
(੨) ਅਨਿਕ ਤਪਸਿਆ ਕਰੇ ਅਹੰਕਾਰ॥ ਨਰਕ ਸੁਰਗ ਫਿਰਿਫਿਰਿ ਅਵਤਾਰ॥
(੩) ਅਨਿਕ ਜਤਨ ਕਰਿ ਆਤਮ ਨਹੀ ਦ੍ਰਵੈ॥ ਹਰਿ ਦਰਗਹ ਕਹੁ ਕੈਸੇ ਗਵੈ॥
(੪) ਆਪਸ ਕਉ ਜੋ ਭਲਾ ਕਹਾਵੈ॥ ਤਿਸਹਿ ਭਲਾਈ ਨਿਕਟਿ ਨ ਆਵੈ॥
(੫) ਸਰਬ ਕੀ ਰੇਨ ਜਾ ਕਾ ਮਨੁ ਹੋਇ॥ ਕਹੁ ਨਾਨਕ ਤਾਕੀ ਨਿਰਮਲ ਸੋਇ॥੩॥

ਅਨੁਵਾਦਿ

(੧) ਧਰਮ ਦੇ ਕੰਮ ਕ੍ਰੋੜਾਂ ਕਰ ਕੇ, ਜੋ ਪ੍ਰਾਨੀ ਕਰਦਾ ਹੰਕਾਰ॥
ਉਸ ਦੇ ਪੱਲੇ ਰਹੇ ਥਕੇਵਾਂ, ਉਹ ਜਾਂਦੇ ਸਾਰੇ ਬੇਕਾਰ॥
(੨) ਬਹੁਤ ਤਪੱਸਿਆ ਕਰ ਕੇ ਜੋ ਨਰ, ਦਿਲ ਅੰਦਰ ਰੱਖਦਾ ਹੰਕਾਰ॥
ਨਰਕ ਸੁਰਗ ਦੇ ਚੱਕਰ ਪੈ ਕੇ, ਮਰਦਾ-ਜੰਮਦਾ ਬਾਰਮ-ਬਾਰ॥
(੩) ਬਹੁਤ ਯਤਨ ਕਰਿਆਂ ਵੀ ਜਿਸ ਦਾ, ਹਿਰਦਾ ਨਹੀਂ ਹੁੰਦਾ ਨਿਰਮਾਨ॥
ਦੱਸੋ! ਉਹ ਫਿਰ ਭਲਾ ਕਿਸ ਤਰ੍ਹਾਂ? ਦਰ ਪ੍ਰਭ ਦੇ ਹੋਸੀ ਪ੍ਰਵਾਨ॥
(੪) ਮਾਣ ਕਰੇ ਖ਼ੁਦ ਆਪਣੇ ਤੇ ਜੋ, ਤੇ ਖ਼ੁਦ ਨੂੰ ਹੀ ਭਲਾ ਕਹਾਵੈ॥
ਉਸ ਦਾ ਨਿਰਾ ਵਿਖਾਵਾ ਹੈ ਇਹ, ਨੇਕੀ ਉਸ ਦੇ ਕੋਲ ਨਾ ਜਾਵੈ॥
(੫) ਹੋ ਨਿਰਮਾਣ ਜੋ ਪ੍ਰਾਨੀ ਜੱਗ ਦੀ, ਚਰਨ ਧੂੜ ਨੂੰ ਮਸਤਕ ਲਾਵੇ॥
ਉਹ ਨੂਰੀ ਹੀ ਨਿਰਮਲ ਬੰਦਾ, ਪਿਆਰੇ ਜਗ ਤੇ ਸੋਭਾ ਪਾਵੇ॥

(੧) ਜਬ ਲਗੁ ਜਾਨੈ ਮੁਝ ਤੇ ਕਛੁ ਹੋਇ॥ ਤਬ ਇਸ ਕਿਉ ਸੁਖੁ ਨਾਹੀ ਕੋਇ॥
(੨) ਜਬ ਇਹ ਜਾਨੈ ਮੈਂ ਕਿਛੁ ਕਰਤਾ॥ ਤਬ ਲਗੁ ਗਰਭ ਜਨਿ ਮਹਿ ਫਿਰਤਾ॥
(੩) ਜਬ ਧਾਰੈ ਕੋਊ ਬੈਰੀ ਮੀਤੁ॥ ਤਬ ਲਗ ਨਿਹਚਲੁ ਨਾਹੀ ਚੀਤੁ॥
(੪) ਜਬ ਲਗੁ ਮੋਹ ਮਗਨ ਸੰਗਿ ਮਾਇ॥ ਤਬ ਲਗੁ ਧਰਮਰਾਇ ਦੇਇ ਸਜਾਇ॥
(੫) ਪ੍ਰਭ ਕਿਰਪਾ ਤੇ ਬੰਧਨ ਤੂਟੈ॥ ਗੁਰ ਪ੍ਰਸਾਦਿ ਨਾਨਕ ਹਉ ਛੂਟੈ॥੪॥

ਅਨੁਵਾਦਿ

(੧) ਇਹ ਪ੍ਰਾਨੀ ਜਦ ਤਕ ਇਹ ਸੋਚੇ, ਇਹ ਮੈਥੋਂ ਹੋ ਸਕਦੀ ਕਾਰ॥
ਤਦ ਤੀਕਰ ਇਸ ਪ੍ਰਾਨੀ ਤਾਈਂ, ਮਿਲਦਾ ਸੁਖ ਨਹੀਂ ਸਰਕਾਰ॥
(੨) ਜਦ ਤੀਕਰ ਇਹ ਪ੍ਰਾਨੀ ਜਾਣੇ, ਮੈਂ ਕਰਦਾ ਅਪਣੇ ਬਲ ਨਾਲ॥
ਤਦ ਤੀਕਰ ਪੈ ਜੂਨੀ ਇਹ ਨਰ, ਐ ਮਨ ਫਿਰਦਾ ਮੰਦੇ ਹਾਲ॥
(੩) ਜਦ ਤੀਕਰ ਪਿਆਰੇ ਇਹ ਪ੍ਰਾਨੀ, ਵੈਰੀ ਮਿੱਤ੍ਰ ਸਮ ਨਾ ਜਾਣੇ॥
ਤਦ ਤੀਕਰ ਇਸਦਾ ਮਨ ਉੱਕਾ, ਆ ਸਕਦਾ ਨਹੀਂ ਕਦੇ ਟਿਕਾਣੇ॥
(੪) ਜਦ ਤੀਕਰ ਮੋਹ ਮਾਇਆ ਅੰਦਰ, ਇਹ ਨਰ ਪਿਆਰੇ ਹੈ ਗਲਤਾਨ॥
ਤਦ ਤੀਕਰ ਇਹ ਧਰਮਰਾਜ ਤੋਂ, ਪਾਉਂਦੇ ਰਹਿਸੀ ਦੰਡ ਮਹਾਨ॥
(੫) ਇਹ ਮਾਇਆ ਦੇ ਬੰਧ ਪਿਆਰੇ, ਪ੍ਰਭ ਕਿਰਪਾ ਤੇ ਹੁੰਦੇ ਚੂਰ॥
ਗੁਰ ਕਿਰਪਾ ਤੋਂ ਨੂਰੀ ਸਤਿਗੁਰ, ਹਉਮੈਂ ਹੁੰਦਾ ਮਨ ਤੋਂ ਦੂਰ।

(੧) ਸਹਸ ਖਟੇ ਲਖ ਕਉ ਉਠਿ ਧਾਵੈ॥ ਤ੍ਰਿਪਤਿ ਨ ਆਵੈ ਮਾਇਆ ਪਾਛੈ ਪਾਵੈ॥
(੨) ਅਨਿਕ ਭੋਗ ਬਿਖਿਆ ਕੇ ਕਰੈ॥ ਨਹ ਤ੍ਰਿਪਤਾਵੈ ਖਪਿ ਖਪਿ ਮਰੈ॥
(੩) ਬਿਨਾ ਸੰਤੋਖ ਨਹੀ ਕੋਊ ਰਾਜੈ॥ ਸੁਪਨ ਮਨੋਰਥ ਬ੍ਰਿਥੇ ਸਭ ਕਾਜੈ॥
(੪) ਨਾਮ ਰੰਗਿ ਸਰਬ ਸੁਖੁ ਹੋਇ॥ ਬਡਭਾਗੀ ਕਿਸੈ ਪਰਾਪਤਿ ਹੋਇ॥
(੫) ਕਰਨ ਕਰਾਵਨ ਆਪੇ ਆਪਿ॥ ਸਦਾ ਸਦਾ ਨਾਨਕ ਹਰਿ ਜਾਪਿ॥੫॥

ਅਨੁਵਾਦ

(੧) ਖੱਟ ਕੇ ਇਹ ਨਰ ਕਈ ਹਜ਼ਾਰਾਂ, ਲੱਖਾਂ ਖ਼ਾਤਰ ਦੌੜ ਲਗਾਵੇ॥
ਉੱਕਾ ਇਸ ਨੂੰ ਰੱਜ ਨਾ ਆਵੇ, ਮਾਇਆ ਜੋੜ ਕੇ ਧਰਦਾ ਜਾਵੇ॥
(੨) ਮਾਇਆ ਸੰਗ ਮਾਣਦਾ ਮੌਜਾਂ, ਭੋਗ ਅਨੇਕਾਂ ਕਰਦਾ ਹੈ ਨਰ॥
ਇਸਨੂੰ ਉੱਕਾ ਰੱਜ ਨਹੀਂ ਅਉਂਦੈ, ਖਪ ਖਪ ਕੇ ਇਹ ਮਰਦਾ ਹੈ ਨਰ॥
(੩) ਸਬਰ ਸੰਤੋਖ ਨਹੀਂ ਜਿਸ ਤਾਈਂ, ਉਸ ਪ੍ਰਾਨੀ ਨੂੰ ਰੱਜ ਨਾ ਆਵੇ॥
ਸੁਪਨੇ ਵਾਂਗ ਇਹ ਕਾਰਜ ਬਿਰਥੇ, ਕੁਝ ਨਾ ਇਸ ਤੋਂ ਇਹ ਨਰ ਪਾਵੇ॥
(੪) ਪ੍ਰਭੂ ਨਾਮ ਦੇ ਸਿਮਰਨ ਵਿਚ ਹੀ, ਐ ਪ੍ਰਾਨੀ ਮਿਲਦੇ ਸੁਖ ਸਾਰੇ॥
ਵਿਰਲੇ ਪਰ ਵਡਭਾਗੀ ਨੂੰ ਹੀ, ਮਿਲਦੀ ਹੈ ਇਹ ਦਾਤ ਪਿਆਰੇ॥
(੫) ਆਪੇ ਹੀ ਪ੍ਰਭ ਕਰਦਾ ਹੈ ਸਭ, ਆਪੇ ਹੀ ਉਹ ਕਰੇ ਕਰਾਵੇ॥
ਉਹ ਪ੍ਰਭ ਸਿਮਰ ਸਦਾ ਤੂੰ ਪ੍ਰਾਨੀ, ਨੂਰੀ ਸਤਿਗੁਰ ਇਹ ਫੁਰਮਾਵੇ॥

(੧) ਕਰਨ ਕਰਾਵਨ ਕਰਨੈਹਾਰੁ॥ ਇਸ ਕੈ ਹਾਥਿ ਕਹਾ ਬੀਚਾਰੁ॥
(੨) ਜੈਸੀ ਦ੍ਰਿਸਟਿ ਕਰੇ ਤੈਸਾ ਹੋਇ॥ ਆਪੇ ਆਪਿ ਆਪਿ ਪ੍ਰਭੁ ਸੋਇ॥
(੩) ਜੋ ਕਿਛੁ ਕੀਨੋ ਸੁ ਅਪਨੈ ਰੰਗਿ॥ ਸਭ ਤੇ ਦੂਰਿ ਸਭਹੂ ਕੇ ਸੰਗਿ॥
(੪) ਬੂਝੈ ਦੇਖੈ ਕਰੈ ਬਿਬੇਕ॥ ਆਪਹਿ ਏਕ ਆਪਹਿ ਅਨੇਕ॥
(੫) ਮਰੈ ਨ ਬਿਨਸੈ ਆਵੈ ਨ ਜਾਇ॥ ਨਾਨਕ ਸਦ ਹੀ ਰਹਿਆ ਸਮਾਇ॥੬॥

ਅਨੁਵਾਦ

(੧) ਕਰਨ ਕਰਾਵਨਹਾਰ ਸੁਆਮੀ, ਸਭ ਕੁਝ ਉਹ ਹੀ ਕਰਨੇਹਾਰ॥
ਇਸ ਬੰਦੇ ਦੇ ਹੱਥ ਨਹੀਂ ਕੁਝ, ਵੇਖੋ! ਕਰ ਕੇ ਸੋਚ ਵਿਚਾਰ॥
(੨) ਜਿਸ ਤੇ ਨਜ਼ਰ ਕਰੇ ਪ੍ਰਭ ਜੈਸੀ, ਤੈਸਾ ਉਹ ਨਰ ਹੋਇ ਸਾਕਾਰ॥
ਉਸ ਵਰਗਾ ਕੋਈ ਹੋਰ ਨਹੀਂ ਹੈ, ਆਪ ਜਿਹਾ ਆਪੇ ਕਰਤਾਰ॥
(੩) ਜੋ ਵੀ ਉਸ ਬਣਾਈ ਰਚਨਾ, ਉਸ ਵਿਚ ਉਸ ਪ੍ਰਭ ਦਾ ਹੀ ਨੂਰ॥
ਹਰ ਇਕ ਵਿਚ ਹੈ ਉਸਦਾ ਵਾਸਾ, ਹਰ ਇਕ ਤੋਂ ਪ੍ਰਭ ਰਹਿੰਦਾ ਦੂਰ॥
(੪) ਆਪੇ ਸਭ ਕੁਝ ਜਾਣ ਰਿਹਾ ਉਹ, ਆਪੇ ਵੇਖੇ ਕਰੇ ਵਿਚਾਰ॥
ਆਪੇ ਹੀ ਪ੍ਰਭ ਇਕ ਹੈ ਪਿਆਰਾ, ਆਪੇ ਰੂਪ ਲਵੇ ਕਈ ਧਾਰ॥
(੫) ਮਰਨ ਜਨਮ ਵਿਚ ਉਹ ਨਹੀਂ ਆਉਂਦੈ, ਨਾ ਹੀ ਉਸ ਦਾ ਹੁੰਦਾ ਨਾਸ॥
ਨੂਰੀ ਸਤਿਗੁਰ ਮੇਰੇ ਪ੍ਰਭ ਦਾ, ਕਣ ਕਣ ਦੇ ਵਿਚ ਪਿਆਰੇ ਵਾਸ॥

(੧) ਆਪਿ ਉਪਦੇਸੈ ਸਮਝੈ ਆਪਿ॥ ਆਪੇ ਰਚਿਆ ਸਭ ਕੈ ਸਾਥਿ॥
(੨) ਆਪਿ ਕੀਨੋ ਆਪਨ ਬਿਸਥਾਰੁ॥ ਸਭੁ ਕਛੁ ਉਸ ਦਾ ਓਹੁ ਕਰਨੈਹਾਰ॥
(੩) ਉਸ ਤੇ ਭਿੰਨ ਕਹਹੁ ਕਿਛੁ ਹੋਇ॥ ਥਾਨ ਥਨੰਤਰਿ ਏਕੈ ਸੋਇ॥
(੪) ਅਪੁਨੇ ਚਲਿਤ ਆਪਿ ਕਰਣੈਹਾਰ॥ ਕਉਤਕ ਕਰੈ ਰੰਗ ਆਪਾਰ॥
(੫) ਮਨ ਮਹਿ ਆਪਿ ਮਨ ਅਪੁਨੇ ਮਾਹਿ॥ ਨਾਨਕ ਕੀਮਤਿ ਕਹਨੁ ਨ ਜਾਇ॥੭॥

ਅਨੁਵਾਦਿ

(੧) ਆਪੇ ਨੂੰ ਪ੍ਰਭ ਆਪੇ ਜਾਣੈ, ਆਪੇ ਨੂੰ ਦੇਵੇ ਉਪਦੇਸ਼॥
ਆਪੇ ਹਰ ਇਕ ਵਿਚ ਸਮਾਇਆ, ਆਪੇ ਹਰ ਸੰਗ ਰਹੇ ਹਮੇਸ਼॥
(੨) ਆਪੇ ਹੀ ਪ੍ਰਭ ਜਗਤ ਬਣਾਇਆ, ਆਪੇ ਹੀ ਕੀਤੈ ਵਿਸਥਾਰ॥
ਆਪੇ ਉਸ ਰਚਾਈ ਰਚਨਾ, ਸਭ ਕੁਝ ਹੈ ਉਹ ਕਰਨੇਹਾਰ॥
(੩) ਦੱਸੋ! ਉਸ ਤੋਂ ਕੀ ਹੈ ਵੱਖਰਾ? ਕਣ ਕਣ ਵਿਚ ਹੈ ਉਸ ਦਾ ਨੂਰ॥
ਹਰ ਇਕ ਥਾਂ ਤੇ ਉਹ ਹੀ ਉਹ ਹੈ, ਉਹ ਇਕੋ ਹੀ ਪ੍ਰਭੂ ਹਜ਼ੂਰ॥
(੪) ਉਹ ਆਪਣੈ ਹੀ ਰੰਗ ਤਮਾਸ਼ੇ, ਕਰਦਾ ਰਹਿੰਦਾ ਹੈ ਕਰਤਾਰ॥
ਉਸ ਪ੍ਰਭ ਦੇ ਚੋਜ਼ਾਂ ਦਾ ਪਿਆਰੇ, ਆਉਂਦਾ ਨਹੀਂ ਹੈ ਕੋਈ ਸ਼ੁਮਾਰ॥
(੫) ਉਹ ਆਪੇ ਹਰ ਦਿਲ ਵਿਚ ਵਸਦਾ, ਦਿਲ ਉਸ ਦੇ ਵਿਚ ਵਸਦੇ ਸਾਰੇ॥
ਨੂਰੀ ਸਤਿਗੁਰ ਓਸ ਪ੍ਰਭੂ ਦਾ, ਮੁੱਲ ਨ ਪਾਇਆ ਜਾਏ ਪਿਆਰੇ॥

(੧) ਸਤਿ ਸਤਿ ਸਤਿ ਪ੍ਰਭੁ ਸੁਆਮੀ॥ ਗੁਰਪ੍ਰਸਾਦਿ ਕਿਨੈ ਵਖਿਆਨੀ॥
(੨) ਸਚੁ ਸਚੁ ਸਚੁ ਸਭੁ ਕੀਨਾ॥ ਕੋਟਿ ਮਧੇ ਕਿਨੈ ਬਿਰਲੈ ਚੀਨਾ॥
(੩) ਭਲਾ ਭਲਾ ਭਲਾ ਤੇਰਾ ਰੂਪ॥ ਅਤਿ ਸੁੰਦਰ ਅਪਾਰ ਅਨੂਪ॥
(੪) ਨਿਰਮਲ ਨਿਰਮਲ ਨਿਰਮਲ ਤੇਰੀ ਬਾਣੀ॥ ਘਟਿ ਘਟਿ ਸੁਨੀ ਸ੍ਰਵਨ ਬਖ੍ਯਾਣੀ॥
(੫) ਪਵਿਤ੍ਰ ਪਵਿਤ੍ਰ ਪਵਿਤ੍ਰ ਪੁਨੀਤ॥ ਨਾਮ ਜਪੈ ਨਾਨਕ ਮਨਿ ਪ੍ਰੀਤਿ॥੮॥੧੨॥

ਅਨਵਾਦਿ

(੧) ਸਦਾ ਸਦਾ ਸਦਾ ਹੈ ਰਹਿਣਾ, ਮੇਰਾ ਪ੍ਰਭ ਨੂਰੀ ਨੂਰਾਨੀ॥
ਸਤਿਗੁਰ ਦੀ ਕਿਰਪਾ ਦੇ ਸਦਕੇ, ਇਹ ਬਾਤ ਵਿਰਲੇ ਹੀ ਜਾਨੀ॥
(੨) ਇਹ ਸਭ ਰਚਨਾ ਸੱਚ ਹੈ ਪਿਆਰੇ, ਜੋ ਮੇਰੇ ਪ੍ਰਭ ਆਪ ਰਚਾਈ॥
ਵਿਰਲੇ ਕਿਸੇ ਕ੍ਰੋੜਾਂ ਚੋਂ ਪਰ, ਇਸ ਦੀ ਪਿਆਰੇ ਸੋਝੀ ਪਾਈ॥
(੩) ਬਹੁਤ ਹੀ ਸੋਹਣਾ ਬੜਾ ਪਿਆਰਾ, ਰੂਪ ਤੇਰਾ ਪਿਆਰੇ ਮਨ ਭਾਉਂਦੈ॥
ਤੇਰੇ ਵਰਗਾ ਹੋਰ ਨਹੀਂ ਕੋਈ, ਸੁੰਦਰ ਪਿਆਰੇ ਨਜ਼ਰੀਂ ਆਉਂਦੈ॥
(੪) ਨਿਰਮਲ ਬੋਲ ਤੇਰੇ ਅਤਿ ਪਿਆਰੇ, ਸੁਣ ਸੁਣ ਕੇ ਹਰ ਦਿਲ ਨੂੰ ਭਾਵਨ॥
ਸਭ ਵਿਚ ਤੂੰ ਆਪੇਂ ਹੈਂ ਵਸਦਾ, ਏਸ ਭੇਤ ਨੂੰ ਵਿਰਲੇ ਪਾਵਨ॥
(੫) ਉਹ ਹੋ ਜਾਂਦੇ ਪਾਕਿ ਪਵਿੱਤਰ, ਦਿਲ ਵਿਚ ਪ੍ਰਭੂ ਵਸਾਵਨ ਵਾਲੇ॥
ਨੂਰੀ ਸਤਿਗੁਰ ਸਿਮਰਨ ਕਰ ਕੇ, ਮਨ ਚਿੱਤ ਪ੍ਰਭ ਥੀਂ ਲਾਵਨ ਵਾਲੇ॥

ਸਲੋਕੁ ॥

ਸੰਤ ਸਰਨਿ ਜੋ ਜਨੁ ਪਰੈ ਸੋ ਜਨੁ ਉਧਰਨਹਾਰ ॥
ਸੰਤ ਕੀ ਨਿੰਦਾ ਨਾਨਕਾ ਬਹੁਰਿ ਬਹੁਰਿ ਅਵਤਾਰ ॥

ਅਨੁਵਾਦਿ

ਜੋ ਨਰ ਸੰਤ ਸਰਨ ਹੈ ਪੈਂਦਾ, ਉਹ ਪਿਆਰੇ ਮੁਕਤੀ ਪਦ ਪਾਵੇ॥
ਕਰ ਕੇ ਸੰਤ ਦੀ ਨਿੰਦਿਆ ਪ੍ਰਾਨੀ, ਜਨਮ ਮਰਨ ਦੇ ਚੱਕਰ ਖਾਵੇ॥

ਅਸਟਪਦੀ॥

(੧) ਸੰਤ ਕੈ ਦੂਖਨਿ ਆਰਜਾ ਘਟੈ॥ ਸੰਤ ਕੈ ਦੂਖਨਿ ਜਮ ਤੇ ਨਹੀ ਛੁਟੈ॥
(੨) ਸੰਤ ਕੈ ਦੂਖਨਿ ਸੁਖੁ ਜਾਇ॥ ਸੰਤ ਕੈ ਦੂਖਨਿ ਨਰਕ ਮਹਿ ਪਾਇ॥
(੩) ਸੰਤ ਕੈ ਦੂਖਨਿ ਮਤਿ ਹੋਇ ਮਲੀਨ॥ ਸੰਤ ਕੈ ਦੂਖਨਿ ਸੋਭਾ ਤੇ ਹੀਨ॥
(੪) ਸੰਤ ਕੇ ਹਤੇ ਕਉ ਰਖੈ ਨ ਕੋਇ॥ ਸੰਤ ਕੈ ਦੂਖਨਿ ਥਾਨ ਭ੍ਰਸਟੁ ਹੋਇ॥
(੫) ਸੰਤ ਕ੍ਰਿਪਾਲ ਕ੍ਰਿਪਾ ਜੇ ਕਰੈ॥ ਨਾਨਕ ਸੰਤ ਸੰਗਿ ਨਿੰਦਕੁ ਭੀ ਤਰੈ॥੧॥

ਅਨੁਵਾਦ

(੧) ਨਿੰਦਿਆ ਕਰਿਆ ਸੰਤ ਦੀ ਪਿਆਰੇ, ਉਮਰ ਅਕਾਰਥ ਹੀ ਸਭ ਜਾਵੇ॥
ਨਿੰਦਿਆ ਕਰਿਆਂ ਸੰਤ ਦੀ ਐ ਮਨ, ਜਮ ਤੋਂ ਨਾ ਛੁਟਕਾਰਾ ਪਾਵੇ॥
(੨) ਸੰਤ ਦੀ ਨਿੰਦਿਆ ਕਰਦਾ ਹੈ ਜੋ, ਸੁਖ ਉਸਦਾ ਕਾਫੂਰ ਹੋ ਜਾਵੇ॥
ਸੰਤ ਦੇ ਨਿੰਦਕ ਤਾਂਈ ਪਿਆਰੇ, ਮੇਰਾ ਸਤਿਗੁਰ ਨਰਕ 'ਚ ਪਾਵੇ॥
(੩) ਸੰਤ ਦੀ ਨਿੰਦਿਆ ਕਰਦਾ ਹੈ ਜੋ, ਮਤ ਉਸਦੀ ਹੁੰਦੀ ਨਾ ਪਾਕ॥
ਸੰਤ ਦੋਖੀ ਦੀ ਮਾਣ ਤੇ ਇਜ਼ਤ, ਮਿਲ ਜਾਂਦੀ ਹੈ ਸਾਰੀ ਖ਼ਾਕ॥
(੪) ਸੰਤ ਦੇ ਦੁਰਕਾਰੇ ਨੂੰ ਕੋਈ, ਜਗ ਤੇ ਉੱਕਾ ਮੂੰਹ ਨਾ ਲਾਵੈ॥
ਸੰਤ ਦੋਖੀ ਦਾ ਨਿੰਦਿਆ ਕਰਕੇ, ਪਿਆਰੇ ਹਿਰਦਾ ਭਰਿਸ਼ਟ ਹੋ ਜਾਵੇ॥
(੫) ਮਿਹਰਵਾਨ ਜੇ ਸੰਤ ਦਿਆਲੂ, ਆਪਣੀ ਕ੍ਰਿਪਾ ਕਰੇ ਪਿਆਰੇ॥
ਸਤਿਗੁਰ ਸੰਤ ਦੀ ਸੰਗਤਿ ਕਰਕੇ, ਨਿੰਦਕ ਵੀ ਫਿਰ ਤਰੇ ਪਿਆਰੇ॥

(੧) ਸੰਤ ਕੈ ਦੂਖਨ ਤੇ ਮੁਖੁ ਭਵੈ॥ ਸੰਤਨ ਕੈ ਦੂਖਨਿ ਕਾਗ ਜਿਉ ਲਵੈ॥
(੨) ਸੰਤਨ ਕੇ ਦੂਖਨਿ ਸਰਪ ਜੋਨਿ ਪਾਇ॥ ਸੰਤ ਕੈ ਦੂਖਨਿ ਤ੍ਰਿਗਦ ਜੋਨਿ ਕਿਰਮਾਇ॥
(੩) ਸੰਤਨ ਕੈ ਦੂਖਨਿ ਤ੍ਰਿਸਨਾ ਮਹਿ ਜਲੈ॥ ਸੰਤ ਕੈ ਦੂਖਨਿ ਸਭੁ ਕੋ ਛਲੈ॥
(੪) ਸੰਤ ਕੈ ਦੂਖਨਿ ਤੇਜੁ ਸਭੁ ਜਾਇ॥ ਸੰਤ ਕੈ ਦੂਖਨਿ ਨੀਚੁ ਨੀਚਾਇ॥
(੫) ਸੰਤ ਦੋਖੀ ਕਾ ਥਾਉ ਕੋ ਨਾਹਿ॥ ਨਾਨਕ ਸੰਤ ਭਾਵੈ ਤਾ ਉਇ ਭੀ ਗਤਿ ਪਾਹਿ॥੨॥

ਅਨੁਵਾਦ

(੧) ਸੰਤ ਦੀ ਨਿੰਦਿਆ ਕਰਦਾ ਹੈ ਜੋ, ਮੂੰਹ ਉਸਦਾ ਫਿਟਕਾਰਿਆ ਜਾਵੇ॥
ਸੰਤ ਦਾ ਨਿੰਦਕ ਕਾਂ ਦੇ ਵਾਂਗਰ, ਹਰ ਦਮ ਵਿਲਕੇ ਤੇ ਕੁਰਲਾਵੇ॥
(੨) ਸੰਤ ਦਾ ਨਿੰਦਕ ਨੂੰ ਪ੍ਰਭ ਮੇਰਾ, ਪਿਆਰੇ ਸੱਪ ਦੀ ਜੂਨੇ ਪਾਵੇ॥
ਸੰਤ ਦਾ ਨਿੰਦਕ ਜੂਨੀ ਪੈ ਪੈ, ਪੰਛੀ, ਪਸ਼ੂ, ਕ੍ਰਿਮ ਬਣ ਆਵੇ॥
(੩) ਸੰਤ ਦਾ ਨਿੰਦਕ ਨਿੰਦਿਆ ਕਰਕੇ, ਤ੍ਰਿਸਨਾ ਅੱਗ ਵਿਚ ਸੜ ਸੜ ਮਰਦਾ॥
ਸੰਤ ਦਾ ਨਿੰਦਕ ਹਰ ਇਕ ਥੀਂ ਹੀ, ਠੱਗੀ, ਹੇਰਾ ਫੇਰੀ ਕਰਦਾ॥
(੪) ਸੰਤ ਦਾ ਨਿੰਦਕ ਨਿੰਦਿਆ ਕਰਕੇ, ਅਪਣਾ ਹੀ ਤੱਪ ਤੇਜ ਗਵਾਉਂਦੈ॥
ਸੰਤ ਦਾ ਨਿੰਦਕ ਨਿੰਦਿਆ ਕਰਕੇ, ਸਭ ਤੋਂ ਨੀਵਾਂ ਦਰਜਾ ਪਾਉਂਦੈ॥
(੫) ਸੰਤ ਦੇ ਦੋਖੀ ਤਾਈ ਕਿਧਰੇ, ਮਿਲਦੀ ਹੈ ਨਾ ਢੋਈ ਪਿਆਰੇ॥
ਸਤਿਗੁਰ ਸੰਤ ਜੇ ਚਾਹਵੇ ਨੂਰੀ, ਉਹ ਨਿੰਦਕ ਵੀ ਪਾਰ ਉਤਾਰੇ॥

(੧) ਸੰਤ ਕਾ ਨਿੰਦਕੁ ਮਹਾ ਅਤਤਾਈ॥ ਸੰਤ ਕਾ ਨਿੰਦਕੁ ਖਿਨੁ ਟਿਕਨੁ ਨ ਪਾਈ॥
(੨) ਸੰਤ ਕਾ ਨਿੰਦਕੁ ਮਹਾ ਹਤਿਆਰਾ॥ ਸੰਤ ਕਾ ਨਿੰਦਕੁ ਪਰਮੇਸੁਰਿ ਮਾਰਾ॥
(੩) ਸੰਤ ਕਾ ਨਿੰਦਕੁ ਰਾਜ ਤੇ ਹੀਨੁ॥ ਸੰਤ ਕਾ ਨਿੰਦਕੁ ਦੁਖੀਆ ਅਰੁ ਦੀਨੁ॥
(੪) ਸੰਤ ਕਾ ਨਿੰਦਕ ਕਉ ਸਰਬ ਰੋਗ॥ ਸੰਤ ਕੇ ਨਿੰਦਕ ਕਉ ਸਦਾ ਬਿਜੋਗ॥
(੫) ਸੰਤ ਕੀ ਨਿੰਦਾ ਦੋਖ ਮਹਿ ਦੋਖੁ॥ ਨਾਨਕ ਸੰਤ ਭਾਵੈ ਤਾ ਉਸ ਕਾ ਭੀ ਹੋਇ ਮੋਖੁ॥੩॥

ਅਨੁਵਾਦ

(੧) ਸੰਤ ਦੀ ਨਿੰਦਿਆ ਕਰਦਾ ਹੈ ਜੋ, ਉਹ ਅਪਰਾਧੀ ਬਹੁਤਾ ਭਾਰੀ॥
ਸੰਤ ਦੇ ਨਿੰਦਕ ਅਤਿ ਚੁਕਣੋਂ ਨਾ, ਇਕ ਪਲ ਵੀ ਹੈ ਕਦੇ ਗੁਜਾਰੀ॥
(੨) ਸੰਤ ਦਾ ਨਿੰਦਕ ਵੱਡਾ ਜ਼ਾਲਮ, ਜ਼ੁਲਮ ਕਮਾਉਂਦਾ ਰਹਿੰਦਾ ਹੈ॥
ਸੰਤ ਦਾ ਨਿੰਦਕ ਪਰਮੇਸ਼ਰ ਤੋਂ, ਮਾਰ ਦੁਖਾਂ ਦੀ ਸਹਿੰਦਾ ਹੈ॥
(੩) ਸੰਤ ਦਾ ਨਿੰਦਕ ਜਗਤ ਸੁਖਾਂ ਤੋਂ, ਹਰ ਦਮ ਰਹਿੰਦਾ ਦੂਰ ਪਿਆਰੇ॥
ਸੰਤ ਦਾ ਨਿੰਦਕ ਦੁੱਖਾਂ ਦੇ ਵਿਚ, ਆਤੁਰ ਹੋ ਕੇ ਵਕਤ ਗੁਜ਼ਾਰੇ॥
(੪) ਸੰਤ ਦੀ ਨਿੰਦਿਆ ਕਰਦਾ ਹੈ ਜੋ, ਹਰ ਇਕ ਉਸ ਨੂੰ ਰੋਗ ਸਤਾਵੇ॥
ਸੰਤ ਦੋਖੀ ਨੂੰ ਰਹੇ ਵਿਛੋੜਾ, ਮੇਰਾ ਸਤਿਗੁਰ ਮੂੰਹ ਨਾ ਲਾਵੇ॥
(੫) ਸੰਤ ਦੀ ਨਿੰਦਿਆ ਕਰਨੀ ਜਗ ਤੇ, ਸਭ ਤੋਂ ਮੰਦਾ ਕਰਮ ਪਿਆਰੇ॥
ਨੂਰੀ ਸਤਿਗੁਰ ਸੰਤ ਜੇ ਚਾਹਵੇ, ਉਹ ਨਿੰਦਕ ਵੀ ਪਾਰ ਉਤਾਰੇ॥

(੧) ਸੰਤ ਕਾ ਦੋਖੀ ਸਦਾ ਅਪਵਿਤੁ॥ ਸੰਤ ਕਾ ਦੋਖੀ ਕਿਸੈ ਕਾ ਨਹੀ ਮਿਤੁ॥
(੨) ਸੰਤ ਕੇ ਦੋਖੀ ਕਉ ਡਾਨੁ ਲਾਗੈ॥ ਸੰਤ ਕੇ ਦੋਖੀ ਕਉ ਸਭ ਤਿਆਗੈ॥
(੩) ਸੰਤ ਕਾ ਦੋਖੀ ਮਹਾ ਅਹੰਕਾਰੀ॥ ਸੰਤ ਕਾ ਦੋਖੀ ਸਦਾ ਬਿਕਾਰੀ॥
(੪) ਸੰਤ ਕਾ ਦੋਖੀ ਜਨਮੈ ਮਰੈ॥ ਸੰਤ ਕੀ ਦੂਖਨਾ ਸੁਖ ਤੇ ਟਰੈ॥
(੫) ਸੰਤ ਕੇ ਦੋਖੀ ਕਉ ਨਾਹੀ ਠਾਉ॥ ਨਾਨਕ ਸੰਤ ਭਾਵੈ ਤਾ ਲਏ ਮਿਲਾਇ॥੪॥

ਅਨੁਵਾਦ

(੧) ਸੰਤ ਦਾ ਨਿੰਦਕ ਮਨ ਦਾ ਮੈਲਾ, ਗੋਇਆ ਬੱਦ ਕਿਰਦਾਰ ਹੈ ਉਹ॥
ਸੰਤ ਦਾ ਨਿੰਦਕ ਸਭ ਦਾ ਦੁਸ਼ਮਨ, ਕਿਸ ਦਾ ਦੱਸੋ? ਯਾਰ ਹੈ ਉਹ॥
(੨) ਸੰਤ ਦਾ ਨਿੰਦਕ ਤਾਂਈਂ ਪਿਆਰੇ, ਧਰਮ ਰਾਜ ਜਦ ਦੰਡ ਲਗਾਉਂਦੈਂ॥
ਸੰਤ ਦੇ ਨਿੰਦਕ ਕੋਲ ਨਹੀਂ ਹੈ, ਉਸ ਵੇਲੇ ਕੋਈ ਪਿਆਰੇ ਆਉਂਦੈਂ॥
(੩) ਸੰਤ ਦਾ ਦੋਖੀ ਨਿੰਦਿਆ ਕਾਰਣ, ਬਹੁਤ ਵੱਡਾ ਪਿਆਰੇ ਹੰਕਾਰੀ॥
ਸੰਤ ਦੀ ਨਿੰਦਿਆ ਜੋ ਨਰ ਕਰਦਾ, ਉਸ ਨੂੰ ਜਾਣੋਂ ਸਦਾ ਵਿਕਾਰੀ॥
(੪) ਸੰਤ ਦੀ ਨਿੰਦਿਆ ਕਰਦਾ ਹੈ ਜੋ, ਜਨਮ ਮਰਨ ਦੇ ਚੱਕਰ ਖਾਵੇ॥
ਸੰਤ ਦੀ ਜੋ ਵੀ ਨਿੰਦਿਆ ਕਰਦਾ, ਜੀਵਨ ਦੇ ਵਿਚ ਸੁੱਖ ਨਾ ਪਾਵੇ॥
(੫) ਸੰਤ ਦੇ ਨਿੰਦਕ ਤਾਂਈਂ ਕਿਧਰੇ, ਮਿਲਦਾ ਉੱਕਾ ਨਹੀਂ ਸਹਾਰਾ॥
ਨਿੰਦਕ ਵੀ ਉਹ ਗਲੇ ਲਗਾ ਲਏ, ਸਤਿਗੁਰ ਸੰਤ ਜੇ ਚਾਹੇ ਪਿਆਰਾ॥

(੧) ਸੰਤ ਕਾ ਦੋਖੀ ਅਧ ਬੀਚ ਤੇ ਟੂਟੈ। ਸੰਤ ਕਾ ਦੋਖੀ ਕਿਤੈ ਕਾਜਿ ਨ ਪਹੂਚੈ॥
(੨) ਸੰਤ ਕੇ ਦੋਖੀ ਕਉ ਉਦਿਆਨ ਭ੍ਰਮਾਈਐ॥ ਸੰਤ ਕਾ ਦੋਖੀ ਉਝੜਿ ਪਾਈਐ॥
(੩) ਸੰਤ ਕਾ ਦੋਖੀ ਅੰਤਰ ਤੇ ਥੋਥਾ॥ ਜਿਉ ਸਾਸ ਬਿਨਾ ਮਿਰਤਕ ਕੀ ਲੋਥਾ॥
(੪) ਸੰਤ ਕੇ ਦੋਖੀ ਕੀ ਜੜ ਕਿਛੁ ਨਾਹਿ॥ ਆਪਨ ਬੀਜਿ ਆਪੇ ਹੀ ਖਾਹਿ॥
(੫) ਸੰਤ ਕੇ ਦੋਖੀ ਕਉ ਅਵਰੁ ਨ ਰਾਖਨਹਾਰੁ॥ ਨਾਨਕ ਸੰਤ ਭਾਵੈ ਤਾ ਲਏ ਉਬਾਰਿ॥੫॥

ਅਨੁਵਾਦਿ

(੧) ਸੰਤ ਦੀ ਨਿੰਦਿਆਂ ਜੋ ਹੈ ਕਰਦਾ, ਪੈਂਦੀ ਉਸਦੀ ਕਦੇ ਨ ਪੂਰੀ॥
ਸੰਤ ਦੇ ਦੋਖੀ ਦੀ ਹਰ ਸੱਧਰ, ਐ ਮਨ ਰਹਿੰਦੀ ਸਦਾ ਅਧੂਰੀ॥
(੨) ਸੰਤ ਦਾ ਨਿੰਦਕ ਜੰਗਲ ਜੰਗਲ, ਫਿਰਦਾ ਹੈ ਪਿਆ ਵਾਂਗ ਸੁਦਾਈ॥
ਸੰਤ ਦਾ ਦੋਖੀ ਇਉਂ ਭੌਂਦਾ ਹੈ, ਰਾਹੋਂ ਭੁਲਿਆ ਹੈ ਜਿਉਂ ਰਾਹੀ॥
(੩) ਸੰਤ ਦਾ ਨਿੰਦਕ ਅਕਲੋਂ ਖਾਲੀ, ਜੀਵਨ ਦੀ ਨਹੀਂ ਜਿਸਨੂੰ ਸਾਰ॥
ਬਿਨ ਪ੍ਰਾਣਾਂ ਦੇ ਲੋਥ ਜਿਵੇਂ ਹੈ, ਮਿਰਤਕ ਦੀ ਹੁੰਦੀ ਸਰਕਾਰ॥
(੪) ਸੰਤ ਦੋਖੀ ਦੀ ਜੜ ਹੀ ਨਹੀਂ ਹੈ, ਸਿਮਰਨ ਦੀ ਜੋ ਕਰੇ ਨ ਕਾਰ॥
ਨਿੰਦਿਆ ਦਾ ਫਲ ਬੀਜ ਪ੍ਰਾਨੀ, ਫਲ ਆਪੇ ਖਾਂਦਾ ਸਰਕਾਰ॥
(੫) ਸੰਤ ਦੇ ਦੋਖੀ ਦਾ ਇਸ ਜੱਗ ਤੇ, ਹੋਰ ਨਹੀਂ ਕੋਈ ਮਦਦਗਾਰ॥
ਨੂਰੀ ਸਤਿਗੁਰ ਸੰਤ ਜੋ ਚਾਹਵੇ, ਨਿੰਦਕ ਨੂੰ ਕਰ ਸਕਦਾ ਪਾਰ॥

(੧) ਸੰਤ ਕਾ ਦੋਖੀ ਇਉ ਬਿਲਲਾਇ॥ ਜਿਉ ਜਲ ਬਿਹੂਨ ਮਛੁਲੀ ਤੜਫਾਇ॥
(੨) ਸੰਤ ਕਾ ਦੋਖੀ ਭੂਖਾ ਨਹੀ ਰਾਜੇ॥ ਜਿਉ ਪਾਵਕੁ ਈਧਨਿ ਨਹੀ ਧ੍ਰਾਪੈ॥
(੩) ਸੰਤ ਕਾ ਦੋਖੀ ਛੁਟੈ ਇਕੇਲਾ॥ ਜਿਉ ਬੂਆੜੁ ਤਿਲੁ ਖੇਤ ਮਾਹਿ ਦੁਹੇਲਾ॥
(੪) ਸੰਤ ਕਾ ਦੋਖੀ ਧਰਮ ਤੇ ਰਹਤ॥ ਸੰਤ ਕਾ ਦੋਖੀ ਸਦ ਮਿਥਿਆ ਕਹਤ॥
(੫) ਕਿਰਤੁ ਨਿੰਦਕ ਕਾ ਧੁਰਿ ਹੀ ਪਇਆ॥ ਨਾਨਕ ਜੋ ਤਿਸੁ ਭਾਵੈ ਸੋਈ ਥਿਆ॥੬॥

ਅਨੁਵਾਦਿ

(੧) ਸੰਤ ਦਾ ਦੋਖੀ ਜੱਗ ਦੇ ਅੰਦਰ, ਏਸ ਤਰ੍ਹਾਂ ਰੋਵੇ ਕੁਰਲਾਵੇ॥
ਬਿਨ ਪਾਣੀ ਤੋਂ ਜਿੱਦਾ ਮੱਛਲੀ, ਤੜਫ ਤੜਫ ਕੇ ਮਰਦੀ ਜਾਵੇ॥
(੨) ਸੰਤ ਦਾ ਦੋਖੀ ਲੋਭੀ ਭੁੱਖਾ, ਇਸਦੇ ਤਾਂਈਂ ਰੱਜ ਨ ਆਵੇ॥
ਅੱਗ ਦਾ ਪੇਟ ਜਿਵੇਂ ਬਾਲਣ ਥੀਂ, ਐ ਮਨ ਕਦੇ ਨਾ ਤ੍ਰਿਪਤੀ ਪਾਵੇ॥
(੩) ਸੰਤ ਦਾ ਦੋਖੀ ਫਿਰੇ ਅਕੇਲਾ, ਇਸਦੇ ਪਾਸ ਨਾ ਕੋਈ ਖਲੋਵੇ॥
ਅੰਦਰੋਂ ਸੜਿਆ ਤਿਲ ਦਾ ਬੂਟਾ, ਖੇਤ ਪਿਆ ਜਿਉਂ ਗਲ ਸੜ ਰੋਵੇ॥
(੪) ਸੰਤ ਦਾ ਦੋਖੀ ਧਰਮ ਤੋਂ ਹੀਣਾ, ਧੁਰਤੋਂ ਉਸ ਇਹ ਲੇਖ ਲਿਖਾਇਆ॥
ਸੰਤ ਦਾ ਦੋਖੀ ਵੱਡਾ ਝੂਠਾ, ਝੂਠ ਹੀ ਉਸਦੇ ਹਿੱਸੇ ਆਇਆ॥
(੫) ਨਿੰਦਕ ਨੇ ਨਿੰਦਿਆ ਦਾ ਕੰਮ ਹੈ, ਧੁਰ ਦਰਗਾਹੋਂ ਪਿਆਰੇ ਪਾਇਆ॥
ਹੁੰਦਾ ਹੈ ਸੋਈ ਹੀ ਪਿਆਰੇ, ਜੋ ਨੂਰੀ ਸਤਿਗੁਰ ਨੇ ਚਾਹਿਆ॥

(੧) ਸੰਤ ਕਾ ਦੋਖੀ ਬਿਗੜਰੂਪੁ ਹੋਇ ਜਾਇ॥ ਸੰਤ ਕੇ ਦੋਖੀ ਕਉ ਦਰਗਹ ਮਿਲੈ ਸਜਾਇ॥
(੨) ਸੰਤ ਕਾ ਦੋਖੀ ਸਦਾ ਸਹਕਾਈਐ॥ ਸੰਤ ਕਾ ਦੋਖੀ ਨ ਮਰੈ ਨ ਜੀਵਾਈਐ॥
(੩) ਸੰਤ ਕੇ ਦੋਖੀ ਕੀ ਪੁਜੈ ਨ ਆਸਾ॥ ਸੰਤ ਕਾ ਦੋਖੀ ਉਠਿ ਚਲੈ ਨਿਰਾਸਾ॥
(੪) ਸੰਤ ਕੈ ਦੋਖਿ ਨ ਤ੍ਰਿਸ਼ਟੈ ਕੋਇ॥ ਜੈਸਾ ਭਾਵੈਂ ਤੈਸਾ ਕੋਈ ਹੋਇ॥
(੫) ਪਇਆ ਕਿਰਤੁ ਨ ਮੇਟੈ ਕੋਇ॥ ਨਾਨਕ ਜਾਨੈ ਸਚਾ ਸੋਇ॥੭॥

ਅਨੁਵਾਦ

(੧) ਸੰਤ ਦੀ ਨਿੰਦਿਆ ਜੋ ਹੈ ਕਰਦਾ, ਰੂਪ ਤੋਂ ਉਹ ਬੇ ਰੂਪ ਹੋ ਜਾਵੇ॥
ਸੰਤ ਦੀ ਨਿੰਦਿਆ ਕਰਕੇ ਪ੍ਰਾਨੀ, ਧਰਮ ਰਾਜ ਤੋਂ ਵੀ ਦੰਡ ਪਾਵੇ॥
(੨) ਸੰਤ ਦਾ ਦੋਖੀ ਸਹਿਕ ਸਹਿਕ ਕੇ, ਆਤੁਰ ਹੋ ਕੇ ਝੱਟ ਲੰਘਾਵੇ॥
ਸੰਤ ਦਾ ਦੋਖੀ ਮਰੇ ਨ ਜੀਵੇ, ਹਰ ਦਮ ਵਿਲਕੇ ਤੇ ਕੁਰਲਾਵੇ॥
(੩) ਸੰਤ ਦੇ ਦੋਖੀ ਦੀ ਕਿਧਰੇ ਵੀ, ਪੂਰੀ ਕਦੇ ਨਾ ਹੋਵੇ ਆਸਾ॥
ਸੰਤ ਦਾ ਦੋਖੀ ਅੰਤ ਸਮੇਂ ਵੀ, ਜਾਂਦਾ ਹੈ ਜੱਗ ਤੋਂ ਬੇ ਆਸਾ॥
(੪) ਸੰਤ ਦੋਖੀ ਦੀ ਕਰ ਕਰ ਨਿੰਦਿਆ, ਉੱਕਾ ਮਨ ਦੀ ਪਿਆਸ ਨ ਜਾਵੇ॥
ਜੈਸੀ ਨੀਅਤ ਕਿਸੇ ਦੀ ਹੋਵੇ, ਤੈਸਾ ਉਹ ਪ੍ਰਾਨੀ ਫਲ ਪਾਵੇ॥
(੫) ਮੰਦੇ ਕੰਮੀ ਲੇਖ ਲਿਖਾਇਆ, ਇਸਨੂੰ ਦਸੋ! ਕੌਣ ਮਿਟਾਵੇ॥
ਸਤਿਗੁਰ ਸੱਚਾ ਈ ਸਭ ਜਾਣੈ, ਕਿਹੜਾ ਜੋ ਇਸ ਭੇਤ ਨੂੰ ਪਾਵੇ॥

(੧) ਸਭ ਘਟ ਤਿਸ ਕੇ ਓਹੁ ਕਰਨਹਾਰੁ॥ ਸਦਾ ਸਦਾ ਤਿਸ ਕਉ ਨਮਸਕਾਰੁ॥
(੨) ਪ੍ਰਭ ਕੀ ਉਸਤਤਿ ਕਰਹੁ ਦਿਨੁ ਰਾਤਿ॥ ਤਿਸਹਿ ਧਿਆਵਹੁ ਸਾਸਿ ਗਿਰਾਸਿ॥
(੩) ਸਭੁ ਕਛੁ ਵਰਤੈ ਤਿਸ ਕਾ ਕੀਆ॥ ਜੈਸਾ ਕਰੇ ਤੈਸਾ ਕੋ ਥੀਆ॥
(੪) ਅਪਨਾ ਖੇਲੁ ਆਪਿ ਕਰਨੈਹਾਰੁ॥ ਦੂਸਰੁ ਕਉਨੁ ਕਹੈ ਬੀਚਾਰੁ॥
(੫) ਜਿਸ ਨੋ ਕ੍ਰਿਪਾ ਕਰੈ ਤਿਸੁ ਆਪਨ ਨਾਮ ਦੇਇ॥ ਬਡਭਾਗੀ ਨਾਨਕ ਜਨ ਸੇਇ॥੮॥੧੩॥

ਅਨੁਵਾਦ

(੧) ਜੀਅ, ਜੰਤ ਸਭ ਉਸਦੇ ਪਿਆਰੇ, ਉਹ ਪ੍ਰਭ ਹੈ ਸਭ ਕਰਨੇ ਹਾਰ॥
ਸਦਾ, ਸਦਾ ਉਸ ਪ੍ਰਭ ਦੇ ਤਾਈਂ, ਕਰ ਪਿਆਰੇ ਤੂੰ ਨਿਮਸਕਾਰ॥
(੨) ਨਿਸ ਦਿਨ ਉਸ ਪ੍ਰਭ ਦੇ ਗੁਣ ਗਾਉ, ਪਿਆਰੇ ਉਸ ਤੇ ਜਾ ਬਲਿਹਾਰ॥
ਸਾਹ ਸਾਹ ਨਾਲ ਸਿਮਰ ਉਸ ਪ੍ਰਭ ਨੂੰ, ਐ ਦਿਲ ਉਹ ਨ ਕਦੇ ਵਿਸਾਰ॥
(੩) ਜੋ ਪ੍ਰਭ ਚਾਹਵੇ ਉਹ ਹੀ ਹੁੰਦਾ, ਉਹ ਸਭ ਆਪ ਕਰਾਉਂਦਾ ਕਾਰ॥
ਉਸ ਪ੍ਰਭ ਨੇ ਸਾਜੀ ਸਭ ਰਚਨਾ, ਉਸਦਾ ਹੈ ਸਾਰਾ ਪਾਸਾਰ॥
(੪) ਇਸ ਨੇ ਸਭ ਉਸ ਪ੍ਰਭ ਦੀਆਂ ਖੇਡਾਂ, ਆਪ ਹੀ ਪ੍ਰਭ ਹੈ ਕਰਨੇ ਹਾਰ॥
ਉਸ ਬਿਨ ਹੋਰ ਦਸੋ ਕੋਈ ਦੂਜਾ! ਜੋ ਉਸ ਪ੍ਰਭ ਦੀ ਕਰੇ ਵਿਚਾਰ॥
(੫) ਜਿਸ ਪ੍ਰਾਨੀ ਨੂੰ ਕ੍ਰਿਪਾ ਕਰਕੇ, ਨਾਮ ਦੀ ਬਖਸ਼ੇ ਦਾਤ ਦਾਤਾਰ॥
ਉਸ ਵਰਗਾ ਸਤਿਗੁਰ ਵਡਭਾਗੀ ਵਿਰਲਾ ਕੋਈ 'ਨੂਰੀ' ਸੰਸਾਰ॥

ਸਲੋਕੁ ॥

ਤਜਹੁ ਸਿਆਨਪ ਸੁਰਿਜਨਹੁ, ਸਿਮਰਹੁ ਹਰਿ ਹਰਿ ਰਾਇ ॥
ਏਕ ਆਸ ਹਰਿ ਮਨਿ ਰਖਹੁ, ਨਾਨਕ ਦੂਖੁ ਭਰਮੁ ਭਉ ਜਾਇ ॥੧॥

ਅਨੁਵਾਦ

ਬੰਦਿਉ ਤੁਸੀਂ ਸਿਆਣਪ ਛੱਡੋ, ਹਰ ਪ੍ਰਭ ਸਿਮਰਨ ਕਰੋ ਜ਼ਰੂਰ ॥
ਪਿਆਰੇ ਆਸ ਰੱਖੋ ਇਕ ਪ੍ਰਭ ਦੀ, ਦੁਖ ਭਰਮ ਭਉ ਹੋਵਣ ਦੂਰ ॥

ਅਸਟਪਦੀ॥

(੧) ਮਾਨੁਖ ਕੀ ਟੇਕ ਬ੍ਰਿਥੀ ਸਭ ਜਾਨੁ॥ ਦੇਵਨ ਕਉ ਏਕੈ ਭਗਵਾਨੁ॥
(੨) ਜਿਸ ਕੈ ਦੀਐ ਰਹੈ ਅਘਾਇ॥ ਬਹੁਰਿ ਨ ਤ੍ਰਿਸਨਾ ਲਾਗੈ ਆਇ॥
(੩) ਮਾਰੈ ਰਾਖੈ ਏਕੋ ਆਪਿ॥ ਮਾਨੁਖ ਕੈ ਕਿਛੁ ਨਾਹੀ ਹਾਥਿ॥
(੪) ਤਿਸ ਕਾ ਹੁਕਮੁ ਬੂਝਿ ਸੁਖੁ ਹੋਇ॥ ਤਿਸ ਕਾ ਨਾਮੁ ਰਖੁ ਕੰਠਿ ਪਰੋਇ॥
(੫) ਸਿਮਰਿ ਸਿਮਰਿ ਸਿਮਰਿ ਪ੍ਰਭੁ ਸੋਇ॥ ਨਾਨਕ ਬਿਘਨੁ ਨ ਲਾਗੈ ਕੋਇ॥੧॥

ਅਨੁਵਾਦ

(੧) ਝੂਠੀ ਕਰਨੀ ਆਸ ਕਿਸੇ ਤੇ, ਪਿਆਰੇ ਤੂੰ ਇਹ ਬਾਤ ਵਿਚਾਰ॥
ਸਭ ਦਾ ਮਾਲਕ ਹੈ ਇਕ ਪ੍ਰਭ ਹੀ, ਦੇਵਣ ਵਾਲਾ ਉਹ ਕਰਤਾਰ॥
(੨) ਜਿਸ ਦੇ ਦਿਤਿਆਂ ਮਨ ਤ੍ਰਿਪਤਾਵੇ, ਤਨ ਹੋਵੇ ਜਿਸ ਥੀਂ ਸਰਸ਼ਾਰ॥
ਮਿੱਟ ਜਾਵੇ ਸਭ ਪਿਆਰੇ ਚਿੰਤਾ, ਫੇਰ ਨਾ ਤ੍ਰਿਸਨਾਂ ਕਰੇ ਲਾਚਾਰ॥
(੩) ਆਪ ਪ੍ਰਭੂ ਹੀ ਬਖਸ਼ੇ ਜੀਵਨ, ਆਪ ਪ੍ਰਭੂ ਹੀ ਸੱਕਦਾ ਮਾਰ॥
ਬੰਦੇ ਦੇ ਕੁਝ ਵੱਸ ਨਹੀਂ ਹੈ, ਇਹ ਬੰਦਾ ਬੇਵਸ ਲਾਚਾਰ॥
(੪) ਉਸਦੇ ਹੁਕਮ ਚ ਸੁਖ ਨੇ ਸਾਰੇ, ਇਹ ਗਲ ਪਿਆਰੇ ਦਿਲ ਵਿਚ ਧਾਰ॥
ਪੂਜਣ ਦੇ ਲਈ ਨਾਮ ਪ੍ਰਭੂ ਦਾ, ਅਪਣੇ ਗਲ ਪਰੋ ਲੈ ਹਾਰ॥
(੫) ਸਿਮਰ, ਸਿਮਰ, ਤੂੰ ਨਾਮ ਪ੍ਰਭੂ ਦਾ, ਸਿਮਰ ਸਦਾ ਉਹ ਸਿਰਜਣਹਾਰ॥
ਨੂਰੀ ਸਤਿਗੁਰ ਸਿਮਰਨ ਥੀਂ ਕੋਈ, ਅੜਚਨ ਨਹੀਂ ਆਉਂਦੀ ਸਰਕਾਰ॥

(੧) ਉਸਤਤਿ ਮਨ ਮਹਿ ਕਰਿ ਨਿਰੰਕਾਰ॥ ਕਰਿ ਮਨ ਮੇਰੇ ਸਤਿ ਬਿਉਹਾਰ॥
(੨) ਨਿਰਮਲ ਰਸਨਾ ਅੰਮ੍ਰਿਤੁ ਪੀਉ॥ ਸਦਾ ਸੁਹੇਲਾ ਕਰਿ ਲੇਹਿ ਜੀਉ॥
(੩) ਨੈਨਹੁ ਪੇਖੁ ਠਾਕੁਰ ਕਾ ਰੰਗੁ॥ ਸਾਧ ਸੰਗਿ ਬਿਨਸੈ ਸਭ ਸੰਗੁ॥
(੪) ਚਰਨ ਚਲਉ ਮਾਰਗਿ ਗੋਬਿੰਦ॥ ਮਿਟਹਿ ਪਾਪ ਜਪੀਐ ਹਰਿ ਬਿੰਦ॥
(੫) ਕਰ ਹਰਿ ਕਰਮ ਸ੍ਰਵਨਿ ਹਰਿ ਕਥਾ॥ ਹਰਿ ਦਰਗਹ ਨਾਨਕ ਊਜਲ ਮਥਾ॥੨॥

ਅਨੁਵਾਦ

(੧) ਐ ਮਨ ਮੇਰੇ ਮਨ ਆਪਣੇ ਵਿਚ, ਉਸਤਿਤ ਹਰ ਦਮ ਕਰ ਨਰੰਕਾਰ॥
ਏਹੋ ਹੈ ਇਕ ਸੱਚ ਦਾ ਮਾਰਗ, ਏਸ ਜਿਹਾ ਨਹੀਂ ਹੋਰ ਵਿਉਹਾਰ॥
(੨) ਰਸਨਾ ਥੀ ਅੰਮ੍ਰਿਤ ਰੱਸ ਪੀ ਕੇ, ਨਿਰਮਲ ਨਾਮ ਜਪੋ ਦਾਤਾਰ॥
ਐ ਮਨ ਸੁਦਾ ਸੁਖੀ ਜੇ ਰਹਿਣਾ, ਨਾਮ ਸੰਗ ਦਿਲ ਕਰ ਸਰਸ਼ਾਰ॥
(੩) ਨੈਣੋਂ ਮੇਰਿਓ! ਵੇਖੋ ਹਰ ਦਮ, ਠਾਕਰ ਦੇ ਨੇ ਰੰਗ ਅਪਾਰ॥
ਸਾਧੂ ਦੀ ਸੰਗਤ ਦੇ ਸਦਕੇ, ਮੋਹ ਮਾਇਆ ਦਾ ਤਜੋ ਪਿਆਰ॥
(੪) ਪੈਰੋ ਚਲੋ! ਤੁਸੀਂ ਉਸ ਰਾਹ ਤੇ, ਜਿਸ ਰਸਤੇ ਮਿਲਦਾ ਦਿਲਦਾਰ॥
ਪਲ ਭਰ ਵੀ ਉਸਦਾ ਨਾਂ ਜੱਪਿਆ, ਮਿੱਟ ਜਾਂਦੇ ਨੇ ਪਾਪ ਹਜ਼ਾਰ॥
(੫) ਕੰਨਾਂ ਤੋਂ ਸੁਣ ਪ੍ਰਭ ਦੀ ਸੋਭਾ, ਹੱਥਾਂ ਤੋਂ ਕਰ ਪ੍ਰਭ ਦੀ ਕਾਰ॥
ਏਸ ਤਰ੍ਹਾਂ ਤੇਰਾ ਪ੍ਰਾਨੀ ਹੋਣਾ, ਮੁੱਖ ਉਜਲ ਪ੍ਰਭ ਦੇ ਦਰਬਾਰ॥

(੧) ਬਡਭਾਗੀ ਤੇ ਜਨ ਜਗ ਮਾਹਿ॥ ਸਦਾ ਸਦਾ ਹਰਿ ਕੇ ਗੁਨ ਗਾਹਿ॥
(੨) ਰਾਮ ਨਾਮ ਜੋ ਕਰਹਿ ਬੀਚਾਰ॥ ਸੇ ਧਨਵੰਤ ਗਨੀ ਸੰਸਾਰ॥
(੩) ਮਨਿ ਤਨਿ ਮੁਖਿ ਬੋਲਹਿ ਹਰਿ ਮੁਖੀ। ਸਦਾ ਸਦਾ ਜਾਨਹੁ ਤੇ ਸੁਖੀ॥
(੪) ਏਕੋ ਏਕੁ ਏਕੁ ਪਛਾਨੈ॥ ਇਤ ਉਤ ਕੀ ਓਹੁ ਸੋਝੀ ਜਾਨੈ॥
(੫) ਨਾਮ ਸੰਗਿ ਜਿਸ ਕਾ ਮਨੁ ਮਾਨਿਆ॥ ਨਾਨਕ ਤਿਨਹਿ ਨਿਰੰਜਨੁ ਜਾਨਿਆ॥੩॥

ਅਨੁਵਾਦਿ

(੧) ਭਾਗਾਂ ਵਾਲੇ ਨੇ ਉਹ ਜੱਗ ਤੇ, ਐ ਮਨ ਮੇਰੇ ਬਾਤ ਵਿਚਾਰ॥
ਨਿਸ ਦਿਨ ਜੋ ਪ੍ਰਭ ਦੇ ਗੁਣ ਗਾ ਕੇ, ਚਿਤੋਂ ਕਰਨ ਪ੍ਰਭੂ ਨੂੰ ਪਿਆਰ॥
(੨) ਰਾਮ ਨਾਮ ਦੇ ਸਿਮਰਨ ਦੀ ਹੀ, ਕਰਦੇ ਜੋ ਨਰ ਸਦਾ ਵਿਚਾਰ॥
ਉਹ ਜਾਣੋਂ ਧਨਵਾਨ ਨੇ ਭਾਰੀ, ਧੰਨ ਵਾਲੇ ਉਹ ਕਰੋ ਸ਼ੁਮਾਰ॥
(੩) ਤਨ, ਮਨ, ਮੁੱਖ ਥੀਂ, ਜੋ ਜਨ ਐਮਨ ਬੋਲਣ ਹਰਦਮ ਇਕ ਨਰੰਕਾਰ॥
ਉਹ ਜਨ ਪਿਆਰੇ ਜਾਣੋਂ ਹਰ ਪਲ, ਜੀਵਨ ਸੁੱਖ ਦਾ ਰਹੇ ਗੁਜ਼ਾਰ॥
(੪) ਜਾਣ ਲਿਆ ਜਿਸ ਇਕ ਪ੍ਰਭ ਤਾਈਂ, ਕਣ ਕਣ ਵਿਚ ਹੈ ਪ੍ਰਭੂ ਸਾਕਾਰ॥
ਏਥੇ, ਉਥੇ, ਦੋਂਹ ਜਨਮਾ ਦੀ, ਆ ਗਈ ਪਿਆਰੇ ਜਿਸ ਨੂੰ ਸਾਰ॥
(੫) ਨਾਮ ਪ੍ਰਭੂ ਸੰਗ ਜੋ ਪ੍ਰਾਨੀ, ਮਨ ਚਿੱਤ ਤੋਂ ਕਰਦਾ ਹੈ ਪਿਆਰ॥
ਉਸ ਪ੍ਰਾਨੀ ਹੀ ਜਾਣਿ ਲਿਆ ਹੈ, ਨੂਰੀ ਪ੍ਰੀਤਮ, ਮਿਲਣਹਾਰ॥

(੧) ਗੁਰ ਪ੍ਰਸਾਦਿ ਆਪਨ ਆਪੁ ਸੁਝੈ॥ ਤਿਸ ਕੀ ਜਾਨਹੁ ਤ੍ਰਿਸਨਾ ਬੁਝੈ॥
(੨) ਸਾਧ ਸੰਗਿ ਹਰਿ ਹਰਿ ਜਸੁ ਕਹਤ॥ ਸਰਬ ਰੋਗ ਤੇ ਓਹੁ ਹਰਿਜਨੁ ਰਹਤ॥
(੩) ਅਨਦਿਨੁ ਕੀਰਤਨੁ ਕੇਵਲ ਬਖ੍ਯ਼ਾਨੁ॥ ਗ੍ਰਿਹਸਤ ਮਹਿ ਸੋਈ ਨਿਰਬਾਨੁ॥
(੪) ਏਕ ਊਪਰਿ ਜਿਸੁ ਜਨ ਕੀ ਆਸਾ॥ ਤਿਸ ਕੀ ਕਟੀਐ ਜਮ ਕੀ ਫਾਸਾ॥
(੫) ਪਾਰਬ੍ਰਹਮ ਕੀ ਜਿਸੁ ਮਨਿ ਭੂਖ॥ ਨਾਨਕ ਤਿਸਹਿ ਨਾ ਲਾਗਹਿ ਦੂਖ॥੪॥

ਅਨੁਵਾਦਿ

(੧) ਸਤਿਗੁਰ ਦੀ ਕ੍ਰਿਪਾ ਦੇ ਸਦਕੇ, ਜੋ ਜਨ ਅਪਣਾ ਆਪ ਪਛਾਣੇਂ॥
ਸਮਝੋ ਉਸ ਦੀ ਮਿਟ ਗਈ ਤ੍ਰਿਸ਼ਨਾ, ਸੁੱਖ ਅਨੰਦ ਸਦਾ ਉਹ ਮਾਣੇਂ॥
(੨) ਸਾਧ ਸੰਗਤ ਕਰ ਕੇ ਜੋ ਪ੍ਰਾਨੀ, ਹਰੀ ਨਾਮ ਜੇ ਹਰ ਪਲ ਗਾਵੇ॥
ਉਸ ਸੇਵਕ ਤੇ ਬਖਸ਼ਿਸ਼ ਕਰ ਕੇ, ਸਭ ਰੋਗਾਂ ਤੋਂ ਪ੍ਰਭੂ ਬਚਾਵੇਂ॥
(੩) ਨਿੱਸ ਦਿਨ ਜੋ ਪ੍ਰਾਨੀ ਉਸ ਪ੍ਰਭ ਦਾ, ਕੇਵਲ ਪਿਆਰੇ ਕੀਰਤਨ ਗਾਵੇ॥
ਉਹ ਨਰ ਐ ਮਨ ਗ੍ਰਿਸਤ ਚ ਰਹਿਕੇ, ਬਾਸ ਰਹਿਤ ਨਿਰਲੇਪ ਹੋ ਜਾਵੇ॥
(੪) ਇਕ ਪ੍ਰਭ ਦੇ ਉੱਤੇ ਹੀ ਐ ਮਨ, ਰੱਖਦਾ ਹੈ ਜੋ ਓਟ ਪਿਆਰੇ॥
ਮੁਕਤਿ ਰੂਪ ਹੋ ਜਾਵੇ ਉਹ ਨਰ, ਉਸ ਨੂੰ ਫਿਰ ਜਮਦੂਤ ਨ ਮਾਰੇ॥
(੫) ਜਿਸ ਪ੍ਰਾਨੀ ਦੇ ਮਨ ਵਿਚ ਰਹਿੰਦੀ, ਪ੍ਰਭ ਮਿਲਣੇ ਦੀ ਭੁੱਖ ਪਿਆਰੇ॥
ਉਸ ਦੇ ਉੱਕਾ ਨੇੜ ਨਾ ਆਵੇ, ਨੂਰੀ ਸਤਿਗੁਰ ਦੁੱਖ ਪਿਆਰੇ॥

(੧) ਜਿਸ ਕਉ ਹਰਿ ਪ੍ਰਭੁ ਮਨਿ ਚਿਤਿ ਆਵੈ॥ ਸੋ ਸੰਤੁ ਸੁਹੇਲਾ ਨਹੀ ਡੁਲਾਵੈ॥
(੨) ਜਿਸੁ ਪ੍ਰਭੁ ਅਪੁਨਾ ਕਿਰਪਾ ਕਰੈ॥ ਸੋ ਸੇਵਕੁ ਕਹੁ ਕਿਸ ਤੇ ਡਰੈ॥
(੩) ਜੈਸਾ ਸਾ ਤੈਸਾ ਦ੍ਰਿਸਟਾਇਆ॥ ਅਪੁਨੇ ਕਾਰਜ ਮਹਿ ਆਪਿ ਸਮਾਇਆ॥
(੪) ਸੋਧਤ ਸੋਧਤ ਸੋਧਤ ਸੀਝਿਆ॥ ਗੁਰ ਪ੍ਰਸਾਦਿ ਤਤੁ ਸਭੁ ਬੂਝਿਆ॥
(੫) ਜਬ ਦੇਖਉ ਤਬ ਸਭੁ ਕਿਛੁ ਮੂਲੁ॥ ਨਾਨਕ ਸੋ ਸੂਖਮੁ ਸੋਈ ਅਸਥੂਲੁ॥੫॥

ਅਨੁਵਾਦਿ

(੧) ਜੋ ਸਤਿਗੁਰ ਦੀ ਕ੍ਰਿਪਾ ਸਦਕੇ, ਯਾਦ ਪ੍ਰਭੂ ਦੀ ਚਿੱਤ ਵਸਾਵੇ॥
ਐਸਾ ਸੰਤ ਸਦਾ ਸੁਖ ਮਾਣੇਂ, ਜੀਵਨ ਵਿਚ ਨਾ ਉਹ ਘਬਰਾਵੇ॥
(੨) ਜਿਸ ਤੇ ਮੇਰਾ ਪ੍ਰਭੂ ਪਿਆਰਾ, ਅਪਣੀ ਮੇਹਰ ਹੈ ਕਰਦਾ ਪਿਆਰੇ॥
ਦੱਸੋ! ਫਿਰ ਉਹ ਪ੍ਰਭ ਦਾ ਸੇਵਕ? ਕਿਸ ਕੋਲੋਂ ਹੈ ਡਰਦਾ ਪਿਆਰੇ॥
(੩) ਜੈਸਾ ਵੀ ਹੈ ਪ੍ਰਭੂ ਪਿਆਰਾ, ਤੈਸਾ ਹੀ ਉਹ ਨਜ਼ਰੀਂ ਆਇਆ॥
ਆਪ ਰਚੇ ਹਰ ਕਾਰਜ ਅੰਦਰ, ਕਣ ਕਣ ਵਿਚ ਉਹ ਆਪ ਸਮਾਇਆ॥
(੪) ਸੋਚ ਸੋਚ ਕੇ ਸੋਚਾਂ ਆਖਿਰ, ਸੇਵਕ ਨੇ ਇਹ ਬਾਤ ਹੈ ਪਾਈ॥
ਗੁਰ ਮੇਰੇ ਨੇ ਕ੍ਰਿਪਾ ਕਰ ਕੇ, ਅਸਲੀਅਤ ਹੈ ਆਪ ਬੁਝਾਈ॥
(੫) ਜਦ ਵੇਂਹਦਾ ਹਾਂ ਮੁਢ ਪ੍ਰਭੂ ਹੈ, ਗੁਰ ਕ੍ਰਿਪਾ ਤੋਂ ਨਜ਼ਰੀਂ ਆਈ॥
ਸਰਬ ਵਿਆਪੀ ਜੋਤ ਨੂਰਾਨੀ, ਸਤਿਗੁਰ ਕਣ ਕਣ ਵਿਚ ਸਮਾਈ॥

(੧) ਨਹ ਕਿਛੁ ਜਨਮੈ ਨਹ ਕਿਛੁ ਮਰੈ॥ ਆਪਨ ਚਲਿਤੁ ਆਪ ਹੀ ਕਰੈ॥
(੨) ਆਵਨੁ ਜਾਵਨੁ ਦ੍ਰਿਸਟਿ ਅਨਦ੍ਰਿਸਟਿ॥ ਆਗਿਆਕਾਰੀ ਧਾਰੀ ਸਭ ਸ੍ਰਿਸਟਿ॥
(੩) ਆਪੇ ਆਪਿ ਸਗਲ ਮਹਿ ਆਪਿ॥ ਅਨਿਕ ਜੁਗਤਿ ਰਚਿ ਥਾਪਿ ਉਥਾਪਿ॥
(੪) ਅਬਿਨਾਸੀ ਨਾਹੀ ਕਿਛੁ ਖੰਡ॥ ਧਾਰਣ ਧਾਰਿ ਰਹਿਓ ਬ੍ਰਹਮੰਡ॥
(੫) ਅਲਖ ਅਭੇਵ ਪੁਰਖ ਪਰਤਾਪ॥ ਆਪਿ ਜਪਾਏ ਤ ਨਾਨਕ ਜਾਪ॥੬॥

ਅਨੁਵਾਦਿ

(੧) ਨਾ ਹੀ ਹੈ ਕੋਈ ਪੈਦਾ ਹੁੰਦਾ, ਨਾ ਹੀ ਹੈ ਕੋਈ ਪਿਆਰੇ ਮਰਦਾ॥
ਜਨਮ ਜਨਮ ਦੀਆਂ ਖੇਡਾਂ ਚੋਜ਼ੀਂ, ਉਹ ਆਪੇ ਹੀ ਰਹਿੰਦਾ ਕਰਦਾ॥
(੨) ਜਨਮ ਮਰਨ ਜੋ ਨਜ਼ਰੀਂ ਆਉਂਦਾ, ਨਾ ਦਿਸਦਾ ਸੂਖ਼ਮ ਸੰਸਾਰ॥
ਹੁਕਮ ਉਹਦੇ ਵਿਚ ਤੁਰਦੇ ਸਾਰੇ, ਜੋ ਵੀ ਸਾਜੇ ਸਿਰਜਣਹਾਰ॥
(੩) ਹਰ ਇਕ ਵਿਚ ਪ੍ਰਭ ਆਪ ਵਿਆਪਕ, ਹਰ ਇਕ ਵਿਚ ਹੈ ਉਸਦਾ ਨੂਰ॥
ਜੁਗਤਾਂ ਥੀਂ ਰਚ ਕੇ ਜੱਗ ਰਚਨਾ, ਕਰ ਦੇਂਦਾ ਉਹ ਨਾਸ ਹਜ਼ੂਰ॥
(੪) ਉਹ ਅਬਿਨਾਸੀ ਨਾਸ ਰਹਿਤ ਹੈ, ਹੁੰਦਾ ਨਹੀਂ ਹੈ ਉਸ ਦਾ ਨਾਸ॥
ਰਚ ਕੇ ਸਭ ਬ੍ਰਹਮੰਡ ਦੀ ਰਚਨਾ, ਕਣ-ਕਣ ਵਿਚ ਰੱਖਦਾ ਪ੍ਰਭ ਵਾਸ॥
(੫) ਉਸ ਪ੍ਰਭ ਦੇ ਪ੍ਰਤਾਪ ਦਾ ਕੋਈ, ਭੇਤ ਨਾ ਉੱਕਾ ਪਾਇਆ ਜਾਵੇ॥
ਮੇਹਰ ਉਹਦੀ ਜੇ ਹੋਵੇ ਸਤਿਗੁਰ, ਉਹ ਪ੍ਰਾਨੀ ਤੋਂ ਨਾਮ ਜਪਾਵੇ॥

(੧) ਜਿਨ ਪ੍ਰਭੁ ਜਾਤਾ ਸੁ ਸੋਭਾਵੰਤ॥ ਸਗਲ ਸਸਾਰੁ ਉਧਰੈ ਤਿਨ ਮੰਤ॥
(੨) ਪ੍ਰਭ ਕੇ ਸੇਵਕ ਸਗਲ ਉਧਾਰਨ॥ ਪ੍ਰਭ ਕੇ ਸੇਵਕ ਦੂਖ ਬਿਸਾਰਨ॥
(੩) ਆਪੇ ਮੇਲਿ ਲਏ ਕਿਰਪਾਲ॥ ਗੁਰ ਕਾ ਸਬਦੁ ਜਪਿ ਭਏ ਨਿਹਾਲ॥
(੪) ਉਨ ਕੀ ਸੇਵਾ ਸੋਈ ਲਾਗੈ॥ ਜਿਸ ਨੋ ਕ੍ਰਿਪਾ ਕਰਹਿ ਬਡਭਾਗੈ॥
(੫) ਨਾਮੁ ਜਪਤ ਪਾਵਹਿ ਬਿਸ੍ਰਾਮੁ॥ ਨਾਨਕ ਤਿਨ ਪੁਰਖ ਕਉ ਊਤਮ ਕਰਿ ਮਾਨੁ॥੭॥

ਅਨੁਵਾਦਿ

(੧) ਜਿਸ ਨਰ ਪ੍ਰਭ ਨੂੰ ਜਾਣ ਲਿਆ ਹੈ, ਉਹ ਨਰ ਸ਼ੋਭਾਵਾਨ ਪਿਆਰੇ॥
ਉਹ ਅਪਣੇ ਉਪਦੇਸ਼ਾਂ ਰਾਹੀਂ, ਸਾਰੇ ਹੀ ਸੰਸਾਰ ਨੂੰ ਤਾਰੇ॥
(੨) ਸੇਵਕ ਨੇ ਜੋ ਪ੍ਰਭ ਦੇ ਪਿਆਰੇ, ਉਹ ਸਭਨਾਂ ਨੂੰ ਪਾਰ ਉਤਾਰਨ॥
ਪ੍ਰਭ ਦੇ ਸੇਵਕ ਸਭ ਜੀਵਾਂ ਦੇ, ਸਾਰੇ ਹੀ ਦੁੱਖ ਕਸ਼ਟ ਨਿਵਾਰਨ॥
(੩) ਅਪਣੇ ਸੇਵਕ ਤਾਈਂ ਪਿਆਰੇ, ਮੇਲ ਲਵੇ ਪ੍ਰਭ ਅਪਣੇ ਨਾਲ॥
ਸ਼ਬਦ ਗੁਰੂ ਦਾ ਜਪੁ ਕੇ ਐ ਮਨ, ਹੋ ਜਾਂਦਾ ਹਰ ਪੁਰਖੁ ਨਿਹਾਲ॥
(੪) ਸੇਵਾ ਪ੍ਰਭ ਦੀ ਉਹ ਹੀ ਕਰਦਾ, ਜਿਸ ਨੂੰ ਉਹ ਸੇਵਾ ਵਿਚ ਲਾਵੇ॥
ਜਿਸ ਤੇ ਮਿਹਰ ਪ੍ਰਭੂ ਦੀ ਹੋਵੇ, ਉਹ ਵਡਭਾਗੀ ਸੇਵ ਕਮਾਵੇ॥
(੫) ਨਾਮ ਪ੍ਰਭੂ ਦਾ ਜਪ ਕੇ ਪ੍ਰਾਨੀ, ਹਰ ਦੁੱਖੋਂ ਛੁਟਕਾਰਾ ਮਿਲਦਾ॥
ਪਿਆਰੇ ਉਹ ਜਨ ਉਤਮ ਜਾਣੋਂ, ਜਿਸ ਹਰਿ ਨਾਮ ਪਿਆਰਾ ਮਿਲਦਾ॥

(੧) ਜੋ ਕਿਛੁ ਕਰੈ ਸੁ ਪ੍ਰਭ ਕੈ ਰੰਗਿ॥ ਸਦਾ ਸਦਾ ਬਸੈ ਹਰਿ ਸੰਗਿ॥
(੨) ਸਹਜ ਸੁਭਾਇ ਹੋਵੈ ਸੋ ਹੋਇ॥ ਕਰਣੈਹਾਰੁ ਪਛਾਣੈ ਸੋਇ॥
(੩) ਪ੍ਰਭ ਕਾ ਕੀਆ ਜਨ ਮੀਠ ਲਗਾਨਾ। ਜੈਸਾ ਸਾ ਤੈਸਾ ਦ੍ਰਿਸਟਾਨਾ॥
(੪) ਜਿਸ ਤੇ ਉਪਜੇ ਤਿਸੁ ਮਾਹਿ ਸਮਾਏ॥ ਓਇ ਸੁਖ ਨਿਧਾਨੁ ਉਨਹੂ ਬਨਿ ਆਏ॥
(੫) ਆਪਸ ਕਉ ਆਪਿ ਦੀਨੋ ਮਾਨੁ॥ ਨਾਨਕ ਪ੍ਰਭ ਜਨੁ ਏਕੋ ਜਾਨੁ॥੮॥੧੪॥

ਅਨੁਵਾਦਿ

(੧) ਪ੍ਰਭ ਦਾ ਸੇਵਕ ਜੋ ਵੀ ਕਰਦਾ, ਮੌਜ ਉਹਦੀ ਵਿਚ ਕਰੇ ਕਰਾਵੇ॥
ਹਰ ਦਮ ਹਾਜ਼ਰ ਜਾਣ ਪ੍ਰਭੂ ਨੂੰ, ਪ੍ਰਾਨੀ ਉਸ ਥੀਂ ਮਨ ਚਿਤ ਲਾਵੇ॥
(੨) ਸੁਤੇ-ਸਿਧ ਜੋ ਵੀ ਹੋ ਜਾਵੇ, ਸੇਵਕ ਪ੍ਰਭ ਦਾ ਭਾਣਾ ਜਾਣੇ॥
ਕਰਨ ਕਰਾਵਨ ਵਾਲਾ ਪ੍ਰਭ ਹੈ! ਸੇਵਕ ਹੀ ਇਹ ਬਾਤ ਪਛਾਣੇ॥
(੩) ਜੋ ਵੀ ਪ੍ਰਭ ਕਰਦਾ ਹੈ ਐ ਮਨ, ਉਸ ਦਾ ਸੇਵਕ ਮਿੱਠਾ ਜਾਣੇ॥
ਸਰਬ-ਵਿਆਪੀ ਜੈਸਾ ਹੈ, ਪ੍ਰਭ, ਸੇਵਕ ਦੀ ਇਹ ਨਜ਼ਰ ਪਛਾਣੇ॥
(੪) ਜਿਸ ਪ੍ਰਭ ਤੋਂ ਉਪਜੇ ਨੇ ਸੇਵਕ, ਲੀਨ ਉਸੇ ਵਿਚ ਰਹਿਣ ਪਿਆਰੇ॥
ਬਣ ਜਾਵਣ ਉਹ ਸੁਖ ਦੇ ਸਾਗਰ, ਜਿਸ ਦੇ ਉਹ ਹੱਕਦਾਰ ਨੇ ਸਾਰੇ॥
(੫) ਸੇਵਕ ਨੂੰ ਪ੍ਰਭ ਮਾਣ ਬਖਸ਼ ਕੇ, ਆਪਣੇ ਆਪ ਨੂੰ ਦੇਂਦਾ ਮਾਣ॥
ਪਿਆਰੇ ਨਹੀਂ ਕੋਈ ਭੇਦ ਦੋਹਾਂ ਵਿਚ, ਸੇਵਕ ਤੇ ਪ੍ਰਭ ਇਕੋ ਜਾਣ॥

ਸਲੋਕੁ ॥

ਸਰਬ ਕਲਾ ਭਰਪੂਰ ਪ੍ਰਭ ਬਿਰਥਾ ਜਾਨਨਹਾਰ ॥
ਜਾ ਕੈ ਸਿਮਰਨਿ ਉਧਰੀਐ ਨਾਨਕ ਤਿਸੁ ਬਲਿਹਾਰ ॥੧ ॥

ਅਨੁਵਾਦਿ

ਸਭ ਸ਼ਕਤੀ ਦਾ ਮਾਲਕ ਹੈ ਪ੍ਰਭ, ਹਰ ਇਕ ਦੇ ਦੁੱਖ ਜਾਨਣਹਾਰ ॥
ਜਿਸ ਦੇ ਸਿਮਰਨ ਭਵ ਜਲ ਤਰੀਏ, ਸਤਿਗੁਰ ਉਸ ਪ੍ਰਭ ਦੇ ਬਲਿਹਾਰ ॥

ਅਸਟਪਦੀ ॥

(੧) ਟੂਟੀ ਗਾਢਨਹਾਰ ਗੋਪਾਲ ॥ ਸਰਬ ਜੀਆ ਆਪੇ ਪ੍ਰਤਿਪਾਲ ॥
(੨) ਸਗਲ ਕੀ ਚਿੰਤਾ ਜਿਸੁ ਮਨ ਮਾਹਿ ॥ ਤਿਸ ਤੇ ਬਿਰਥਾ ਕੋਈ ਨਾਹਿ ॥
(੩) ਰੇ ਮਨ ਮੇਰੇ ਸਦਾ ਹਰਿ ਜਾਪਿ ॥ ਅਬਿਨਾਸੀ ਪ੍ਰਭੁ ਆਪੇ ਆਪਿ ॥
(੪) ਆਪਨ ਕੀਆ ਕਛੂ ਨ ਹੋਇ ॥ ਜੇ ਸਉ ਪ੍ਰਾਨੀ ਲੋਚੈ ਕੋਇ ॥
(੫) ਤਿਸੁ ਬਿਨੁ ਨਾਹੀ ਤੇਰੈ ਕਿਛੁ ਕਾਮੁ ॥ ਗਤਿ ਨਾਨਕ ਜਪਿ ਏਕ ਹਰਿ ਨਾਮ ॥੧॥

ਅਨੁਵਾਦਿ

(੧) ਸਭ ਜੀਵਾਂ ਨੂੰ ਪਾਲਣ ਵਾਲਾ, ਟੁੱਟੀ ਗੰਢਣਹਾਰ ਦਾਤਾਰ ॥
ਸਭ ਜੀਵਾਂ ਨੂੰ ਆਪੇ ਸੁਆਮੀ, ਹਰ ਇਕ ਦਾ ਉਹ ਪਾਲਣਹਾਰ ॥
(੨) ਹਰ ਇਕ ਦੀ ਹੈ ਉਸ ਨੂੰ ਚਿੰਤਾ, ਹਰ ਇਕ ਦਾ ਹੈ ਉਸ ਨੂੰ ਖਿਆਲ ॥
ਉਸ ਤੋਂ ਜੁਦਾ ਨਹੀਂ ਕੋਈ ਪਿਆਰੇ, ਹਰ ਇਕ ਦੇ ਉਹ ਰਹਿੰਦਾ ਨਾਲ ॥
(੩) ਐ ਮਨ ਮੇਰੇ ਸਿਮਰ ਸਦਾ ਉਹ, ਦਮ ਦਮ ਕਰ ਤੂੰ ਉਸ ਦਾ ਜਾਪ ॥
ਨਾਸ ਰਹਿਤ ਉਹ ਸਵਾਮੀ ਸਭ ਦਾ, ਆਪ ਜਿਹਾ ਉਹ ਆਪੇ ਆਪ ॥
(੪) ਬੰਦਾ ਜੋ ਕੁਝ ਕਰਨਾ ਚਾਹਵੇ, ਉਹ ਨਾ ਐਪਰ ਹੋਏ ਹਜ਼ੂਰ ॥
ਸੌ ਵੇਰਾਂ ਵੀ ਲੋਚੇ ਪ੍ਰਾਨੀ, ਹੁੰਦਾ ਜੋ ਪ੍ਰਭ ਨੂੰ ਮਨਜ਼ੂਰ ॥
(੫) ਉਸ ਦੇ ਨਾਮ ਬਿਨਾਂ ਸਭ ਪ੍ਰਾਨੀ, ਤੇਰਾ ਬਿਰਥਾ ਕਾਰ ਵਿਹਾਰ ॥
ਪਿਆਰੇ ਜਪ ਇਕ ਨਾਮ ਹਰੀ ਦਾ, ਜੇ ਚਾਹੁੰਨਾ ਤੂੰ ਮੁਕਤ ਦਵਾਰ ॥

(੧) ਰੂਪਵੰਤੁ ਹੋਇ ਨਾਹੀ ਮੋਹੈ ॥ ਪ੍ਰਭ ਕੀ ਜੋਤਿ ਸਗਲ ਘਟ ਸੋਹੈ ॥
(੨) ਧਨਵੰਤਾ ਹੋਇ ਕਿਆ ਕੋ ਗਰਬੈ ॥ ਜਾ ਸਭੁ ਕਿਛੁ ਤਿਸ ਕਾ ਦੀਆ ਦਰਬੈ ॥
(੩) ਅਤਿ ਸੂਰਾ ਜੇ ਕੋਊ ਕਹਾਵੈ ॥ ਪ੍ਰਭ ਕੀ ਕਲਾ ਬਿਨਾ ਕਹ ਧਾਵੈ ॥
(੪) ਜੇ ਕੋ ਹੋਇ ਬਹੈ ਦਾਤਾਰੁ ॥ ਤਿਸੁ ਦੇਨਹਾਰੁ ਜਾਨੈ ਗਾਵਾਰੁ ॥
(੫) ਜਿਸ ਗੁਰ ਪ੍ਰਸਾਦਿ ਤੂਟੇ ਹਉ ਰੋਗੁ ॥ ਨਾਨਕ ਸੋ ਜਨੁ ਸਦਾ ਅਰੋਗੁ ॥੨॥

ਅਨੁਵਾਦਿ

(੧) ਹੁਸਨ ਵਾਲੇ ਨੂੰ ਮਾਣ ਹੁਸਨ ਦਾ, ਚੰਗਾ ਨਹੀਂ ਹੁੰਦਾ ਸਰਕਾਰ ॥
ਹਰ ਇਕ ਵਿਚ ਹੀ ਜੋਤ ਪ੍ਰਭੂ ਦੀ, ਸਾਜੀ ਪਿਆਰੇ ਸਾਜਣਹਾਰ ॥
(੨) ਧੰਨ ਵਾਲੇ ਨੂੰ ਮਾਣ ਕਿਉਂ ਐਨਾ? ਕਿਉਂ ਐਨਾ ਪਿਆਰੇ ਹੰਕਾਰ ॥
ਜਦ ਬਖਸ਼ੀ ਸਾਰੀ ਇਹ ਮਾਇਆ, ਐ ਪ੍ਰਾਨੀ ਤੈਨੂੰ ਕਰਤਾਰ ॥
(੩) ਬਹੁਤ ਸੂਰਮਾ ਜੇ ਕੋਈ ਪ੍ਰਾਨੀ, ਅਪਣੇ ਆਪ ਤਾਈਂ ਅਖਵਾਵੇ ॥
ਪ੍ਰਭ ਦੇ ਜੋਰ ਬਿਨਾਂ ਕੋਈ ਦੱਸੇ? ਇਹ ਨਰ ਦੌੜ ਕੇ ਕਿੱਥੇ ਜਾਵੇ?
(੪) ਜੇ ਕੋਈ ਪ੍ਰਾਨੀ ਦੌਲਤ ਵਾਲਾ, ਖੁਦ ਨੂੰ ਜਾਣੇ ਮੈਂ ਦਾਤਾਰ ॥
ਉਸ ਨੂੰ ਸਮਝੋ ਵੱਡਾ ਮੂਰਖ, ਦੇਣਹਾਰ ਸਤਿਗੁਰ ਕਰਤਾਰ ॥
(੫) ਸਤਿਗੁਰ ਦੀ ਕ੍ਰਿਪਾ ਦੇ ਸਦਕੇ, ਮਿਟ ਜਾਂਦਾ ਜਿਸ ਦਾ ਅਭਿਮਾਨ ॥
ਉਹ ਨਰ ਰਹੂ ਨਿਰੋਆ ਹਰਦਮ, ਸਤਿਗੁਰ ਦਾ ਨੂਰੀ ਫਰਮਾਨ ॥

(੧) ਜਿਉ ਮੰਦਰ ਕਉ ਥਾਮੈ ਥੰਮਨੁ ॥ ਤਿਉ ਗੁਰ ਕਾ ਸਬਦੁ ਮਨਹਿ ਅਸਥੰਮਨੁ ॥
(੨) ਜਿਉ ਪਾਖਾਣੁ ਨਾਵ ਚੜਿ ਤਰੈ ॥ ਪ੍ਰਾਣੀ ਗੁਰ ਚਰਣ ਲਗਤੁ ਨਿਸਤਰੈ ॥
(੩) ਜਿਉ ਅੰਧਕਾਰ ਦੀਪਕ ਪਰਗਾਸੁ ॥ ਗੁਰ ਦਰਸਨੁ ਦੇਖਿ ਮਨਿ ਹੋਇ ਬਿਗਾਸੁ ॥
(੪) ਜਿਉ ਮਹਾ ਉਦਿਆਨ ਮਹਿ ਮਾਰਗੁ ਪਾਵੈ ॥ ਤਿਉ ਸਾਧੂ ਸੰਗਿ ਮਿਲਿ ਜੋਤਿ ਪ੍ਰਗਟਾਵੈ ॥
(੫) ਤਿਨ ਸੰਤਨ ਕੀ ਬਾਛਉ ਧੂਰਿ, ਨਾਨਕ ਕੀ ਹਰਿ ਲੋਚਾ ਪੂਰਿ ॥੩॥

ਅਨੁਵਾਦਿ

(੧) ਘਰ ਦੀ ਛੱਤ ਦੇ ਤਾਈਂ ਐ ਮਨ, ਜਿੱਦਾਂ ਦੇਵੇ ਥੰਮ੍ਹ ਸਹਾਰਾ ॥
ਥੰਮ੍ਹ ਦੇਂਦਾ ਇਉਂ ਢਹਿੰਦੇ ਮਨ ਨੂੰ, ਸ਼ਬਦ ਮੇਰੇ ਸਤਿਗੁਰ ਦਾ ਪਿਆਰਾ ॥
(੨) ਪੱਥਰ ਵੀ ਜਿਉਂ ਬੇੜੀ ਚੜ੍ਹ ਕੇ, ਪਾ ਲੈਂਦਾ ਏ ਪਾਰ ਉਤਾਰਾ ॥
ਇਉਂ ਪ੍ਰਾਨੀ ਗੁਰ ਚਰਨੀਂ ਲੱਗ ਕੇ, ਤਰ ਜਾਂਦਾ ਹੈ ਭਵਜਲ ਸਾਰਾ ॥
(੩) ਦੀਪਕ ਜਿਵੇਂ ਹਨੇਰ ਮਿਟਾ ਕੇ, ਕਰ ਦਏ ਰੌਸ਼ਨ ਚਾਰ ਚੌਫ਼ੇਰਾ ॥
ਇਉਂ ਸਤਿਗੁਰ ਦਾ ਦਰਸ਼ਨ ਕਰ ਕੇ, ਨੂਰੋ ਨੂਰ ਹੋਵੇ ਮਨ ਮੇਰਾ ॥
(੪) ਜਿਉਂ ਜੰਗਲ ਵਿਚ ਭੁੱਲਿਆ ਰਾਹੀਂ, ਅਚਨਚੇਤ ਹੀ ਰਸਤਾ ਪਾਵੇ ॥
ਇਉਂ ਸਾਧੂ ਦੀ ਸੰਗਤ ਕਰਿਆਂ, ਨੂਰੀ ਜੋਤ ਪ੍ਰਗਟਿ ਹੋ ਜਾਵੇ ॥
(੫) ਏਸ ਤਰ੍ਹਾਂ ਦੇ ਸੰਤ ਜਨਾਂ ਦੀ, ਚਰਨ ਧੂੜ ਮੈਂ ਪਿਆਰੇ ਚਾਹਵਾਂ ॥
ਅਰਜ਼ ਮੇਰੀ ਮਨਜ਼ੂਰ ਕਰੋ ਪ੍ਰਭ, ਸਤਿਗੁਰ ਮੈਂ ਬਲਹਾਰੇ ਜਾਵਾਂ ॥

(੧) ਮਨ ਮੂਰਖ ਕਾਹੇ ਬਿਲਲਾਈਐ ॥ ਪੁਰਬ ਲਿਖੇ ਕਾ ਲਿਖਿਆ ਪਾਈਐ ॥
(੨) ਦੂਖ ਸੂਖ ਪ੍ਰਭ ਦੇਵਨਹਾਰੁ ॥ ਅਵਰ ਤਿਆਗਿ ਤੂ ਤਿਸਹਿ ਚਿਤਾਰੁ ॥
(੩) ਜੋ ਕਛੁ ਕਰੈ ਸੋਈ ਸੁਖੁ ਮਾਨੁ ॥ ਭੂਲਾ ਕਾਹੇ ਫਿਰਹਿ ਅਜਾਨ ॥
(੪) ਕਉਨ ਬਸਤੁ ਆਈ ਤੇਰੈ ਸੰਗਿ ॥ ਲਪਟਿ ਰਹਿਓ ਰਸਿ ਲੋਭੀ ਪਤੰਗ ॥
(੫) ਰਾਮ ਨਾਮ ਜਪਿ ਹਿਰਦੇ ਮਾਹਿ ॥ ਨਾਨਕ ਪਤਿ ਸੇਤੀ ਘਰ ਜਾਹਿ ॥੪॥

ਅਨੁਵਾਦਿ

(੧) ਐ ਮਨ ਮੂਰਖ ਦੁਖ ਵੇਖਕੇ, ਕਿਉਂ ਐਵੇਂ! ਵਿਲ੍ਹਕੇਂ ਕੁਰਲਾਵੇਂ ॥
ਪੂਰਬਲੇ ਜਨਮਾਂ ਦਾ ਬੋਇਆ, ਉਹ ਪ੍ਰਾਨੀ ਹੀ ਤੂੰ ਫਲ ਖਾਵੇਂ ॥
(੨) ਦੁੱਖ ਸੁੱਖ ਜੋ ਮਿਲਦਾ ਹੈ ਪਿਆਰੇ, ਉਹ ਪ੍ਰਭ ਹੀ ਹੈ ਦੇਵਣਹਾਰ ॥
ਛੱਡ ਕੇ ਹੋਰ ਸਹਾਰੇ ਸਾਰੇ, ਉਸ ਨੂੰ ਹੀ ਤੂੰ ਚਿੱਤੋਂ ਚਿਤਾਰ ॥
(੩) ਜੋ ਕੁਝ ਵੀ ਕਰਦਾ ਪ੍ਰਭ ਮੇਰਾ, ਉਸ ਨੂੰ ਤੂੰ ਸੁੱਖ ਕਰ ਕੇ ਜਾਣ ॥
ਕਿਉਂ ਐਵੇਂ ਤੂੰ ਭੁੱਲਿਆ ਫਿਰਦਾ? ਐ ਬੰਦੇ, ਬਣ ਕੇ ਅਣਜਾਣ ॥
(੪) ਕਿਹੜੀ ਸ਼ੈ ਜੋ ਧੁਰ ਦਰਗਾਹੋਂ, ਤੂੰ ਪ੍ਰਾਣੀ ਸੀ ਲੈ ਕੇ ਆਇਆ ॥
ਲੋਭੀ ਪ੍ਰਵਾਨੇ ਦੇ ਵਾਂਗੂੰ, ਹਰ ਪਾਸੇ ਫਿਰਦਾਂ ਲਲਚਾਇਆ ॥
(੫) ਪ੍ਰਭੂ ਨਾਮ ਦਾ ਸਿਮਰਨ ਪਿਆਰੇ, ਆਪਣੇ ਹਿਰਦੇ ਵਿਚ ਵਸਾਓ ॥
ਸਤਿਗੁਰ ਤੋਂ ਵਡਿਆਈ ਪਾ ਕੇ, ਨੂਰੀ ਪ੍ਰਭ ਦੀ ਦਰਗਾਹ ਜਾਓ ॥

(੧) ਜਿਸੁ ਵਖਰ ਕਉ ਲੈਨਿ ਤੂ ਆਇਆ॥ ਰਾਮ ਨਾਮੁ ਸੰਤਨ ਘਰਿ ਪਾਇਆ॥
(੨) ਤਜਿ ਅਭਿਮਾਨੁ ਲੇਹੁ ਮਨ ਮੋਲਿ॥ ਰਾਮ ਨਾਮੁ ਹਿਰਦੇ ਮਹਿ ਤੋਲਿ॥
(੩) ਲਾਦਿ ਖੇਪ ਸੰਤਹ ਸੰਗਿ ਚਾਲੁ॥ ਅਵਰ ਤਿਆਗਿ ਬਿਖਿਆ ਜੰਜਾਲ॥
(੪) ਧੰਨਿ ਧੰਨਿ ਕਹੈ ਸਭੁ ਕੋਇ॥ ਮੁਖ ਊਜਲ ਹਰਿ ਦਰਗਹ ਸੋਇ॥
(੫) ਇਹੁ ਵਾਪਾਰੁ ਵਿਰਲਾ ਵਾਪਾਰੈ॥ ਨਾਨਕ ਤਾ ਕੈ ਸਦ ਬਲਿਹਾਰੈ॥੫॥

ਅਨੁਵਾਦਿ

(੧) ਜਿਹੜੀ ਸ਼ੈ ਖ਼ਾਤਰ ਐ ਪ੍ਰਾਨੀ, ਤੂੰ ਆਇਆ ਏਂ ਵਿਚ ਸੰਸਾਰ॥
ਉਹ ਸੌਦਾ ਹਰਨਾਮ ਅਮੋਲਕ, ਸੰਤਾਂ ਦੇ ਮਿਲਦਾ ਦਰਬਾਰ॥
(੨) ਛੱਡ, ਉੱਕਾ ਅਭਿਮਾਨ ਪਿਆਰੇ, ਮਨ ਦੇ ਮੁੱਲ ਮਿਲਦੀ ਇਹ ਦਾਤ॥
ਨਾਮ ਪ੍ਰਭੂ ਦਾ ਤੋਲ ਕੇ ਹਿਰਦੇ, ਲੈ ਲੈ ਇਹ ਨੂਰੀ ਸੌਗਾਤ॥
(੩) ਲੈ ਕੇ ਇਹ ਅਣਮੁੱਲੀ ਵਸਤੂ, ਸੰਤ ਜਨਾਂ ਦੇ ਚੱਲੋ ਨਾਲ॥
ਲਾਹ ਸੁਟੋ ਦੁਨੀਆਂ ਦੇ ਝੰਝਟ, ਮਾਇਆ ਦੇ ਝੂਠੇ ਜੰਜਾਲ॥
(੪) ਇਹ ਓਦਮ ਜੋ ਕਰਦਾ ਪਿਆਰੇ, ਉਸ ਤੋਂ ਸਭ ਜਾਂਦੇ ਨੇ ਵਾਰੇ॥
ਸਤਿਗੁਰ ਦੀ ਦਰਗਾਹੇ ਜਾਵਨ, ਮੁੱਖ ਉਜਲ ਉਹ ਪ੍ਰਾਨੀ ਪਿਆਰੇ॥
(੫) ਪਰ ਕੋਈ ਵਿਰਲਾ ਵਿਉਪਾਰੀ, ਕਰਦਾ ਇਹ ਵਿਉਪਾਰ ਪਿਆਰੇ॥
ਐਸੇ ਵਿਉਪਾਰੀ ਤੋਂ ਜਾਵੇ, ਸੌ ਵੇਰਾ ਸਤਿਗੁਰ ਬਲਹਾਰੇ॥

(੧) ਚਰਨ ਸਾਧ ਕੇ ਧੋਇ ਧੋਇ ਪੀਉ॥ ਅਰਪਿ ਸਾਧ ਕਉ ਅਪਨਾ ਜੀਉ॥
(੨) ਸਾਧ ਕੀ ਧੂਰਿ ਕਰਹੁ ਇਸਨਾਨੁ॥ ਸਾਧ ਊਪਰਿ ਜਾਈਐ ਕੁਰਬਾਨੁ॥
(੩) ਸਾਧ ਸੇਵਾ ਵਡਭਾਗੀ ਪਾਈਐ॥ ਸਾਧ ਸੰਗਿ ਹਰਿ ਕੀਰਤਨੁ ਗਾਈਐ॥
(੪) ਅਨਿਕ ਬਿਘਨ ਤੇ ਸਾਧੂ ਰਾਖੈ॥ ਹਰਿ ਗੁਨ ਗਾਇ ਅੰਮ੍ਰਿਤ ਰਸੁ ਚਾਖੈ॥
(੫) ਓਟ ਗਹੀ ਸੰਤਹ ਦਰਿ ਆਇਆ॥ ਸਰਬ ਸੂਖ ਨਾਨਕ ਤਿਹ ਪਾਇਆ॥੬॥

ਅਨੁਵਾਦਿ

(੧) ਚਰਨ ਸਾਧ ਦੇ ਧੋ ਧੋ ਪਿਆਰੇ, ਨਾਮ ਰੂਪ ਅੰਮ੍ਰਿਤ ਜਲ ਪੀਓ॥
ਜਿੰਦ ਕੁਰਬਾਨ ਸਾਧ ਤੇ ਕਰ ਕੇ, ਏਸ ਤਰ੍ਹਾਂ ਦਾ ਜੀਵਨ ਜੀਓ॥
(੨) ਸੰਤ ਜਨਾਂ ਦੀ ਚਰਨ ਧੂੜ ਥੀਂ, ਕਰ ਇਸ਼ਨਾਨ ਮਸਤਿਕ ਤੇ ਲਾਓ॥
ਵਾਰ ਕੇ ਅਪਣਾ ਤਨ ਮਨ ਪਿਆਰੇ, ਸੰਤਾਂ ਦੇ ਬਲਿਹਾਰੇ ਜਾਓ॥
(੩) ਵਡਭਾਗਾ ਹੀ ਪ੍ਰਾਨੀ ਜੱਗ ਤੇ, ਸਾਧ ਜਨਾਂ ਦੀ ਸੇਵ ਕਮਾਉਂਦਾ॥
ਸਾਧ ਜਨਾਂ ਦੀ ਸੰਗਤ ਕਰ ਕੇ, ਕਰ ਕੀਰਤਨ ਪ੍ਰਭ ਦੇ ਜਸ ਗਾਉਂਦਾ॥
(੪) ਹਰ ਅੜਚਨ ਤੋਂ ਐ ਮਨ ਮੇਰੇ, ਸਾਧੂ ਹੀ ਹੈ ਪੱਤ ਬਚਾਉਂਦੈ॥
ਪ੍ਰਭ ਦੇ ਗੁਣ ਗਾ ਕੇ ਉਹ ਪਿਆਰੇ, ਨਾਮ ਰੂਪ ਅੰਮ੍ਰਿਤ ਰਸ ਪਾਉਂਦੈ॥
(੫) ਓਟ ਫੜੀ ਜਿਸ ਜਨ ਸੰਤਾਂ ਦੀ, ਜੋ ਸੰਤਾਂ ਸਰਨਾਈ ਆਇਆ॥
ਨੂਰੀ ਸਤਿਗੁਰ ਹਰ ਇਕ ਹੀ ਸੁੱਖ, ਉਸ ਪ੍ਰਾਨੀ ਨੇ ਪਿਆਰੇ ਪਾਇਆ॥

(੧) ਮਿਰਤਕ ਕਉ ਜੀਵਾਲਨਹਾਰ॥ ਭੂਖੇ ਕਉ ਦੇਵਤ ਅਧਾਰ॥
(੨) ਸਰਬ ਨਿਧਾਨ ਜਾ ਕੀ ਦ੍ਰਿਸਟੀ ਮਾਹਿ॥ ਪੁਰਬ ਲਿਖੇ ਕਾ ਲਹਣਾ ਪਾਹਿ॥
(੩) ਸਭੁ ਕਿਛੁ ਤਿਸਕਾ ਓਹ ਕਰਨੈ ਜੋਗੁ॥ ਤਿਸੁ ਬਿਨੁ ਦੂਸਰ ਹੋਆ ਨ ਹੋਗੁ॥
(੪) ਜਪਿ ਜਨ ਸਦਾ ਸਦਾ ਦਿਨੁ ਰੈਣੀ॥ ਸਭ ਤੇ ਊਚ ਨਿਰਮਲ ਇਹ ਕਰਣੀ॥
(੫) ਕਰਿ ਕਿਰਪਾ ਜਿਸ ਕਉ ਨਾਮੁ ਦੀਆ। ਨਾਨਕ ਸੋ ਜਨੁ ਨਿਰਮਲੁ ਥੀਆ॥੭॥

ਅਨੁਵਾਦਿ

(੧) ਮੇਰਾ ਪ੍ਰਭ ਨਿਰਜਿੰਦ ਦੇ ਤਾਈਂ ਦੇ ਸਕਦਾ ਹੈ ਪਿਆਰੇ ਜਾਨ॥
ਭੁੱਖੇ ਦੇ ਆਧਾਰ ਉਹੋ ਹੈ, ਸਭ ਦਾ ਉਹ ਰਾਖਾ ਭਗਵਾਨ॥
(੨) ਦੁਨੀਆਂ ਦੇ ਸਭ ਮਾਲ ਖ਼ਜ਼ਾਨੇ, ਜਿੱਧਰ ਵੀ ਪ੍ਰਭ ਨਜ਼ਰ ਦੜਾਉਂਦੈਂ॥
ਪੂਰਬਲੇ ਕਰਮਾਂ ਦਾ ਲਿਖਿਆ, ਐਪਰ ਇਹ ਪ੍ਰਾਨੀ ਹੈ ਪਾਊਂਦੈ॥
(੩) ਸਭ ਕੁਝ ਦਾ ਮਾਲਕ ਪ੍ਰਭ ਆਪੇ, ਸਭ ਕੁਝ ਉਹ ਹੈ ਕਰਨੇਹਾਰ॥
ਉਸ ਬਿਨ ਦੂਜਾ ਹੋਇਆ ਨ ਹੋਊ, ਸੱਚ ਬਾਤ ਜਾਣੋਂ ਸਰਕਾਰ॥
(੪) ਨਿਸ ਦਿਨ ਉਸ ਪ੍ਰਭ ਦਾ ਕਰ ਸਿਮਰਨ, ਪਲ ਨ ਮਨੋਂ ਵਿਸਾਂਰ ਪਿਆਰੇ॥
ਇਹ ਆਚਰਨ ਹੈ ਸਭ ਤੋਂ ਉੱਚਾ, ਏਹੋ ਉੱਚੀ ਕਾਰ ਪਿਆਰੇ॥
(੫) ਕਰ ਕ੍ਰਿਪਾ ਜਿਸ ਜਨ ਦੇ ਤਾਈਂ, ਪ੍ਰਭੂ ਨਾਮ ਬਖਸ਼ੇ ਭਗਵਾਨ॥
ਨੂਰੀ ਸਤਿਗੁਰ ਇਹ ਫੁਰਮਾਉਂਦੇ, ਉਸ ਪ੍ਰਾਨੀ ਨੂੰ ਨਿਰਮਲ ਮਾਨ॥

(੧) ਜਾ ਕੈ ਮਨਿ ਗੁਰ ਕੀ ਪਰਤੀਤਿ॥ ਤਿਸੁ ਜਨ ਆਵੈ ਹਰਿ ਪ੍ਰਭੁ ਚੀਤਿ॥
(੨) ਭਗਤੁ ਭਗਤੁ ਸੁਨੀਐ ਤਿਹੁ ਲੋਇ॥ ਜਾ ਕੈ ਹਿਰਦੈ ਏਕੋ ਹੋਇ॥
(੩) ਸਚੁ ਕਰਨੀ ਸਚੁ ਤਾ ਕੀ ਰਹਤ॥ ਸਚੁ ਹਿਰਦੈ ਸਤਿ ਮੁਖਿ ਕਹਤ॥
(੪) ਸਾਚੀ ਦ੍ਰਿਸ਼ਟੀ ਸਾਚਾ ਅਕਾਰੁ॥ ਸਚੁ ਵਰਤੈ ਸਾਚਾ ਪਾਸਾਰੁ॥
(੫) ਪਾਰਬ੍ਰਹਮ ਜਿਨਿ ਸਚੁ ਕਰਿ ਜਾਤਾ॥ ਨਾਨਕ ਸੋ ਜਨੁ ਸਚਿ ਸਮਾਤਾ॥੮॥੧੫॥

ਅਨੁਵਾਦਿ

(੧) ਜੋ ਜਨ ਅਪਣੇ ਚਿਤ ਦੇ ਅੰਦਰ, ਸਤਿਗੁਰ ਤੇ ਸ਼ਰਧਾ ਲੈ ਆਉਂਦਾ॥
ਆਪ ਪ੍ਰਭੂ ਮੇਰਾ ਸਤਿਗੁਰ ਪਿਆਰਾ, ਉਸ ਪ੍ਰਾਨੀ ਦੇ ਚਿਤ ਸਮਾਉਂਦਾ॥
(੨) ਭਗਤ ਭਗਤ ਕਰ ਕੇ ਉਹ ਪ੍ਰਾਨੀ, ਮਸ਼ਾਹੂਰ ਜਗ ਤੇ ਹੋ ਜਾਵੇ॥
ਇਕੋ ਇਕ ਉਹ ਪ੍ਰਭੂ ਪਿਆਰਾ, ਉਸ ਪ੍ਰਾਨੀ ਦੇ ਚਿਤ ਸਮਾਵੇ॥
(੩) ਸੱਚ ਕਰਣੀ, ਸੱਚ ਜਿਸ ਦੀ ਰਹਿਣੀ, ਸੱਚ ਹੋਵੇ ਜਿਸ ਦੀ ਹਰਕਾਰ॥
ਪ੍ਰਭ ਸੱਚਾ ਉਸ ਦੇ ਮਨ ਵਸਦਾ, ਸੱਚ ਮੁੱਖ ਤੋਂ ਉਹ ਕਰੇ ਪੁਕਾਰ॥
(੪) ਨਜ਼ਰ ਉਹਦੀ ਪ੍ਰਭ ਰੰਗ 'ਚ ਰੰਗੀ, ਸੱਚ ਵੇਖੇ ਸਾਰਾ ਆਕਾਰ॥
ਦ੍ਰਿਸ਼ਟਮਾਨ ਇਸ ਜਗ ਨੂੰ ਜਾਣੇਂ, ਪ੍ਰਭੂ ਰੂਪ ਸਾਰਾ ਪਾਸਾਰ॥
(੫) ਜਾਣ ਲਿਆ ਜਿਸ ਪ੍ਰਭ ਨੂੰ ਸੱਚਾ, ਥਿਰ ਰਹਿਣਾ ਇਕ ਪ੍ਰਭ ਨੇ ਪਿਆਰੇ॥
ਉਹ ਨਰ ਲੀਨ ਪ੍ਰਭੂ ਵਿਚ ਹੁੰਦਾ, ਸਤਿਗੁਰ ਸੱਚੀ ਬਾਤ ਪੁਕਾਰੇ॥

ਸਲੋਕੁ ॥
ਰੂਪ ਨ ਰੇਖਨ ਰੰਗੁ ਕਿਛੁ ਤ੍ਰਿਹੁ ਗੁਣ ਤੇ ਪ੍ਰਭ ਭਿੰਨ ॥
ਤਿਸਹਿ ਬੁਝਾਏ ਨਾਨਕਾ ਜਿਸੁ ਹੋਵੈ ਸੁ ਪ੍ਰਸੰਨ ॥੧॥

ਅਨੁਵਾਦਿ

ਰੂਪ ਰੰਗ ਉਸ ਦਾ ਨਹੀਂ, ਨਾ ਕੋਈ ਦਿਸੇ ਅਕਾਰ ॥
ਤਿੰਨ ਗੁਣਾਂ ਤੋਂ ਰਹਿਤ ਉਹ, ਰਹਿੰਦਾ ਸਿਰਜਣਹਾਰ ॥
ਆਪਣਾ ਆਪਾ ਓਸ ਨੂੰ, ਦੱਸਦਾ ਦੀਨ ਦਿਆਲ ॥
ਜਿਸ ਤੇ ਹੁੰਦਾ ਸਤਿਗੁਰ, ਨੂਰੀ ਆਪ ਦਿਆਲ ॥

ਅਸਟਪਦੀ ॥

(੧) ਅਬਿਨਾਸੀ ਪ੍ਰਭੁ ਮਨ ਮਹਿ ਰਾਖੁ ॥ ਮਾਨੁਖ ਕੀ ਤੂ ਪ੍ਰੀਤਿ ਤਿਆਗੁ ॥
(੨) ਤਿਸ ਤੇ ਪਰੈ ਨਾਹੀ ਕਿਛੁ ਕੋਇ ॥ ਸਰਬ ਨਿਰੰਤਰਿ ਏਕੋ ਸੋਇ ॥
(੩) ਆਪੇ ਬੀਨਾ ਆਪੇ ਦਾਨਾ ॥ ਗਹਿਰ ਗੰਭੀਰੁ ਗਹੀਰੁ ਸੁਜਾਨਾ ॥
(੪) ਪਾਰਬ੍ਰਹਮ ਪਰਮੇਸੁਰ ਗੋਬਿੰਦ ॥ ਕ੍ਰਿਪਾਨਿਧਾਨ ਦਇਆਲ ਬਖਸੰਦ ॥
(੫) ਸਾਧ ਤੇਰੇ ਕੀ ਚਰਨੀ ਪਾਉ ॥ ਨਾਨਕ ਕੈ ਮਨਿ ਇਹੁ ਅਨਰਾਉ ॥੧॥

ਅਨੁਵਾਦਿ

(੧) ਨਾਸ ਰਹਿਤ ਪ੍ਰਭ ਸੰਗ ਐਮਨ ਧੁਰ, ਅੰਦਰ ਤੋਂ ਕਰ ਤੂੰ ਪਿਆਰ ॥
ਨਾਮ ਪ੍ਰਭ ਦਾ ਚਿਤ ਵਸਾ ਕੇ, ਇਸ ਦੁਨੀਆਂ ਦੀ ਪ੍ਰੀਤ ਵਿਸਾਰ ॥
(੨) ਹਰ ਇਕ ਵਿਚ ਹੈ ਪ੍ਰਭ ਦਾ ਵਾਸਾ, ਉਸ ਦੇ ਨਹੀਂ ਕੋਈ ਬਿਨਾਂ ਹਜ਼ੂਰ ॥
ਸਭ ਜੀਵਾਂ ਵਿਚ ਪ੍ਰਭੂ ਵਿਆਪਕ, ਕਣ ਕਣ ਵਿਚ ਹੈ ਉਸ ਦਾ ਨੂਰ ॥
(੩) ਆਪ ਪਛਾਣ ਕਰੇ ਪ੍ਰਭ ਸਭ ਦੀ, ਆਪ ਉਹ ਸਭ ਕੁਛ ਜਾਨਣ ਵਾਲਾ ॥
ਬਹੁਤ ਗੰਭੀਰ ਸਿਆਣਾ ਹੈ ਪ੍ਰਭ, ਸਭ ਦੀ ਰਮਜ਼ ਪਛਾਨਣ ਵਾਲਾ ॥
(੪) ਐ ਸਤਿਗੁਰ ਮੇਰੇ ਪਰਮੇਸ਼ਵਰ, ਪਾਰਬ੍ਰਹਮ, ਗੋਬਿੰਦ, ਗੋਪਾਲ ॥
ਦਇਆਵਾਨ ਜੀਵਾਂ ਦੇ ਮਾਲਕ, ਬਖਸ਼ਨਹਾਰ ਐ ਦੀਨ ਦਿਆਲੁ ॥
(੫) ਆਪਣੇ ਸੰਤਾਂ ਦੀ ਚਰਨੀਂ ਪਾ ਕੇ, ਸਤਿਗੁਰ ਮੇਰੀ ਪਿਆਸ ਬੁਝਾਉ ॥
ਏਹੋ ਮੇਰੀ ਰੀਝ ਹੈ ਪਿਆਰੇ, ਪੂਰਨ ਇਹ ਪ੍ਰਭ ਰੀਝ ਪੁਜਾਉ ॥

(੧) ਮਨਸਾ ਪੂਰਨ ਸਰਨਾ ਜੋਗ ॥ ਜੋ ਕਰਿ ਪਾਇਆ ਸੋਈ ਹੋਗੁ ॥
(੨) ਹਰਨ ਭਰਨ ਜਾ ਕਾ ਨੇਤ੍ਰ ਫੇਰੁ ॥ ਤਿਸ ਕਾ ਮੰਤ੍ਰ ਨਾ ਜਾਨੈ ਹੋਰੁ ॥
(੩) ਅਨਦ ਰੂਪ ਮੰਗਲ ਸਦ ਜਾ ਕੈ ॥ ਸਰਬ ਥੋਕ ਸੁਨੀਅਹਿ ਘਰਿ ਤਾਕੈ ॥
(੪) ਰਾਜ ਮਹਿ ਰਾਜੁ ਜੋਗ ਮਹਿ ਜੋਗੀ ॥ ਤਪ ਮਹਿ ਤਪੀਸਰੁ ਗ੍ਰਿਹਸਤ ਮਹਿ ਭੋਗੀ ॥
(੫) ਧਿਆਇ ਧਿਆਇ ਭਗਤਹ ਸੁਖੁ ਪਾਇਆ ॥ ਨਾਨਕ ਤਿਸੁ ਪੁਰਖ ਕਾ ਕਿਨੈ ਅੰਤੁ ਨ ਪਾਇਆ ॥੨॥

ਅਨੁਵਾਦਿ

(੧) ਹਰ ਇਕ ਦੀ ਪ੍ਰਭ ਆਸ ਪੁਜਾਵੇ, ਸ਼ਰਨ ਆਏ ਨੂੰ ਸਕਦੈ ਤਾਰ ॥
ਜੋ ਪ੍ਰਾਨੀ ਦੇ ਹੱਥ ਤੇ ਲਿਖਿਆ, ਹੁੰਦਾ ਉਹ ਪਿਆਰੇ ਸਾਕਾਰ ॥
(੨) ਅੱਖ ਫਰਕਣ ਦੇ ਸਮੇਂ ਦੇ ਅੰਦਰ, ਨਾਸ ਕਰੇ ਜਾਂ ਪ੍ਰਭੂ ਬਚਾਵੇ ॥
ਹੋਰ ਕਿਸੇ ਪ੍ਰਾਨੀ ਨੂੰ ਐ ਮਨ, ਇਸ ਦਾ ਗੁੱਝਾ ਭੇਤ ਨਾ ਆਵੇ ॥
(੩) ਉਸ ਪ੍ਰਭੂ ਦੇ ਘਰ ਹਰ ਦਮ ਖੁਸ਼ੀਆਂ, ਹੋਣ ਖੁਸ਼ੀ ਦੇ ਮੰਗਲਾਚਾਰ ॥
ਹਰ ਇਕ ਸ਼ੈ ਮੌਜੂਦ ਹੈ ਓਥੇ, ਥੋਕ ਪਦਾਰਥ ਬਹੁ ਪਰਕਾਰ ॥
(੪) ਰਾਜਿਆਂ ਵਿਚ ਪ੍ਰਭ ਆਪ ਹੀ ਰਾਜਾ, ਜੋਗੀਆਂ ਵਿਚ ਆਪੇ ਪ੍ਰਭ ਜੋਗੀ ॥
ਤਪੀਆਂ ਦੇ ਵਿਚ ਹੈ ਆਪ ਤਪੀਸਰ, ਗਰਿਸਤੀਆਂ ਵਿਚ ਉਹ ਆਪੇ ਭੋਗੀ ॥
(੫) ਸਿਮਰ ਸਿਮਰ ਕੇ ਉਸ ਨੂੰ ਭਗਤਾਂ, ਸੁੱਖ ਪਾਇਆ ਹੈ ਵਿਚ ਸੰਸਾਰ ॥
ਨੂਰੀ ਸਤਿਗੁਰ ਉਸ ਪ੍ਰਭੂ ਦਾ, ਪਾਇਆ ਅੰਤਿ ਨਾ ਪਾਰਾਵਾਰ ॥

(੧) ਜਾ ਕੀ ਲੀਲਾ ਕੀ ਮਿਤਿ ਨਾਹਿ॥ ਸਗਲ ਦੇਵ ਹਾਰੇ ਅਵਗਾਹਿ॥
(੨) ਪਿਤਾ ਕਾ ਜਨਮੁ ਕਿ ਜਾਨੈ ਪੂਤੁ॥ ਸਗਲ ਪਰੋਈ ਅਪੁਨੈ ਸੂਤਿ॥
(੩) ਸੁਮਤਿ ਗਿਆਨ ਧਿਆਨੁ ਜਿਨ ਦੇਇ॥ ਜਨ ਦਾਸ ਨਾਮੁ ਧਿਆਵਹਿ ਸੇਇ॥
(੪) ਤਿਹੁ ਗੁਣ ਮਹਿ ਜਾ ਕਉ ਭਰਮਾਏ॥ ਜਨਮਿ ਮਰੈ ਫਿਰਿ ਆਵੈ ਜਾਏ॥
(੫) ਊਚ ਨੀਚ ਤਿਸ ਕੇ ਅਸਥਾਨ॥ ਜੈਸਾ ਜਨਾਵੈ ਤੈਸਾ ਨਾਨਚ ਜਾਨ॥੩॥

ਅਨੁਵਾਦਿ

(੧) ਉਸ ਪ੍ਰਭ ਦੀਆਂ ਖੇਡਾਂ ਦਾ ਕੋਈ, ਪਿਆਰੇ ਅੰਤ ਸ਼ੁਮਾਰ ਨਹੀਂ ਹੈ॥
ਖੋਜ ਖੋਜ ਸਭ ਦਿਉਤੇ ਹਾਰੇ, ਆਇਆ ਪਾਰਾਵਾਰ ਨਹੀਂ ਹੈ॥
(੨) ਪਿਤਾ ਦੇ ਜਨਮ ਦੇ ਬਾਰੇ ਐਮਨ, ਪੁੱਤਰ ਨੂੰ ਹੈ ਸਾਰ ਨਾ ਕੋਈ॥
ਇਹ ਸ੍ਰਿਸ਼ਟੀ ਦੀ ਸਾਰੀ ਰਚਨਾ ਮੇਰੇ ਪ੍ਰਭ ਦੇ ਹੁਕਮ ਪਰੋਈ॥
(੩) ਸਤਿਗੁਰ ਜਿਸਨੂੰ ਸੋਝੀ ਬਖਸ਼ਣ, ਗਿਆਨ ਧਿਆਨ ਉਹ ਐਮਨ ਪਾਵਨ॥
ਉਹ ਸੇਵਕ ਉਹ ਦਾਸ ਪ੍ਰਭੂ ਦੇ, ਸਿਮਰਨ ਦੇ ਵਿਚ ਸੁਰਤੀ ਲਾਵਨ॥
(੪) ਮਾਇਆ ਦੇ ਤਿੰਨ ਗੁਣਾਂ 'ਚ ਜਿਸਨੂੰ, ਮੇਰਾ ਸਤਿਗੁਰ ਲਾਈ ਰੱਖੇ॥
ਜਨਮ ਮਰਨ ਦੇ ਗੇੜ 'ਚ ਉਸਨੂੰ, ਹਰ ਦਮ ਪਿਆਰੇ ਪਾਈ ਰੱਖੇ॥
(੫) ਉਚੇ ਨੀਵੇਂ ਜੋ ਨੇ ਸਾਰੇ, ਸਾਜੇ ਨੇ ਪ੍ਰਭ ਸਾਜਣ ਹਾਰੇ॥
ਜੈਸੀ ਮਤ ਬਖ਼ਸ਼ੇ ਪ੍ਰਭ ਸਤਿਗੁਰ, ਤੈਸੀ ਹਾਸਿਲ ਕਰਨ ਵਿਚਾਰੇ॥

(੧) ਨਾਨਾ ਰੂਪ ਨਾਨਾ ਜਾ ਕੇ ਰੰਗ॥ ਨਾਨਾ ਭੇਖ ਕਰਹਿ ਇਕ ਰੰਗ॥
(੨) ਨਾਨਾ ਬਿਧਿ ਕੀਨੋ ਬਿਸਥਾਰੁ॥ ਪ੍ਰਭੁ ਅਬਿਨਾਸੀ ਏਕੰਕਾਰੁ॥
(੩) ਨਾਨਾ ਚਲਿਤ ਕਰੇ ਖਿਨ ਮਾਹਿ॥ ਪੂਰਿ ਰਹਿਓ ਪੂਰਨੁ ਸਭ ਠਾਇ॥
(੪) ਨਾਨਾ ਬਿਧਿ ਕਰਿ ਬਨਤ ਬਨਾਈ॥ ਅਪਨੀ ਕੀਮਤਿ ਆਪੇ ਪਾਈ॥
(੫) ਸਭ ਘਟ ਤਿਸ ਕੇ ਸਭ ਤਿਸ ਕੇ ਠਾਉ॥ ਜਪਿ ਜਪਿ ਜੀਵੈ ਨਾਨਕ ਹਰਿ ਨਾਉ॥੪॥

ਅਨੁਵਾਦਿ

(੧) ਹੇ ਪ੍ਰਭ ਤੇਰੇ ਰੂਪ ਅਨੇਕਾਂ, ਹੇ ਪ੍ਰਭ ਤੇਰੇ ਰੰਗ ਅਪਾਰ॥
ਕਰਕੇ ਕੌਤਕ ਲੱਖਾਂ ਐ ਪ੍ਰਭ, ਤੂੰ ਇਕ ਰੰਗ ਰਹੇ ਕਰਤਾਰ॥
(੨) ਬਹੁਤ ਵਿਧਾਂ ਥੀਂ ਜਗਦਾ ਪਿਆਰੇ, ਕੀਤਾ ਹੈ ਪ੍ਰਭ ਨੇ ਵਿਸਥਾਰ॥
ਨਾਸ ਰਹਿਤ ਇਹ ਜਗਤ ਸੁਆਮੀ, ਹਰ ਥਾਂ ਵਸਦਾ ਇਹ ਦਾਤਾਰ॥
(੩) ਪੱਲ ਵਿਚ ਕਰਕੇ ਕਈ ਤਮਾਸ਼ੇ, ਰਹਿੰਦਾ ਹੈ ਫਿਰ ਵੀ ਸਾਕਾਰ॥
ਕਣ ਕਣ ਵਿਚ ਪ੍ਰਭ ਆਪ ਦਿਆਲੂ, ਹਰ ਥਾਂ ਵਸਦਾ ਸਿਰਜਣਹਾਰ॥
(੪) ਬਹੁਤ ਵਿਧਾਂ ਥੀਂ ਐ ਮਨ ਮੇਰੇ, ਇਹ ਰਚਿਆ ਸਾਰਾ ਸੰਸਾਰ॥
ਅਪਣਾ ਮੁੱਲ ਉਹ ਆਪੇ ਜਾਣੇ, ਆਪੇ ਕਰ ਸਕਦਾ ਇਜ਼ਹਾਰ॥
(੫) ਹਰ ਇਕ ਵਿਚ ਹੈ ਉਸਦਾ ਵਾਸਾ, ਹਰ ਇਕ ਵਿਚ ਪ੍ਰਭ ਆਪ ਸਾਕਾਰ॥
ਪ੍ਰਾਨੀ ਜਿਸਨੂੰ ਜਪ ਜਪ ਜੀਵੇ, ਉਸ ਨੂਰੀ ਪ੍ਰਭ ਦੇ ਬਲਿਹਾਰ

(੧) ਨਾਮ ਕੇ ਧਾਰੇ ਸਗਲੇ ਜੰਤ॥ ਨਾਮ ਕੇ ਧਾਰੇ ਖੰਡ ਬ੍ਰਹਮੰਡ॥
(੨) ਨਾਮ ਕੇ ਧਾਰੇ ਸਿਮ੍ਰਿਤ ਬੇਦ ਪੁਰਾਨ॥ ਨਾਮ ਕੇ ਧਾਰੇ ਸੁਨਨ ਗਿਆਨ ਧਿਆਨ॥
(੩) ਨਾਮ ਕੇ ਧਾਰੇ ਆਗਾਸ ਪਾਤਾਲ॥ ਨਾਮ ਕੈ ਧਾਰੇ ਸਗਲ ਆਕਾਰ॥
(੪) ਨਾਮ ਕੇ ਧਾਰੇ ਪੁਰੀਆ ਸਭ ਭਵਨ॥ ਨਾਮ ਕੇ ਸੰਗਿ ਉਧਰੇ ਸੁਨਿ ਸ੍ਰਵਨ॥
(੫) ਕਰਿ ਕਿਰਪਾ ਜਿਸੁ ਆਪਨੈ ਨਾਮਿ ਲਾਏ॥
ਨਾਨਕ ਚਉਥੇ ਪਦ ਮਹਿ ਸੋ ਜਨੁ ਗਤਿ ਪਾਏ॥੫॥

ਅਨੁਵਾਦਿ

(੧) ਜੀਅ ਜੰਤ ਇਹ ਸਾਰੇ ਜਗਦੇ, ਨਾਮ ਪ੍ਰਭੂ ਦੇ ਹੈਨ ਸਹਾਰੇ॥
ਖੰਡ ਬ੍ਰਹਮੰਡ ਧਰਤੀ ਦੇ ਟੋਟੇ, ਉਸ ਦੇ ਹੁਕਮ ਖਲੋਤੇ ਸਾਰੇ॥
(੨) ਵੇਦ ਪੁਰਾਨ ਸਿਮ੍ਰਤੀਆਂ ਸ਼ਾਸਤਰ, ਇਹ ਸਭ ਪ੍ਰਭ ਦੇ ਹੁਕਮ ਪਛਾਣ॥
ਗਿਆਨ ਸੁਣਨ ਵਿਚ ਧਿਆਨ ਲਗਾਉਣਾ, ਇਹ ਵੀ ਮੇਹਰ ਪ੍ਰਭੂ ਦੀ ਜਾਣ॥
(੩) ਹੁਕਮ ਪ੍ਰਭ ਥੀਂ ਟਿੱਕੇ ਖ਼ਲੋਤੇ, ਇਹ ਸਾਰੇ ਆਕਾਸ਼ ਪਾਤਾਲ॥
ਜੀਅ ਜੰਤ ਪ੍ਰਭ ਜੋ ਵੀ ਸਿਰਜੇ, ਇਹ ਪ੍ਰਭ ਉਸਦੇ ਹੁਕਮ ਦੇ ਨਾਲ॥
(੪) ਤਿੰਨ ਭਵਨ ਤੇ ਚੌਦਾ ਲੋਕਿ, ਟਿੱਕੇ ਹੋਇ ਨੇ ਨਾਮ ਆਧਾਰ॥
ਨਾਮ ਪ੍ਰਭੂ ਦਾ ਸੁਣ ਕੇ ਕੰਨੀ, ਪ੍ਰਾਨੀ ਦੇਵੇ ਤਿਆਗ ਵਿਕਾਰ॥
(੫) ਜਿਸ ਤੇ ਆਪਣੀ ਕ੍ਰਿਪਾ ਕਰਕੇ, ਨਾਮ ਜਪਣ ਵਿਚ ਸਤਿਗੁਰ ਲਾਵੇ॥
ਸਤਿਗੁਰ ਉਹ ਚੌਥਾ ਪਦ ਪਾ ਕੇ, ਮੁਕਤ ਪਦਾਰਥ ਨੂਰੀ ਪਾਵੇ॥

(੧) ਰੂਪੁ ਸਤਿ ਜਾਕਾ ਸਤਿ ਅਸਥਾਨੁ॥ ਪੁਰਖੁ ਸਤਿ ਕੇਵਲ ਪਰਧਾਨੁ॥
(੨) ਕਰਤੂਤਿ ਸਤਿ ਸਤਿ ਜਾਕੀ ਬਾਣੀ॥ ਸਤਿ ਪੁਰਖ ਸਭ ਮਾਹਿ ਸਮਾਣੀ॥
(੩) ਸਤਿ ਕਰਮੁ ਜਾਕੀ ਰਚਨਾ ਸਤਿ॥ ਮੂਲੁ ਸਤਿ ਸਤਿ ਉਤਪਤਿ॥
(੪) ਸਤਿ ਕਰਣੀ ਨਿਰਮਲ ਨਿਰਮਲੀ॥ ਜਿਸਹਿ ਬੁਝਾਏ ਤਿਸਹਿ ਸਭ ਭਲੀ॥
(੫) ਸਤਿਨਾਮੁ ਪ੍ਰਭ ਕਾ ਸੁਖਦਾਈ॥ ਬਿਸ੍ਵਾਸੁ ਸਤਿ ਨਾਨਕ ਗੁਰ ਤੇ ਪਾਈ॥੬॥

ਅਨੁਵਾਦਿ

(੧) ਜਿਸਦਾ ਰੂਪ ਸਦਾ ਰਹਿਣਾ ਹੈ, ਜਿਸਦਾ ਰਹਿਣਾ ਸਦਾ ਨਿਵਾਸ॥
ਹਰ ਇਕ ਦਾ ਮਾਲਕ ਉਹ ਪਿਆਰੇ, ਸਾਰੇ ਨੇ ਉਸ ਪ੍ਰਭ ਦੇ ਦਾਸ॥
(੨) ਬਾਣੀ ਪ੍ਰਭ ਦੀ ਸੱਚੀ ਬਾਣੀ, ਅਮਰ ਪ੍ਰਭੂ ਦੀ ਹਰ ਇਕ ਕਾਰ॥
ਸਰਬ ਵਿਆਪੀ ਆਪ ਪ੍ਰਭੂ ਉਹ, ਹਰ ਇਕ ਵਿਚ ਵੱਸਦਾ ਸਾਕਾਰ॥
(੩) ਬਖਸ਼ਿਸ਼ ਉਸਦੀ ਹਰ ਦਮ ਕਾਇਮ, ਰਚਨਾ ਉਸਦੀ ਸਦਾ ਅਪਾਰ॥
ਮੁਢ ਤੋਂ ਹੀ ਅਟੱਲ ਅਮਰ ਉਹ, ਪਰਗਿਟ ਹੋਇਆ ਵਿਚ ਸੰਸਾਰ॥
(੪) ਉਸਦਾ ਹਰ ਇਕ ਕੰਮ ਪਵਿੱਤਰ, ਆਪ ਪਵਿੱਤਰ ਉਹ ਨਰੰਕਾਰ॥
ਜਿਸਨੂੰ ਸੋਝੀ ਬਖ਼ਸ਼ੇ ਪਿਆਰਾ, ਉਹ ਨਰ ਉਸਦੀ ਪਾਉਂਦਾ ਸਾਰ॥
(੫) ਸੱਚ ਨਾਮ ਪ੍ਰਭੂ ਵਿਚ ਐ ਮਨ, ਸੁੱਖਾਂ ਦਾ ਨਹੀਂ ਪਾਰਾਵਾਰ॥
ਇਹ ਸ਼ਰਧਾ ਦੀ ਬਖਸ਼ਸ਼ ਪ੍ਰਾਨੀ, ਪ੍ਰਭ ਤੋਂ ਮਿਲਦੀ ਆਖਰ ਕਾਰ॥

(੧) ਸਤਿ ਬਚਨ ਸਾਧੂ ਉਪਦੇਸ॥ ਸਤਿ ਤੇ ਜਨ ਜਾ ਕੈ ਰਿਦੈ ਪ੍ਰਵੇਸ॥
(੨) ਸਤਿ ਨਿਰਤਿ ਬੂਝੈ ਜੋ ਕੋਇ॥ ਨਾਮੁ ਜਪਤ ਤਾ ਕੀ ਗਤਿ ਹੋਇ॥
(੩) ਆਪਿ ਸਤਿ ਕੀਆ ਸਭੁ ਸਤਿ॥ ਆਪੇ ਜਾਨੈ ਅਪਨੀ ਮਿਤਿ ਗਤਿ॥
(੪) ਜਿਸ ਕੀ ਸ੍ਰਿਸਟਿ ਸੁ ਕਰਣੈਹਾਰੁ॥ ਅਵਰ ਨ ਬੂਝਿ ਕਰਤ ਬੀਚਾਰੁ॥
(੫) ਕਰਤੇ ਕੀ ਮਿਤਿ ਨਾ ਜਾਨੈ ਕੀਆ॥ ਨਾਨਕ ਜੋ ਤਿਸੁ ਭਾਵੈ ਸੋ ਵਰਤੀਆ॥੭॥

ਅਨੁਵਾਦਿ

(੧) ਅਮਰ ਅਟਲ ਨੇ ਬਚਨ ਗੁਰੂ ਦੇ, ਐ ਮਨ ਸੱਚ ਤੂੰ ਬਾਤ ਪਛਾਣ॥
ਜੀਹਨਾਂ ਦੇ ਹਿਰਦੇ ਵਿਚ ਵੱਸ ਗਏ, ਉਹ ਵੀ ਅਮਰ ਹੋ ਗਏ ਜਾਣ॥
(੨) ਲੀਨ ਪ੍ਰਭੂ ਸੰਗ ਹੋ ਕੇ ਐ ਮਨ, ਜਿਸਨੂੰ ਉਸਦੀ ਸੋਝੀ ਆਵੇ॥
ਨਾਮ ਪ੍ਰਭੂ ਦਾ ਜਪ ਕੇ ਪਿਆਰੇ, ਉਹ ਨਰ ਮੁਕਤਿ ਪਦਾਰਥ ਪਾਵੇ॥
(੩) ਸੱਦਾ ਰਹਿਣ ਵਾਲਾ ਹੈ ਉਹ ਪ੍ਰਭ, ਸਦਾ ਰਹੂ ਉਸਦਾ ਸੰਸਾਰ॥
ਆਪੇ ਉਹ ਪ੍ਰਭ ਆਪ ਨੂੰ ਜਾਣੇ, ਆਪ ਹੀ ਉਸਨੂੰ ਸਭ ਦੀ ਸਾਰ॥
(੪) ਜਿਸ ਪ੍ਰਭ ਨੇ ਇਹ ਸ੍ਰਿਸ਼ਟੀ ਸਾਜੀ, ਆਪ ਹੀ ਉਹ ਸਭ ਕਰਣੈਹਾਰ॥
ਹੋਰ ਭਲਾ ਹੈ ਦੱਸੋ ਕਿਹੜਾ? ਉਸ ਵਾਂਗੂ ਕਰ ਸਕੈ ਵੀਚਾਰ॥
(੫) ਪ੍ਰਭ ਦਾ ਭੇਤ ਕਿਸੇ ਨਹੀਂ ਪਾਇਆ, ਐ ਮਨ ਕਿਹੜਾ ਸਕਦਾ ਜਾਣ॥
ਨੂਰੀ ਸਤਿਗੁਰ ਜੋ ਵੀ ਚਾਹਵਣ, ਉਹ ਹੀ ਹੁੰਦੇ ਸੱਚ ਪਛਾਣ॥

(੧) ਬਿਸਮਨ ਬਿਸਮ ਭਏ ਬਿਸਮਾਦ॥ ਜਿਨਿ ਬੂਝਿਆ ਤਿਸੁ ਆਇਆ ਸ੍ਵਾਦ॥
(੨) ਪ੍ਰਭ ਕੈ ਰੰਗਿ ਰਾਚਿ ਜਨ ਰਹੇ॥ ਗੁਰ ਕੈ ਬਚਨਿ ਪਦਾਰਥ ਲਹੇ॥
(੩) ਓਇ ਦਾਤੇ ਦੁਖ ਕਾਟਨਹਾਰ॥ ਜਾ ਕੈ ਸੰਗਿ ਤਰੈ ਸੰਸਾਰ॥
(੪) ਜਨ ਕਾ ਸੇਵਕੁ ਸੋ ਵਡਭਾਗੀ॥ ਜਨ ਕੈ ਸੰਗਿ ਏਕ ਲਿਵ ਲਾਗੀ॥
(੫) ਗੁਨ ਗੋਬਿਦ ਕੀਰਤਨੁ ਜਨੁ ਗਾਵੈ॥ ਗੁਰ ਪ੍ਰਸਾਦਿ ਨਾਨਕ ਫਲੁ ਪਾਵੈ॥੮॥੧੬॥

ਅਨੁਵਾਦਿ

(੧) ਤੱਕ ਤੱਕ ਕੇ ਪ੍ਰਭ ਦੀ ਵਡਿਆਈ, ਇਹ ਪ੍ਰਾਨੀ ਹੁੰਦੇ ਹੈਰਾਨ॥
ਜਿਸਨੇ ਜਾਣ ਲਿਆ ਹੈ ਪ੍ਰਭ ਨੂੰ, ਉਹ ਰਹਿੰਦੇ ਸੁੱਖ ਵਿਚ ਗਲਤਾਨ॥
(੨) ਪ੍ਰਭ ਦੇ ਸੇਵਕ, ਪ੍ਰੀਤ ਉਹਦੀ ਵਿਚ, ਰਹਿੰਦੇ ਨੇ ਸਰਸ਼ਾਰ ਪਿਆਰੇ॥
ਗੁਰ ਬਚਨਾਂ ਤੋਂ ਨਾਮ ਅਮੋਲਕ, ਦਾ ਪਾਉਂਦੇ ਭੰਡਾਰ ਪਿਆਰੇ॥
(੩) ਉਹ ਸੇਵਕ ਖੁਦ ਦਾਤੇ ਬਣ ਕੇ, ਦੇਂਦੇ ਕਸ਼ਿਟ ਨਿਵਾਰ ਪਿਆਰੇ॥
ਉਹਨਾਂ ਦੀ ਸੰਗਤ ਤੋਂ ਐ ਮਨ, ਤਰ ਜਾਂਦਾ ਸੰਸਾਰ ਪਿਆਰੇ॥
(੪) ਪ੍ਰਭ ਦੇ ਸੇਵਕ ਦਾ ਵੀ ਸੇਵਕ, ਭਾਗਵਾਨ ਖੁਸ਼ਹਾਲ ਪਿਆਰੇ॥
ਉਹਨਾਂ ਦੀ ਸੰਗਤ ਤੋਂ ਉਹ ਨਰ, ਜੁੜਦਾ ਸਤਿਗੁਰ ਨਾਲ ਪਿਆਰੇ॥
(੫) ਪ੍ਰਭ ਦਾ ਸੇਵਕ ਪ੍ਰਭ ਕ੍ਰਿਪਾ ਤੇ, ਹਰ ਦਮ ਹੀ ਗੁਣ ਗਾਵੇ ਪਿਆਰੇ॥
ਸਤਿਗੁਰ ਦੀ ਕ੍ਰਿਪਾ ਤੋਂ ਐ ਮਨ, ਨਾਮ ਦਾ ਉਹ ਫਲ ਪਾਵੇ ਪਿਆਰੇ॥

ਸਲੋਕੁ ॥

ਆਦਿ ਸਚੁ ਜੁਗਾਦਿ ਸਚੁ ॥ ਹੈ ਭਿ ਸਚੁ ਨਾਨਕ ਹੋਸੀ ਭਿ ਸਚੁ ॥੧॥

ਅਨੁਵਾਦਿ

ਮੁੱਢ ਤੋਂ ਹੀ ਹੈ ਹੋਂਦ ਪ੍ਰਭੂ ਦੀ, ਯੁੱਗਾਂ ਤੋਂ ਇਸ ਦਾ ਵਿਸਥਾਰ ॥
ਹੁਣ ਭੀ ਉਹ ਮੌਜੂਦ ਹੈ ਸਤਿਗੁਰ, ਰਹੂ ਮੌਜੂਦ ਸਦਾ ਕਰਤਾਰ ॥

ਅਸਟਪਦੀ॥

(੧) ਚਰਨ ਸਤਿ ਸਤਿ ਪਰਸਨਹਾਰ॥ ਪੂਜਾ ਸਤਿ ਸਤਿ ਸੇਵਦਾਰ॥
(੨) ਦਰਸਨੁ ਸਤਿ ਸਤਿ ਪੇਖਨਹਾਰ॥ ਨਾਮੁ ਸਤਿ ਸਤਿ ਧਿਆਵਨਹਾਰ॥
(੩) ਆਪਿ ਸਤਿ ਸਤਿ ਸਭ ਧਾਰੀ॥ ਆਪੇ ਗੁਣ ਆਪੇ ਗੁਣਕਾਰੀ॥
(੪) ਸਬਦੁ ਸਤਿ ਸਤਿ ਪ੍ਰਭੁ ਬਕਤਾ॥ ਸੁਰਤਿ ਸਤਿ ਸਤਿ ਜਸੁ ਸੁਨਤਾ॥
(੫) ਬੁਝਨਹਾਰ ਕਉ ਸਤਿ ਸਭ ਹੋਇ॥ ਨਾਨਕ ਸਤਿ ਸਤਿ ਪ੍ਰਭ ਸੋਇ॥੧॥

ਅਨੁਵਾਦਿ

(੧) ਚਰਨ ਪ੍ਰਭੂ ਦੇ ਅਮਰ ਨੇ ਪਿਆਰੇ, ਪੂਜਣ ਵਾਲੇ ਅਮਰ ਹੋ ਜਾਣ॥
ਪੂਜਾ ਪ੍ਰਭ ਦੀ ਸਾਥ ਨਿਭਾਊ, ਐ ਸੇਵਕ ਇਹ ਠੀਕ ਪਛਾਣ॥
(੨) ਦਰਸ ਪ੍ਰਭੁ ਦਾ ਬੜਾ ਅਮੋਲਕ, ਦਰਸ਼ਨ ਕਰ ਪ੍ਰਾਨੀ ਤਰ ਜਾਵੇ॥
ਅਮਰ ਅਟਲ ਹੈ ਨਾਮ ਪ੍ਰਭੂ ਦਾ, ਸਿਮਰਨ ਕਰ ਨਰ ਮੁਕਤੀ ਪਾਵੇ॥
(੩) ਆਪ ਪ੍ਰਭੂ ਇਹ ਸਾਰੀ ਸ੍ਰਿਸ਼ਟੀ, ਆਪਣੇ ਹੁਕਮ ਟਿਕਾਈ ਹੋਈ ਹੈ॥
ਇਹ ਗੁਣ ਕਾਰੀ ਖੇਲ੍ਹ ਪ੍ਰਭੂ ਸਭ, ਐ ਮਨ ਆਪ ਰਚਾਈ ਹੋਈ ਹੈ॥
(੪) ਸ਼ਬਦ ਗੁਰੂ ਦਾ ਥਿਰ ਰਹਿਣਾ ਹੈ, ਆਖਣ ਵਾਲਾ ਥਿਰ ਹੋ ਜਾਵੇ॥
ਸਤ ਕਰਮ ਹੈ ਉਸਦਾ ਪਿਆਰੇ, ਪ੍ਰਭ ਜਸ ਸੁਣ ਜੋ ਚਿਤ ਵਸਾਵੇ॥
(੫) ਸੂਝਵਾਨ ਨੂੰ ਇਹ ਜਗ ਰਚਨਾ, ਪ੍ਰਭੂ ਹੋਂਦ ਦੀ ਹਸਤੀ ਜਾਪੇ॥
ਸਤਿਗੁਰ ਜਾਣ ਲਵੇ ਉਹ ਪ੍ਰਾਨੀ, ਥਿਰ ਰਹਿਣਾ ਪ੍ਰਭ ਨੂਰੀ ਆਪੇ॥

(੧) ਸਤਿ ਸਰੂਪੁ ਰਿਦੈ ਜਿਨਿ ਮਾਨਿਆ॥ ਕਰਨ ਕਰਾਵਨ ਤਿਨਿ ਮੂਲੁ ਪਛਾਨਿਆ॥
(੨) ਜਾਕੈ ਰਿਦੈ ਬਿਸ੍ਵਾਸੁ ਪ੍ਰਭ ਆਇਆ॥ ਤਤੁ ਗਿਆਨ ਤਿਸੁ ਮਨਿ ਪ੍ਰਗਟਾਇਆ॥
(੩) ਭੈ ਤੇ ਨਿਰਭਉ ਹੋਇ ਬਸਾਨਾ॥ ਜਿਸ ਤੇ ਉਪਜਿਆ ਤਿਸੁ ਮਾਹਿ ਸਮਾਨਾ॥
(੪) ਬਸਤੁ ਮਾਹਿ ਲੇ ਬਸਤੁ ਗਡਾਈ॥ ਤਾ ਕਉ ਭਿੰਨ ਨ ਕਹਨਾ ਜਾਈ॥
(੫) ਬੂਝੈ ਬੂਝਨਹਾਰੁ ਬਿਬੇਕ॥ ਨਰਾਇਨ ਮਿਲੇ ਨਾਨਕ ਏਕ॥੨॥

ਅਨੁਵਾਦਿ

(੧) ਜਿਸ ਪ੍ਰਾਨੀ ਨੇ ਅਪਣੇ ਹਿਰਦੇ, ਪ੍ਰਭ ਦੀ ਮੂਰਤ ਧਾਰ ਲਈ ਹੈ॥
ਕਰਨ ਕਰਾਵਨ ਵਾਲੇ ਪ੍ਰਭੂ ਦੀ, ਮੁਢ ਤੋਂ ਕਰ ਵੀਚਾਰ ਲਈ ਹੈ॥
(੨) ਜਿਸਦੇ ਹਿਰਦੇ ਪ੍ਰਭ ਹਸਤੀ ਦਾ ਆਇਆ ਹੈ ਇਅਤਬਾਰ ਪਿਆਰੇ॥
ਅਸਲ ਗਿਆਨ ਦਾ ਉਸਦੇ ਹਿਰਦੇ, ਪ੍ਰਗਿਟ ਹੋਇਆ ਪਿਆਰ ਪਿਆਰੇ॥
(੩) ਜੱਗ ਦਾ ਕੋਈ ਡਰ ਭਉ ਉੱਕਾ, ਉਸ ਪ੍ਰਾਨੀ ਦੇ ਕੋਲ ਨਾ ਆਵੇ॥
ਜਿਸ ਤੋਂ ਪ੍ਰਾਨੀ ਪੈਦਾ ਹੋਇਆ, ਉਸ ਪ੍ਰਭ ਦੇ ਸੰਗ ਬਿਰਤੀ ਲਾਵੇ॥
(੪) ਜਿਉਂ ਇਕ ਵਸਤ 'ਚ ਉਸ ਤਰ੍ਹਾਂ ਦੀ, ਦੂਜੀ ਵਸਤ ਮਿਲਾਈ ਜਾਵੇ॥
ਇਕ ਰੂਪ ਹੋ ਜਾਵਣ ਮਿਲਕੇ, ਨਹੀਂ ਭਿੰਨਤਾ ਪਾਈ ਜਾਵੇ॥
(੫) ਏਸ ਰਮਜ਼ ਨੂੰ ਸਮਝੇ ਵਿਰਲਾ, ਐ ਮਨ ਜਿਹੜਾ ਕਰੇ ਵੀਚਾਰ॥
ਦੋਹਾਂ ਤੋਂ ਇਕ ਰੂਪ ਉਹ ਹੋਏ, ਪ੍ਰਾਨੀ ਜਿਸ ਮਿਲਿਆ ਨਰੰਕਾਰ॥

(੧) ਠਾਕੁਰ ਕਾ ਸੇਵਕੁ ਆਗਿਆਕਾਰੀ॥ ਠਾਕੁਰ ਕਾ ਸੇਵਕੁ ਸਦਾ ਪੂਜਾਰੀ॥
(੨) ਠਾਕੁਰ ਕੇ ਸੇਵਕ ਕੈ ਮਨਿ ਪਰਤੀਤਿ॥ ਠਾਕੁਰ ਕੇ ਸੇਵਕ ਕੀ ਨਿਰਮਲ ਰੀਤਿ॥
(੩) ਠਾਕੁਰ ਕਉ ਸੇਵਕੁ ਜਾਨੈ ਸੰਗਿ॥ ਪ੍ਰਭ ਕਾ ਸੇਵਕੁ ਨਾਮ ਕੈ ਰੰਗਿ॥
(੪) ਸੇਵਕ ਕਉ ਪ੍ਰਭ ਪਾਲਨਹਾਰਾ॥ ਸੇਵਕ ਕੀ ਰਾਖੈ ਨਿਰੰਕਾਰਾ॥
(੫) ਸੋ ਸੇਵਕੁ ਜਿਸ ਦਇਆ ਪ੍ਰਭੁ ਧਾਰੈ॥ ਨਾਨਕ ਸੋ ਸੇਵਕੁ ਸਾਸਿ ਸਾਸਿ ਸਮਾਰੈ॥੩॥

ਅਨੁਵਾਦਿ

(੧) ਪ੍ਰਭ ਦਾ ਸੇਵਕ ਹੁਕਮ ਉਹਦੇ ਵਿਚ, ਹਰ ਦਮ ਰਹਿੰਦਾ ਹੈ ਸਰਕਾਰ॥
ਪ੍ਰਭ ਦਾ ਸੇਵਕ ਪ੍ਰਭ ਪੂਜਾ ਵਿਚ, ਨਿਸ ਦਿਨ ਪਿਆਰੇ ਰਹੇ ਸਰਸ਼ਾਰ॥
(੨) ਪ੍ਰਭ ਦੇ ਸੇਵਕ ਦਾ ਪ੍ਰਭ ਉਤੇ, ਹਰ ਦਮ ਰਹਿੰਦਾ ਹੈ ਇਅਤਬਾਰ॥
ਪ੍ਰਭ ਸੇਵਕ ਦਾ ਉਤਮ ਜੀਵਨ, ਸੁਥਰਾ ਉਸ ਦਾ ਚਜ ਅਚਾਰ॥
(੩) ਪ੍ਰਭ ਦਾ ਸੇਵਕ ਪ੍ਰਭ ਅਪਣੇ ਨੂੰ, ਹਰ ਦਮ ਸਮਝੇ ਅਪਣੇ ਨਾਲ॥
ਪ੍ਰਭ ਸੇਵਕ ਤੇ ਚੜ੍ਹਿਆ ਰਹਿੰਦਾ, ਨਾਮ ਪ੍ਰਭੂ ਦਾ ਰੰਗ ਕਮਾਲ॥
(੪) ਅਪਣੇ ਸੇਵਕ ਦੀ ਉਹ ਆਪੇ, ਬਣ ਕੇ ਰਹਿੰਦਾ ਪਾਲਣਹਾਰ॥
ਅਪਣੇ ਸੇਵਕ ਦੀ ਉਹ ਆਪੇ, ਪਤ ਰਖਦਾ ਮੇਰਾ ਨਰੰਕਾਰ॥
(੫) ਸੇਵਕ ਪ੍ਰਭ ਦਾ ਉਹ ਹੀ ਬਣਦਾ, ਮੇਹਰ ਕਰੇ ਜਿਸ ਤੇ ਪ੍ਰਭ ਆਪ॥
ਪਿਆਰੇ ਐਸਾ ਪ੍ਰਭ ਦਾ ਸੇਵਕ, ਦਮ ਦਮ ਕਰਦਾ ਪ੍ਰਭ ਦਾ ਜਾਪ॥

(੧) ਅਪੁਨੇ ਜਨ ਕਾ ਪਰਦਾ ਢਾਕੈ॥ ਆਪਨੇ ਸੇਵਕ ਕੀ ਸਰਪਰ ਰਾਖੈ॥
(੨) ਅਪਨੇ ਦਾਸ ਕਉ ਦੇਇ ਵਡਾਈ॥ ਅਪਨੇ ਸੇਵਕ ਕਉ ਨਾਮੁ ਜਪਾਈ॥
(੩) ਅਪਨੇ ਸੇਵਕ ਕੀ ਆਪਿ ਪਤਿ ਰਾਖੈ॥ ਤਾਕੀ ਗਤਿ ਮਿਤ ਕੋਇ ਨ ਲਾਖੈ॥
(੪) ਪ੍ਰਭ ਕੇ ਸੇਵਕ ਕਉ ਕੋ ਨਾ ਪਹੂਚੈ॥ ਪ੍ਰਭ ਕੇ ਸੇਵਕ ਊਚ ਤੇ ਊਚੇ॥
(੫) ਜੋ ਪ੍ਰਭਿ ਅਪਨੀ ਸੇਵਾ ਲਾਇਆ॥ ਨਾਨਕ ਸੋ ਸੇਵਕ ਦਹ ਦਿਸਿ ਪ੍ਰਗਟਾਇਆ॥੪॥

ਅਨੁਵਾਦਿ

(੧) ਅਪਣੇ ਸੇਵਕ ਦਾ ਪ੍ਰਭ ਆਪੇ, ਪਰਦਾ ਰਖਦਾ ਆਪ ਹਜ਼ੂਰ॥
ਸੇਵਕ ਅਪਣੇ ਦੀ ਪ੍ਰਭ ਆਪੇ, ਰਖਦਾ ਹੈ ਉਹ ਪਤ ਜ਼ਰੂਰ॥
(੨) ਅਪਣੇ ਸੇਵਕ ਨੂੰ ਪ੍ਰਭ ਆਪੇ, ਬਖ਼ਸ਼ੇ ਸੋਭਾ ਤੇ ਵਡਿਆਈ॥
ਅਪਣੇ ਸੇਵਕ ਦੀ ਪ੍ਰਭ ਆਪੇ, ਨਾਮ ਜਪਣ ਵਿਚ ਬਿਰਤੀ ਲਾਈ॥
(੩) ਆਪਣੇ ਸੇਵਕ ਦੀ ਪ੍ਰਭ ਆਪੇ, ਰਖਦਾ ਹੈ ਉਹ ਇਜ਼ਤ ਮਾਣ॥
ਉਸ ਪ੍ਰਭ ਦੀ ਵਡਿਆਈ ਐਮਨ, ਕੋਈ ਵੀ ਨਹੀਂ ਸਕਦਾ ਜਾਣ॥
(੪) ਪ੍ਰਭ ਦੇ ਸੇਵਕ ਦੇ ਤੁਲ ਕੋਈ, ਐ ਮਨ ਕਿਧਰੇ ਨਜ਼ਰ ਨ ਆਵੇ॥
ਪ੍ਰਭ ਦਾ ਸੇਵਕ ਸੇਵਾ ਕਾਰਣ, ਸਭ ਤੋਂ ਉੱਚ ਮਰਤਬਾ ਪਾਵੇ॥
(੫) ਜਿਸ ਨੂੰ ਆਪਣੀ ਕ੍ਰਿਪਾ ਸਦਕੇ, ਪ੍ਰਭ ਅਪਣੀ ਸੇਵਾ ਵਿਚ ਲਾਵੇ॥
ਨੂਰੀ ਸਤਿਗੁਰ ਉਹ ਪ੍ਰਭ ਸੇਵਕ, ਚਹੁੰ ਕੂੰਟੀਂ ਉੱਘਾ ਹੋ ਜਾਵੇ॥

(੧) ਨੀਕੀ ਕੀਰੀ ਮਹਿ ਕਲ ਰਾਖੈ॥ ਭਸਮ ਕਰੈ ਲਸਕਰ ਕੋਟਿ ਲਾਖੈ॥
(੨) ਜਿਸ ਕਾ ਸਾਸੁ ਨ ਕਾਢਤ ਆਪਿ॥ ਤਾ ਕਉ ਰਾਖਤ ਦੇ ਕਰਿ ਹਾਥ॥
(੩) ਮਾਨਸ ਜਤਨ ਕਰਤ ਬਹੁ ਭਾਤਿ॥ ਤਿਸ ਕੇ ਕਰਤਬ ਬਿਰਥੇ ਜਾਤਿ॥
(੪) ਮਾਰੈ ਨ ਰਾਖੈ ਅਵਰੁ ਨ ਕੋਇ॥ ਸਰਬ ਜੀਆ ਕਾ ਰਾਖਾ ਸੋਇ॥
(੫) ਕਾਹੇ ਸੋਚ ਕਰਹਿ ਰੇ ਪ੍ਰਾਣੀ॥ ਜਪਿ ਨਾਨਕ ਪ੍ਰਭ ਅਲਖ ਵਿਡਾਣੀ॥੫॥

ਅਨੁਵਾਦਿ

(੧) ਨਿੱਕੀ ਜਿਹੀ ਕੀੜੀ ਨੂੰ ਜੇਕਰ, ਬਲ ਬਖ਼ਸ਼ੇ ਮੇਰਾ ਸਤਿਗੁਰ ਪਿਆਰਾ॥
ਪਲ ਅੰਦਰ ਉਹ ਭਸਮ ਕਰ ਦਵੇ, ਕਈ ਕਰੋੜਾਂ ਲਸ਼ਕਰ ਭਾਰਾ॥
(੨) ਜਿਸ ਪ੍ਰਾਨੀ ਦਾ ਸਵਾਸ ਨਹੀਂ ਉੱਕਾ, ਕੱਢਦਾ ਹੈ ਪ੍ਰਭ ਐ ਮਨ ਆ ਕੇ॥
ਉਸ ਨੂੰ ਹੱਥ ਦੇ ਕੇ ਪ੍ਰਭ ਰੱਖਦਾ, ਪਿਆਰੇ ਮੌਤੋਂ ਆਪ ਬਚਾ ਕੇ॥
(੩) ਬੰਦਾ ਯਤਨ ਅਨੇਕਾਂ ਕਰਦਾ, ਐਪਰ ਕੋਈ ਪੇਸ਼ ਨ ਜਾਵੇ॥
ਸਾਰੇ ਯਤਨ ਵਿਆਰਥੇ ਜਾਂਦੇ, ਜੇ ਨਾ ਪ੍ਰਾਨੀ ਪ੍ਰਭ ਨੂੰ ਭਾਵੇ॥
(੪) ਨਾ ਕੋਈ ਸਕਦੈ ਮਾਰ ਕਿਸੇ ਨੂੰ, ਨਾ ਰੱਖ ਸਕਦਾ ਹੋਰ ਪਿਆਰੇ॥
ਸਭ ਜੀਆਂ ਦਾ ਉਹ ਪ੍ਰਭ ਰਾਖਾ, ਉਸ ਅੱਗੇ ਨਹੀਂ ਜ਼ੋਰ ਪਿਆਰੇ॥
(੫) ਐ ਪ੍ਰਾਨੀ ਤੂੰ ਫ਼ਿਕਰ ਕਿਉਂ ਕਰਦਾ? ਚਿੰਤਾ ਫਿਕਰ ਵਿਸਾਰ ਪਿਆਰੇ॥
ਉਹ ਪ੍ਰਭ ਅਲਖ ਅਪਾਰ ਹੈ ਪ੍ਰਾਨੀ, ਉਸ ਨੂੰ ਸਦਾ ਚਿਤਾਰ ਪਿਆਰੇ॥

(੧) ਬਾਰੰ ਬਾਰ ਬਾਰ ਪ੍ਰਭੁ ਜਪੀਐ॥ ਪੀ ਅੰਮ੍ਰਿਤੁ ਇਹੁ ਮਨੁ ਤਨੁ ਧ੍ਰਪੀਐ॥
(੨) ਨਾਮ ਰਤਨੁ ਜਿਨਿ ਗੁਰਮੁਖਿ ਪਾਇਆ॥ ਤਿਸੁ ਕਛੁ ਅਵਰੁ ਨਾਹੀ ਦ੍ਰਿਸਟਾਇਆ॥
(੩) ਨਾਮੁ ਧਨੁ ਨਾਮੋ ਰੂਪੁ ਰੰਗੁ॥ ਨਾਮੋ ਸੁਖੁ ਹਰਿ ਨਾਮ ਕਾ ਸੰਗੁ॥
(੪) ਨਾਮ ਰਸਿ ਜੋ ਜਨ ਤ੍ਰਿਪਤਾਨੇ॥ ਮਨ ਤਨ ਨਾਮਹਿ ਨਾਮ ਸਮਾਨੇ॥
(੫) ਊਠਤ ਬੈਠਤ ਸੋਵਤ ਨਾਮ॥ ਕਹੁ ਨਾਨਕ ਜਨ ਕੈ ਸਦ ਕਾਮ॥੬॥

ਅਨੁਵਾਦਿ

(੧) ਵਾਰ ਵਾਰ ਪ੍ਰਭ ਜਪ ਕੇ ਪਿਆਰੇ, ਨਾਮ ਪ੍ਰਭੂ ਦਾ ਚਿੱਤ ਵਸਾਈਏ॥
ਪੀ ਕੇ ਨਾਮ ਰੂਪੀ ਇਹ ਅੰਮ੍ਰਿਤ, ਮਨ ਤਨ ਦੀ ਸਭ ਪਿਆਸ ਬੁਝਾਈਏ॥
(੨) ਨਾਮ ਰੂਪੀ ਇਹ ਰਤਨ ਅਮੋਲਕ, ਐ ਮਨ ਜਿਸ ਗਰਮੁਖ ਨੇ ਪਾਇਆ॥
ਉਸ ਨੂੰ ਪ੍ਰਭ ਦੇ ਨੂਰ ਦੇ ਬਾਝੋਂ, ਹੋਰ ਨਹੀਂ ਕੁਝ ਨਜ਼ਰੀਂ ਆਇਆ॥
(੩) ਉਸ ਗੁਰਮੁਖ ਦੇ ਨਾਮ ਤੋਂ ਸਦਕੇ, ਰੂਪ ਰੰਗ ਤੋਂ ਜਾਈਏ ਵਾਰੇ॥
ਨਾਮ ਤੋਂ ਨੇ ਸਾਰੇ ਸੁੱਖ ਪਾਉਂਦੇ, ਨਾਮ ਦਾ ਹੀ ਕਰ ਸੰਗ ਪਿਆਰੇ॥
(੪) ਨਾਮ ਰੂਪ ਜੋ ਅੰਮ੍ਰਿਤ ਪੀ ਕੇ, ਹੋ ਗਏ ਜਿਹੜੇ ਤ੍ਰਿਪਤ ਪਿਆਰੇ॥
ਨਾਮ ਰੰਗ ਵਿਚ ਮਨ ਤਨ ਰੰਗ ਉਹ, ਹਰ ਦਮ ਜਾਵਣ ਨਾਮ ਤੋਂ ਵਾਰੇ॥
(੫) ਉਠਦੇ ਬਹਿੰਦੇ ਸੌਂਦੇ ਹਰ ਦਮ, ਨਾਮ ਸੰਗ ਜੋ ਕਰਨ ਪਿਆਰ॥
ਐ ਪ੍ਰਾਨੀ ਜੋ ਉਸ ਦੇ ਸੇਵਕ, ਏਹੋ ਸਦਾ ਉਹਨਾਂ ਦੀ ਕਾਰ॥

(੧) ਬੋਲਹੁ ਜਸੁ ਜਿਹਬਾ ਦਿਨ ਰਾਤਿ॥ ਪ੍ਰਭਿ ਅਪਨੈ ਜਨ ਕੀਨੀ ਦਾਤਿ॥
(੨) ਕਰਹਿ ਭਗਤਿ ਆਤਮ ਕੈ ਚਾਇ॥ ਪ੍ਰਭ ਅਪਨੇ ਸਿਉ ਰਹਹਿ ਸਮਾਇ॥
(੩) ਜੋ ਹੋਆ ਹੋਵਤ ਸੋ ਜਾਨੈ॥ ਪ੍ਰਭ ਅਪਨੇ ਕਾ ਹੁਕਮੁ ਪਛਾਨੈ॥
(੪) ਤਿਸ ਕੀ ਮਹਿਮਾ ਕਉਨ ਬਖਾਨਉ॥ ਤਿਸ ਕਾ ਗੁਨੁ ਕਹਿ ਏਕ ਨ ਜਾਨਉ॥
(੫) ਆਠ ਪਹਰ ਪ੍ਰਭ ਬਸਹਿ ਹਜੂਰੇ॥ ਕਹੁ ਨਾਨਕ ਸੇਈ ਜਨ ਪੂਰੇ॥੭॥

ਅਨੁਵਾਦਿ

(੧) ਜੀਭ ਨਾਲ ਐ ਜੀਵ ਪਿਆਰੇ, ਗੁਣ ਉਸ ਦੇ ਗਾਓ ਦਿਨ ਰਾਤ॥
ਅਪਣੇ ਸੇਵਕ ਨੂੰ ਹੈ ਪਿਆਰੇ, ਪ੍ਰਭ ਇਹ ਬਖਸ਼ਿਸ਼ ਕੀਤੀ ਦਾਤ॥
(੨) ਚਿਤੋਂ ਚਿਤ ਲਗਾ ਕੇ ਜੋ ਨਰ, ਸਿਮਰਨ ਦੀ ਕਰਦਾ ਹੈ ਕਾਰ॥
ਹਰ ਦਮ ਸਾਥ ਪ੍ਰਭੂ ਦਾ ਮਾਨਣ, ਨਾਲ ਪ੍ਰਭੂ ਦੇ ਪਾ ਕੇ ਪਿਆਰ॥
(੩) ਜੋ ਹੋਇਆ ਜਾਂ ਜੋ ਵੀ ਹੋਣਾ, ਉਹ ਜਾਣੇਂ ਸਭ ਜਾਣੀ ਜਾਣ॥
ਰਹਿੰਦੇ ਸਦਾ ਰਜ਼ਾ ਵਿਚ ਰਾਜ਼ੀ, ਪ੍ਰਭ ਅਪਣੇ ਦਾ ਹੁਕਮ ਪਛਾਣ॥
(੪) ਏਹੋ ਜਿਹੇ ਸੇਵਕ ਦੀ ਮਹਿਮਾ, ਕਰ ਸਕਦਾ ਹੈ ਕੌਣ ਬਿਆਨ॥
ਇਸਦਾ ਇਕ ਗੁਣ ਵੀ ਤੇ ਪਿਆਰੇ, ਦੱਸ ਸਕਦਾ ਨਹੀਂ ਮੈਂ ਅਣਜਾਨ॥
(੫) ਅੱਠੇ ਪਹਿਰ ਜਿਨ੍ਹਾਂ ਦੇ ਦਿਲ ਵਿਚ, ਹਾਜ਼ਰ ਉਹ ਦਾਤਾਰ ਪਿਆਰੇ॥
ਨੂਰੀ ਸਤਿਗੁਰ ਉਹ ਨਰ ਪੂਰਨ, ਹੁੰਦੇ ਵਿਚ ਸੰਸਾਰ ਪਿਆਰੇ॥

(੧) ਮਨ ਮੇਰੇ ਤਿਨ ਕੀ ਓਟ ਲੇਹਿ॥ ਮਨੁ ਤਨੁ ਅਪਨਾ ਤਿਨ ਜਨ ਦੇਹਿ॥
(੨) ਜਿਨਿ ਜਨਿ ਅਪਨਾ ਪ੍ਰਭੂ ਪਛਾਤਾ॥ ਸੋ ਜਨੁ ਸਰਬ ਥੋਕ ਕਾ ਦਾਤਾ॥
(੩) ਤਿਸ ਕੀ ਸਰਨਿ ਸਰਬ ਸੁਖ ਪਾਵਹਿ॥ ਤਿਸ ਕੈ ਦਰਸਿ ਸਭ ਪਾਪ ਮਿਟਾਵਹਿ॥
(੪) ਅਵਰ ਸਿਆਨਪ ਸਗਲੀ ਛਾਡੁ॥ ਤਿਸੁ ਜਨ ਕੀ ਤੂ ਸੇਵਾ ਲਾਗੁ॥
(੫) ਆਵਨੁ ਜਾਨੁ ਨ ਹੋਵੀ ਤੇਰਾ॥ ਨਾਨਕ ਤਿਸੁ ਜਨਕੇ ਪੂਜਹੁ ਸਦ ਪੈਰਾ॥੮॥੧੭॥

ਅਨੁਵਾਦਿ

(੧) ਐ ਮਨ ਓਟ ਉਨ੍ਹਾਂ ਦੀ ਲੈ ਤੂੰ, ਜੋ ਨਰ ਕਰਦੇ ਪ੍ਰਭ ਥੀਂ ਪਿਆਰ॥
ਐਸੇ ਜਨ ਦੀ ਸਰਨੀ ਪੈ ਕੇ ਮਨ ਤਨ ਪਿਆਰੇ ਅਪਣਾ ਵਾਰ॥
(੨) ਜਿਸ ਪ੍ਰਾਨੀ ਨੇ ਅਪਣੇ ਪ੍ਰਭ ਨੂੰ, ਐ ਮਨ ਮੇਰੇ ਲਿਆ ਪਛਾਣ॥
ਉਹ ਖੁਦ ਸਰਬ-ਥੋਕ ਦਾ ਦਾਤਾ, ਏਸ ਬਾਤ ਨੂੰ ਸੱਚੀ ਜਾਣ॥
(੩) ਐਸੇ ਜਨ ਦੀ ਸਰਨੀ ਪੈ ਕੇ, ਸੁੱਖ ਪਾ ਕੇ ਤੂੰ ਮੌਜਾਂ ਮਾਣ॥
ਉਸ ਗੁਰਮੁਖ ਦੇ ਦਰਸ਼ਨ ਕਰ ਕੇ, ਤੇਰੇ ਸਭ ਦੁੱਖ ਕੱਟੇ ਜਾਣ॥
(੪) ਹੋਰ ਸਿਆਣਪ ਸਾਰੀ ਛੱਡ ਕੇ, ਏਹੋ ਪਿਆਰੇ ਮਨ ਵਿਚ ਧਾਰ॥
ਐਸੇ ਜਨ ਦੀ ਸੇਵਾ ਕਰ ਕੇ, ਐ ਮਨ ਅਪਣਾ ਆਪ ਸਵਾਰ॥
(੫) ਕੱਟੀ ਜਾਏ ਚੌਰਾਸੀ ਤੇਰੀ, ਮੰਗ ਸਦਾ ਪਿਅਰੇ ਤੂੰ ਖ਼ੈਰ॥
ਐਸੇ ਸੰਤ ਜਨਾਂ ਦੇ ਪਿਆਰੇ, ਨੂਰੀ ਪੂਜੋ ਹਰ ਦਮ ਪੈਰ॥

ਸਲੋਕੁ ॥
ਸਤਿ ਪੁਰਖੁ ਜਿਨਿ ਜਾਨਿਆ ਸਤਿਗੁਰੁ ਤਿਸ ਕਾ ਨਾਉ ॥
ਤਿਸ ਕੈ ਸੰਗਿ ਸਿਖੁ ਉਧਰੈ ਨਾਨਕ ਹਰਿ ਗੁਨ ਗਾਉ ॥੧॥

ਅਨੁਵਾਦਿ

ਸੱਚੇ ਪ੍ਰਭ ਨੂੰ ਜਾਣ ਲਿਆ ਜਿਸ, ਸਤਿਗੁਰ ਉਸ ਦਾ ਨਾਮ ਹਜ਼ੂਰ॥
ਉਸ ਦਾ ਸੰਗ ਸੇਵਕ ਨੂੰ ਤਾਰੇ, ਐ ਪ੍ਰਾਨੀ ਉਹ ਸਿਮਰ ਜ਼ਰੂਰ॥

ਅਸਟਪਦੀ॥

(੧) ਸਤਿਗੁਰੁ ਸਿਖ ਕੀ ਕਰੈ ਪ੍ਰਤਿਪਾਲ॥ ਸੇਵਕ ਕਉ ਗੁਰੁ ਸਦਾ ਦਇਆਲੁ॥
(੨) ਸਿਖ ਕੀ ਗੁਰੁ ਦੁਰਮਤਿ ਮਲੁ ਹਿਰੈ॥ ਗੁਰ ਬਚਨੀ ਹਰਿ ਨਾਮੁ ਉਚਰੈ॥
(੩) ਸਤਿਗੁਰੁ ਸਿਖ ਕੇ ਬੰਧਨ ਕਾਟੈ॥ ਗੁਰ ਕਾ ਸਿਖੁ ਬਿਕਾਰ ਤੇ ਹਾਟੈ॥
(੪) ਸਤਿਗੁਰੁ ਸਿਖ ਕਉ ਨਾਮ ਧਨੁ ਦੇਇ॥ ਗੁਰ ਕਾ ਸਿਖੁ ਵਡਭਾਗੀ ਹੇ॥
(੫) ਸਤਿਗੁਰੁ ਸਿਖ ਕਾ ਹਲਤੁ ਪਲਤੁ ਸਵਾਰੈ॥
ਨਾਨਕ ਸਤਿਗੁਰ ਸਿਖ ਕਉ ਜੀਅ ਨਾਲ ਸਮਾਰੈ॥੧॥

ਅਨੁਵਾਦਿ

(੧) ਸਤਿਗੁਰ ਅਪਣੇ ਸਿਖ ਦੀ ਰਖਿਆ, ਕਰਦਾ ਹੈ ਹਰ ਦਮ ਸਰਕਾਰ॥
ਸਤਿਗੁਰ ਮੇਰਾ ਬੜਾ ਦਿਆਲੂ, ਸੇਵਕ ਹੋ ਜਾਂਦਾ ਬਲਿਹਾਰ॥
(੨) ਮਤ ਮੈਲੀ ਸੇਵਕ ਦੀ ਸਤਿਗੁਰ, ਕਰ ਦੇਂਦਾ ਹੈ ਪਿਆਰੇ ਦੂਰ॥
ਕਿਉਂ ਜੋ ਸਿਖ ਸਤਿਗੁਰ ਦੀ ਰਾਹੀਂ, ਨਾਮ ਪ੍ਰਭੂ ਦਾ ਜਪੇ ਹਜ਼ੂਰ॥
(੩) ਸਤਿਗੁਰ ਅਪਣੇ ਸਿਖ ਦੇ ਸਾਰੇ, ਕੱਟ ਦੇਂਦਾ ਮਾਇਆ ਦੇ ਜਾਲ॥
ਗੁਰ ਦਾ ਸਿਖ ਵਿਕਾਰ ਤੋਂ, ਹਟਕੇ ਜੁੜਦਾ ਹੈ ਸਤਿਗੁਰ ਦੇ ਨਾਲ॥
(੪) ਸਤਿਗੁਰ ਅਪਣੇ ਸਿਖ ਦੇ ਤਾਈਂ, ਨਾਮ ਦੀ ਬਖਸ਼ੇ ਦੌਲਤ ਮਾਲ॥
ਵਡਿਭਾਗੀ ਉਹ ਸਿਖ ਗੁਰੂ ਦਾ, ਰਹਿੰਦਾ ਹੈ ਹਰ ਵਕਤ ਨਿਹਾਲ॥
(੫) ਸਤਿਗੁਰ ਅਪਣੇ ਸਿਖ ਦਾ ਪਿਆਰੇ, ਏਥੇ ਓਥੇ ਕਰੇ ਉਧਾਰ॥
ਸਤਿਗੁਰ ਸਿਖ ਅਪਣੇ ਨੂੰ ਨੂਰੀ, ਜਾਨੋਂ ਵੱਧ ਰੱਖਦਾ ਸਰਕਾਰ॥

(੧) ਗੁਰ ਕੈ ਗ੍ਰਿਹਿ ਸੇਵਕੁ ਜੋ ਰਹੈ॥ ਗੁਰ ਕੀ ਆਗਿਆ ਮਨ ਮਹਿ ਸਹੈ
(੨) ਆਪਸ ਕਉ ਕਰਿ ਕਛੁ ਨ ਜਨਾਵੈ॥ ਹਰਿ ਹਰਿ ਨਾਮੁ ਰਿਦੈ ਸਦ ਧਿਆਵੈ॥
(੩) ਮਨੁ ਬੇਚੈ ਸਤਿਗੁਰ ਕੇ ਪਾਸਿ॥ ਤਿਸੁ ਸੇਵਕ ਕੇ ਕਾਰਜ ਰਾਸਿ॥
(੪) ਸੇਵਾ ਕਰਤ ਹੋਇ ਨਿਹਕਾਮੀ॥ ਤਿਸ ਕਉ ਹੋਤ ਪਰਾਪਤਿ ਸੁਆਮੀ॥
(੫) ਅਪਨੀ ਕ੍ਰਿਪਾ ਜਿਸੁ ਆਪਿ ਕਰੇਇ॥ ਨਾਨਕ ਸੋ ਸੇਵਕੁ ਗੁਰ ਕੀ ਮਤਿ ਲੇਇ॥੨॥

ਅਨੁਵਾਦਿ

(੧) ਗੁਰ ਦਾ ਸਿੱਖ ਜੋ ਸਿਖਿਆ ਖਾਤਰ, ਗੁਰ ਦੇ ਦਰ ਤੇ ਰਹੇ ਪਿਆਰੇ॥
ਗੁਰ ਦੀ ਆਗਿਆ ਅੰਦਰ ਰਹਿ ਕੇ, ਗੁਰ ਦਾ ਹੁਕਮ ਰਿਦੇ ਵਿਚ ਧਾਰੇ॥
(੨) ਆਪੇ ਆਪਣੇ ਆਪ ਦੇ ਤਾਂਈ ਐ ਮਨ, ਜਿਹੜਾ ਨਾ ਵਡਾ ਅਖਵਾਵੇ॥
ਨਾਮ ਹਰੀ ਦਾ ਹਰ ਦਮ ਜਿਹੜਾ, ਅਪਣੇ ਚਿਤੋਂ ਸਦਾ ਧਿਆਵੇ॥
(੩) ਵੇਚ ਦੇਵੇ ਜੋ ਮਨ ਵੀ ਆਪਣਾ, ਅਪਣੇ ਉਹ ਸਤਿਗੁਰ ਦੇ ਪਾਸ॥
ਉਸ ਸੇਵਕ ਦੇ ਸਾਰੇ ਕਾਰਜ, ਪਿਆਰੇ ਆ ਜਾਂਦੇ ਨੇ ਰਾਸ॥
(੪) ਸੇਵਾ ਕਰਦਾ ਜਿਹੜਾ ਸੇਵਕ, ਰੱਖਦਾ ਨਹੀਂ ਹੈ ਫਲ ਦੀ ਆਸ॥
ਉਸਨੂੰ ਪਿਆਰੇ ਮਿਲ ਜਾਂਦਾ ਹੈ, ਆਪ ਪ੍ਰਭੂ ਬਖਸ਼ਿਸ਼ ਕਰ ਖ਼ਾਸ॥
(੫) ਮੇਹਰ ਕਰੇ ਜਿਸ ਤੇ ਪ੍ਰਭੂ ਮੇਰਾ, ਉਸਨੂੰ ਉਹ ਸੇਵਾ ਵਿਚ ਲਾਵੇ॥
ਨੂਰੀ ਸਤਿਗੁਰ ਉਹ ਸੇਵਕ ਹੀ, ਅਪਣੇ ਗੁਰ ਦੀ ਸਿੱਖਿਆ ਪਾਵੇ॥

(੧) ਬੀਸ ਬਿਸਵੇ ਗੁਰ ਕਾ ਮਨੁ ਮਾਨੈ॥ ਸੋ ਸੇਵਕੁ ਪਰਮੇਸੁਰ ਕੀ ਗਤਿ ਜਾਨੈ॥
(੨) ਸੋ ਸਤਿਗੁਰੁ ਜਿਸ ਰਿਦੈ ਹਰਿ ਨਾਉ॥ ਅਨਿਕ ਬਾਰ ਗੁਰ ਕਉ ਬਲਿ ਜਾਉ॥
(੩) ਸਰਬ ਨਿਧਾਨ ਜੀਅ ਕਾ ਦਾਤਾ॥ ਆਠ ਪਹਰ ਪਾਰਬ੍ਰਹਮ ਰੰਗਿ ਰਾਤਾ॥
(੪) ਬ੍ਰਹਮ ਮਹਿ ਜਨੁ ਜਨ ਮਹਿ ਪਾਰਬ੍ਰਹਮੁ॥ ਏਕਹਿ ਆਪਿ ਨਹੀਂ ਕਛੁ ਭਰਮੁ॥
(੫) ਸਹਸ ਸਿਆਨਪ ਲਇਆ ਨ ਜਾਈਐ॥ ਨਾਨਕ ਐਸਾ ਗੁਰੁ ਬਡਭਾਗੀ ਪਾਈਐ॥੩॥

ਅਨੁਵਾਦਿ

(੧) ਜੋ ਪ੍ਰਾਨੀ ਅਪਣੇ ਸਤਿਗੁਰ ਦੇ, ਹਰ ਇਕ ਹੁਕਮ ਨੂੰ ਚਿੱਤ ਵਸਾਵੇ॥
ਉਹ ਪ੍ਰਭ ਦਾ ਸੇਵਕ ਹੀ ਪਿਆਰੇ, ਭੇਤ ਪ੍ਰਭੂ ਦਾ ਜੱਗ ਤੇ ਪਾਵੇ॥
(੨) ਸਤਿਗੁਰ ਮੇਰਾ ਉਹ ਹੈ ਪਿਆਰਾ, ਜਿਸਦੇ ਚਿਤ ਪ੍ਰਭ ਨਾਮ ਪਿਆਰੇ॥
ਐਸੇ ਸਤਿਗੁਰ ਦੇ ਮੈਂ ਐ ਮਨ, ਵਾਰ ਵਾਰ ਜਾਵਾਂ ਬਲਿਹਾਰੇ॥
(੩) ਹਰ ਸ਼ੈ ਦਾ ਹੈ ਸਤਿਗੁਰ ਮਾਲਕ, ਸਭ ਜੀਆਂ ਦਾ ਉਹ ਰਖਵਾਲਾ॥
ਅਠੇ ਪਹਿਰ ਪ੍ਰਭੂ ਦੇ ਰੰਗ ਵਿਚ, ਰਹਿੰਦਾ ਹੈ ਜਿਹੜਾ ਮਤਵਾਲਾ॥
(੪) ਸਤਿਗੁਰ ਸੇਵਕ ਵਿਚ ਪ੍ਰਭ ਵਸਦਾ, ਸਤਿਗੁਰ ਪ੍ਰਭ ਨੂੰ ਇਕ ਪਛਾਣੋ॥
ਸਤਿਗੁਰ ਪ੍ਰਭ ਦਾ ਰੂਪ ਹੈ ਇਕੋ, ਇਸ ਵਿਚ ਦੂਜਾ ਭਰਮ ਨਾ ਜਾਣੋ॥
(੫) ਲੱਖ ਹੀਲੇ ਚਤਰਾਈਆਂ ਕਰੇ ਨਰ, ਐ ਪਰ ਕੋਈ ਪੇਸ਼ ਨਾ ਜਾਵੇ॥
ਵਡਭਾਗਾ ਹੀ ਨੂਰੀ ਪ੍ਰਾਨੀ, ਐਸੇ ਗੁਰੂ ਦੇ ਦਰਸ਼ਨ ਪਾਵੇ॥

(੧) ਸਫਲ ਦਰਸਨੁ ਪੇਖਤ ਪੁਨੀਤਿ॥ ਪਰਸਤ ਚਰਨ ਗਤਿ ਨਿਰਮਲ ਰੀਤਿ॥
(੨) ਭੇਟਤ ਸੰਗਿ ਰਾਮ ਗੁਨ ਰਵੇ॥ ਪਾਰਬ੍ਰਹਮ ਕੀ ਦਰਗਹ ਗਵੇ॥
(੩) ਸੁਨਿ ਕਰਿ ਬਚਨ ਕਰਨ ਆਘਾਨੇ॥ ਮਨਿ ਸੰਤੋਖੁ ਆਤਮ ਪਤੀਆਨੇ॥
(੪) ਪੂਰਾ ਗੁਰੂ ਅਖੵਓ ਜਾਕਾ ਮੰਤ੍ਰ॥ ਅੰਮ੍ਰਿਤ ਦ੍ਰਿਸਟਿ ਪੇਖੈ ਹੋਇ ਸੰਤ॥
(੫) ਗੁਣ ਬਿਅੰਤ ਕੀਮਤਿ ਨਹੀ ਪਾਇ॥ ਨਾਨਕ ਜਿਸੁ ਭਾਵੈ ਤਿਸੁ ਲਏ ਮਿਲਾਇ॥੪॥

ਅਨੁਵਾਦਿ

(੧) ਗੁਰ ਦਰਸ਼ਨ ਵਿਚ ਸਾਰੇ ਫਲ ਨੇ, ਕਰ ਦਰਸ਼ਨ ਨਿਰਮਲ ਹੋ ਜਾਈਏ॥
ਚਰਨ ਗੁਰੂ ਦੇ ਪਰਸਕੇ ਐ ਮਨ, ਸੁੱਚੇ ਜੀਵਨ ਦੀ ਗੱਤ ਪਾਈਏ॥
(੨) ਗੁਰ ਸੰਗਤ ਵਿਚ ਰਹਿ ਕੇ ਐ ਮਨ, ਗੀਤ ਪ੍ਰਭੂ ਦੇ ਹਰ ਦਮ ਗਾਈਏ॥
ਗੁਰ ਦਰਸ਼ਨ ਦੀ ਰਾਹੀਂ ਪਿਆਰੇ, ਉਸ ਪ੍ਰਭ ਦੀ ਦਰਗਾਹ ਵਿਚ ਜਾਈਏ॥
(੩) ਸੁਣ ਕੇ ਬਚਨ ਗੁਰਾਂ ਦੇ ਐ ਮਨ, ਕੰਨਾਂ ਤਾਂਈਂ ਤ੍ਰਿਪਤੀ ਆਵੇ॥
ਮਨ ਹੋ ਜਾਂਦਾ ਹੈ ਸੰਤੋਖੀ, ਪਿਆਰੇ ਆਤਮਾਂ ਸ਼ਾਂਤੀ ਪਾਵੇ॥
(੪) ਸਤਿਗੁਰ ਪੂਰਨ ਪੁਰਖ ਪਿਆਰੇ, ਅਮਰ ਉਹਦੇ ਉਪਦੇਸ਼ ਨੇ ਸਾਰੇ॥
ਹੋ ਜਾਵੇ ਉਹ ਸੰਤ ਪਿਆਰਾ, ਸਤਿਗੁਰ ਝਾਤ ਜੀਹਦੇ ਤੇ ਮਾਰੇ॥
(੫) ਗੁਣ ਬੇਅੰਤ ਸਤਿਗੁਰ ਵਿਚ ਪਿਆਰੇ, ਮੁਲ ਨਾ ਜਿਸਦਾ ਪਾਇਆ ਜਾਵੇ॥
ਪਿਆਰੇ ਜੋ ਨਰ ਪ੍ਰਭ ਨੂੰ ਭਾਵੇ, ਉਸਨੂੰ ਆਪਣੇ ਨਾਲ ਮਿਲਾਵੇ॥

(੧) ਜਿਹਬਾ ਏਕ ਉਸਤਤਿ ਅਨੇਕ॥ ਸਤਿ ਪੁਰਖ ਪੂਰਨ ਬਿਬੇਕ॥
(੨) ਕਾਹੂ ਬੋਲ ਨ ਪਹੁਚਤ ਪ੍ਰਾਨੀ॥ ਅਗਮ ਅਗੋਚਰ ਪ੍ਰਭ ਨਿਰਬਾਨੀ॥
(੩) ਨਿਰਾਹਾਰ ਨਿਰਵੈਰ ਸੁਖਦਾਈ॥ ਤਾਂ ਕੀ ਕੀਮਤ ਕਿਨੈ ਨ ਪਾਈ॥
(੪) ਅਨਿਕ ਭਗਤ ਬੰਧਨ ਨਿਤ ਕਰਹਿ॥ ਚਰਨ ਕਮਲ ਹਿਰਦੈ ਸਿਮਰਹਿ॥
(੫) ਸਦ ਬਲਿਹਾਰੀ ਸਤਿਗੁਰ ਅਪਨੇ॥ ਨਾਨਕ ਜਿਸੁ ਪ੍ਰਸਾਦਿ ਐਸਾ ਪ੍ਰਭੁ ਜਪਨੇ॥੫॥

ਅਨੁਵਾਦਿ

(੧) ਇਕ ਜੀਭ ਬੰਦੇ ਦੀ ਪਿਆਰੇ, ਪ੍ਰਭ ਦੇ ਗੁਣ ਹਨ ਅਪਰਮ-ਪਾਰ॥
ਪੂਰਨ ਪੁਰਖ ਉਹ ਸੱਚਾ ਸਵਾਮੀ, ਉਸਦੀ ਕਿਦ੍ਹਾਂ ਹੋਏ ਵਿਚਾਰ॥
(੨) ਇਹ ਨਰ ਕਿਹੜੇ ਬਚਨਾਂ ਰਾਹੀਂ, ਉਸਦੀ ਸੋਭਾ ਸਕੇ ਉਚਾਰ॥
ਉਸ ਤੀਕਰ ਨਹੀਂ ਪਹੁੰਚ ਕਿਸੇ ਦੀ, ਬਾਸ ਰਹਿਤ ਪਿਆਰੇ ਨਰੰਕਾਰ॥
(੩) ਬਿਨਾਂ ਖਾਣ ਤੋਂ ਬਿਨਾਂ ਵੈਰ ਤੋਂ, ਸੁੱਖ ਬਖ਼ਸ਼ੇ ਮੇਰਾ ਕਰਤਾਰ॥
ਉਸ ਦੀਆਂ ਸਿਫਤਾਂ ਦੀ ਕੀਮਤ, ਬੰਦਾ ਕਰ ਨਾ ਸਕੇ ਸ਼ੁਮਾਰ॥
(੪) ਨਿਸ ਦਿਨ ਭਗਤ ਅਨੇਕਾਂ ਜਾਂਦੇ, ਮੇਰੇ ਸਤਿਗੁਰ ਤੋਂ ਬਲਿਹਾਰ॥
ਚਰਨ ਕੰਵਲ ਸਤਿਗੁਰ ਦੇ ਪਿਆਰੇ, ਅਪਣੇ ਹਿਰਦੇ ਲੈਂਦੇ ਧਾਰ॥
(੫) ਮੈਂ ਅਪਣੇ ਸਤਿਗਰ ਦੇ ਪ੍ਰਾਨੀ, ਸਦਾ ਸਦਾ ਜਾਵਾਂ ਬਲਿਹਾਰ॥
ਜਿਸ ਸਤਿਗੁਰ ਦੀ ਕ੍ਰਿਪਾ ਸਦਕੇ ਹੈ, ਮੈਂ ਜਪਦਾ ਨੂਰੀ ਨਿਰੰਕਾਰ॥

(੧) ਇਹੁ ਹਰਿ ਰਸੁ ਪਾਵੈ ਜਨੁ ਕੋਇ॥ ਅੰਮ੍ਰਿਤੁ ਪੀਵੈ ਅਮਰੁ ਸੋ ਹੋਇ॥
(੨) ਉਸੁ ਪੁਰਖੁ ਕਾ ਨਾਹੀ ਕਦੇ ਬਿਨਾਸ॥ ਜਾ ਕੈ ਮਨਿ ਪ੍ਰਗਟੇ ਗੁਨਤਾਸ॥
(੩) ਆਠ ਪਹਰ ਹਰਿ ਕਾ ਨਾਮੁ ਲੇਇ॥ ਸਚੁ ਉਪਦੇਸੁ ਸੇਵਕ ਕਉ ਦੇਇ॥
(੪) ਮੋਹ ਮਾਇਆ ਕੈ ਸੰਗਿ ਨ ਲੇਪੁ॥ ਮਨ ਮਹਿ ਰਾਖੈ ਹਰਿ ਹਰਿ ਏਕੁ॥
(੫) ਅੰਧਕਾਰ ਦੀਪਕ ਪਰਗਾਸੇ॥ ਨਾਨਕ ਭਰਮ ਮੋਹ ਦੁਖ ਤਹ ਤੇ ਨਾਸੇ॥੬॥

ਅਨੁਵਾਦਿ

(੧) ਕੋਈ ਪੁਰਸ਼ ਵਿਰਲਾ ਹੀ ਪਿਆਰੇ, ਹਰੀ ਨਾਮ ਦਾ ਅੰਮ੍ਰਿਤ ਪੀਵੇ॥
ਜੋ ਪਿਆਰੇ ਇਹ ਅੰਮ੍ਰਿਤ ਪੀਵੇ, ਹੋ ਕੇ ਅਮਰ ਸਦਾ ਉਹ ਜੀਵੇ॥
(੨) ਉਸਦਾ ਕਦੇ ਵਿਨਾਸ ਨਾ ਹੋਵੇ, ਨਾ ਉਹ ਮਰਨ-ਜਨਮ ਵਿਚ ਆਵੇ॥
ਜਿਸ ਦੇ ਚਿਤ ਉਹ ਗੁਣਾਂ ਦਾ ਮਾਲਕ, ਅਪਣੇ ਨੂਰ ਦਾ ਜਲਵਾ ਪਾਵੇ॥
(੩) ਚਤੋ ਪਹਿਰ ਪ੍ਰਭੂ ਨੂੰ ਸਿਮਰੇ, ਸਤਿਗੁਰ ਪੁਰਖ ਪ੍ਰਭ ਦਾ ਪਿਆਰਾ॥
ਇਹ ਉਪਦੇਸ਼ ਦੇਵੇ ਸੇਵਕ ਨੂੰ, ਹਰ ਇਕ ਦਾ ਹੈ ਪ੍ਰਭੂ ਸਹਾਰਾ॥
(੪) ਮੋਹ ਮਾਇਆ ਦੇ ਨਾਲ ਨਾ ਉੱਕਾ, ਰੱਖਦਾ ਹੈ ਉਹ ਕਦੇ ਪਿਆਰ॥
ਅਪਣੇ ਮਨ ਵਿਚ ਰੱਖੇ ਵਸਾਈ, ਇਕੋ ਇਕ ਜੋ ਹੈਂ ਨਰੰਕਾਰ॥
(੫) ਨਾਮ ਰੂਪੀ ਦੀਪਕ ਦੀ ਰਾਹੀਂ, ਅਗਿਆਨ ਹਨੇਰਾ ਹੋਏ ਕਾਫੂਰ॥
ਨੂਰੀ ਸਤਿਗੁਰ ਇਸ ਦੀ ਹੀ ਬਰਕਤ, ਭਰਮ, ਮੋਹ ਦੁੱਖ ਹੋਵਣ ਦੂਰ॥

(੧) ਤਪਤਿ ਮਾਹਿ ਠਾਢਿ ਵਰਤਾਈ॥ ਅਨਦੁ ਭਇਆ ਦੂਖ ਨਾਠੇ ਭਾਈ॥
(੨) ਜਨਮ ਮਰਨ ਕੇ ਮਿਟੇ ਅੰਦੇਸੇ॥ ਸਾਧੂ ਕੇ ਪੂਰਨ ਉਪਦੇਸੇ॥
(੩) ਭਉ ਚੂਕਾ ਨਿਰਭਉ ਹੋਇ ਬਸੇ॥ ਸਗਲ ਬਿਆਧਿ ਮਨ ਤੇ ਖੈ ਨਸੇ॥
(੪) ਜਿਸ ਕਾ ਸਾ ਤਿਨਿ ਕਿਰਪਾ ਧਾਰੀ। ਸਾਧ ਸੰਗਿ ਜਪਿ ਨਾਮੁ ਮੁਰਾਰੀ॥
(੫) ਥਿਤਿ ਪਾਈ ਚੂਕੇ ਭ੍ਰਮ ਗਵਨ॥ ਸੁਨਿ ਨਾਨਕ ਹਰਿ ਹਰਿ ਜਸੁ ਸ੍ਰਵਨ॥੭॥

ਅਨੁਵਾਦਿ

(੧) ਤਪਦੇ ਹੋਏ ਵਿਕਾਰ 'ਚ ਹਿਰਦੇ, ਕੀਤੇ ਠੰਡੇ ਠਾਰ ਹਜੂਰ॥
ਸੁੱਖਾਂ ਦੀ ਪ੍ਰਭ ਬਖ਼ਸ਼ਸ ਕੀਤੀ, ਜੀਵਨ ਦੇ ਦੁੱਖ ਹੋਏ ਦੂਰ॥
(੨) ਜਨਮ ਮਰਨ ਦੇ ਸਾਰੇ ਹੀ ਗਮ, ਮੇਹਰ ਪ੍ਰਭੂ ਥੀਂ ਹੋ ਗਏ ਦੂਰ॥
ਪੂਰਨ ਸੰਤ ਦੇ ਉਪਦੇਸ਼ਾਂ ਨੇ, ਕਰ ਦਿੱਤਾ ਜੀਵਨ ਮਸ਼ਹੂਰ॥
(੩) ਡਰ ਭਉ ਉਕਾ ਰਿਹਾ ਨਾ ਬਾਕੀ, ਨਿਰਭਉ ਹੋ ਕੇ ਰਹਾਂ ਹਜੂਰ॥
ਸਤਿਗੁਰ ਦੀ ਕ੍ਰਿਪਾ ਦੇ ਸਦਕੇ, ਰੋਗ ਬਿਆਧ ਸੱਭ ਨੱਸੇ ਦੂਰ॥
(੪) ਜਿਸ ਪ੍ਰਭ ਦੇ ਸੇਵਕ ਸਾਂ ਪਿਆਰੇ, ਬਖਸ਼ਿਸ਼ ਉਸਦੀ ਸਾਰੀ ਹੈ॥
ਸਾਧੂ ਦੀ ਸੰਗਤਿ ਕਰਕੇ ਇਹ, ਜਪਦਾ ਪ੍ਰਭ ਨਰੰਕਾਰੀ ਹੈ।
(੫) ਦਿਲ ਵਿਚ ਸ਼ਾਂਤੀ ਆਈ ਪਿਆਰੇ, ਹੋ ਗਏ ਭਰਮ ਭੁਲੇਖੇ ਦੂਰ॥
ਕੰਨੀ ਜਸ ਹਰ ਪ੍ਰਭ ਦਾ ਸੁਣ ਕੇ, ਪ੍ਰਾਨੀ ਮੁਕਤ ਹੋਇਆ ਮਸਰੂਰ॥

(੧) ਨਿਰਗੁਨੁ ਆਪਿ ਸਰਗੁਨੁ ਪੀ ਓਹੀ॥ ਕਲਾਧਾਰਿ ਜਿਨਿ ਸਗਲੀ ਮੋਹੀ॥
(੨) ਅਪਨੇ ਚਰਿਤ ਪ੍ਰਭਿ ਆਪਿ ਬਨਾਏ॥ ਅਪੁਨੀ ਕੀਮਤਿ ਆਪੇ ਪਾਏ॥
(੩) ਹਰਿ ਬਿਨੁ ਦੂਜਾ ਨਾਹੀ ਕਇ॥ ਸਰਬ ਨਿਰੰਤਰਿ ਏਕੋ ਸੋਇ॥
(੪) ਓਤਿ ਪੋਤਿ ਰਵਿਆ ਰੂਪ ਰੰਗ॥ ਭਏ ਪ੍ਰਗਾਸ ਸਾਧ ਕੈ ਸੰਗਿ॥
(੫) ਰਚਿ ਰਚਨਾ ਅਪਨੀ ਕਲ ਧਾਰੀ॥ ਅਨਿਕ ਬਾਰ ਨਾਨਕ ਬਲਿਹਾਰੀ॥੮॥੧੮॥

ਅਨੁਵਾਦਿ

(੧) ਮਾਇਆ ਦੇ ਤਿੰਨ ਗੁਣਾਂ ਤੋਂ ਵੱਖ ਉਹ, ਮਾਇਆ ਵਿਚ ਸਮੋਇਆ ਹੈ॥
ਜਿਸ ਪ੍ਰਭ ਅਪਣੀ ਕ੍ਰਿਪਾ ਸਦਕੇ, ਸਭ ਸੰਸਾਰ ਨੂੰ ਮੋਹਿਆ ਹੈ॥
(੨) ਅਪਣੇ ਖੇਲ ਤਮਾਸ਼ੇ ਸਾਰੇ, ਉਹ ਪ੍ਰਭ ਆਪ ਬਣਾਉਂਦਾ ਹੈ॥
ਅਪਣੀ ਵਡਿਆਈ ਦੀ ਕੀਮਤ, ਪ੍ਰਭ ਆਪੇ ਹੀ ਪਾਉਂਦਾ ਹੈ॥
(੩) ਅਪਣੇ ਵਰਗਾ ਆਪੇ ਹੈ ਪ੍ਰਭ, ਉਸ ਵਰਗਾ ਨਹੀਂ ਹੋਰ ਹਜੂਰ॥
ਹਰ ਥਾਂ ਤੇ ਵਾਸਾ ਹੈ ਉਸਦਾ ਹਰ ਥਾਂ ਤੇ ਹੈ ਉਸਦਾ ਨੂਰ॥
(੪) ਹਰ ਇਕ ਰੂਪ 'ਚ ਉਸਦਾ ਜਲਵਾ, ਹਰ ਇਕ ਰੰਗ 'ਚ ਉਸਦਾ ਵਾਸ॥
ਸਤਿਗੁਰ ਦੀ ਸੰਗਤ ਦੇ ਸਦਕੇ, ਇਸ ਗੱਲ ਦਾ ਹੋਇਆ ਪ੍ਰਕਾਸ਼॥
(੫) ਰਚਕੇ ਪ੍ਰਭੂ ਸ੍ਰਿਸ਼ਟੀ ਸਾਰੀ, ਅਪਣੀ ਸਤਿਆ ਇਸ ਵਿਚ ਪਾਈ॥
ਜਾਵਾਂ ਮੈਂ ਸਤਿਗੁਰ ਬਲਹਾਰੇ, ਜਿਸ ਪ੍ਰਭ ਨੇ ਇਹ ਖੇਡ ਰਚਾਈ॥

ਸਲੋਕੁ ॥

ਸਾਥਿ ਨ ਚਾਲੈ ਬਿਨੁ ਭਜਨ ਬਿਖਿਆ ਸਗਲੀ ਛਾਰੁ ॥
ਹਰਿ ਹਰਿ ਨਾਮੁ ਕਮਾਵਨਾ ਨਾਨਕ ਇਹੁ ਧਨੁ ਸਾਰੁ ॥੧॥

ਅਨੁਵਾਦਿ

ਸਿਰਮਨ ਬਿਨ ਕੁਝ ਸਾਥ ਨਹੀਂ ਜਾਣਾ, ਮਾਇਆ ਜਾਣੋ ਖਾਕ ਸਮਾਨ॥
ਨਾਮ ਪ੍ਰਭੂ ਦਾ ਉਤਮ ਧੰਨ ਹੈ, ਨੂਰੀ ਸਤਿਗੁਰ ਦਾ ਫੁਰਮਾਨ॥

ਅਸਟਪਦੀ

(੧) ਸੰਤ ਜਨਾ ਮਿਲਿ ਕਰਹੁ ਬੀਚਾਰੁ ॥ ਏਕੁ ਸਿਮਰਿ ਨਾਮ ਆਧਾਰੁ ॥
(੨) ਅਵਰਿ ਉਪਾਵ ਸਭਿ ਮੀਤ ਬਿਸਾਰਹੁ ॥ ਚਰਨ ਕਮਲ ਰਿਦ ਮਹਿ ਉਰਿਧਾਰਹੁ ॥
(੩) ਕਰਨ ਕਾਰਨ ਸੋ ਪ੍ਰਭੁ ਸਮਰਥੁ ॥ ਦ੍ਰਿੜੁ ਕਰਿ ਗਹਹੁ ਨਾਮੁ ਹਰਿ ਵਥੁ ॥
(੪) ਇਹੁ ਧਨੁ ਸੰਚਹੁ ਹੋਵਹੁ ਭਗਵੰਤ ॥ ਸੰਤ ਜਨਾ ਕਾ ਨਿਰਮਲ ਮੰਤ ॥
(੫) ਏਕ ਆਸ ਰਾਖਹੁ ਮਨ ਮਾਹਿ ॥ ਸਰਬ ਰੋਗ ਨਾਨਕ ਮਿਟਿ ਜਾਹਿ ॥੧॥

ਅਨੁਵਾਦ

(੧) ਸੰਤ ਜਨਾਂ ਦੀ ਸੰਗਤ ਕਰਕੇ, ਪ੍ਰਾਨੀ ਪ੍ਰਭ ਦੀ ਕਰੋ ਵਿਚਾਰ ॥
ਪਿਆਰੇ ਜੱਗ ਨੂੰ ਤਾਰਨ ਵਾਲਾ, ਪ੍ਰਭੂ ਨਾਮ ਦਾ ਲਉ ਅਧਾਰ ॥
(੨) ਐ ਮ੍ਰਿਤ ਮੇਰੀ ਗੱਲ ਮੰਨੋ, ਜੱਗਦੇ ਝੰਜਿਟ ਦਿਉ ਵਿਸਾਰ ॥
ਕੋਮਲ ਚਰਨ ਪ੍ਰਭੂ ਦੇ ਪਿਆਰੇ, ਨਿਸ ਬਾਸਰ ਰਖੋ ਉਰਧਾਰ ॥
(੩) ਕਰਨ ਕਰਾਵਨ ਵਾਲਾ ਹੈ ਪ੍ਰਭੂ, ਆਪੇ ਸਭ ਕੁਝ ਕਰੇ ਕਰਾਵੇ ॥
ਉਸਦਾ ਨਾਮ ਅਮੁਲੀ ਵਸਤੂ, ਪ੍ਰਾਨੀ ਅਪਣੇ ਰਿਦੇ ਵਸਾਵੇ ॥
(੪) ਨਾਮ ਰੂਪੀ ਇਸ ਧੰਨ ਨੂੰ ਪਾ ਕੇ, ਭਾਗਵਾਨ ਬਣਦਾ ਇਨਸਾਨ ॥
ਹਿਰਦੇ ਵਿਚ ਵਸਾਉ ਇਸਨੂੰ, ਇਹ ਹੈ ਸੰਤਾਂ ਦਾ ਫੁਰਮਾਨ ॥
(੫) ਇਕ ਆਸ ਰਖੋ ਮਨ ਪ੍ਰਭ ਦੀ, ਉਸ ਬਿਨ ਹੋਰ ਨਾ ਕੋਈ ਪਿਆਰੇ ॥
ਪ੍ਰਾਨੀ ਪ੍ਰਭ ਦੀ ਕ੍ਰਿਪਾ ਸਦਕੇ, ਰੋਗ ਤੇਰੇ ਮਿਟ ਜਾਵਣ ਸਾਰੇ ॥

(੧) ਜਿਸੁ ਧਨ ਕਉ ਚਾਰਿ ਕੁੰਟ ਉਠ ਧਾਵਹਿ ॥ ਸੋ ਧਨੁ ਹਰਿ ਸੇਵਾ ਤੇ ਪਾਵਹਿ ॥
(੨) ਜਿਸ ਸੁਖ ਕਉ ਨਿਤ ਬਾਛਹਿ ਮੀਤ ॥ ਸੋ ਸੁਖੁ ਸਾਧੂ ਸੰਗਿ ਪਰੀਤਿ ॥
(੩) ਜਿਸੁ ਸੋਭਾ ਕਉ ਕਰਹਿ ਭਲੀ ਕਰਨੀ ॥ ਸਾ ਸੋਭਾ ਭਜੁ ਹਰਿ ਕੀ ਸਰਨੀ ॥
(੪) ਅਨਿਕ ਉਪਾਵੀ ਰੋਗੁ ਨਾ ਜਾਇ ॥ ਰੋਗੁ ਮਿਟੈ ਹਰਿ ਅਵਖਧੁ ਲਾਇ ॥
(੫) ਸਰਬ ਨਿਧਾਨ ਮਹਿ ਹਰਿ ਨਾਮੁ ਨਿਧਾਨੁ ॥ ਜਪਿ ਨਾਨਕ ਦਰਗਹਿ ਪਰਵਾਨੁ ॥੨॥

ਅਨੁਵਾਦ

(੧) ਐ ਪ੍ਰਾਨੀ ਜਿਸ ਧੰਨ ਦੀ ਖਾਤਰ, ਚੌਹ ਕੂੰਟਾਂ ਦੇ ਚੱਕਰ ਲਾਵੇਂ ॥
ਸਤਿਗੁਰ ਦੀ ਕ੍ਰਿਪਾ ਦੇ ਸਦਕੇ, ਉਹ ਧਨ ਪ੍ਰਭ ਸੇਵਾ ਤੇ ਪਾਵੇਂ ॥
(੨) ਜਿਸ ਸੁੱਖ ਨੂੰ ਤੂੰ ਲੋਚੇਂ ਹਰਦਮ, ਜੋ ਸੁਖ ਤੂੰ ਨਿੱਤ ਚਾਹਵੇਂ ਪਿਆਰੇ ॥
ਉਹ ਸੁੱਖ ਪ੍ਰੀਤ ਸਾਧ ਸੰਗ ਕਰ ਕੇ, ਤੂੰ ਨਰ ਜਗ ਤੇ ਪਾਏਂ ਪਿਆਰੇ ॥
(੩) ਜਿਸ ਸੋਭਾ ਦੀ ਖਾਤਰ ਪਿਆਰੇ, ਤੂੰ ਨੇਕੀ ਦੀ ਕਾਰ ਕਮਾਉਣਾ ॥
ਉਸ ਸੋਭਾ ਦੀ ਖਾਤਰ ਤੈਨੂੰ, ਚਾਹੀਦੈ ਪ੍ਰਭ ਦੀ ਸਰਨੀ ਆਉਣਾ ॥
(੪) ਬਹੁਤ ਜਤਨ ਥੀਂ ਐ ਨਰ ਜਿਹੜਾ, ਹਉਮੈ ਰੋਗ ਨਾ ਉੱਕਾ ਜਾਵੇ ॥
ਨਾਮ ਰੂਪੀ ਦਾਰੂ ਦੀ ਰਾਹੀਂ, ਉਹ ਪ੍ਰਭ ਮੇਰਾ ਜੜੋਂ ਮਿਟਾਵੇ ॥
(੫) ਸਭ ਦੁਨੀਆਂ ਦੇ ਧੰਨ ਦੌਲਤ ਤੋਂ, ਨਾਮ ਪ੍ਰਭੂ ਦਾ ਉਤਮ ਜਾਨ ॥
ਪ੍ਰਾਨੀ ਨਾਮ ਪ੍ਰਭੂ ਦਾ ਜਪ ਕੇ, ਪ੍ਰਭ ਦੇ ਦਰ ਹੋਵੇ ਪਰਵਾਨ ॥

(੧) ਮਨ ਪਰਬੋਧਹੁ ਹਰਿ ਕੈ ਨਾਇ॥ ਦਹਦਿਸਿ ਧਾਵਤ ਆਵੈ ਠਾਇ॥
(੨) ਤਾ ਕਉ ਬਿਘਨੁ ਨ ਲਾਗੈ ਕੋਇ॥ ਜਾ ਕੈ ਰਿਦੈ ਬਸੈ ਹਰਿ ਸੋਇ॥
(੩) ਕਲਿ ਤਾਤੀ ਠਾਂਢਾ ਹਰਿ ਨਾਉ॥ ਸਿਮਰਿ ਸਿਮਰਿ ਸਦਾ ਸੁਖ ਪਾਉ॥
(੪) ਭਉ ਬਿਨਸੈ ਪੂਰਨ ਹੋਇ ਆਸ॥ ਭਗਤਿ ਭਾਇ ਆਤਮ ਪਰਗਾਸ॥
(੫) ਤਿਤੁ ਘਰਿ ਜਾਇ ਬਸੈ ਅਬਿਨਾਸੀ॥ ਕਹੁ ਨਾਨਕ ਕਾਟੀ ਜਮ ਫਾਸੀ॥੩ ॥

ਅਨੁਵਾਦ

(੧) ਐ ਪ੍ਰਾਨੀ ਇਸ ਸੁੱਤੇ ਮਨ ਨੂੰ, ਹਰੀ ਨਾਮ ਦੇ ਸੰਗ ਜਗਾਉ॥
ਦਸੀਂ ਦਸਾਈਂ ਦੌੜ ਰਿਹਾ ਇਹ, ਨਾਮ ਦੀ ਬਰਕਤ ਨਾਲ ਟਿਕਾਉ॥
(੨) ਉਸ ਪ੍ਰਾਨੀ ਦੇ ਤਾਈਂ ਉੱਕਾ, ਅੜਚਣ ਕੋਈ ਨੇੜ ਨਾ ਆਵੇ॥
ਜਿਸ ਬੰਦੇ ਦੇ ਹਿਰਦੇ ਅੰਦਰ, ਆਪ ਪ੍ਰਭੂ ਮੇਰਾ ਵੱਸ ਜਾਵੇ॥
(੩) ਕਲਜੁਗ ਦੀ ਤੱਤੀ ਅੱਗ ਤਾਈਂ, ਨਾਮ ਹਰੀ ਦਾ ਪ੍ਰਾਨੀ ਠਾਰੇ॥
ਸਿਮਰਨ ਕਰ ਕੇ ਹਰ ਦਮ ਪ੍ਰਭ ਦਾ, ਪਾਵਉ ਸੁਖ ਅਨੰਦ ਪਿਆਰੇ॥
(੪) ਸਿਮਰਨ ਥੀਂ ਡਰ ਰਹੇ ਨਾ ਕੋਈ, ਪੂਰੀ ਹੋ ਜਾਵੇ ਹਰ ਆਸ॥
ਭਗਤੀ ਦੇ ਸਦਕੇ ਹੀ ਪਿਆਰੇ, ਹਿਰਦੇ ਵਿਚ ਹੁੰਦਾ ਪ੍ਰਗਾਸ॥
(੫) ਆਪ ਪ੍ਰਭੂ ਜਿਸ ਦੇ ਦਿਲ ਵਸਦਾ, ਸਿਮਰਨ ਵਿਚ ਜਿਸ ਬਿਰਤੀ ਲਾਈ॥
ਸਤਿਗੁਰ ਆਖੇ ਉਸ ਬੰਦੇ ਦੀ, ਕੱਟੀ ਜਾਏ ਜਮਾਂ ਦੀ ਫਾਹੀ॥

(੧) ਤਤੁ ਬੀਚਾਰੁ ਕਹੈ ਜਨੁ ਸਾਚਾ॥ ਜਨਮਿ ਮਰੈ ਸੋ ਕਾਚੋ ਕਾਚਾ॥
(੨) ਆਵਾਗਵਨੁ ਮਿਟੈ ਪ੍ਰਭ ਸੇਵ॥ ਆਪੁ ਤਿਆਗਿ ਸਰਨਿ ਗੁਰਦੇਵ॥
(੩) ਇਉ ਰਤਨ ਜਨਮ ਕਾ ਹੋਇ ਉਧਾਰੁ॥ ਹਰਿ ਹਰਿ ਸਿਮਰਿ ਪ੍ਰਾਨ ਆਧਾਰੁ
(੪) ਅਨਿਕ ਉਪਾਵ ਨ ਛੂਟਨਹਾਰੇ॥ ਸਿੰਮ੍ਰਿਤ ਸਾਸਤ ਬੇਦ ਬੀਚਾਰੇ॥
(੫) ਹਰਿ ਕੀ ਭਗਤਿ ਕਰਹੁ ਮਨੁ ਲਾਇ॥ ਮਨਿ ਬੰਛਤ ਨਾਨਕ ਫਲ ਪਾਇ॥੪॥

ਅਨੁਵਾਦ

(੧) ਉਹ ਨਰ ਅਸਲ ਮਾਨੁਖ ਹੈ ਪਿਆਰੇ, ਜੋ ਪ੍ਰਭ ਦੀ ਕਰਦਾ ਵੀਚਾਰ॥
ਜੰਮ ਕੇ ਜੋ ਮਰਦਾ ਬਿਨ ਸਿਮਰਨ, ਉਹ ਕੱਚਾ ਉੱਕਾ ਬੇਕਾਰ॥
(੨) ਸਿਮਰਨ ਪ੍ਰਭ ਦਾ ਐ ਸੁਣ ਬੰਦੇ, ਜਮਨ ਮਰਨ ਦਾ ਗੇੜ ਮੁਕਾਵੇ॥
ਆਪਾ ਭਾਵ ਤਿਆਗ ਕੇ ਪਿਆਰੇ, ਜੋ ਸਤਿਗੁਰ ਦੀ ਸਰਨੀ ਆਵੇ॥
(੩) ਏਦਾਂ ਇਹ ਅਣਮੁੱਲਾ ਜੀਵਨ, ਸਫ਼ਲ ਹੋਵੇ ਇਕ ਪਲ ਵਿਚਕਾਰ॥
ਸਿਮਰਨ ਕਰ ਤੂੰ ਪਿਆਰੇ ਪ੍ਰਭ ਦਾ, ਏਹੋ ਤੇਰਾ ਪ੍ਰਾਨ ਅਧਾਰ॥
(੪) ਆਵਾ ਗਵਣ ਦਾ ਗੇੜ ਨਾ ਮੁੱਕੇ, ਲੱਖ ਯਤਨ ਕਰ ਕੇ ਵੀ ਹਾਰੇ॥
ਸਿਮ੍ਰਤੀਆ ਤੇ ਸਾਸ਼ਤ੍ਰ ਵਾਚੇ, ਭਾਵੇਂ ਵੇਦ ਗਰੰਥ ਵਿਚਾਰੇ॥
(੫) ਕੇਵਲ ਇਕ ਪ੍ਰਭ ਦੀ ਹੀ ਭਗਤੀ, ਮਨ ਚਿੱਤ ਲਾ ਕੇ ਕਰੋ ਪਿਆਰੇ॥
ਸਤਿਗੁਰ ਦਾ ਫੁਰਮਾਨ ਇਹ ਨੂਰੀ, ਮਨ ਚਾਹਿਤ ਫਲ ਪਾਵਓ ਸਾਰੇ॥

(੧) ਸੰਗਿ ਨਾ ਚਾਲਸਿ ਤੇਰੈ ਧਨਾ॥ ਤੂੰ ਕਿਆ ਲਪਟਾਵਹਿ ਮੂਰਖ ਮਨਾ॥
(੨) ਸੁਤ ਮੀਤ ਕੁਟੰਬ ਅਰੁ ਬਨਿਤਾ॥ ਇਨ ਤੇ ਕਹਹੁ ਤੁਮ ਕਵਨ ਸਨਾਥਾ॥
(੩) ਰਾਜ ਰੰਗ ਮਾਇਆ ਬਿਸਥਾਰ॥ ਇਨ ਤੇ ਕਹਹੁ ਕਵਨ ਛੁਟਕਾਰ॥
(੪) ਅਸੁ ਹਸਤੀ ਰਥ ਅਸਵਾਰੀ॥ ਝੂਠਾ ਡੰਫੁ ਝੂਠੁ ਪਾਸਾਰੀ॥
(੫) ਜਿਨਿ ਦੀਏ ਤਿਸੁ ਬੁਝੈ ਨ ਬਿਗਾਨਾ॥ ਨਾਮੁ ਬਿਸਾਰਿ ਨਾਨਕ ਪਛੁਤਾਨਾ॥੫॥

ਅਨੁਵਾਦਿ

(੧) ਇਹ ਧੰਨ ਤੇਰੇ ਸਾਥ ਨਹੀਂ ਜਾਣਾ, ਨਾ ਕਰ ਪਿਆਰੇ ਐਨਾ ਪਿਆਰ॥
ਕਿਉਂ ਤੂੰ ਜੱਫਾ ਮਾਰੀ ਬੈਠਾ, ਮੂਰਖ ਮਨ ਕੁਝ ਸੋਚ ਵਿਚਾਰ॥
(੨) ਪੁੱਤਰ ਮਿੱਤ੍ਰ ਪ੍ਰਵਾਰ ਇਸਤਰੀ, ਹਰ ਇਕ ਤੇ ਤੂੰ ਝਾਤੀ ਮਾਰ॥
ਇਨ੍ਹਾ ਵਿਚੋਂ ਕਿਸ ਨੇ ਤੇਰੀ? ਅੰਤ ਸਮੇਂ ਪੁੱਛਣੀ ਹੈ ਸਾਰ॥
(੩) ਰਾਜ ਰੰਗ ਮਾਇਆ ਦੀ ਮਸਤੀ, ਰੱਖਦੀ ਹੈ ਤੈਨੂੰ ਸਰਸ਼ਾਰ॥
ਕਿਸ ਨਾਲ ਪਿਆਰੇ ਪ੍ਰੀਤ ਲਗਾ ਕੇ, ਤੂੰ ਹੋ ਸਕਦਾ ਭਵਜਲ ਪਾਰ॥
(੪) ਘੋੜੇ, ਹਾਥੀ, ਰੱਥ ਅਸਵਾਰੀ, ਬਖ਼ਸ਼ੇ ਤੈਨੂੰ ਬਖਸ਼ਣਹਾਰ॥
ਨਾਸਵਾਨ ਇਹ ਪਿਆਰੇ ਸਭ ਕੁਝ, ਝੂਠਾ ਇਹ ਸਾਰਾ ਪਾਸਾਰ॥
(੫) ਜਿਸ ਤੈਨੂੰ ਇਹ ਸਭ ਕੁਝ ਦਿੱਤਾ, ਉਹ ਪ੍ਰਭ ਦਿੱਤਾ ਮਨੋ ਵਿਸਾਰ॥
ਨਾਮ ਪ੍ਰਭੂ ਦਾ ਭੁੱਲ ਕੇ ਪ੍ਰਾਨੀ, ਪਛਤਾਵੇਂਗਾ ਆਖ਼ਰਕਾਰ॥

(੧) ਗੁਰ ਕੀ ਮਤਿ ਤੂੰ ਲੇਹਿ ਇਆਨੇ॥ ਭਗਤਿ ਬਿਨਾ ਬਹੁ ਡੂਬੇ ਸਿਆਨੇ॥
(੨) ਹਰਿ ਕੀ ਭਗਤਿ ਕਰਹੁ ਮਨ ਮੀਤ॥ ਨਿਰਮਲ ਹੋਇ ਤੁਮ੍ਾਰੋ ਚੀਤੁ॥
(੩) ਚਰਨ ਕਮਲ ਰਾਖਹੁ ਮਨ ਮਾਹਿ॥ ਜਨਮ ਜਨਮ ਕੇ ਕਿਲ ਬਿਖ ਜਾਹਿ॥
(੪) ਆਪਿ ਜਪਹੁ ਅਵਰਾ ਨਾਮੁ ਜਪਾਵਹੁ॥ ਸੁਨਤ ਕਹਤ ਰਹਤ ਗਤਿ ਪਾਵਹੁ॥
(੫) ਸਾਰ ਭੂਤ ਸਤਿ ਹਰਿ ਕੋ ਨਾਉ॥ ਸਹਜਿ ਸੁਭਾਇ ਨਾਨਕ ਗੁਨ ਗਾਉ॥੬॥

ਅਨੁਵਾਦਿ

(੧) ਐ ਬੰਦੇ ਨਾ ਸਮਝ ਪ੍ਰਾਨੀ, ਗੁਰ ਦੀ ਸਿੱਖਿਆ ਸੋਚ ਵਿਚਾਰ॥
ਬਿਨ ਸਿਮਰਨ ਡੁਬ ਮਰੇ ਵਿਕਾਰੀਂ, ਬਹੁਤੇ ਚਤੁਰ ਵੀ ਆਖਰਕਾਰ॥
(੨) ਸਿਮਰਨ ਚਾਹੀਦੇ ਹਰ ਦਮ ਕਰਨਾ, ਐ ਮਨ ਮੇਰੇ ਯਾਰ॥
ਸਿਮਰਨ ਥੀਂ ਮਨ ਨਿਰਮਲ ਹੋਵੇ, ਇਹ ਗੱਲ ਪਿਆਰੇ ਦਿਲ ਵਿਚ ਧਾਰ॥
(੩) ਸੁਹਣੇ ਚਰਨ ਪ੍ਰਭੂ ਦੇ ਕੋਮਲ, ਹਿਰਦੇ ਅਪਣੇ ਸਦਾ ਪਛਾਣ॥
ਕਈ ਜਨਮਾਂ ਦੇ ਪਾਪ ਪਿਆਰੇ, ਇਸ ਥੀਂ ਨਾਸ ਤੇਰੇ ਹੋ ਜਾਣ॥
(੪) ਸਿਮਰੋ ਨਾਮ ਪ੍ਰਭੂ ਦਾ ਪ੍ਰਾਨੀ, ਹੋਰਾਂ ਤੋਂ ਪਿਆਰੇ ਸਿਮਰਾਵੋ॥
ਸੁਣ ਕੇ ਕਹਿ ਕੇ ਰਹਿਣੀ ਰਹਿ ਕੇ, ਬੰਦੇ ਮੁਕਤਿ ਪਦਾਰਥ ਪਾਵੋ॥
(੫) ਸਭ ਤੋਂ ਉਤਮ ਨਾਮ ਪ੍ਰਭੂ ਦਾ, ਐ ਬੰਦੇ ਇਹ ਚਿੱਤ ਵਸਾਉ॥
ਪਿਆਰੇ ਰਹੋ ਅਡੋਲ ਹਮੇਸ਼ਾ, ਪ੍ਰੇਮ ਨਾਲ ਪ੍ਰਭ ਦੇ ਗੁਣ ਗਾਉ॥

(੧) ਗੁਨ ਗਾਵਤ ਤੇਰੀ ਉਤਰਸਿ ਮੈਲੁ॥ ਬਿਨਸਿ ਜਾਇ ਹਉਮੈ ਬਿਖੁ ਫੈਲੁ॥
(੨) ਹੋਹਿ ਅਚਿੰਤੁ ਬਸੈ ਸੁਖ ਨਾਲਿ॥ ਸਾਸਿ ਗ੍ਰਾਸਿ ਹਰਿ ਨਾਮੁ ਸਮਾਲਿ॥
(੩) ਛਾਡਿ ਸਿਆਨਪ ਸਗਲੀ ਮਨਾ॥ ਸਾਧ ਸੰਗਿ ਪਾਵਹਿ ਸਚੁ ਧਨਾ॥
(੪) ਹਰਿ ਪੂੰਜੀ ਸੰਚਿ ਕਰਹੁ ਬਿਉਹਾਰੁ॥ ਈਹਾ ਸੁਖੁ ਦਰਗਹ ਜੈਕਾਰੁ॥
(੫) ਸਰਬ ਨਿਰੰਤਰਿ ਏਕੋ ਦੇਖੁ॥ ਕਹੁ ਨਾਨਕ ਜਾਕੈ ਮਸਤਕਿ ਲੇਖੁ॥੭॥

ਅਨੁਵਾਦਿ

(੧) ਐ ਬੰਦੇ ਗੁਣ ਪ੍ਰਭ ਦੇ ਗਾਇਆਂ, ਹਉਮੈਂ ਮੈਲ ਹੋਵੇ ਤੇਰੀ ਦੂਰ॥
ਜ਼ਹਿਰ ਹਉਮੈਂ ਹੰਕਾਰ ਦੀ ਸਾਰੀ, ਪਲ ਵਿਚ ਹੋ ਜਾਵੇ ਕਾਫ਼ੂਰ॥
(੨) ਹੋ ਬੇ ਫਿਕਰ ਵਸੋ ਸਭ ਪ੍ਰਾਨੀ, ਜੀਵਨ ਸੁੱਖਾਂ ਨਾਲ ਗੁਜਾਰੇ॥
ਨਾਮ ਪ੍ਰਭੂ ਦਾ ਬੜਾ ਅਮੋਲਕ, ਸਵਾਸ ਸਵਾਸ ਦੇ ਨਾਲ ਚਿਤਾਰੋ॥
(੩) ਛੱਡ ਕੇ ਹੋਰ ਸਿਆਣਪ ਸਾਰੀ, ਇਹ ਗੱਲ ਪਿਆਰੇ ਦਿਲ ਵਿਚ ਧਾਰ॥
ਨਾਮ ਧਨ ਤੇਰਾ ਸੱਚਾ ਸਾਥੀ, ਸੰਤਾਂ ਤੋਂ ਮਿਲਦੈ ਸਰਕਾਰ॥
(੪) ਨਾਮ ਪ੍ਰਭੂ ਦੀ ਰਾਸ ਇਕੱਠੀ, ਕਰਨੇ ਦਾ ਤੂੰ ਕਰ ਵਿਉਹਾਰ॥
ਏਥੇ ਉਥੇ ਦੋਹੀਂ ਜਹਾਨੀਂ, ਹੋਵੇਗੀ ਤੇਰੀ ਜੈ ਜੈ ਕਾਰ॥
(੫) ਹਰ ਇਕ ਅੰਦਰ ਨੂਰ ਪ੍ਰਭੂ ਦਾ, ਐ ਬੰਦੇ ਤੂੰ ਇਕੋ ਜਾਣ॥
ਇਹ ਕਰ ਸਕਦਾ ਭਾਗਵਾਨ ਕੋਈ, ਸਤਿਗੁਰ ਦਾ ਨੂਰੀ ਫਰਮਾਨ॥

(੧) ਏਕੋ ਜਪਿ ਏਕੋ ਸਾਲਾਹਿ॥ ਏਕੁ ਸਿਮਰਿ ਏਕੋ ਮਨਿ ਆਹਿ॥
(੨) ਏਕਸ ਕੇ ਗੁਨ ਗਾਉ ਅਨੰਤ॥ ਮਨਿ ਤਨਿ ਜਾਪਿ ਏਕ ਭਗਵੰਤ॥
(੩) ਏਕੋ ਏਕੁ ਏਕੁ ਹਰਿ ਆਪਿ॥ ਪੂਰਨ ਪੂਰਿ ਰਹਿਓ ਪ੍ਰਭੁ ਬਿਆਪਿ॥
(੪) ਅਨਿਕ ਬਿਸਥਾਰ ਏਕ ਤੇ ਭਏ॥ ਏਕੁ ਅਰਾਧਿ ਪਰਾਛਤ ਗਏ॥
(੫) ਮਨ ਤਨ ਅੰਤਰਿ ਏਕੁ ਪ੍ਰਭੁ ਰਾਤਾ। ਗੁਰ ਪ੍ਰਸਾਦਿ ਨਾਨਕ ਇਕੁ ਜਾਤਾ॥੮॥

ਅਨੁਵਾਦਿ

(੧) ਇਕ ਪ੍ਰਭ ਨੂੰ ਹੀ ਜਪ ਤੂੰ ਪਿਆਰੇ, ਇਕ ਪ੍ਰਭ ਦੀ ਹੀ ਸਿਫਤ ਉਚਾਰ॥
ਇਕ ਪ੍ਰਭ ਦਾ ਸਿਮਰਨ ਕਰ ਪਿਆਰੇ, ਮਨ ਵਿਚ ਲੋਚਾ ਇਕ ਹੀ ਧਾਰ॥
(੨) ਇਕ ਪ੍ਰਭ ਦੇ ਗੁਣ ਗਾਉ ਪਿਆਰੇ, ਜਿਸਦੀ ਸੋਭਾ ਦਾ ਨਹੀਂ ਅੰਤ॥
ਮਨ ਤਨ ਰੋਮ ਰੋਮ ਥੀਂ ਬੰਦੇ, ਸਿਮਰ ਸਦਾ ਇਕੋ ਭਗਵੰਤ॥
(੩) ਇਕੋ ਇਕ ਉਹ ਆਪੇ ਹੀ ਪ੍ਰਭ, ਕਣ ਕਣ ਵਿਚ ਹੈ ਉਸਦਾ ਨੂਰ॥
ਹਰ ਇਕ ਵਿਚ ਹੈ ਉਸਦਾ ਵਾਸਾ, ਉਹ ਪੂਰਨ ਹਰ ਥਾਂ ਭਰਪੂਰ॥
(੪)ਇਹ ਸਾਰੇ ਹੀ ਜਗਤ ਖਿਲਾਰੇ, ਇਕ ਪ੍ਰਭ ਦਾ ਹੀ ਇਹ ਵਿਸਥਾਰ॥
ਇਕ ਪ੍ਰਭ ਦਾ ਹੀ ਸਿਮਰਨ ਕਰਕੇ, ਪਾਪ ਨਾਸ਼ ਹੋਵਣ ਸਰਕਾਰ॥
(੫) ਜਿਸ ਨਰ ਦੇ ਮਨ ਤਨ ਵਿਚ ਪਿਆਰੇ, ਰਚਿਆ ਹੈ ਇਕ ਸਿਰਜਣਹਾਰ॥
ਸਤਿਗੁਰ ਦੀ ਕ੍ਰਿਪਾ ਥੀਂ ਪ੍ਰਾਨੀ, ਜਾਣ ਲਿਆ ਉਸ ਇਕ ਨਰੰਕਾਰ॥

ਸਲੋਕੁ॥

ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥
ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥

ਅਨੁਵਾਦਿ

ਫਿਰਦਾ ਫਿਰਦਾ ਮੈਂ ਪ੍ਰਭੂ, ਆਇਆ ਤੇਰੇ ਦਵਾਰ॥
ਬਖ਼ਸ਼ੋ ਭਗਤੀ ਅਪਣੀ, ਸਤਿਗੁਰ ਸਿਰਜਣਹਾਰ॥

ਅਸਟਪਦੀ ॥

(੧) ਜਾਚਕ ਜਨੁ ਜਾਚੈ ਪ੍ਰਭ ਦਾਨੁ ॥ ਕਰਿ ਕਿਰਪਾ ਦੇਵਹੁ ਹਰਿ ਨਾਮੁ ॥
(੨) ਸਾਧ ਜਨਾ ਕੀ ਮਾਗਉ ਧੂਰਿ ॥ ਪਾਰਬ੍ਰਹਮ ਮੇਰੀ ਸਰਧਾ ਪੂਰਿ ॥
(੩) ਸਦਾ ਸਦਾ ਪ੍ਰਭ ਕੇ ਗੁਨ ਗਾਵਉ ॥ ਸਾਸਿ ਸਾਸਿ ਪ੍ਰਭ ਤੁਮਹਿ ਧਿਆਵਉ ॥
(੪) ਚਰਨ ਕਮਲ ਸਿਉ ਲਾਗੈ ਪ੍ਰੀਤਿ ॥ ਭਗਤਿ ਕਰਉ ਪ੍ਰਭ ਕੀ ਨਿਤ ਨੀਤਿ ॥
(੫) ਏਕ ਓਟ ਏਕੋ ਆਧਾਰੁ ॥ ਨਾਨਕੁ ਮਾਗੈ ਨਾਮੁ ਪ੍ਰਭ ਸਾਰੁ ॥੧॥

ਅਨੁਵਾਦ

(੧) ਇਹ ਸੇਵਕ ਤਾਂ ਮੰਗਤਾ ਐ ਪ੍ਰਭ, ਮੰਗਦਾ ਹੈ ਇਕ ਪਿਆਰੇ ਦਾਨ ॥
ਕਿਰਪਾ ਕਰਕੇ ਮੇਰੇ ਸਤਿਗੁਰ, ਹਰੀ ਨਾਮ ਬਖਸ਼ੋ ਭਗਵਾਨ ॥
(੨) ਇਹ ਸੇਵਕ ਮੰਗਦਾ ਹੈ ਸਤਿਗੁਰ, ਸਾਧ ਜਨਾਂ ਦੀ ਐ ਮਨ ਧੂਰ ॥
ਸਰਧਾ ਮੇਰੀ ਐ ਪ੍ਰਭ ਮੇਰੇ, ਪੂਰੀ ਪਿਆਰੇ ਕਰੋ ਜ਼ਰੂਰ ॥
(੩) ਹਰ ਦਮ ਗੁਣ ਗਾਵਾਂ ਮੈਂ ਪ੍ਰਭ ਦੇ, ਮੇਰੇ ਸਤਿਗੁਰ ਸਿਰਜਣਹਾਰ ॥
ਹਰ ਸਾਹ ਨਾਲ ਕਰਾਂ ਮੈਂ ਸਿਮਰਨ, ਤੇਰਾ ਹੀ ਮੇਰੇ ਕਰਤਾਰ ॥
(੪) ਤੇਰੇ ਕੋਮਲ ਚਰਨਾਂ ਥੀਂ ਪ੍ਰਭ, ਜੁੜੀ ਰਹੇ ਐ ਮਨ ਮੇਰੀ ਪ੍ਰੀਤ ॥
ਹਰ ਸਾਹ ਨਾਲ ਮੈਂ ਸਿਮਰਾ ਤੈਨੂੰ, ਮੇਰੇ ਸਤਿਗੁਰ ਮੇਰੇ ਮੀਤ ॥
(੫) ਮੈਨੂੰ ਤੇਰੀ ਓਟ ਹੈ ਇਕੋ, ਤੇਰਾ ਇਕ ਪਿਆਰੇ ਆਧਾਰ ॥
ਸੇਵਕ ਦੀ ਇਹ ਮੰਗ ਹੈ ਸਤਿਗੁਰ, ਪ੍ਰਭੂ ਨਾਮ ਦਾ ਨੂਰੀ ਪਿਆਰ ॥

(੧) ਪ੍ਰਭ ਕੀ ਦ੍ਰਿਸਟਿ ਮਹਾ ਸੁਖੁ ਹੋਇ ॥ ਹਰਿ ਰਸੁ ਪਾਵੈ ਬਿਰਲਾ ਕੋਇ ॥
(੨) ਜਿਨ ਚਾਖਿਆ ਸੇ ਜਨ ਤ੍ਰਿਪਤਾਨੇ ॥ ਪੂਰਨ ਪੁਰਖ ਨਹੀਂ ਡੋਲਾਨੇ ॥
(੩) ਸੁਭਰ ਭਰੇ ਪ੍ਰੇਮ ਰਸ ਰੰਗਿ ॥ ਉਪਜੈ ਚਾਉ ਸਾਧ ਕੈ ਸੰਗਿ ॥
(੪) ਪਰੇ ਸਰਨਿ ਆਨ ਸਭ ਤਿਆਗਿ ॥ ਅੰਤਰਿ ਪ੍ਰਗਾਸ ਅਨਦਿਨੁ ਲਿਵ ਲਾਗਿ ॥
(੫) ਬਡਭਾਗੀ ਜਪਿਆ ਪ੍ਰਭੁ ਸੋਇ ॥ ਨਾਨਕ ਨਾਮਿ ਰਤੇ ਸੁਖੁ ਹੋਇ ॥੨॥

ਅਨੁਵਾਦ

(੧) ਪ੍ਰਭ ਦੀ ਕ੍ਰਿਪਾ ਦ੍ਰਿਸ਼ਟੀ ਅੰਦਰ, ਮਿਲਦਾ ਸੁਖ ਅਨੰਦ ਘਨੇਰਾ ॥
ਵਿਰਲਾ ਕੋਈ ਪ੍ਰਾਪਤ ਕਰਦਾ, ਐ ਪ੍ਰਭ ਇਹ ਪ੍ਰੇਮ ਰਸ ਤੇਰਾ ॥
(੨) ਜਿਸ ਜਿਸ ਪੀਤੈ ਨਾਮ ਪਿਆਲਾ, ਹੋ ਗਏ ਉਹ ਪਿਆਰੇ ਸਰਸਾਰ ॥
ਪੂਰਨ ਪੁਰਖ ਨਾ ਡੋਲਣ ਉਕਾ, ਮਹਿਕਾਉਂਦੇ ਜੀਵਨ ਗੁਲਜ਼ਾਰ ॥
(੩) ਪ੍ਰਭ ਪਿਆਰੇ ਦੀ ਮੌਜ 'ਚ ਉਹ ਨਰ, ਨੱਕੋ ਨੱਕ ਹੋ ਗਏ ਨਿਹਾਲ ॥
ਸਾਧ ਜਨਾਂ ਦੀ ਸੰਗਤ ਕਰ ਕੇ, ਮਨ ਚਾਅ ਉਪਜੇ ਮਿਲੇ ਅਕਾਲ ॥
(੪) ਛੱਡ ਕੇ ਹੋਰ ਸਹਾਰੇ ਸਾਰੇ, ਪ੍ਰਭ ਦੀ ਆਏ ਸਰਨ ਹਜ਼ੂਰ ॥
ਨਿਸ ਦਿਨ ਲਿਵ ਲੱਗੀ ਉਸ ਪ੍ਰਭ ਦੀ, ਹਿਰਦੇ ਹੋਇਆ ਨੂਰੋ ਨੂਰ ॥
(੫) ਉਹ ਵਡਭਾਗੀ ਪੁਰਸ਼ ਪਿਆਰੇ, ਜੀਹਨਾਂ ਨੇ ਜਪਿਆ ਕਰਤਾਰ ॥
ਸਤਿਗੁਰ ਨਾਮ ਰੰਗ ਵਿਚ ਰੰਗੇ, ਉਹ ਸੁਖ ਪਾਉਂਦੇ ਅਪਰਮਪਾਰ ॥

(੧) ਸੇਵਕ ਕੀ ਮਨਸਾ ਪੂਰੀ ਭਾਈ॥ ਸਤਿਗੁਰ ਤੇ ਨਿਰਮਲ ਮਤਿ ਲਈ॥
(੨) ਜਨ ਕਉ ਪ੍ਰਭੁ ਹੋਇਓ ਦਇਆਲੁ॥ ਸੇਵਕ ਕੀਨੋ ਸਦਾ ਨਿਹਾਲੁ॥
(੩) ਬੰਧਨ ਕਾਟਿ ਮੁਕਤਿ ਜਨੁ ਭਇਆ॥ ਜਨਮ ਮਰਨ ਦੂਖੁ ਭ੍ਰਮੁ ਗਇਆ॥
(੪) ਇਛ ਪੁਨੀ ਸਰਧਾ ਸਭ ਪੂਰੀ॥ ਰਵਿ ਰਹਿਆ ਸਦ ਸੰਗਿ ਹਜੂਰੀ॥
(੫) ਜਿਸ ਕਾ ਸਾ ਤਿਨਿ ਲੀਆ ਮਿਲਾਇ॥ ਨਾਨਕ ਭਗਤੀ ਨਾਮਿ ਸਮਾਇ॥੩॥

ਅਨੁਵਾਦਿ

(੧) ਪ੍ਰਭ ਸੇਵਕ ਦੀ ਸੇਵਾ ਰਾਹੀਂ, ਪੂਰੀ ਹੋ ਗਈ ਹੈ ਹਰ ਆਸ॥
ਸਤਿਗੁਰ ਤੋਂ ਲੈ ਉਤਮ ਸਿੱਖਿਆ, ਮਿਟ ਗਈ ਹੈ ਮਾਇਆ ਦੀ ਪਿਆਸ॥
(੨) ਜਿਸ ਜਨ ਉਤੇ ਹਰ ਪ੍ਰਭ ਮੇਰਾ, ਹੋਇਆਂ ਪਿਆਰੇ ਆਪ ਦਿਆਲ॥
ਉਸ ਸੇਵਕ ਨੂੰ ਰੱਖਦਾ ਹੈ ਉਹ, ਹਰ ਦਮ ਖੁਸ਼ੀਆਂ ਨਾਲ ਨਿਹਾਲ॥
(੩) ਕੱਟ ਦਿੱਤੇ ਪ੍ਰਭ ਸਾਰੇ ਬੰਧਨ, ਉਸ ਸੇਵਕ ਨੇ ਮੁਕਤੀ ਪਾਈ॥
ਮਰਨ ਜੀਣ ਦਾ ਸਹਿਸਾ ਮੁੱਕਾ, ਦੁੱਖ ਭ੍ਰਮ ਫਿਰ ਰਿਹਾ ਨਾ ਕਾਈ॥
(੪) ਪੂਰਨ ਹੋਈ ਹਰ ਇਕ ਇੱਛਿਆ, ਜੋ ਚਾਹਿਆ ਸੇਵਕ ਨੇ ਪਾਇਆ॥
ਕਣ ਕਣ ਵਿਚ ਜੋ ਰਿਹਾ ਵਿਆਪਕ, ਅੰਗ ਸੰਭ ਪ੍ਰਭ ਨਜ਼ਰੀਂ ਆਇਆ॥
(੫) ਐ ਮਨ ਅਪਣਾ ਸੇਵਕ ਪ੍ਰਭ ਨੇ, ਖੁਦ ਹੀ ਅਪਣੇ ਗਲੇ ਮਿਲਾਇਆ॥
ਪਿਆਰੇ ਭਗਤੀ ਕਰ ਕੇ ਪ੍ਰਾਨੀ, ਨਾਮ ਪ੍ਰਭੂ ਦੇ ਸੰਗ ਸਮਾਇਆ॥

(੧) ਸੋ ਕਿਉ ਬਿਸਰੈ ਜਿ ਘਾਲ ਨ ਭਾਨੈ॥ ਸੋ ਕਿਉ ਬਿਸਰੈ ਜਿ ਕੀਆ ਜਾਨੈ॥
(੨) ਸੋ ਕਿਉ ਬਿਸਰੈ ਜਿਨਿ ਸਭ ਕਿਛੁ ਦੀਆ॥ ਸੋ ਕਿਉ ਬਿਸਰੈ ਜਿ ਜੀਵਨ ਜੀਆ॥
(੩) ਸੋ ਕਿਉ ਬਿਸਰੈ ਜਿ ਅਗਨਿ ਮਹਿ ਰਾਖੈ॥ ਗੁਰ ਪ੍ਰਸਾਦਿ ਕੋ ਬਿਰਲਾ ਲਾਖੈ॥
(੪) ਸੋ ਕਿਉ ਬਿਸਰੈ ਜਿ ਬਿਖੁ ਤੇ ਕਾਢੈ॥ ਜਨਮ ਜਨਮ ਕਾ ਟੂਟਾ ਗਾਢੈ॥
(੫) ਗੁਰਿ ਪੂਰੈ ਤਤੁ ਇਹੈ ਬੁਝਾਇਆ॥ ਪ੍ਰਭੁ ਅਪਨਾ ਨਾਨਕ ਜਨ ਧਿਆਇਆ॥੪॥

ਅਨੁਵਾਦਿ

(੧) ਉਹ ਪ੍ਰਭ ਤੂੰ ਕਿਉਂ ਵਿਸਰੇ ਬੰਦੇ? ਜੋ ਤੇਰਾ ਕੋਈ ਹੱਕ ਨਾ ਮਾਰੇ॥
ਉਸ ਪ੍ਰਭ ਨੂੰ ਕਿਉਂ ਭੁਲੇ ਬੰਦੇ? ਜੋ ਤੇਰਾ ਉਪਕਾਰ ਚਿਤਾਰੇ॥
(੨) ਉਸ ਪ੍ਰਭ ਨੂੰ ਕਿਉਂ ਭੂਲੇ ਐ ਮਨ? ਜਿਸ ਤੋਂ ਹੈ ਤੂੰ ਸਭ ਕੁਝ ਪਾਇਆ॥
ਉਸ ਪ੍ਰਭ ਨੂੰ ਕਿਉਂ ਭੁਲੇਂ ਬੰਦੇ? ਜੋ ਜੀਵਨ ਦਾ ਹੈ ਸਰਮਾਇਆ।
(੩) ਉਸ ਪ੍ਰਭ ਨੂੰ ਕਿਉਂ ਵਿਸਰੇ ਬੰਦੇ? ਗਰਭ ਅਗਨ ਤੋਂ ਜੀਹਨੇ ਬਚਾਇਆ॥
ਸਤਿਗੁਰ ਦੀ ਕ੍ਰਿਪਾ ਦੇ ਸਦਕੇ, ਵਿਰਲੇ ਹੀ ਇਸ ਭੇਤ ਨੂੰ ਪਾਇਆ॥
(੪) ਉਸ ਪ੍ਰਭ ਨੂੰ ਕਿਉਂ ਵਿਸਰੇ ਪ੍ਰਾਨੀ? ਜੋ ਮਾਇਆ ਦੀ ਜ਼ਹਿਰ ਨੂੰ ਮਾਰੇ॥
ਜਨਮ ਜਨਮ ਦੇ ਵਿਛੜੇ ਪ੍ਰਾਨੀ, ਅਪਨੇ ਨਾਲ ਮਿਲਾਏ ਪਿਆਰੇ॥
(੫) ਗੁਰ ਪੂਰੇ ਮੇਰੇ ਅੰਤਰਯਾਮੀ, ਇਹ ਭੇਤ ਪਿਆਰੇ ਸਮਝਾਇਆ॥
ਸਿਮਰਨ ਥੀਂ ਹੀ ਸਤਿਗੁਰ ਮੇਰੇ, ਇਹ ਅਪਣਾ ਨੂਰੀ ਪ੍ਰਭ ਪਾਇਆ॥

(੧) ਸਾਜਨ ਸੰਤ ਕਰਹੁ ਇਹੁ ਕਾਮੁ ॥ ਆਨ ਤਿਆਗਿ ਜਪਹੁ ਹਰਿ ਨਾਮੁ ॥
(੨) ਸਿਮਰਿ ਸਿਮਰਿ ਸਿਮਰਿ ਸੁਖ ਪਾਵਹੁ ॥ ਆਪਿ ਜਪਹੁ ਅਵਰਹ ਨਾਮੁ ਜਪਾਵਹੁ ॥
(੩) ਭਗਤਿ ਭਾਇ ਤਰੀਐ ਸੰਸਾਰੁ ॥ ਬਿਨੁ ਭਗਤੀ ਤਨੁ ਹੋਸੀ ਛਾਰੁ ॥
(੪) ਸਰਬ ਕਲਿਆਣ ਸੂਖ ਨਿਧਿ ਨਾਮੁ ॥ ਬੂਡਤ ਜਾਤ ਪਾਏ ਬਿਸ੍ਰਾਮੁ ॥
(੫) ਸਗਲ ਦੂਖ ਕਾ ਹੋਵਤ ਨਾਸੁ ॥ ਨਾਨਕ ਨਾਮੁ ਜਪਹੁ ਗੁਨ ਤਾਸੁ ॥੫॥

ਅਨੁਵਾਦਿ

(੧) ਹੇ ਸੱਜਣ ਹੇ ਸੰਤ ਪਿਆਰੇ, ਏਹੋ ਕੰਮ ਕਰੋ ਇਕ ਸਾਰੇ ॥
ਮੋਹ ਮਾਇਆ ਨੂੰ ਤੱਜ ਕੇ ਸਾਰੇ, ਪ੍ਰਭ ਦਾ ਸਿਮਰਨ ਕਰੋ ਪਿਆਰੇ ॥
(੨) ਸਿਮਰ ਸਿਮਰ ਕੇ ਪ੍ਰਭੂ ਪਿਆਰਾ, ਸਿਮਰਨ ਕਰ ਕਰ ਕੇ ਸੁੱਖ ਪਾਉ ॥
ਆਪ ਕਰੋ ਖੁਦ ਪ੍ਰਭ ਦਾ ਸਿਮਰਨ, ਹੋਰਾਂ ਤੋਂ ਪਿਆਰੇ ਕਰਵਾਉ ॥
(੩) ਐ ਮਨ ਇਹ ਸੰਸਾਰ ਸਮੁੰਦਰ, ਸਿਮਰਨ ਕਰ ਕੇ ਤਰਿਆ ਜਾਣਾ ॥
ਬਿਨ ਸਿਮਰਨ ਦੇ ਇਹ ਤਨ ਤੇਰਾ, ਐ ਪ੍ਰਾਨੀ ਕਿਸੇ ਕੰਮ ਨਹੀਂ ਆਣਾ ॥
(੪) ਸਿਮਰਨ ਵਿਚ ਕਲਿਆਣ ਹੈ ਪਿਆਰੇ, ਇਸ ਵਿਚ ਹੈ ਸੁੱਖ ਨਾਮ ਖਜ਼ਾਨਾ ॥
ਇਹ ਹੈ ਡੁੱਬਦੇ ਲਈ ਸਹਾਰਾ, ਸਿਮਰਨ ਅਪਣਾ ਰੱਖ ਨਿਸ਼ਾਨਾ ॥
(੫) ਸਭ ਦੁੱਖਾਂ ਤੋਂ ਹੋਏ ਖੁਲਾਸੀ, ਸਿਮਰਨ ਜਿਸ ਦਾ ਰਹੇ ਨਿਸ਼ਾਨਾ ॥
ਪ੍ਰਾਨੀ ਸਿਮਰਨ ਕਰੋ ਪਿਆਰੇ, ਹਰ ਗੁਣ ਦਾ ਹੈ ਨਾਮ ਖਜ਼ਾਨਾ ॥

(੧) ਉਪਜੀ ਪ੍ਰੀਤਿ ਪ੍ਰੇਮ ਰਸ ਚਾਉ ॥ ਮਨ ਤਨ ਅੰਤਰਿ ਇਹੀ ਸੁਆਉ ॥
(੨) ਨੇਤ੍ਰਹੁ ਪੇਖਿ ਦਰਸੁ ਸੁਖੁ ਹੋਇ ॥ ਮਨੁ ਬਿਗਸੈ ਸਾਧ ਚਰਨ ਧੋਇ ॥
(੩) ਭਗਤ ਜਨਾ ਕੈ ਮਨਿ ਤਨਿ ਰੰਗੁ ॥ ਬਿਰਲਾ ਕੋਊ ਪਾਵੈ ਸੰਗੁ ॥
(੪) ਏਕ ਬਸਤੁ ਦੀਜੈ ਕਰਿ ਮਇਆ ॥ ਗੁਰ ਪ੍ਰਸਾਦਿ ਨਾਮੁ ਜਪਿ ਲਇਆ ॥
(੫) ਤਾਕੀ ਉਪਮਾ ਕਹੀ ਨਾ ਜਾਇ ॥ ਨਾਨਕ ਰਹਿਆ ਸਰਬ ਸਮਾਇ ॥੬॥

ਅਨੁਵਾਦਿ

(੧) ਜਿਸ ਦੇ ਮਨ ਵਿਚ ਪੈਦਾ ਹੋਇਆ, ਪ੍ਰਾਨੀ ਪ੍ਰੀਤ ਪ੍ਰਭੂ ਦਾ ਪਿਆਰ ॥
ਉਸਦੇ ਦਿਲ ਵਿਚ ਚਾਅ ਰਹਿੰਦਾ ਹੈ, ਹਰਦਮ ਪ੍ਰਭ ਦਾ ਕਰਾਂ ਦੀਦਾਰ ॥
(੨) ਅੱਖੀਂ ਕਰ ਦੀਦਾਰ ਪ੍ਰਭੂ ਦਾ, ਸੁੱਖ ਪਾਵੇ ਪ੍ਰਾਨੀ ਸੰਸਾਰ ॥
ਉਹ ਨਰ ਚਰਨ ਸਾਧ ਦੇ ਧੋ ਕੇ, ਮਨ ਅਪਣਾ ਰੱਖੇ ਸਰਸ਼ਾਰ ॥
(੩) ਭਗਤ ਜਨਾਂ ਨੇ ਮਨ ਤਨ ਰੰਗੇ, ਲੂੰ ਲੂੰ ਵਸਿਆ ਆਪ ਅਕਾਲ ॥
ਵਿਰਲਾ ਕੋਈ ਵਡਭਾਗੀ ਬੰਦਾ, ਜੁੜਦਾ ਹੈ ਸਤਿਗੁਰ ਦੇ ਨਾਲ ॥
(੪) ਐ ਪ੍ਰਭ ਅਪਣੀ ਮਿਹਰ ਦੇ ਸਦਕੇ, ਇਕ ਵਸਤ ਬਖਸ਼ੋ ਦਾਤਾਰ ॥
ਸਤਿਗੁਰ ਦੀ ਕ੍ਰਿਪਾ ਦੇ ਸਦਕੇ, ਨਾਮ ਤੇਰਾ ਜਪੀਏ ਕਰਤਾਰ ॥
(੫) ਉਸ ਪ੍ਰਭ ਦੀ ਉਪਮਾ ਦਾ ਪਿਆਰੇ, ਕੀਤਾ ਨਹੀਂ ਜਾਂਦਾ ਇਜ਼ਹਾਰ ॥
ਤੂਹੀ ਸਤਿਗੁਰ ਸ੍ਰਭ-ਵਿਆਪੀ, ਹਰ ਥਾਂ ਵੱਸਦਾ ਹੈ ਸਾਕਾਰ ॥

(੧) ਪ੍ਰਭ ਬਖਸੰਦ ਦੀਨ ਦਇਆਲ॥ ਭਗਤਿ ਵਛਲ ਸਦਾ ਕਿਰਪਾਲ॥
(੨) ਅਨਾਥ ਨਾਥ ਗੋਬਿੰਦ ਗੁਪਾਲ॥ ਸਰਬ ਘਟਾ ਕਰਤ ਪ੍ਰਤਿਪਾਲ॥
(੩) ਆਦਿ ਪੁਰਖ ਕਾਰਣ ਕਰਤਾਰ॥ ਭਗਤ ਜਨਾ ਕੇ ਪ੍ਰਾਨ ਅਧਾਰ॥
(੪) ਜੋ ਜੋ ਜਪੈ ਸੁ ਹੋਇ ਪੁਨੀਤ॥ ਭਗਤਿ ਭਾਇ ਲਾਵੈ ਮਨ ਹੀਤ॥
(੫) ਹਮ ਨਿਰਗੁਨੀਆਰ ਨੀਚ ਅਜਾਨ॥ ਨਾਨਕ ਤੁਮਰੀ ਸਰਨਿ ਪੁਰਖ ਭਗਵਾਨ॥੭॥

ਅਨੁਵਾਦ

(੧) ਬਖਸ਼ਣਹਾਰ ਪ੍ਰਭੂ ਹੈ ਮੇਰਾ, ਦੀਨਾਂ ਤੇ ਜੋ ਰਹੇ ਦਿਆਲ॥
ਉਹ ਦਾਤਾਰ ਆਪਣੇ ਭਗਤਾਂ ਨੂੰ, ਕਰਦਾ ਨਦਰੋ ਨਦਰ ਨਿਹਾਲ॥
(੨) ਬੇ ਆਸਾਂ ਦੀ ਆਸ ਪ੍ਰਭੂ ਉਹ, ਦੁਖੀਆਂ ਦਾ ਪਿਆਰੇ ਗੋਪਾਲ॥
ਹਰ ਇਕ ਥਾਂ ਹੈ ਉਸਦਾ ਵਾਸਾ, ਹਰ ਇਕ ਦੀ ਕਰਦਾ ਪ੍ਰਤਿਪਾਲ॥
(੩) ਸਭ ਦੇ ਮੁੱਢ ਤੇ ਸਭ ਵਿਚ ਵਿਆਪਕ, ਕਰਣਹਾਰ ਪਿਆਰੇ ਕਰਤਾਰ॥
ਭਗਤ ਜਨਾਂ ਦੇ ਪਿਆਰੇ ਐ ਪ੍ਰਭ, ਜਿੰਦ ਜਾਨ ਭਗਤਾਂ ਦੇ ਯਾਰ॥
(੪) ਜੋ ਜਨ ਪ੍ਰਭ ਦਾ ਸਿਮਰਨ ਕਰਦੇ, ਹੋ ਜਾਂਦੇ ਨੇ ਪਾਕਿ ਪਵਿੱਤ॥
ਜੋ ਵੀ ਭਗਤੀ ਭਾਵ ਥੀਂ ਪਿਆਰੇ, ਸਿਮਰਨ ਵਿਚ ਜੋ ਲਾਵਣ ਚਿੱਤ॥
(੫) ਗੁਣ ਹੀਣ ਅਸੀਂ ਅਵਾਣੇ, ਮੇਹਰ ਕਰੋ ਮੇਰੇ ਦਾਤਾਰ॥
ਸਰਨ ਤੇਰੀ ਹੈ ਪ੍ਰਾਨੀ ਆਇਆ, ਪੂਰਨ ਪੁਰਖ ਮੇਰੇ ਕਰਤਾਰ॥

(੧) ਸਰਬ ਬੈਕੁੰਠ ਮੁਕਤਿ ਮੋਖ ਪਾਏ॥ ਏਕ ਨਿਮਖ ਹਰਿ ਕੇ ਗੁਨ ਗਾਏ॥
(੨) ਅਨਿਕ ਰਾਜ ਭੋਗ ਬਡਿਆਈ॥ ਹਰਿ ਕੇ ਨਾਮ ਕੀ ਕਥਾ ਮਨਿ ਭਾਈ॥
(੩) ਬਹੁ ਭੋਜਨ ਕਾਪਰ ਸੰਗੀਤ॥ ਰਸਨਾ ਜਪਤੀ ਹਰਿ ਹਰਿ ਨੀਤ॥
(੪) ਭਲੀ ਸੁ ਕਰਨੀ ਸੋਭਾ ਧਨਵੰਤ॥ ਹਿਰਦੈ ਬਸੇ ਪੂਰਨ ਗੁਰਮੰਤ॥
(੫) ਸਾਧ ਸੰਗਿ ਪ੍ਰਭ ਦੇਹੁ ਨਿਵਾਸ॥ ਸਰਬ ਸੂਖ ਨਾਨਕ ਪਰਗਾਸ॥੮॥੨੦॥

ਅਨੁਵਾਦ

(੧) ਸਾਰੇ ਸਵਰਗ ਮੋਖ ਤੇ ਮੁਕਤੀ, ਐ ਪ੍ਰਾਨੀ ਉਹ ਬੰਦਾ ਪਾਵੇ॥
ਪਲ ਭਰ ਵੀ ਜੋ ਨਾਮ ਪ੍ਰਭੂ ਦਾ, ਮਨ ਚਿਤ ਲਾਕੇ ਜੋ ਵੀ ਗਾਵੇ॥
(੨) ਕਈ ਰਾਜ ਤੇ ਭੋਗ ਪਦਾਰਥ, ਮਿਲਦੀ ਹੈ ਉਸ ਨੂੰ ਵਡਿਆਈ॥
ਪ੍ਰਭੂ ਨਾਮ ਦੀ ਸੋਭਾ ਪਿਆਰੇ, ਜਿਸ ਪ੍ਰਾਨੀ ਦੇ ਮਨ ਨੂੰ ਭਾਈ॥
(੩) ਤਰ੍ਹਾਂ ਤਰ੍ਹਾਂ ਦੇ ਭੋਜਨ ਵਸਤਰ, ਰਾਗ ਰੰਗ ਉਹ ਪ੍ਰਾਨੀ ਪਾਵੈ॥
ਜਿਸ ਪ੍ਰਾਨੀ ਦੀ ਜੀਭ ਪਿਆਰੇ, ਨਿਸ ਦਿਨ ਹੀ ਜੋ ਹਰ ਹਰ ਗਾਵੇ॥
(੪) ਉਹ ਧਨਵਾਨ ਭਲੇ ਨੇ ਜਗ ਤੇ, ਨੇਕੀ ਕਰ ਜੋ ਸੋਭਾ ਪਾਵਨ॥
ਪੂਰੇ ਗੁਰ ਦੀ ਸਿੱਖਿਆ ਪਿਆਰੇ, ਜੋ ਨਰ ਆਪਣੇ ਚਿਤ ਵਸਾਵਨ॥
(੫) ਐ ਪ੍ਰਭ ਅਪਣੇ ਸੰਤ ਜਨਾਂ ਸੰਗ, ਮੇਰਾ ਕਰੋ ਨਿਵਾਸ ਪਿਆਰੇ॥
ਸਾਧ ਸੰਗਤ! ਚੋਂ ਮਿਲਦਾ ਐ ਮਨ, ਸੁੱਖਾਂ ਦਾ ਪ੍ਰਗਾਸ ਪਿਆਰੇ॥

ਸਲੋਕੁ ॥

ਸਰਗੁਨ ਨਿਰਗੁਨ ਨਿਰੰਕਾਰ ਸੁੰਨ ਸਮਾਧੀ ਆਪਿ ॥
ਆਪਨ ਕੀਆ ਨਾਨਕਾ ਆਪੇ ਹੀ ਫਿਰਿ ਜਾਪਿ ॥੧॥

ਅਨੁਵਾਦਿ

ਮਾਇਆ ਦਾ ਪ੍ਰਭ ਰੂਪ ਹੈ, ਤੇ ਮਾਇਆ ਤੋਂ ਦੂਰ ॥
ਸੁੰਨ ਸਮਾਧੀ ਲਾਇ ਕੇ, ਸਿਮਰਨ ਕਰੇ ਹਜ਼ੂਰ ॥
ਸਾਰੀ ਰਚਨਾ ਸਾਜ ਕੇ, ਕਣ ਕਣ ਵਿਚ ਉਹ ਆਪ ॥
ਸਤਿਗੁਰ ਉਹ ਨਰੰਕਾਰ ਪ੍ਰਭ, ਆਪੇ ਕਰਦਾ ਜਾਪ ॥

ਅਸਟਪਦੀ॥

(੧) ਜਬ ਆਕਾਰੁ ਇਹੁ ਕਛੁ ਨ ਦ੍ਰਿਸਟੇਤਾ॥ ਪਾਪ ਪੁੰਨ ਤਬ ਕਹ ਤੇ ਹੋਤਾ॥
(੨) ਜਬ ਧਾਰੀ ਆਪਨ ਸੁੰਨ ਸਮਾਧਿ॥ ਤਬ ਬੈਰ ਬਿਰੋਧ ਕਿਸੁ ਸੰਗਿ ਕਮਾਤਿ॥
(੩) ਜਬ ਇਸ ਕਾ ਬਰਨੁ ਚਿਹਨੁ ਨ ਜਾਪਤ॥ ਤਬ ਹਰਖ ਸੋਗ ਕਹੁ ਕਿਸਹਿ ਬਿਆਪਤ॥
(੪) ਜਬ ਆਪਨ ਆਪ ਆਪਿ ਪਾਰਬ੍ਰਹਮ॥ ਤਬ ਮੋਹ ਕਹਾ ਕਿਸੁ ਹੋਵਤ ਭਰਮ॥
(੫) ਆਪਨ ਖੇਲੁ ਆਪਿ ਵਰਤੀਜਾ॥ ਨਾਨਕ ਕਰਨੈਹਾਰੁ ਨ ਦੂਜਾ॥੧॥

ਅਨੁਵਾਦ

(੧) ਇਸ ਦੁਨੀਆਂ ਦੀ ਜਦੋਂ ਪ੍ਰਭੂ ਨੇ, ਹਾਲੇ ਨਹੀਂ ਸੀ ਖੇਲ ਰਚਾਈ॥
ਪਾਪ ਪੁੰਨ ਉਸ ਵੇਲੇ ਕਿਸ ਤੋਂ, ਹੋ ਸਕਦਾ ਸੀ ਮੇਰੇ ਭਾਈ॥
(੨) ਜਦੋਂ ਪ੍ਰਭੂ ਨੇ ਆਪ ਹੀ ਆਪਣੀ, ਹੈ ਸੀ ਸੁੰਨ ਸਮਾਧੀ ਲਾਈ॥
ਕਿਸ ਨੇ ਫਿਰ ਕਿਸ ਨਾਲ ਸੀ ਕਰਨਾ, ਪਿਆਰੇ ਵੈਰ ਵਿਰੋਧ ਲੜਾਈ॥
(੩) ਜਦ ਕਿ ਪਿਆਰੇ ਇਸ ਦੁਨੀਆ ਦਾ, ਨਾ ਸੀ ਰੂਪ ਰੰਗ ਅਕਾਰ॥
ਹਰਖ ਸੋਗ ਤਦ ਕਿਸ ਨੂੰ ਪੋਂਹਦੇ? ਇਸ ਦਾ ਮਨ ਵਿਚ ਕਰੋ ਵਿਚਾਰ॥
(੪) ਜਦ ਪ੍ਰਭ ਅਪਣੇ ਆਪ ਸੀ ਕੱਲਾ, ਇਸ ਦੁਨੀਆਂ ਦਾ ਸਿਰਜਨਹਾਰ॥
ਉਸ ਵੇਲੇ ਮੋਹ ਭਰਮ ਭੁਲੇਖੇ, ਕਿਸ ਨੂੰ ਹੋਣੇ ਸਨ ਸਰਕਾਰ॥
(੫) ਆਪੇ ਹੀ ਇਹ ਖੇਡ ਜਗਤ ਦੀ, ਆਪ ਬਣਾਈ ਸਿਰਜਣਹਾਰ॥
ਸਤਿਗੁਰ ਬਿਨ ਪ੍ਰਭ ਦੇ ਕੋਈ ਦੂਜਾ, ਹੋਰ ਨਹੀਂ ਹੈ ਕਰਨੇਹਾਰ॥

(੧) ਜਬ ਹੋਵਤ ਪ੍ਰਭ ਕੇਵਲ ਧਨੀ॥ ਤਬ ਬੰਧ ਮੁਕਤਿ ਕਹੁ ਕਿਸ ਕਉ ਗਨੀ॥
(੨) ਜਸ ਏਕਹਿ ਹਰਿ ਅਗਮ ਅਪਾਰ॥ ਤਬ ਨਰਕ ਸੁਰਗ ਕਹੁ ਕਉਨ ਅਉਤਾਰ॥
(੩) ਜਬ ਨਿਰਗੁਨ ਪ੍ਰਭ ਸਹਜ ਸੁਭਾਇ॥ ਤਬ ਸਿਵ ਸਕਤਿ ਕਹਹੁ ਕਿਤੁ ਠਾਇ॥
(੪) ਜਬ ਆਪਹਿ ਆਪਿ ਅਪਨੀ ਜੋਤਿ ਧਰੈ॥ ਤਬ ਕਵਨ ਨਿਡਰੁ ਕਵਨ ਕਤ ਡਰੈ॥
(੫) ਆਪਨ ਚਲਿਤ ਆਪਿ ਕਰਨੈਹਾਰ॥ ਨਾਨਕ ਠਾਕੁਰ ਅਗਮ ਅਪਾਰ॥੨॥

ਅਨੁਵਾਦ

(੧) ਜਦੋਂ ਪਿਆਰੇ ਜਗ ਦੇ ਉਤੇ, ਮਾਲਕ ਸੀ ਇਕ ਆਪ ਅਕਾਲ॥
ਤਦ ਮਾਇਆ ਦੇ ਬੰਧਨ ਵਿਚੋਂ, ਕਿਸ ਨੂੰ ਕਰੀਏ ਮੁਕਤ ਖਿਆਲ॥
(੨) ਜਦ ਅਤੀਅੰਤ, ਬੇਅੰਤ, ਸਭੋ ਕੁਝ, ਇਕੋ ਸੀ ਪ੍ਰਭ ਸਿਰਜਣਹਾਰ॥
ਨਰਕ ਸਵਰਗ ਅੰਦਰ ਤਦ ਕਿਸ ਨੇ, ਆਉਣਾ ਸੀ ਮੇਰੀ ਸਰਕਾਰ॥
(੩) ਮਾਇਆ ਰਹਿਤ ਜਦੋਂ ਪ੍ਰਭ ਮੇਰੇ, ਅਜੇ ਨਾ ਸੀ ਕੋਈ ਖੇਲ ਰਚਾਇਆ
ਉਸ ਵੇਲੇ ਇਹ ਜੀਵ ਕਿੱਥੇ ਸਨ? ਪਿਆਰੇ ਕਿੱਥੇ ਸੀ ਇਹ ਮਾਇਆ?
(੪) ਆਪ ਪ੍ਰਭੂ ਜਦ ਬੈਠ ਰਿਹਾ ਸੀ, ਆਪੇ ਅਪਣਾ ਨੂਰ ਖਿਲਾਰੇ॥
ਕੌਣ ਨਿੱਡਰ ਸੀ ਦੁਨੀਆਂ ਉੱਤੇ, ਕਿਸ ਨੂੰ ਸੀ ਡਰ ਕਿਸ ਦਾ ਪਿਆਰੇ॥
(੫) ਆਪ ਕਰੇ ਸਭ ਖੇਲ ਤਮਾਸ਼ੇ, ਆਪ ਪ੍ਰਭੂ ਸਭ ਕਰੇ ਕਰਾਵੇ॥
ਸਤਿਗੁਰ ਹੈ ਬੇਅੰਤ ਪ੍ਰਭੂ ਉਹ, ਉਸ ਦਾ ਕੋਈ ਅੰਤ ਨਾ ਆਵੇ॥

(੧) ਅਬਿਨਾਸੀ ਸੁਖ ਆਪਨ ਆਸਨ॥ ਤਹ ਜਨਮ ਮਰਨ ਕਹੁ ਕਹਾ ਬਿਨਾਸਨ॥
(੨) ਜਬ ਪੂਰਨ ਕਰਤਾ ਪ੍ਰਭੁ ਸੋਇ॥ ਤਬ ਜਮ ਕੀ ਤ੍ਰਾਸ ਕਹਹੁ ਕਿਸੁ ਹੋਇ॥
(੩) ਜਬ ਅਬਿਗਤ ਅਗੋਚਰ ਪ੍ਰਭ ਏਕਾ। ਤਬ ਚਿਤ੍ਰ ਗੁਪਤ ਕਿਸੁ ਪੂਛਤ ਲੇਖਾ॥
(੪) ਜਬ ਨਾਥ ਨਿਰੰਜਨ ਅਗੋਚਰ ਅਗਾਧੇ॥ ਤਬ ਕਉਨ ਛੁਟੇ ਕਉਨ ਬੰਧਨ ਬਾਧੇ॥
(੫) ਆਪਨ ਆਪ ਆਪ ਹੀ ਅਚਰਜਾ॥ ਨਾਨਕ ਆਪਨ ਰੂਪ ਆਪ ਹੀ ਉਪਰਜਾ ॥੩॥

ਅਨੁਵਾਦਿ

(੧) ਅਬਿਨਾਸੀ ਪ੍ਰਭ ਸੁਖ ਆਸਨ ਤੇ, ਜਦ ਬੈਠਾ ਸੀ ਆਸਨ ਲਾਈ॥
ਜਨਮ ਮਰਨ ਕਿੱਥੇ ਸੀ ਉਦੋਂ? ਨਾ ਦੇਂਦੀ ਸੀ ਮੌਤ ਵਿਖਾਈ॥
(੨) ਜਦ ਪੂਰਨ ਪੁਰਖ ਪ੍ਰਭ ਅਬਿਨਾਸੀ, ਕਰਣਹਾਰ ਇਕ ਆਪ ਸੀ ਸਾਰੇ॥
ਦੱਸੋ! ਫਿਰ ਤਦ ਜਮ ਦਾ ਡਰ ਭਉ, ਕਿਸ ਨੂੰ ਹੋ ਸਕਦਾ ਸੀ ਪਿਆਰੇ॥
(੩) ਜਦ ਅਦਿਸਟ ਅਗੋਚਰ, ਪ੍ਰਭ ਬਿਨ ਕੋਈ ਪਿਆਰੇ ਜਗ ਤੇ ਦੂਜਾ ਨਾ ਸੀ॥
ਚਿਤਰ ਗੁਪਤ ਕਰਮਾਂ ਦਾ ਲੇਖਾ, ਦੱਸ ਪਿਆਰੇ ਕਿਸ ਨੂੰ ਪੁੱਛਣਾ ਸੀ॥
(੪) ਜਦ ਮਾਲਕ ਆਪ ਅਥਾਹ ਸੁਆਮੀ, ਮਾਇਆ ਤੋਂ ਨਿਰਲੇਪ ਸੀ ਸਾਰੇ॥
ਤਦ ਕਿਹੜੇ ਸੀ ਆਜ਼ਾਦ ਮਾਇਆ ਤੋਂ, ਕਉਣ ਮਾਇਆ ਥੀ ਜੱਕੜੇ ਪਿਆਰੇ॥
(੫) ਜਦ ਆਪੇ ਸੀ ਆਪ ਪ੍ਰਭ ਨੇ, ਆਪਣਾ ਅਚਰਜ ਰੂਪ ਬਣਾਇਆ॥
ਤਦ ਸਤਿਗੁਰ ਆਕਾਰ ਜਗਤ ਦਾ, ਆਪ ਹੀ ਪੈਦਾ ਕਰ ਦਿਖਲਾਇਆ॥

(੧) ਜਹ ਨਿਰਮਲ ਪੁਰਖੁ ਪੁਰਖ ਪਤਿ ਹੋਤਾ॥ ਤਹ ਬਿਨੁ ਮੈਲੁ ਕਹਹੁ ਕਿਆ ਧੋਤਾ॥
(੨) ਜਹ ਨਿਰੰਜਨ ਨਿਰੰਕਾਰ ਨਿਰਬਾਨ॥ ਤਹ ਕਉਨ ਕਉ ਮਾਨ ਕਉਨ ਅਭਿਮਾਨ॥
(੩) ਜਹ ਸਰੂਪ ਕੇਵਲ ਜਗਦੀਸ॥ ਤਹ ਛਲ ਛਿਦ੍ਰ ਲਗਤ ਕਹੁ ਕੀਸ॥
(੪) ਜਹ ਜੋਤਿ ਸਰੂਪੀ ਜੋਤਿ ਸੰਗਿ ਸਮਾਵੈ॥ ਤਹ ਕਿਸਹਿ ਭੂਖ ਕਵਨੁ ਤ੍ਰਿਪਤਾਵੈ॥
(੫) ਕਰਨ ਕਰਾਵਨ ਕਰਨੈਹਾਰ॥ ਨਾਨਕ ਕਰਤੇ ਕਾ ਨਾਹਿ ਸੁਮਾਰੁ ॥੪॥

ਅਨੁਵਾਦਿ

(੧) ਜਦ ਮਾਲਕ ਪ੍ਰਭ ਆਪ ਸਵਾਮੀ, ਨਿਰਮਲ ਸੁੰਦਰ ਰੂਪ ਸੀ ਪਿਆਰੇ॥
ਮੈਲ ਰਹਿਤ ਦਾ ਕੀ ਧੋਣਾ ਸੀ, ਉਹ ਪ੍ਰਭ ਆਪ ਅਨੂਪ ਸੀ ਪਿਆਰੇ॥
(੨) ਮਾਇਆ ਰਹਿਤ, ਅਕਾਰ ਰਹਿਤ, ਉਹ ਆਪ ਜਦੋਂ ਸੀ ਖ਼ੁਦ ਨਰੰਕਾਰ॥
ਕਿਸ ਨੂੰ ਉਦੋਂ ਮਾਣ ਸੀ ਹੋਣਾ, ਕਿਸ ਨੂੰ ਸੀ ਹੋਣਾ ਹੰਕਾਰ?
(੩) ਆਪ ਪ੍ਰਭ ਜਦ ਜਗ ਦਾ ਮਾਲਕ, ਇਕੋ ਇਕ ਸੀ ਵਿਚ ਸੰਸਾਰ॥
ਛਲ ਕਪਟ ਤੇ ਐਬ ਪਿਆਰੇ, ਤਦ ਕਿਸ ਨੂੰ ਲੱਗਦੇ ਸਰਕਾਰ?
(੪) ਜਦ ਜੋਤ ਰੂਪੀ ਸੀ ਪ੍ਰਭੂ ਪਿਆਰੇ, ਅਪਣੀ ਜੋਤੇ ਆਪ ਸਮਾਇਆ॥
ਤਦ ਕਿਸ ਨੂੰ ਸੀ ਭੁੱਖ ਮਾਇਆ ਦੀ, ਕੌਣ ਸੀ ਮਾਇਆ ਥੀਂ ਤ੍ਰਿਪਾਇਆ?
(੫) ਕਰਨ ਕਰਾਵਨ ਵਾਲਾ ਹੈ ਪ੍ਰਭ, ਉਹ ਆਪੇ ਸਭ ਕਰੇ ਕਰਾਵੇ॥
ਪਰ ਸਤਿਗੁਰ ਉਸ ਨੂਰੀ ਪ੍ਰਭ ਦਾ, ਕੋਈ ਅੰਤ ਸਮਾਰ ਨਾ ਆਵੈ॥

(੧) ਜਬ ਅਪਨੀ ਸੋਭਾ ਆਪਨ ਸੰਗਿ ਬਨਾਈ॥ ਤਬ ਕਵਨ ਮਾਇ ਬਾਪ ਮ੍ਰਿਤ ਸੁਤ ਭਾਈ॥
(੨) ਜਹ ਸਰਬ ਕਲਾ ਆਪਹਿ ਪਰਬੀਨ॥ ਤਹ ਬੇਦ ਕਤੇਬ ਕਹਾ ਕੋਊ ਚੀਨ॥
(੩) ਜਬ ਆਪਨ ਆਪੁ ਆਪਿ ਉਰਿਧਾਰੈ॥ ਤਉ ਸਗਨ ਅਪਸਗਨ ਕਹਾ ਬੀਚਾਰੈ॥
(੪) ਜਹ ਆਪਨ ਊਚ ਆਪਨ ਆਪਿ ਨੇਰਾ॥ ਤਹ ਕਉਨ ਠਾਕੁਰੁ ਕਉਨੁ ਕਹੀਐ ਚੇਰਾ॥
(੫) ਬਿਸਮਨ ਬਿਸਮ ਰਹੇ ਬਿਸਮਾਦ॥ ਨਾਨਕ ਅਪਨੀ ਗਤਿ ਜਾਨਹੁ ਆਪਿ॥੫॥

ਅਨੁਵਾਦਿ

(੧) ਅਪਣੀ ਸੋਭਾ ਆਪੇ ਹੀ ਪ੍ਰਭ, ਜਦ ਸੀ ਅਪਣੇ ਆਪ ਬਣਾਈ॥
ਤਦ ਮਾਂ ਬਾਪ ਕੌਣ ਸੀ ਉਦੋਂ? ਕੌਣ ਸੀ ਪੁੱਤਰ, ਮਿੱਤਰ ਭਾਈ?
(੨) ਸਭ ਕੰਮਾਂ ਵਿਚ ਆਪ ਪ੍ਰਭੂ ਜਦ, ਆਪੇ ਸੀ ਪੂਰਨ ਹੁਸ਼ਿਆਰ॥
ਵੇਦ, ਕਤੇਬ ਤੇ ਧਰਮ ਪੁਸਤਕਾਂ, ਕਿਹੜਾ ਵੇਂਹਦਾ ਸੀ ਸਰਕਾਰ?
(੩) ਆਪ ਪ੍ਰਭੂ ਜਦ ਅਪਣੀ ਜੋਤੀ, ਅਪਣੇ ਦਿਲ ਵਿਚ ਆਪ ਜਗਾਈ॥
ਸਗਨ, ਬੇਸਗਨ ਕਿਸ ਤੱਕਣੇ ਸੀ? ਏਨੀ ਗੱਲ ਤਾਂ ਸੋਚੋ ਭਾਈ॥
(੪) ਕੌਣ ਤਦੋਂ ਮਾਲਕ ਸੀ ਕਿਸ ਦਾ? ਕੌਣ ਸੀ ਕਿਸ ਦਾ ਸੇਵਾਦਾਰ॥
ਦੂਰ ਵੀ ਸੀ ਤੇ ਕੋਲ ਵੀ ਸੀ ਉਹ, ਅਪਣੇ ਆਪੇ ਤੋਂ ਕਰਤਾਰ॥
(੫) ਇਹ ਨਰ ਬੜੇ ਅਚਰਜ ਨੇ ਪਿਆਰੇ, ਭਾਲ ਤੇਰੀ ਵਿਚ ਬੜੇ ਹੈਰਾਨ॥
ਤੇਰੀ ਗਤਿ ਤੂੰ ਆਪੇ ਜਾਣੇ, ਪ੍ਰਾਨੀ ਕਿਹੜਾ ਸਕੇ ਪਛਾਨ॥

(੧) ਜਹ ਅਛਲ ਅਛੇਦ ਅਭੇਦ ਸਮਾਇਆ॥ ਊਹਾ ਕਿਸਹਿ ਬਿਆਪਤ ਮਾਇਆ॥
(੨) ਆਪਸ ਕਉ ਆਪਹਿ ਆਦੇਸੁ॥ ਤਿਹੁ ਗੁਣ ਕਾ ਨਾਹੀ ਪਰਵੇਸੁ॥
(੩) ਜਹ ਏਕਹਿ ਏਕ ਏਕ ਭਗਵੰਤਾ॥ ਤਹ ਕਉਨੁ ਅਚਿੰਤੁ ਕਿਸੁ ਲਾਗੈ ਚਿੰਤਾ॥
(੪) ਜਹ ਆਪਨ ਆਪੁ ਆਪਿ ਪਤੀਆਰਾ। ਤਹ ਕਉਨੁ ਕਥੈ ਕਉਨੁ ਸੁਨਨੈਹਾਰਾ॥
(੫) ਬਹੁ ਬੇਅੰਤ ਊਚਾ ਤੇ ਊਚਾ॥ ਨਾਨਕ ਆਪਸ ਕਉ ਆਪਹਿ ਪਹੂਚਾ॥

ਅਨੁਵਾਦਿ

(੧) ਛਲ ਰਹਿਤ ਆਭੇਦ ਪ੍ਰਭੂ ਜਦ, ਆਪੇ ਵਿਚ ਸੀ ਆਪ ਸਮਾਇਆ॥
ਉੱਥੇ ਭਲਾ ਐ! ਸੋਚ ਪ੍ਰਾਨੀ, ਕਿਸ ਨੂੰ ਪੋਹ ਸਕਦੀ ਸੀ ਮਾਇਆ॥
(੨) ਅਪਣੇ ਆਪ ਨੂੰ ਜਦ ਕਰਦਾ ਸੀ, ਨਿਮਸਕਾਰ ਮੇਰਾ ਦਾਤਾਰ॥
ਤਦ ਮਾਇਆ ਦੇ ਤਿੰਨ ਗੁਣਾਂ ਦਾ, ਅਸਰ ਸੀ ਹੋ ਜਾਂਦਾ ਬੇਕਾਰ॥
(੩) ਜਦ ਕੇਵਲ ਇਕੋ ਸੀ ਆਪੇ, ਜਗ ਉਤੇ ਮੇਰਾ ਭਗਵਾਨ॥
ਕੌਣ ਭਲਾ ਬੇਫ਼ਿਕਰ ਸੀ ਇਥੇ? ਕੌਣ ਸੀ ਮਾਇਆ ਵਿਚ ਗਲਤਾਨ?
(੪) ਜਦ ਆਪੇ ਸੀ ਸਰਬ ਵਿਆਪੀ, ਆਪੇ ਨੂੰ ਪਤੀਆਵਣ ਵਾਲਾ॥
ਕੌਣ ਉਦੋਂ ਸੀ ਸੁਣਨੇ ਵਾਲਾ? ਕੌਣ ਸੀ ਬਾਤ ਸੁਣਾਵਣ ਵਾਲਾ?
(੫) ਉਹ ਬੇਅੰਤ ਹੈ ਸਭ ਤੋਂ ਉੱਚਾ, ਉਸ ਦਾ ਨਹੀਂ ਕੋਈ ਅੰਤ ਹੈ ਪਿਆਰੇ॥
ਸਤਿਗੁਰ ਉਹ ਆਪੇ ਨੂੰ ਜਾਣੇ, ਉਹ ਵੱਡਾ ਭਗਵੰਤ ਹੈ ਪਿਆਰੇ॥

(੧) ਜਹ ਆਪਿ ਰਚਿਓ ਪਰਪੰਚੁ ਅਕਾਰੁ॥ ਤਿਹੁ ਗੁਣ ਮਹਿ ਕੀਨੋ ਬਿਸਥਾਰੁ॥
(੨) ਪਾਪੁ ਪੁੰਨੁ ਤਹ ਭਈ ਕਹਾਵਤ॥ ਕੋਊ ਨਰਕ ਕੋਊ ਸੁਰਗ ਬੰਛਾਵਤ॥
(੩) ਆਲ ਜਾਲ ਮਾਇਆ ਜੰਜਾਲ॥ ਹਉਮੈ ਮੋਹ ਭਰਮ ਭੈ ਭਾਰ॥
(੪) ਦੂਖ, ਸੂਖ, ਮਾਨ ਅਪਮਾਨ॥ ਅਨਿਕ ਪ੍ਰਕਾਰ ਕੀਓ ਬਖ੍ਯ੍ਹਾਨ॥
(੫) ਆਪਨ ਖੇਲੁ ਆਪਿ ਕਰ ਦੇਖੈ॥ ਖੇਲੁ ਸੰਕੋਚੈ ਤਉ ਨਾਨਕ ਏਕੈ॥੭॥

ਅਨੁਵਾਦਿ

(੧) ਜਗਤ ਖੇਡ, ਜਦ ਆਪ ਪ੍ਰਭੂ ਨੇ, ਰਚ ਦਿੱਤੀ ਸਾਰੇ ਸੰਸਾਰ॥
ਇਸ ਮਾਇਆ ਨੂੰ ਤਿੰਨ ਗੁਣਾਂ ਵਿਚ, ਫਿਰ ਕਰ ਦਿੱਤਾ ਸੀ ਵਿਸਥਾਰ॥
(੨) ਪਾਪ ਪੁੰਨ ਵਾਲੀ ਫਿਰ ਪਿਆਰੇ, ਚਲ ਨਿਕਲੀ ਜਦ ਜਗ ਤੇ ਬਾਤ॥
ਨਰਕਾਂ ਦਾ ਕੋਈ ਭਾਗੀ ਬਣਿਆ, ਪਾਈ ਕਿਸੇ ਸਵਰਗ ਦੀ ਦਾਤ॥
(੩) ਘਰ ਦੇ ਝੰਜਟ ਮਾਇਆ ਬੰਧਨ, ਸਿਰਜ ਦਿੱਤੇ ਉਸ ਸਿਰਜਣਹਾਰ॥
ਲੋਭ, ਮੋਹ ਤੇ ਭਰਮ ਭੁਲੇਖੇ, ਰਚਿਆ ਇਹ ਹਉਮੈਂ ਹੰਕਾਰ॥
(੪) ਦੁਖ, ਸੁਖ, ਅਪਮਾਨ, ਮਾਣ ਸਭ, ਬਖਸ਼ੇ ਇਹ ਸਭ ਬਖਸ਼ਣਹਾਰ॥
ਏਦਾ ਪਿਆਰੇ ਕਈ ਬਾਤਾਂ ਦਾ, ਚੱਲ ਪਿਆ ਜੱਗ ਤੇ ਪਰਚਾਰ॥
(੫) ਆਪੇ ਹੀ ਉਹ ਅਪਣੀਆਂ ਖੇਡਾਂ, ਖੇਡ ਖੇਡ ਵੇਖੇ ਦਾਤਾਰ॥
ਹਰ ਇਕ ਖੇਡ ਸਮੇਟ ਕੇ ਸਤਿਗੁਰ, ਇਕ ਹੋ ਜਾਂਦਾ ਆਖ਼ਰਕਾਰ॥

(੧) ਜਹ ਅਬਿਗਤੁ ਭਗਤੁ ਤਹ ਆਪਿ॥ ਜਹ ਪਸਰੈ ਪਾਸਾਰੁ ਸੰਤ ਪਰਤਾਪਿ॥
(੨) ਦੁਹੂ ਪਾਖ ਕਾ ਆਪਹਿ ਧਨੀ॥ ਉਨ ਕੀ ਸੋਭਾ ਉਨਹੂ ਬਨੀ॥
(੩) ਆਪਹਿ ਕਉਤਕ ਕਰੈ ਅਨਦ ਚੋਜ॥ ਆਪਹਿ ਰਸ ਭੋਗਨ ਨਿਰਜੋਗ॥
(੪) ਜਿਸ ਭਾਵੈ ਤਿਸੁ ਆਪਨ ਨਾਇ ਲਾਵੈ॥ ਜਿਸ ਭਾਵੈ ਤਿਸੁ ਖੇਲ ਖਿਲਾਵੈ॥
(੫) ਬੇਸੁਮਾਰ ਅਥਾਹ ਅਗਨਤ, ਅਤੋਲੈ॥
ਜਿਉ ਬੁਲਾਵਹੁ ਤਿਉ ਨਾਨਕ ਦਾਸੁ ਬੋਲੈ॥੮॥੨੧॥

ਅਨੁਵਾਦਿ

(੧) ਜਿੱਥੇ ਅਦ੍ਰਿਸ਼ਟ ਪ੍ਰਭੂ ਹੈ ਪਿਆਰਾ, ਉੱਥੇ ਉਸ ਦਾ ਭਗਤ ਹੈ ਪਿਆਰਾ॥
ਜਿੱਥੇ ਭਗਤ ਪ੍ਰਭ ਦਾ ਪਿਆਰਾ, ਉੱਥੇ ਤੇਜ ਪ੍ਰਭੂ ਦਾ ਸਾਰਾ॥
(੨) ਸੰਤ, ਤੇਜ, ਪ੍ਰਭਾਵ ਮਾਇਆ ਦਾ, ਦੋਹਾਂ ਦਾ ਪ੍ਰਭ ਆਪ ਸਵਾਮੀ॥
ਸੰਤਾਂ ਦੀ ਸੋਭਾ ਦੇ ਸਦਕੇ, ਖੇਡਾਂ ਖੇਡੇ ਅੰਤਰਯਾਮੀ॥
(੩) ਆਪੇ ਕਉਤਕ ਕਰੇ ਅਨੇਕਾਂ, ਆਪੇ ਰਚਿਆ ਜਗਤ ਪਸਾਰਾ॥
ਆਪੇ ਰਸ ਮਾਣੇ ਹਰ ਸ਼ੈ ਦਾ, ਆਪੇ ਪ੍ਰਭ ਨਿਰਲੇਪ ਹੈ ਪਿਆਰਾ॥
(੪) ਜਿਸ ਤੇ ਮਿਹਰ ਪ੍ਰਭੂ ਦੀ ਹੋਵੇ, ਉਸ ਨੂੰ ਆਪਣਾ ਨਾਮ ਜਪਾਵੇ॥
ਜਿਸ ਨੂੰ ਪ੍ਰਭ ਚਾਹਵੇ ਐ ਪ੍ਰਾਨੀ, ਮਾਇਆ ਦੇ ਚੱਕਰ ਵਿਚ ਪਾਵੇ॥
(੫) ਬੇਸ਼ੁਮਾਰ, ਅਥਾਹ, ਅਣਗਿਣਤ ਉਹ, ਉਸ ਪ੍ਰਭ ਦਾ ਕੋਈ ਅੰਤ ਨਾ ਆਵੇ॥
ਸਤਿਗੁਰ ਤੇਰਾ ਦਾਸ ਉਹ ਬੋਲੇ, ਜੋ ਨੂਰੀ ਪ੍ਰਭ ਆਪ ਬੁਲਾਵੇ॥

ਸਲੋਕੁ॥

ਜੀਅ ਜੰਤ ਕੇ ਠਾਕੁਰਾ ਆਪੇ ਵਰਤਣਹਾਰ॥
ਨਾਨਕ ਏਕੋ ਪਸਰਿਆ ਦੂਜਾ ਕਹ ਦ੍ਰਿਸਟਾਰ॥੧॥

ਅਨੁਵਾਦ

ਜੀਅ ਜੰਤ ਦੇ ਠਾਕਰ ਸੁਵਾਮੀ, ਹਰ ਥਾਂ ਤੇ ਹੈ ਤੇਰਾ ਨੂਰ॥
ਪਿਆਰੇ ਇਕ ਪ੍ਰਭ ਦੇ ਬਿਨ ਦੂਜਾ, ਹੋਰ ਨਹੀਂ ਆਉਂਦਾ ਨਜ਼ਰ ਹਜ਼ੂਰ॥

ਅਸਟਪਦੀ॥

(੧) ਆਪਿ ਕਥੈ ਆਪਿ ਸੁਨਨੈਹਾਰੁ॥ ਆਪਹਿ ਏਕੁ ਆਪਿ ਬਿਸਥਾਰ॥
(੨) ਜਾ ਤਿਸੁ ਭਾਵੈ ਤਾਂ ਸ੍ਰਿਸ਼ਟਿ ਉਪਾਏ॥ ਆਪਨੈ ਭਾਣੈ ਲਏ ਸਮਾਏ॥
(੩) ਤੁਮ ਤੇ ਭਿੰਨ ਨਹੀਂ ਕਿਛੁ ਹੋਇ॥ ਆਪਨ ਸੂਤਿ ਸਭੁ ਜਗਤੁ ਪਰੋਇ॥
(੪) ਜਾ ਕਉ ਪ੍ਰਭ ਜੀਉ ਆਪਿ ਬੁਝਾਏ॥ ਸਚੁ ਨਾਮੁ ਸੋਈ ਜਨੁ ਪਾਏ॥
(੫) ਸੋ ਸਮਦਰਸੀ ਤਤ ਕਾ ਬੇਤਾ॥ ਨਾਨਕ ਸਗਲ ਸ੍ਰਿਸਟਿ ਕਾ ਜੇਤਾ॥੧॥

ਅਨੁਵਾਦਿ

(੧) ਆਪੇ ਬੋਲ ਰਿਹਾ ਪ੍ਰਭ ਸਭੈ ਵਿਚ, ਆਪੇ ਸੁਣਨੇ ਹਾਰ ਸਵਾਮੀ॥
ਆਪੇ ਹੀ ਉਹ ਸ੍ਰਿਸ਼ਿਟ ਦਾ ਕਰਤਾ, ਆਪ ਹੀ ਇਕ ਅਕਾਰ ਸਵਾਮੀ॥
(੨) ਉਸ ਪ੍ਰਭ ਦੀ ਚਾਹਤ ਦੇ ਸਦਕੇ, ਜਗ ਰਚਨਾ ਇਹ ਪਿਆਰੇ ਹੋਈ॥
ਚਾਹਵੇ ਤਾਂ ਆਪੇ ਹੀ ਸਭ ਕੁਝ, ਅਪਣੇ ਵਿਚ ਕਰ ਲਏ ਸਮੋਈ॥
(੩) ਐ ਪ੍ਰਭ ਤੈਥੋਂ ਵੱਖ ਨਹੀਂ ਕੁਝ, ਹੁਕਮ ਤੇਰੇ ਵਿਚ ਸਭ ਕੁਝ ਹੋਏ॥
ਹੁਕਮ ਰੂਪ ਡੋਰੀ ਵਿਚ ਪਿਆਰੇ, ਸਭ ਤੇਰੇ ਹੀ ਹੈਨ ਪਰੋਏ॥
(੪) ਜਿਸਨੂੰ ਉਹ ਪ੍ਰਭ ਸੋਝੀ ਬਖਸ਼ੇ, ਉਹ ਹੀ ਰਮਜ਼ ਪ੍ਰਭੂ ਦੀ ਜਾਣੇ॥
ਸੱਚਾ ਨਾਮ ਪ੍ਰਭ ਦਾ ਸੋਈ, ਪਾ ਕੇ ਉਹ ਨਰ ਖੁਸ਼ੀਆਂ ਮਾਣੇ॥
(੫) ਇਕ ਨਜ਼ਰ ਵੇਖੇ ਜੋ ਸਭ ਨੂੰ, ਉਹ ਅਸਲੀਅਤ ਪ੍ਰਭ ਦੀ ਜਾਣੇ॥
ਸਤਿਗੁਰ ਬਣਕੇ ਜਗ ਦਾ ਜੇਤੂ, ਹਰ ਥਾਂ ਪ੍ਰਭ ਦਾ ਨੂਰ ਪਛਾਣੇ॥

(੧) ਜੀਅ ਜੰਤ੍ਰ ਸਭ ਤਾ ਕੈ ਹਾਥ॥ ਦੀਨ ਦਇਆਲ ਅਨਾਥ ਕੋ ਨਾਥੁ॥
(੨) ਜਿਸੁ ਰਾਖੈ ਤਿਸੁ ਕੋਇ ਨ ਮਾਰੈ॥ ਸੋ ਮੂਆ ਜਿਸੁ ਮਨਹੁ ਬਿਸਾਰੈ॥
(੩) ਤਿਸੁ ਤਜਿ ਅਵਰ ਕਹਾ ਕੋ ਜਾਇ॥ ਸਭ ਸਿਰਿ ਏਕੁ ਨਿਰੰਜਨ ਰਾਇ॥
(੪) ਜੀਅ ਕੀ ਜੁਗਤਿ ਜਾ ਕੈ ਸਭ ਹਾਥਿ॥ ਅੰਤਰਿ ਬਾਹਿਰ ਜਾਨਹੁ ਸਾਥਿ॥
(੫) ਗੁਨ ਨਿਧਾਨ ਬੇਅੰਤ ਅਪਾਰ॥ ਨਾਨਕ ਦਾਸ ਸਦਾ ਬਲਿਹਾਰ॥੨॥

ਅਨੁਵਾਦਿ

(੧) ਜੀਵ ਜੰਤੂ ਸਭ ਉਸਦੇ ਪਿਆਰੇ, ਉਸ ਦੇ ਹੱਥ ਸਾਰਾ ਸੰਸਾਰ॥
ਦੀਨਾਂ ਤੇ ਉਹ ਰਹੇ ਦਿਆਲੂ, ਹਰ ਬੇਕਸ ਨੂੰ ਕਰਦੈ ਪਿਆਰ॥
(੨) ਜਿਸਦਾ ਉਹ ਰਖਵਾਲਾ ਪਿਆਰੇ, ਉਸਨੂੰ ਨਹੀਂ ਕੋਈ ਸਕਦਾ ਮਾਰ॥
ਉਸਨੂੰ ਮੋਇਆ ਜਾਣ ਪ੍ਰਾਨੀ, ਜੋ ਪ੍ਰਭ ਦੇਂਦਾ ਮਨੋਂ ਵਿਸਾਰ॥
(੩) ਉਸ ਪ੍ਰਭ ਨੂੰ ਛਡ ਕੇ ਇਹ ਪ੍ਰਾਨੀ, ਦਸੋ ਕਿਸਦੇ ਦਰ ਤੇ ਜਾਵੇ॥
ਸਭ ਜੀਆਂ ਵਿਚ ਉਹ ਹੀ ਸਵਾਮੀ, ਉਸ ਵਰਗਾ ਕੋਈ ਨਜ਼ਰ ਨ ਆਵੇ॥
(੪) ਉਸਦੇ ਹੱਥ ਹੈ ਸਭ ਦਾ ਜੀਵਨ, ਭੇਤੀ ਉਹ ਹਰ ਇਕ ਦਾ ਪਿਆਰੇ॥
ਅੰਦਰ ਬਾਹਰ ਉਸਦਾ ਵਾਸਾ, ਕਣ ਕਣ ਵਿਚ ਪ੍ਰਭ ਜਾਣੋਂ ਸਾਰੇ॥
(੫) ਉਸਦੀ ਮਹਿਮਾ ਦਾ ਕੀ ਕਹਿਣਾ, ਗੁਨ ਉਸ ਦੇ ਨੇ ਅਪਰਮ-ਪਾਰ॥
ਉਸਦੇ ਹਰ ਦਮ ਸਦਕੇ ਜਾਉ, ਗੁਰ ਮੇਰਾ ਜਿਸ ਤੇ ਬਲਿਹਾਰ॥

(੧) ਪੂਰਨ ਪੂਰਿ ਰਹੇ ਦਇਆਲ॥ ਸਭ ਊਪਰਿ ਹੋਵਤ ਕਿਰਪਾਲ॥
(੨) ਅਪਨੇ ਕਰਤਬ ਜਾਨੈ ਆਪਿ॥ ਅੰਤਰਜਾਮੀ ਰਹਿਓ ਬਿਆਪਿ॥
(੩) ਪ੍ਰਤਿਪਾਲੈ ਜੀਅਨ ਬਹੁ ਭਾਤਿ॥ ਜੋ ਜੋ ਰਚਿਓ ਸੁ ਤਿਸਹਿ ਧਿਆਤ॥
(੪) ਜਿਸੁ ਭਾਵੈ ਤਿਸੁ ਲਏ ਮਿਲਾਇ॥ ਭਗਤਿ ਕਰਹਿ ਹਰਿ ਕੇ ਗੁਣ ਗਾਇ॥
(੫) ਮਨ ਅੰਤਰਿ ਬਿਸ੍ਵਾਸੁ ਕਰ ਮਾਨਿਆ॥ ਕਰਨਹਾਰ ਨਾਨਕ ਇਕੁ ਜਾਨਿਆ॥੩॥

ਅਨੁਵਾਦ

(੧) ਹਰ ਥਾਂ ਹੈ ਪੂਰਨ ਪਰਮੇਸ਼੍ਵਰ, ਹਰ ਇਕ ਤੇ ਹੈ ਪ੍ਰਭੂ ਦਿਆਲ॥
ਸਭ ਉਪਰ ਬਖਸ਼ਸ਼ ਹੈ ਉਸਦੀ, ਹਰ ਇਕ ਤੇ ਉਹ ਰਹੇ ਨਿਹਾਲ॥
(੨) ਆਪਣੀਆਂ ਖੇਡਾਂ ਦਾ ਆਪੇ, ਕਰਨਹਾਰ ਆਪੇ ਕਰਤਾਰ॥
ਜਾਣੀ ਜਾਣ ਉਹ ਜਾਣ ਰਿਹਾ ਸਭ, ਹਰ ਥਾਂ ਉਹ ਪਿਆਰੇ ਸਾਕਾਰ॥
(੩) ਜੀਵਾਂ ਨੂੰ ਉਹ ਪਾਲ ਰਿਹਾ ਹੈ, ਐ ਮਨ ਉਹ ਕਈ ਵਿਧੀਆਂ ਨਾਲ॥
ਜੋ ਜੋ ਜੀਵ ਪ੍ਰਭੂ ਨੇ ਸਾਜੇ, ਸਿਮਰਨ ਸੋ ਸੋ ਪੁਰਖ ਅਕਾਲ॥
(੪) ਜਿਸ ਤੇ ਮੇਹਰ ਪ੍ਰਭੂ ਹੈ ਕਰਦਾ, ਉਸ ਨੂੰ ਸੀਨੇ ਲਾ ਲੈਂਦਾ ਹੈ॥
ਗੁਣ ਗਾ ਕੇ ਪ੍ਰਭ ਦਾ ਉਹ ਪ੍ਰਾਨੀ, ਭਗਤੀ ਥੀਂ ਪ੍ਰਭ ਪਾ ਲੈਂਦਾ ਹੈ॥
(੫) ਮਨ ਅੰਦਰ ਜਿਸ ਸ਼ਰਧਾ ਕਰਕੇ, ਪ੍ਰਭ ਦਾ ਨੂਰ ਪਛਾਣ ਲਿਆ ਹੈ॥
ਨੂਰੀ ਸਤਿਗੁਰੂ ਉਸ ਪ੍ਰਾਨੀ ਨੇ, ਸਚਮੁਚ ਹੀ ਪ੍ਰਭ ਜਾਣ ਲਿਆ ਹੈ॥

(੧) ਜਨੁ ਲਾਗਾ ਹਰਿ ਏਕੈ ਨਾਇ॥ ਤਿਸ ਕੀ ਆਸ ਨ ਬਿਰਥੀ ਜਾਇ॥
(੨) ਸੇਵਕ ਕਉ ਸੇਵਾ ਬਨਿ ਆਈ॥ ਹੁਕਮੁ ਬੂਝਿ ਪਰਮ ਪਦੁ ਪਾਈ॥
(੩) ਇਸ ਤੇ ਊਪਰਿ ਨਹੀਂ ਬੀਚਾਰੁ॥ ਜਾ ਕੈ ਮਨਿ ਬਸਿਆ ਨਿਰੰਕਾਰੁ॥
(੪) ਬੰਧਨ ਤੋਰਿ ਭਏ ਨਿਰਵੈਰ॥ ਅਨਿਦਨੁ ਪੂਜਹਿ ਗੁਰਕੇ ਪੈਰ॥
(੫) ਇਹ ਲੋਕ ਸੁਖੀਏ ਪਰਲੋਕ ਸੁਹੇਲੇ॥ ਨਾਨਕ ਹਰਿ ਪ੍ਰਭਿ ਆਪਹਿ ਮੇਲੇ॥੪॥

ਅਨੁਵਾਦ

(੧) ਜੋ ਸੇਵਕ ਇਕ ਪ੍ਰਭੂ ਨਾਮ ਵਿਚ, ਪਿਆਰੇ ਆਪਣੀ ਸੁਰਤ ਟਿਕਾਵੇ॥
ਉਸ ਪ੍ਰਾਨੀ ਦੀ ਕਈ ਆਸ ਵੀ, ਐ ਮਨ ਕਦੇ ਨ ਬਿਰਥੀ ਜਾਵੇ॥
(੨) ਸੇਵਕ ਤੋਂ ਇਹ ਚਾਹੀਦਾ ਪਿਆਰੇ, ਹਰ ਇਕ ਦੀ ਸੇਵਾ ਬਣ ਆਵੇ॥
ਹੁਕਮ ਪ੍ਰਭੂ ਦਾ ਜੋ ਸੱਚ ਜਾਣੇ, ਉਹ ਨਰ ਮੁਕਤ-ਪਦਾਰਥ ਪਾਵੇ॥
(੩) ਇਸ ਤੋਂ ਚੰਗਾ ਦੁਨੀਆਂ ਉੱਤੇ, ਉਤਮ ਨਹੀਂ ਕੋਈ ਵੀਚਾਰ॥
ਮਨ ਤਨ ਥੀਂ ਪ੍ਰਭ ਸਿਮਰਨ ਕਰਨਾ, ਰੋਮ ਰੋਮ ਵਸਣਾਂ ਨਿਰੰਕਾਰ॥
(੪) ਮਾਇਆ ਦੇ ਜੋ ਤੋੜ ਕੇ ਬੰਧਨ, ਹੋ ਜਾਵੇ ਪਿਆਰੇ ਨਿਰਵੈਰ॥
ਨਿਸ ਦਿਨ ਜੋ ਕਰ ਕਰਕੇ ਸਿਮਰਨ, ਪੂਜੇ ਜੋ ਸਤਿਗੁਰ ਦੇ ਪੈਰ॥
(੫) ਏਸ ਜਨਮ ਵੀ ਸੁਖ ਪਾਵਣ ਉਹ, ਅਗਲੇ ਜਨਮ ਵੀ ਰਹਿਣ ਨਿਹਾਲ॥
ਨੂਰੀ ਸਤਿਗੁਰ ਖੁਸ਼ ਹੋ ਪ੍ਰਭ ਨੇ, ਮੇਲ ਲਏ ਉਹ ਅਪਣੇ ਨਾਲ॥

(੧) ਸਾਧ ਸੰਗਿ ਮਿਲਿ ਕਰਹੁ ਅਨੰਦ॥ ਗੁਨ ਗਾਵਹੁ ਪ੍ਰਭ ਪਰਮਾਨੰਦ॥
(੨) ਰਾਮ ਨਾਮ ਤਤੁ ਕਰਹੁ ਬੀਚਾਰੁ॥ ਦ੍ਰੁਲਭ ਦੇਹ ਕਾ ਕਰਹੁ ਉਧਾਰੁ॥
(੩) ਅੰਮ੍ਰਿਤ ਬਚਨ ਹਰਿ ਕੇ ਗੁਨ ਗਾਉ॥ ਪ੍ਰਾਨ ਤਰਨ ਕਾ ਇਹੈ ਸੁਆਉ॥
(੪) ਆਠ ਪਹਰ ਪ੍ਰਭ ਪੇਖਹੁ ਨੇਰਾ॥ ਮਿਟੈ ਅਗਿਆਨੁ ਬਿਨਸੈ ਅੰਧੇਰਾ॥
(੫) ਸੁਨਿ ਉਪਦੇਸੁ ਹਿਰਦੈ ਬਸਾਵਹੁ॥ ਮਨ ਇਛੇ ਨਾਨਕ ਫਲ ਪਾਵਹੁ॥੫॥

ਅਨੁਵਾਦਿ

(੧) ਸਾਧ ਸੰਗਤ ਕਰਕੇ ਐ ਪ੍ਰਾਨੀ, ਹਿਰਦੇ ਨੂੰ ਰੱਖੋ ਸਰਸ਼ਾਰ॥
ਗੁਣ ਗਾਉ ਪ੍ਰਭ ਪਰਮਾਨੰਦ ਦੇ, ਖ਼ੁਸ਼ੀਆਂ ਦਾ ਏਹੋ ਭੰਡਾਰ॥
(੨) ਪ੍ਰਭ ਨਾਮ ਦਾ ਸਿਮਰਨ ਕਰਕੇ, ਰਾਮ ਨਾਮ ਦੀ ਕਰੋ ਵੀਚਾਰ॥
ਇਸ ਦੁਆਰਾ ਮਾਨੁਖ ਦੇਹੀ ਦਾ, ਪ੍ਰਾਨੀ ਏਦਾਂ ਕਰੋ ਉਧਾਰ॥
(੩) ਜੀਵਨ ਅਮਰ ਬਣਾਵਣ ਵਾਲੇ, ਬਚਨ ਹਰੀ ਦੇ ਪਿਆਰੇ ਗਾਉ॥
ਏਸੇ ਵਿਚ ਕਲਿਆਣ ਹੈ ਸਭ ਦਾ, ਏਹੋ ਸਭ ਦਾ ਕਰੂ ਬਚਾਉ॥
(੪) ਚੱਤੋ ਪਹਿਰ ਪ੍ਰਭੂ ਨੂੰ ਪ੍ਰਾਨੀ, ਵੇਖੋ ਅਪਣੇ ਸਦਾ ਹਜ਼ੂਰ॥
ਦੂਰ ਹੋਊ ਆਗਿਆਨ ਹਨੇਰਾ, ਹਿਰਦੇ ਵਿਚ ਉਪਜੂ ਪ੍ਰਭ ਨੂਰ॥
(੫) ਸੁਣਕੇ ਬਚਨ ਪ੍ਰਭੂ ਦੇ ਪ੍ਰਾਨੀ, ਅਪਣੇ ਹਿਰਦੇ ਵਿਚ ਵਸਾਉ॥
ਨੂਰੀ ਸਤਿਗੁਰ ਇਸ ਸਦਕੇ, ਮਨ ਚਾਹਿਤ ਪਿਆਰੇ ਫਲ ਪਾਉ॥

(੧) ਹਲਤੁ ਪਲਤੁ ਦੁਇ ਲੇਹੁ ਸਵਾਰਿ॥ ਰਾਮ ਨਾਮੁ ਅੰਤਰਿ ਉਰਿ ਧਾਰਿ॥
(੨) ਪੂਰੇ ਗੁਰ ਕ ਪੂਰੀ ਦੀਖਿਆ॥ ਜਿਸੁ ਮਨਿ ਬਸੈ ਤਿਸੁ ਸਾਚੁ ਪਰੀਖਿਆ॥
(੩) ਮਨਿ ਤਨਿ ਨਾਮੁ ਜਪਹੁ ਲਿਵ ਲਾਇ॥ ਦੂਖੁ ਦਰਦੁ ਮਨ ਤੇ ਭਉ ਜਾਇ॥
(੪) ਸਚੁ ਵਾਪਾਰੁ ਕਰਹੁ ਵਾਪਾਰੀ॥ ਦਰਗਹ ਨਿਬਹੈ ਖੇਪ ਤੁਮਾਰੀ॥
(੫) ਏਕਾ ਟੇਕ ਰਖਹੁ ਮਨ ਮਾਹਿ॥ ਨਾਨਕ ਬਹੁਰਿ ਨ ਆਵਹਿ ਜਾਇ॥੬॥

ਅਨੁਵਾਦਿ

(੧) ਲੋਕ ਅਤੇ ਪਰਲੋਕ ਇਹ ਦੋਵੇਂ, ਪਿਆਰੇ ਅਪਣੇ ਲਉ ਸਵਾਰ॥
ਪ੍ਰਭੂ ਨਾਮ ਦਾ ਸਿਮਰਨ ਪ੍ਰਾਨੀ, ਹਰ ਦਮ ਹਿਰਦੇ ਰਖੋ ਧਾਰ॥
(੨) ਗੁਰ ਪੂਰੇ ਦੀ ਪੂਰਨ ਸਿਖਿਆ, ਇਸ ਵਿਚ ਊਨ ਨਹੀਂ ਸਰਕਾਰ॥
ਉਸਨੇ ਪ੍ਰਭ ਨੂੰ ਜਾਣ ਲਿਆ ਹੈ, ਜਿਸ ਨੇ ਲਈ ਇਹ ਹਿਰਦੇ ਧਾਰ॥
(੩) ਮਨ ਤਨ ਥੀਂ ਸਿਮਰਨ ਕਰ ਪਿਆਰੇ, ਲਿਵ ਲਾਉ ਇਕ ਪ੍ਰਭ ਦੇ ਨਾਲ॥
ਦੁਖ, ਦਰਦ, ਭਉ ਮਨ ਤੋਂ ਵਿਸਰੇ, ਸਿਮਰੇ ਜੋ ਵੀ ਪੁਰਖ ਅਕਾਲ॥
(੪) ਹੇ ਪ੍ਰਾਨੀ ਵਿਉਪਾਰੀ ਜੀਅੜੇ, ਇਹ ਹੀ ਸਚਾ ਕਰੋ ਵਿਉਹਾਰ॥
ਏਸ ਵਣਜ ਦਾ ਦਰਗਾਹ ਅੰਦਰ, ਮੁਲ ਪਵੇਗਾ ਆਖਰਕਾਰ॥
(੫) ਇਕੋ ਆਸ ਰਖੋ ਉਸ ਪ੍ਰਭ ਤੇ, ਮਨ ਵਿਚ ਉਸਦਾ ਕਰੋ ਧਿਆਨ॥
ਐ ਪ੍ਰਾਨੀ ਮੁਕ ਜਾਊ ਚੁਰਾਸੀ, ਖਤਮ ਹੋਊ ਸਭ ਆਵਨ ਜਾਨ॥

(੧) ਤਿਸ ਤੇ ਦੂਰਿ ਕਹਾ ਕੋ ਜਾਇ॥ ਉਬਰੈ ਰਾਖਨਹਾਰੁ ਧਿਆਇ॥
(੨) ਨਿਰਭਉ ਜਪੈ ਸਗਲ ਭਉ ਮਿਟੈ॥ ਪ੍ਰਭ ਕ੍ਰਿਪਾ ਤੇ ਪ੍ਰਾਣੀ ਛੁਟੈ॥
(੩) ਜਿਸੁ ਪ੍ਰਭੁ ਰਾਖੈ ਤਿਸੁ ਨਾਹੀ ਦੂਖ॥ ਨਾਮੁ ਜਪਤ ਮਨਿ ਹੋਵਤ ਸੂਖ॥
(੪) ਚਿੰਤਾ ਜਾਇ ਮਿਟੈ ਅਹੰਕਾਰੁ॥ ਤਿਸੁ ਜਨ ਕਉ ਕੋਇ ਨ ਪਹੁਚਨਹਾਰੁ॥
(੫) ਸਿਰ ਊਪਰਿ ਠਾਢਾ ਗੁਰੁ ਸੂਰਾ॥ ਨਾਨਕ ਤਾ ਕੇ ਕਾਰਜ ਪੂਰਾ॥੭॥

ਅਨੁਵਾਦ

(੧) ਉਸ ਪ੍ਰਭ ਤੋਂ ਇਹ ਪ੍ਰਾਨੀ ਸੋਚੇ, ਜਾ ਸਕਦਾ ਹੈ ਕਿਥੇ ਦੂਰ॥
ਰਖਨਹਾਰ ਪ੍ਰਭੂ ਹੈ ਇਕੋ, ਪ੍ਰਭ ਸਿਮਰੂ ਜੋ ਬਚੂ ਹਜ਼ੂਰ॥
(੨) ਉਸ ਨਿਰਭਓ ਨੂੰ ਜੋ ਹੈ ਜਪਦਾ, ਸਭ ਭਉ ਉਸਦਾ ਹੋਏ ਕਾਫੂਰ॥
ਉਸ ਪ੍ਰਭ ਦੀ ਹੀ ਕ੍ਰਿਪਾ ਸਦਕੇ, ਦੁਖ ਦਰਦ ਸਭ ਹੋਵਣ ਦੂਰ॥
(੩) ਜਿਸਦਾ ਪ੍ਰਭ ਰਖਵਾਲਾ ਪਿਆਰੇ, ਉਸਦੇ ਨੇੜੇ ਦੁਖ ਨਾ ਆਵੇ॥
ਸਿਮਰਨ ਕਰਕੇ ਨਾਮ ਪ੍ਰਭੂ ਦਾ, ਪ੍ਰਾਨੀ ਸੁਖ ਮਨ ਚਾਹਤ ਪਾਵੇ॥
(੪) ਸਿਮਰਨ ਥੀਂ ਮੁਕੇ ਸਭ ਚਿੰਤਾ, ਸਿਮਰਨ ਥੀਂ ਮਿਟਦਾ ਹੰਕਾਰ॥
ਜੋ ਪ੍ਰਾਨੀ ਸਿਮਰਨ ਹੈ ਕਰਦਾ, ਉਸਦੇ ਤੁਲ ਕਿਹੜਾ ਸਰਕਾਰ॥
(੫) ਜਿਸਦੇ ਸਿਰ ਤੇ ਆਪ ਖੜਾ ਹੈ, ਸਤਿਗੁਰ ਮੇਰਾ ਉਹ ਬਲਵਾਨ॥
ਨੂਰੀ ਸਤਿਗੁਰ ਉਸਦੇ ਕਾਰਜ, ਪੂਰੇ ਕਰਦੈ ਖੁਦ ਭਗਵਾਨ॥

(੧) ਮਤਿ ਪੂਰੀ ਅੰਮ੍ਰਿਤੁ ਜਾਕੀ ਦ੍ਰਿਸਟਿ॥ ਦਰਸਨੁ ਪੇਖਤ ਉਧਰਤ ਸ੍ਰਿਸਟਿ॥
(੨) ਚਰਨ ਕਮਲ ਜਾਕੇ ਅਨੂਪ॥ ਸਫਲ ਦਰਸਨੁ ਸੁੰਦਰ ਹਰਿ ਰੂਪ॥
(੩) ਧੰਨੁ ਸੇਵਾ ਸੇਵਕੁ ਪਰਵਾਨੁ॥ ਅੰਤਰਜਾਮੀ ਪੁਰਖੁ ਪ੍ਰਧਾਨੁ॥
(੪) ਜਿਸੁ ਮਨਿ ਬਸੈ ਸੁ ਹੋਤ ਨਿਹਾਲੁ॥ ਤਾਕੈ ਨਿਕਟਿ ਨ ਆਵਤ ਕਾਲੁ॥
(੫) ਅਮਰ ਭਏ ਅਮਰਾ ਪਦੁ ਪਾਇਆ॥ ਸਾਧ ਸੰਗਿ ਨਾਨਕ ਹਰਿ ਧਿਆਇਆ॥੮॥

ਅਨੁਵਾਦ

(੧) ਉਸ ਪ੍ਰਭ ਦੀ ਪੂਰਨ ਹੈ, ਸੋਝੀ ਜਿਸ ਦੀ ਨਜ਼ਰੋਂ ਅੰਮ੍ਰਿਤ ਚੋਵੇ॥
ਉਸ ਦਾ ਸਿਮਰਨ ਕਰਿਆਂ ਪ੍ਰਾਨੀ, ਸਭ ਦੁਨੀਆਂ ਦੀ ਮੁਕਤੀ ਹੋਵੇ॥
(੨) ਚਰਨ ਪ੍ਰਭੂ ਦੇ ਕੰਵਲ ਜਿਹੇ ਕੋਮਲ, ਸੁੰਦਰਤਾ ਦਾ ਨਹੀਂ ਸ਼ੁਮਾਰ॥
ਰੂਪ ਪ੍ਰਭੂ ਦਾ ਅਤਿ ਲਾਸਾਨੀ, ਸਫਲ ਕਰੇ ਉਸ ਦਾ ਦੀਦਾਰ॥
(੩) ਧੰਨ ਸੇਵਾ ਉਸ ਦੇ ਸੇਵਕ ਦੀ, ਹੋਵੇ ਜੇ ਦਰਗਾਹ ਪ੍ਰਵਾਨ॥
ਉਹ ਘੱਟ ਘੱਟ ਦੀ ਜਾਨਣ ਵਾਲਾ, ਉਹ ਪ੍ਰਭ ਹੈ ਪੁਰਖੀਂ ਪਰਧਾਨ॥
(੪) ਜਿਸ ਦੇ ਦਿਲ ਵੱਸਦਾ ਪ੍ਰਭ ਮੇਰਾ, ਹੋ ਜਾਵੇ ਉਹ ਪੁਰਖ ਨਿਹਾਲ॥
ਮੌਤ ਦਾ ਡਰ ਭਉ ਪੋਹੇ ਨਾ ਉਸ ਨੂੰ, ਨੇੜੇ ਉਸ ਦੇ ਜਾਏ ਨ ਕਾਲ॥
(੫) ਜਨਮ ਮਰਨ ਤੋਂ ਰਹਿਤ ਹੋਏ ਉਹ, ਮੁਕਤ ਪਦਾਰਥ ਉਹਨਾਂ ਪਾਇਆ॥
ਸਤ-ਸੰਗਤ ਵਿਚ ਰਹਿ ਕੇ ਪ੍ਰਾਨੀ, ਜਿਸ ਜਨ ਨੇ ਵੀ ਹਰ ਪ੍ਰਭ ਧਿਆਇਆ॥

ਸਲੋਕੁ ॥

ਗਿਆਨ ਅੰਜਨੁ ਗੁਰਿ ਦੀਆ ਅਗਿਆਨ ਅੰਧੇਰ ਬਿਨਾਸੁ ॥
ਹਰਿ ਕਿਰਪਾ ਤੇ ਸੰਤ ਭੇਟਿਆ ਨਾਨਕ ਮਨਿ ਪਰਗਾਸੁ ॥੧॥

ਅਨੁਵਾਦ

ਬਖਸ਼ ਦਿੱਤਾ ਗੁਰ ਗਿਆਨ ਦਾ ਸੁਰਮਾ, ਅਗਿਆਨ ਹਨੇਰਾ ਹੋਇਆ ਦੂਰ॥
ਪ੍ਰਭ ਕ੍ਰਿਪਾ ਥੀਂ ਸਤਿਗੁਰ ਮਿਲਿਆ, ਪਿਆਰੇ ਮਨ ਵਿਚ ਹੋਇਆ ਨੂਰ॥

ਅਸਟਪਦੀ॥

(੧) ਸੰਤ ਸੰਗਿ ਅੰਤਰਿ ਪ੍ਰਭੁ ਡੀਠਾ॥ ਨਾਮੁ ਪ੍ਰਭੂ ਕਾ ਲਾਗਾ ਮੀਠਾ॥
(੨) ਸਗਲ ਸਮਿਗ੍ਰੀ ਏਕਸੁ ਘਟ ਮਾਹਿ॥ ਅਨਿਕ ਰੰਗ ਨਾਨਾ ਦ੍ਰਿਸਟਾਹਿ॥
(੩) ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ॥ ਦੇਹੀ ਮਹਿ ਇਸ ਕਾ ਬਿਸ੍ਰਾਮੁ॥
(੪) ਸੁੰਨ ਸਮਾਧਿ ਅਨਹਤ ਤਹ ਨਾਦ॥ ਕਹਨੁ ਨ ਜਾਈ ਅਚਰਜ ਬਿਸਮਾਦ॥
(੫) ਤਿਨਿ ਦੇਖਿਆ ਜਿਸੁ ਆਪਿ ਦਿਖਾਏ॥ ਨਾਨਕ ਤਿਸੁ ਜਨ ਸੋਝੀ ਪਾਏ॥੧॥

ਅਨੁਵਾਦਿ

(੧) ਸਤਿ ਸੰਗਤ ਵਿਚ ਰਹਿ ਕੇ ਜਿਸ ਨੇ, ਅਪਣੇ ਅੰਦਰੋਂ ਪ੍ਰਭ ਨੂੰ ਡਿੱਠਾ॥
ਭਾਗਾਂ ਵਾਲੇ ਉਸ ਪ੍ਰਾਨੀ ਨੂੰ, ਨਾਮ ਪ੍ਰਭੂ ਦਾ ਲਗਦਾ ਮਿੱਠਾ॥
(੨) ਦੁਨੀਆਂ ਦੇ ਉਸ ਕੁਲ ਪਦਾਰਥ, ਇਕ ਪ੍ਰਭ ਵਿਚ ਹੀ ਪਿਆਰੇ ਤੱਕੇ॥
ਬਹੁਤ ਤਰ੍ਹਾਂ ਦੇ ਰੰਗ ਤਮਾਸ਼ੇ, ਉਸ ਪ੍ਰਭ 'ਚੋਂ ਹੀ ਸਾਰੇ ਤੱਕੇ॥
(੩) ਇਹ ਅਣਮੁੱਲਾ ਖਾਲਿਸ ਅੰਮ੍ਰਿਤ, ਐ ਮਨ, ਮੇਰੇ ਪ੍ਰਭ ਦਾ ਨਾਮ॥
ਉਸ ਪ੍ਰਾਨੀ ਦਾ ਕੀ ਕਹਿਣਾ ਹੈ? ਜਿਸ ਦੇ ਤਨ ਇਸ ਦਾ ਬਿਸ੍ਰਾਮ॥
(੪) ਐਸੀ ਸੁਰਤ ਜੁੜੇ ਉਸ ਜਨ ਦੀ, ਅਨਹਦ ਨਾਦੁ ਉਹਨੂੰ ਸੁਣ ਆਵੇ॥
ਇਹ ਅਸਚਰਜ ਨਜ਼ਾਰਾ ਪਿਆਰੇ, ਕਿਸੇ ਤਰ੍ਹਾਂ ਦੱਸਿਆ ਨ ਜਾਵੇ॥
(੫) ਇਹ ਆਨੰਦ ਉਸੇ ਨੇ ਡਿੱਠਾ, ਜਿਸ ਨੂੰ ਹੈ ਪ੍ਰਭ ਆਪ ਦਿਖਾਇਆ॥
ਪਿਆਰੇ ਉਸ ਨੂੰ ਦਾਤ ਮਿਲੀ ਇਹ, ਆਪ ਪ੍ਰਭੂ ਜਿਸ ਨੂੰ ਸਮਝਾਇਆ॥

(੧) ਸੋ ਅੰਤਰਿ ਸੋ ਬਾਹਰਿ ਅਨੰਤ॥ ਘਟਿ ਘਟਿ ਬਿਆਪਿ ਰਹਿਆ ਭਗਵੰਤ॥
(੨) ਧਰਨਿ ਮਾਹਿ ਆਕਾਸ ਪਇਆਲ॥ ਸਰਬ ਲੋਕ ਪੂਰਨ ਪ੍ਰਤਿਪਾਲ॥
(੩) ਬਨਿ ਤਿਨਿ ਪਰਬਤਿ ਹੈ ਪਾਰਬ੍ਰਹਮੁ॥ ਜੈਸੀ ਆਗਿਆ ਤੈਸਾ ਕਰਮੁ॥
(੪) ਪਉਣ ਪਾਣੀ ਬੈਸੰਤਰ ਮਾਹਿ॥ ਚਾਰਿ ਕੁੰਟ ਦਹ ਦਿਸੇ ਸਮਾਹਿ॥
(੫) ਤਿਸ ਤੇ ਭਿੰਨ ਨਹੀਂ ਕੋ ਠਾਉ॥ ਗੁਰਪ੍ਰਸਾਦਿ ਨਾਨਕ ਸੁਖੁ ਪਾਉ॥੨॥

ਅਨੁਵਾਦਿ

(੧) ਅੰਦਰ ਬਾਹਰ ਕਣ ਕਣ ਅੰਦਰ, ਉਸ ਪ੍ਰਭ ਦਾ ਹੀ ਪਿਆਰੇ ਨੂਰ॥
ਹਰ ਇਕ ਜੀਵ 'ਚ ਉਸਦਾ ਵਾਸਾ, ਹਰ ਦਿਲ ਵਿਚ ਉਹ ਆਪ ਹਜ਼ੂਰ॥
(੨) ਧਰਤੀ ਅਤੇ ਅਕਾਸ਼ ਦੇ ਉੱਤੇ ਤੇ ਪਾਤਾਲ 'ਚ ਵੀ ਉਹ ਪਿਆਰੇ॥
ਹਰ ਇਕ ਭਵਨ 'ਚ ਉਸਦਾ ਡੇਰਾ, ਪਾਲਨਹਾਰ ਉਹ ਰਮਿਆ ਸਾਰੇ॥
(੩) ਜੰਗਲ, ਤਿਨਕੇ ਤੇ ਪਰਬਤ ਵਿਚ, ਹਰ ਜ਼ੱਰੇ ਵਿਚ ਪ੍ਰਭੂ ਪਿਆਰਾ॥
ਜੋ ਵੀ ਹੁਕਮ ਉਹ ਕਰੇ ਸਵਾਮੀ, ਉਹ ਹੀ ਕਰਦੇ ਜੀਵ ਵਿਚਾਰਾ॥
(੪) ਪਉਣ ਪਾਣੀ ਤੇ ਅੱਗ ਦੇ ਅੰਦਰ, ਮੇਰੇ ਪ੍ਰਭ ਦਾ ਜਲਵਾ ਸਾਰੇ॥
ਚੌਂਹ ਕੂੰਟੀਂ ਤੇ ਦਸੀਂ ਦਿਸ਼ਾਵੀਂ, ਕਣ ਕਣ ਵਿਚ ਹੀ ਰਮਿਆਂ ਪਿਆਰੇ॥
(੫) ਉਸ ਤੋਂ ਵੱਖਰੀ ਥਾਂ ਨਹੀਂ ਹੈ, ਹਰ ਥਾਂ ਉਹ ਹੈ ਵਸਦਾ ਪਿਆਰੇ॥
ਸਤਿਗੁਰ ਦੀ ਕ੍ਰਿਪਾ ਦੇ ਸਦਕੇ ਪ੍ਰਾਨੀ, ਸੁਖ ਪਾ ਉਸ ਤੋਂ ਸਾਰੇ॥

(੧) ਬੇਦ ਪੁਰਾਨ ਸਿਮ੍ਰਿਤਿ ਮਹਿ ਦੇਖੁ॥ ਸਸੀਅਰ ਸੂਰ ਨਖੵਤ੍ਰ ਮਹਿ ਏਕੁ॥
(੨) ਬਾਣੀ ਪ੍ਰਭ ਕੀ ਸਭੁ ਕੋ ਬੋਲੈ॥ ਆਪਿ ਅਡੋਲੁ ਨ ਕਬਹੂ ਡੋਲੈ॥
(੩) ਸਰਬ ਕਲਾ ਕਰਿ ਖੇਲੈ ਖੇਲ॥ ਮੋਲਿ ਨ ਪਾਈਐ ਗੁਣਹ ਅਮੋਲ॥
(੪) ਸਰਬ ਜੋਤਿ ਮਹਿ ਜਾਕੀ ਜੋਤਿ॥ ਧਾਰਿ ਰਹਿਓ ਸੁਆਮੀ ਓਤਿ ਪੋਤਿ॥
(੫) ਗੁਰਪਰਸਾਦਿ ਭਰਮ ਕਾ ਨਾਸੁ॥ ਨਾਨਕ ਤਿਨ ਮਹਿ ਏਹੁ ਬਿਸਾਸੁ॥੩॥

ਅਨੁਵਾਦਿ

(੧) ਵੇਦ, ਪੁਰਾਣ, ਸਿਮ੍ਰਤੀਆਂ ਅੰਦਰ, ਇਕ ਪ੍ਰਭ ਦਾ ਹੀ ਨੂਰ ਪਛਾਣੋਂ॥
ਚੰਦ, ਸੂਰਜ ਤੇ ਤਾਰਿਆਂ ਅੰਦਰ, ਇਕ ਜੋਤ ਪ੍ਰਭ ਦੀ ਹੀ ਜਾਣੋਂ॥
(੨) ਹਰ ਇਕ ਵਿਚ ਪ੍ਰਭ ਅਘ ਵਿਆਪਕ, ਬੋਲਣ ਸਾਰੇ ਉਸ ਦੇ ਬੋਲ॥
ਹਰ ਦਿਲ ਵਿਚ ਪਿਆਰੇ ਕਰ ਵਾਸਾ, ਰਹਿੰਦੈ ਮੇਰਾ ਪ੍ਰਭੂ ਅਡੋਲ॥
(੩) ਹਰ ਇਕ ਕਲਾ ਰਚਾ ਕੇ ਕਰਤਾ, ਖੇਡਾਂ ਖੇਡੇ ਬਹੁ ਪ੍ਰਕਾਰ॥
ਅਨਮੋਲਕ ਗੁਣ ਪ੍ਰਭ ਦੇ ਪਿਆਰੇ, ਮੁੱਲ ਕੌਣ ਪਾਵੇ ਸਰਕਾਰ?
(੪) ਹਰ ਇਕ ਵਿਚ ਜੋਤ ਪ੍ਰਭੂ ਦੀ, ਹਰ ਇਕ ਵਿਚ ਹੈ ਉਸ ਦਾ ਨੂਰ॥
ਤਾਣੇ ਪੇਟੇ ਵਾਂਗਰ ਪਿਆਰੇ, ਸਭ ਨੂੰ ਉਸ ਦੀ ਓਟ ਹਜ਼ੂਰ॥
(੫) ਸਤਿਗੁਰ ਦੀ ਕ੍ਰਿਪਾ ਦੇ ਸਦਕੇ, ਭਰਮ ਹੋਇਆ ਪਿਆਰੇ ਕਾਫ਼ੂਰ॥
ਹਰ ਇਕ ਵਿਚ ਮੌਜੂਦ ਉਹ ਨੂਰੀ, ਕਣ ਕਣ ਵਿਚ ਓਸੇ ਦਾ ਨੂਰ॥

(੧) ਸੰਤ ਜਨਾ ਕਾ ਪੇਖਨੁ ਸਭੁ ਬ੍ਰਹਮ॥ ਸੰਤ ਜਨਾ ਕੈ ਹਿਰਦੈ ਸਭਿ ਧਰਮ॥
(੨) ਸੰਤ ਜਨਾ ਸੁਨਹਿ ਸੁਭ ਬਚਨ॥ ਸਰਬ ਬਿਆਪੀ ਰਾਮ ਸੰਗਿ ਰਚਨ॥
(੩) ਜਿਨਿ ਜਾਤਾ ਤਿਸ ਕੀ ਇਹ ਰਹਤ॥ ਸਤਿ ਬਚਨ ਸਾਧੂ ਸਭਿ ਕਹਤ॥
(੪) ਜੋ ਜੋ ਹੋਇ ਸੋਈ ਸੁਖੁ ਮਾਨੈ॥ ਕਰਨ ਕਰਾਵਨਹਾਰੁ ਪ੍ਰਭੁ ਜਾਨੈ॥
(੫) ਅੰਤਰਿ ਬਸੇ ਬਾਹਰਿ ਭੀ ਓਹੀ॥ ਨਾਨਕ ਦਰਸਨੁ ਦੇਖਿ ਸਭ ਮੋਹੀ॥੪॥

ਅਨੁਵਾਦਿ

(੧) ਸੰਤ ਪ੍ਰਭੂ ਦੇ ਹਰਦਮ ਵੇਖਣ, ਪਰਮੇਸ਼ਰ ਦਾ ਹਰ ਥਾਂ ਨੂਰ॥
ਸੰਤ ਜਨਾਂ ਦੇ ਹਿਰਦਿਉਂ ਉੱਠਣ, ਧਰਮ ਕਰਮ ਹੀ ਸਦਾ ਹਜ਼ੂਰ॥
(੨) ਸੰਤ ਪ੍ਰਭੂ ਦੇ ਸੁਣਦੇ ਹਰਦਮ, ਸ਼ੁੱਭ ਬਚਨ ਪ੍ਰਭ ਦੇ ਸਰਕਾਰ॥
ਸਰਬ ਵਿਆਪੀ ਪਰਮੇਸ਼ੂਰ ਨੂੰ, ਹਰਦਮ ਚਿੱਤੋਂ ਕਰਨ ਪਿਆਰ॥
(੩) ਜਿਸ ਜਨ ਜਾਣ ਲਿਆ ਪ੍ਰਭ ਤਾਈਂ; ਉਹ ਜਨ ਰਹਿੰਦੇ ਇਸ ਪ੍ਰਕਾਰ॥
ਬੋਲਣ ਸੱਚ ਸਦਾ ਉਹ ਸਾਧੂ, ਸੱਚ ਬਾਤ ਜਾਣੋਂ ਸਰਕਾਰ॥
(੪) ਜੋ ਵੀ ਕਰੇ ਕਰਾਏ ਕਰਤਾ, ਸੁੱਖ ਕਰ ਕੇ ਉਹ ਉਸ ਨੂੰ ਮਾਨਣ॥
ਕਰਨ ਕਰਾਵਨਹਾਰ ਸਵਾਮੀ, ਉਹ ਜਨ ਇਕ ਪ੍ਰਭ ਨੂੰ ਹੀ ਜਾਨਣ॥
(੫) ਅੰਦਰ, ਬਾਹਰ ਕਣ ਕਣ ਅੰਦਰ, ਵਸਦਾ ਹੈ ਪਿਆਰੇ ਪ੍ਰਭ ਉਹ ਹੀ॥
ਜਿਸ ਦੇ ਦਰਸ਼ਨ ਸਾਰੀ ਦੁਨੀਆਂ, ਕਰ ਕਰਕੇ ਹੈ ਨੂਰੀ ਮੋਹੀ॥

(੧) ਆਪਿ ਸਤਿ ਕੀਆ ਸਭੁ ਸਤਿ॥ ਤਿਸੁ ਪ੍ਰਭ ਤੇ ਸਗਲੀ ਉਤਪਤਿ॥
(੨) ਤਿਸੁ ਭਾਵੈ ਤਾ ਕਰੇ ਬਿਸਥਾਰੁ॥ ਤਿਸ ਭਾਵੈ ਤਾਂ ਏਕੰਕਾਰੁ॥
(੩) ਅਨਿਕ ਕਲਾ ਲਖੀ ਨਹ ਜਾਇ॥ ਜਿਸੁ ਭਾਵੈ ਤਿਸੁ ਲਏ ਮਿਲਾਇ॥
(੪) ਕਵਨ ਨਿਕਟਿ ਕਵਨ ਕਹੀਐ ਦੂਰਿ॥ ਆਪੇ ਆਪਿ ਭਰਪੂਰਿ॥
(੫) ਅੰਤਰਿ ਗਤਿ ਜਿਸੁ ਆਪਿ ਜਨਾਏ॥ ਨਾਨਕ ਤਿਸੁ ਜਨ ਆਪਿ ਬੁਝਾਏ॥੫॥

ਅਨੁਵਾਦਿ

(੧) ਆਪ ਪ੍ਰਭੂ ਸੱਚਾ ਹੈ ਪਿਆਰੇ, ਸੱਚ ਹੈ ਉਸ ਦਾ ਆਕਾਰ॥
ਉਸ ਪ੍ਰਭੂ ਨੇ ਹੀ ਪੈਦਾ ਕੀਤਾ, ਪਿਆਰੇ ਇਹ ਸਾਰਾ ਸੰਸਾਰ॥
(੨) ਉਹ ਚਾਹਵੇ ਤਾਂ ਕਰ ਸਕਦਾ ਹੈ, ਇਸ ਜਗ ਦਾ ਪਿਆਰੇ ਪਾਸਾਰ॥
ਉਹ ਚਾਹਵੇ ਫਿਰ ਹੋ ਸਕਦਾ ਹੈ, ਅਪਣੇ ਆਪ ਹੀ ਇਕ ਨਿਰੰਕਾਰ॥
(੩) ਉਸ ਦੇ ਬਲ ਦਾ ਅੰਤ ਨਹੀਂ ਹੈ, ਕੌਣ ਹੈ? ਜੋ ਅੰਦਾਜ਼ਾ ਲਾਵੇ॥
ਜਿਸ ਤੇ ਮਿਹਰ ਪ੍ਰਭੂ ਦੀ ਹੋਵੇ, ਉਸ ਨੂੰ ਅਪਣੇ ਨਾਲ ਮਿਲਾਵੇ॥
(੪) ਕਿਨ੍ਹਾਂ ਉਸ ਨੂੰ ਦੱਸੀਏ ਨੇੜੇ, ਕਿਤਨੀ ਉਸ ਦੀ ਦੱਸੀਏ ਦੂਰੀ॥
ਉਹ ਪ੍ਰਭ ਆਪ ਵਿਆਪਕ ਹਰ ਥਾਂ, ਹਰ ਇਕ ਦੇ ਉਹ ਸੰਗ ਜ਼ਰੂਰੀ॥
(੫) ਅੰਦਰੂਨੀ ਇਹ ਉੱਚ ਅਵਸਥਾ, ਆਪ ਪ੍ਰਭੂ ਜਿਸ ਨੂੰ ਸਮਝਾਵੇ॥
ਨੂਰੀ ਸਤਿਗੁਰ ਉਹ ਹੀ ਪ੍ਰਾਨੀ, ਪ੍ਰਭ ਤੋਂ ਉਸ ਦੀ ਸੋਝੀ ਪਾਵੇ॥

(੧) ਸਰਬ ਭੂਤ ਆਪਿ ਵਰਤਾਰਾ॥ ਸਰਬ ਨੈਨ ਆਪਿ ਪੇਖਨਹਾਰਾ॥
(੨) ਸਗਲ ਸਮਗ੍ਰੀ ਜਾ ਕਾ ਤਨਾ॥ ਆਪਨ ਜਸੁ ਆਪ ਹੀ ਸੁਨਾ॥
(੩) ਆਵਨ ਜਾਨੁ ਇਕੁ ਖੇਲੁ ਬਨਾਇਆ॥ ਆਗਿਆਕਾਰੀ ਕੀਨੀ ਮਾਇਆ॥
(੪) ਸਭ ਕੈ ਮਧਿ ਅਲਿਪਤੋ ਰਹੈ॥ ਜੋ ਕਿਛੁ ਕਹਿਣਾ ਸੁ ਆਪੇ ਕਹੈ॥
(੫) ਆਗਿਆ ਆਵੈ ਆਗਿਆ ਜਾਇ॥ ਨਾਨਕ ਜਾ ਭਾਵੈ ਤਾ ਲਏ ਸਮਾਇ॥੬॥

ਅਨੁਵਾਦਿ

(੧) ਸਭ ਜੀਆਂ ਵਿਚ ਵਿਆਪਕ ਹੈ ਪ੍ਰਭ, ਕਣ ਕਣ ਵਿਚ ਉਸਦਾ ਪਾਸਾਰਾ॥
ਸਭ ਨੈਣਾਂ 'ਚ ਵੇਖ ਰਿਹਾ ਹੈ, ਆਪ ਪ੍ਰਭੂ ਹੀ ਸਿਰਜਣਹਾਰਾ॥
(੨) ਇਹ ਸ੍ਰਿਸ਼ਟੀ ਦੀ ਸਾਰੀ ਵਸਤੂ, ਉਸ ਪ੍ਰਭੂ ਦਾ ਹੀ ਤਨ ਹੈ ਜਾਣੋਂ॥
ਹਰ ਇਕ ਵਿਚ ਉਹ ਵਿਆਪਕ ਹੋ ਕੇ, ਅਪਣਾ ਜੱਸ ਸੁਣ ਰਿਹਾ ਪਛਾਣੋਂ॥
(੩) ਜੰਮਣਾ ਮਰਨਾ ਜਗਤ ਖੇਲ੍ਹ ਇਹ, ਮੇਰੇ ਪ੍ਰਭ ਨੇ ਆਪ ਰਚਾਇਆ॥
ਹੁਕਮ ਉਹਦੇ ਵਿਚ ਚਲਦੀ ਹੈ ਜੋ, ਉਸ ਨੇ ਹੀ ਸਿਰਜੀ ਇਹ ਮਾਇਆ॥
(੪) ਹਰ ਇਕ ਵਿਚ ਹੈ ਉਸਦਾ ਵਾਸਾ, ਹਰ ਇਕ ਤੋਂ ਨਿਰਲੇਪ ਉਹ ਪਿਆਰੇ॥
ਉਹ ਪ੍ਰਭ ਹੀ ਹਰ ਦਿਲ ਵਿਚ ਰਹਿੰਦਾ, ਉਹ ਪ੍ਰਭ ਹੀ ਹਰ ਬਾਤ ਪੁਕਾਰੇ॥
(੫) ਜੀਵਨ ਮਰਨ ਪ੍ਰਭੂ ਦੇ ਹੱਥ ਹੈ, ਉਹ ਹੁੰਦਾ ਜੋ ਪ੍ਰਭ ਨੂੰ ਭਾਵੇ॥
ਸਤਿਗੁਰ ਜੇ ਚਾਹਵੇ ਤਾਂ ਪਿਆਰੇ, ਇਹ ਜਨ ਅਪਣੇ ਨਾਲ ਮਿਲਾਵੇ॥

(੧) ਇਸ ਤੇ ਹੋਇ ਸੁ ਨਾਹੀ ਬੁਰਾ। ਓਰੈ ਕਹਹੁ ਕਿਨੈ ਕਛੁ ਕਰਾ॥
(੨) ਆਪਿ ਭਲਾ ਕਰਤੂਤਿ ਅਤਿ ਨੀਕੀ। ਆਪੇ ਜਾਨੈ ਅਪਨੇ ਜੀ ਕੀ॥
(੩) ਆਪਿ ਸਾਚੁ ਧਾਰੀ ਸਭ ਸਾਚੁ॥ ਓਤਿ ਪੋਤਿ ਆਪਨ ਸੰਗਿ ਰਾਚੁ॥
(੪) ਤਾਕੀ ਗਤਿ ਮਿਤਿ ਕਹੀ ਨ ਜਾਇ॥ ਦੂਸਰ ਹੋਇ ਤ ਸੋਝੀ ਪਾਇ॥
(੫) ਤਿਸ ਕਾ ਕੀਆ ਸਭੁ ਪਰਵਾਨੁ॥ ਗੁਰ ਪ੍ਰਸਾਦਿ ਨਾਨਕ ਇਹੁ ਜਾਨੁ॥੭॥

ਅਨੁਵਾਦ

(੧) ਉਹ ਨਹੀਂ ਬੁਰਾ ਕਿਸੇ ਦਾ ਕਰਦਾ, ਹੋਇਆ ਉਹ ਜੋ ਪ੍ਰਭ ਚਾਹਿਆ॥
ਹੋਰ ਭਲਾ ਦੱਸੋ! ਕੁਝ ਕਿਸ ਨੇ? ਓਸ ਬਿਨਾਂ ਹੈ ਕਰ ਦਿਖਲਾਇਆ॥
(੨) ਆਪ ਪ੍ਰਭੂ ਅਤਿ ਚੰਗਾ ਪਿਆਰੇ, ਕੰਮ ਉਸ ਦੇ ਚੰਗੇ ਨੇ ਸਾਰੇ॥
ਉਸ ਦੇ ਦਿਲ ਦੀਆਂ ਉਹ ਹੀ ਜਾਣੇ, ਉਸ ਦਾ ਭੇਤ ਹੈ ਕਿਸ ਨੂੰ ਪਿਆਰੇ?
(੩) ਹਸਤੀ ਉਸ ਦੀ ਸੱਚੀ ਜਾਣੋਂ, ਹੋਂਦ ਉਹਦੀ ਹਰ ਥਾਂ ਹੈ ਪਿਆਰੇ॥
ਕਣ ਕਣ ਵਿਚ ਸਮਾਇਆ ਹੈ ਪ੍ਰਭ, ਤਾਣੇ ਪੇਟੇ ਵਾਂਗਰ ਸਾਰੇ॥
(੪) ਕਿਸ ਤਰ੍ਹਾਂ ਦਾ ਹੈ ਉਹ ਸਵਾਮੀ, ਕੌਣ ਹੈ ਜੋ ਇਹ ਬਾਤ ਪੁਕਾਰੇ॥
ਹਰ ਇਥ ਵਿਚ ਉਸ ਪ੍ਰਭ ਦਾ ਵਾਸਾ, ਉਸ ਤੋਂ ਵੱਖ ਨਹੀਂ ਕੋਈ ਪਿਆਰੇ॥
(੫) ਉਸ ਦਾ ਕੀਤਾ ਐ ਸੁਣ ਪ੍ਰਾਨੀ, ਸਿਰ ਮੱਥੇ ਹਰਦਮ ਤੂੰ ਮਾਨ॥
ਸਤਿਗੁਰ ਦੀ ਕ੍ਰਿਪਾ ਦੇ ਸਦਕੇ, ਏਸ ਰਮਜ਼ ਦੀ ਆਏ ਪਛਾਨ॥

(੧) ਜੋ ਜਾਨੈ ਤਿਸੁ ਸਦਾ ਸੁਖੁ ਹੋਇ॥ ਆਪਿ ਮਿਲਾਇ ਲਏ ਪ੍ਰਭੁ ਸੋਇ॥
(੨) ਓਹੁ ਧਨਵੰਤੁ ਕੁਲਵੰਤੁ ਪਤਿਵੰਤੁ॥ ਜੀਵਨ ਮੁਕਤਿ ਜਿਸੁ ਰਿਦੈ ਭਗਵੰਤੁ॥
(੩) ਧੰਨੁ ਧੰਨੁ ਧੰਨੁ ਜਨੁ ਆਇਆ॥ ਜਿਸੁ ਪ੍ਰਸਾਦਿ ਸਭੁ ਜਗਤੁ ਤਰਾਇਆ॥
(੪) ਜਨ ਆਵਨ ਕਾ ਇਹੈ ਸੁਆਉ॥ ਜਨ ਕੈ ਸੰਗਿ ਚਿਤਿ ਆਵੈ ਨਾਉ॥
(੫) ਆਪਿ ਮੁਕਤ ਮੁਕਤੁ ਕਰੈ ਸੰਸਾਰੁ॥ ਨਾਨਕ ਤਿਸੁ ਜਨ ਕਉ ਸਦਾ ਨਮਸਕਾਰੁ॥੮॥

ਅਨੁਵਾਦ

(੧) ਜੋ ਜਨ ਪ੍ਰੀਤ ਪ੍ਰਭੂ ਥੀਂ ਕਰਦਾ, ਹਰਦਮ ਉਹ ਪਿਆਰੇ ਸੁੱਖ ਪਾਵੇ॥
ਆਪ ਪ੍ਰਭੂ ਉਸ ਤੇ ਖ਼ੁਸ਼ ਹੋ ਕੇ, ਉਸ ਨੂੰ ਅਪਣੇ ਨਾਲ ਮਿਲਾਵੇ॥
(੨) ਉਹ ਧੰਨਵੰਤ ਚੰਗੀ ਕੁਲ ਵਾਲਾ, ਮਾਣ ਸਦਾ ਹਰ ਥਾਂ ਤੇ ਪਾਵੇ॥
ਮੁਕਤਿ ਪਦਾਰਥ ਉਹ ਨਰ ਪਾਉਂਦਾ, ਜੋ ਪ੍ਰਭ ਅਪਣੇ ਚਿੱਤ ਵਸਾਵੇ॥
(੩) ਉਸ ਦਾ ਆਉਣਾ ਬੜਾ ਮੁਬਾਰਕ, ਜੋ ਐਸਾ ਜਨ ਜਗ ਤੇ ਆਇਆ॥
ਜਿਸ ਨੇ ਪਿਆਰੇ ਕ੍ਰਿਪਾ ਕਰ ਕੇ, ਇਹ ਸਾਰਾ ਹੀ ਜਗਤ ਤਰਾਇਆ॥
(੪) ਐਸੇ ਜਨ ਦੇ ਆਉਣ ਦਾ ਕਾਰਣ, ਸਤਿਗੁਰ ਮੇਰਾ ਏਹੋ ਬੁਝਾਵੇ॥
ਉਸ ਜਨ ਦੀ ਸੰਗਤ 'ਚੋਂ ਹਰ ਕੋਈ, ਪ੍ਰਭੂ ਨਾਮ ਵਿਚ ਸੁਰਤੀ ਲਾਵੇ॥
(੫) ਆਪ ਮੁਕਤੁ ਮਾਇਆ ਤੋਂ ਹੋ ਕੇ, ਮੁਕਤੁ ਕਰੇ ਪਿਆਰੇ ਸੰਸਾਰ॥
ਐਸੇ ਉੱਤਮ ਜਨ ਦੇ ਤਾਈਂ, ਨਿਮਸਕਾਰ ਕਰ ਬਾਰੂੰ-ਬਾਰ॥

ਸਲੋਕੁ॥

ਪੂਰਾ ਪ੍ਰਭੁ ਆਰਾਧਿਆ ਪੂਰਾ ਜਾਕਾ ਨਾਉ॥
ਨਾਨਕ ਪੂਰਾ ਪਾਇਆ ਪੂਰੇ ਕੇ ਗੁਨ ਗਾਉ॥੧॥

ਅਨੁਵਾਦਿ

ਪੂਰਨ ਜਿਸ ਦਾ ਨਾਮ ਹੈ ਪ੍ਰਾਨੀ, ਉਹ ਪ੍ਰਭ ਪਿਆਰੇ ਸਦਾ ਧਿਆਓ॥
ਸਤਿਗੁਰ ਉਹ ਪੂਰਨ ਪ੍ਰਭ ਪਾਇਆ, ਉਸ ਪੂਰਨ ਪ੍ਰਭ ਦੇ ਗੁਣ ਗਾਓ॥

ਅਸਟਪਦੀ ॥

(੧) ਪੂਰੇ ਗੁਰ ਕਾ ਸੁਨਿ ਉਪਦੇਸੁ ॥ ਪਾਰਬ੍ਰਹਮੁ ਨਿਕਟਿ ਕਰਿ ਪੇਖੁ ॥
(੨) ਸਾਸਿ ਸਾਸਿ ਸਿਮਰਹੁ ਗੋਬਿੰਦ ॥ ਮਨ ਅੰਤਰ ਕੀ ਉਤਰੈ ਚਿੰਦ ॥
(੩) ਆਸ ਅਨਿਤ ਤਿਆਗਹੁ ਤਰੰਗ ॥ ਸੰਤ ਜਨਾਂ ਕੀ ਧੂਰਿ ਮਨ ਮੰਗ ॥
(੪) ਆਪੁ ਛੋਡਿ ਬੇਨਤੀ ਕਰਹੁ ॥ ਸਾਧ ਸੰਗਿ ਅਗਨਿ ਸਾਗਰੁ ਤਰਹੁ ॥
(੫) ਹਰਿ ਧਨ ਕੇ ਭਰਿ ਲੇਹੁ ਭੰਡਾਰ ॥ ਨਾਨਕ ਗੁਰ ਪੂਰੇ ਨਮਸਕਾਰ ॥੧॥

ਅਨੁਵਾਦਿ

(੧) ਪੂਰੇ ਗੁਰ ਦੀ ਸਿਖਿਆ ਸੁਣ ਕੇ, ਐ ਪ੍ਰਾਨੀ ਉਹ ਚਿੱਤ ਵਸਾਓ ॥
ਪਰਮੇਸ਼ਰ ਨੂੰ ਅੰਗ ਸੰਗ ਜਾਣੋਂ, ਨੇੜੇ ਹੋ ਕੇ ਦਰਸ਼ਨ ਪਾਓ ॥
(੨) ਹਰ ਸਾਹ ਨਾਲ ਕਰੋ ਪ੍ਰਭ ਸਿਮਰਨ, ਰੋਮ ਰੋਮ ਥੀਂ ਪ੍ਰਭੂ ਧਿਆਓ ॥
ਮਨ ਦੇ ਚਿੰਤਾ ਰੋਗ ਪਿਆਰੇ, ਸਿਮਰਨ ਕਰ ਕੇ ਦੂਰ ਨਸਾਓ ॥
(੩) ਨਾਸਵੰਤ ਚੀਜ਼ਾਂ ਦੀਆਂ ਲਹਿਰਾਂ, ਐ ਪ੍ਰਾਨੀ ਸਭ ਦਿਲੋਂ ਵਿਸਾਰੋ ॥
ਸੰਤ ਜਨਾਂ ਦੇ ਚਰਨ ਧੂੜ ਦੀ, ਮਨ ਵਿਚ ਪਿਆਰੇ ਇੱਛਿਆ ਧਾਰੋ ॥
(੪) ਆਪਾਂ ਭਾਵ ਤਿਆਗ ਕੇ ਐ ਮਨ, ਪ੍ਰਭ ਅੱਗੇ ਇਹ ਅਰਜ਼ ਗੁਜ਼ਾਰੋ ॥
ਇਸ ਅੱਗ ਦੇ ਸਾਗਰ ਚੋਂ ਸਤਿਗੁਰ, ਸਾਧ ਸੰਗ ਥੀਂ ਪਾਰ ਉਤਾਰੋ ॥
(੫) ਪ੍ਰਭੂ ਨਾਮ ਦੇ ਧਨ ਦਾ ਪਿਆਰੇ, ਆਪਣੇ ਪਾਸ ਭਰੋ ਭੰਡਾਰ ॥
ਗੁਰ ਪੂਰੇ ਨੂੰ ਹਰ ਦਮ ਪਿਆਰੇ, ਨਿਮਸਕਾਰ ਕਰੋ ਬਾਰੰਬਾਰ ॥

(੧) ਖੇਮ ਕੁਸਲ ਸਹਜ ਆਨੰਦ ॥ ਸਾਧ ਸੰਗਿ ਭਜੁ ਪਰਮਾਨੰਦ ॥
(੨) ਨਰਕ ਨਿਵਾਰਿ ਉਧਾਰਹੁ ਜੀਉ ॥ ਗੁਨ ਗੋਬਿੰਦ ਅਮ੍ਰਿਤ ਰਸੁ ਪੀਉ ॥
(੩) ਚਿਤਿ ਚਿਤਵਹੁ ਨਾਰਾਇਣ ਏਕ ॥ ਏਕ ਰੂਪ ਜਾ ਕੇ ਰੰਗ ਅਨੇਕ ॥
(੪) ਗੋਪਾਲ ਦਾਮੋਦਰ ਦੀਨ ਦਇਆਲ ॥ ਦੁਖ ਭੰਜਨ ਪੂਰਨ ਕਿਰਪਾਲ ॥
(੫) ਸਿਮਰਿ ਸਿਮਰਿ ਨਾਮੁ ਬਾਰੰਬਾਰ ॥ ਨਾਨਕ ਜੀਅ ਕਾ ਇਹੈ ਅਧਾਰ ॥੨॥

ਅਨੁਵਾਦਿ

(੧) ਸਹਿਜ ਅਵਸਥਾ ਵਿਚ ਆ ਪਿਆਰੇ, ਪੂਰਨ ਸੁਖ ਅਨੰਦ ਜੇ ਪਾਉਣਾ ॥
ਸਾਧ ਸੰਗਤ ਵਿਚ ਰਹਿ ਕੇ ਚਾਹੀਦਾ, ਐ ਮਨ ਹਰ ਦਮ ਪ੍ਰਭੂ ਧਿਆਉਣਾ ॥
(੨) ਨਰਕਾਂ ਦੇ ਦੁੱਖ ਦੂਰ ਹਟਾ ਕੇ, ਮਸਤੀ ਦੇ ਵਿਚ ਰਹਿ ਕੇ ਜੀਓ ॥
ਗੋਬਿੰਦ ਗੁਣ ਦਾ ਅੰਮ੍ਰਿਤ ਰਸ ਫਿਰ, ਹਰ ਪਲ ਪੀਓ, ਹਰ ਪਲ ਪੀਓ ॥
(੩) ਚਿੱਤ ਵਿਚ ਹਰ ਦਮ ਚਿਤਵੋ ਪਿਆਰੇ, ਇਕ ਪ੍ਰਭ ਥੀਂ ਹੀ ਕਰੋ ਪਿਆਰ ॥
ਇਕ ਅਕਾਲ ਹੀ ਪੂਰਨ ਹਰ ਥਾਂ, ਬੇਸ਼ਕ ਉਸ ਦੇ ਰੰਗ ਹਜ਼ਾਰ ॥
(੪) ਉਹ ਗੋਪਾਲ ਦੀਨਾਂ ਦਾ ਰਾਖਾ, ਹਰ ਇਕ ਤੇ ਜੋ ਰਹੇ ਦਿਆਲ ॥
ਦੁਖੀਆ ਦੇ ਦੁੱਖ ਦੂਰ ਕਰੇ ਉਹ, ਦੁੱਖ ਭੰਜਨ ਪੂਰਨ ਕ੍ਰਿਪਾਲ ॥
(੫) ਸਿਮਰ ਸਦਾ ਤੂੰ ਨਾਮ ਪ੍ਰਭੂ ਦਾ, ਪਲ ਪਲ ਦਮ ਦਮ ਬਾਰੰਬਾਰ ॥
ਨਾਮ ਤੇਰੀ ਹੈ ਜਾਨ ਦਾ ਰਾਖਾ, ਸਤਿਗੁਰ ਨਾਮ ਤੇਰਾ ਅਧਾਰ ॥

(੧) ਉਤਮ ਸਲੋਕ ਸਾਧ ਕੇ ਬਚਨ॥ ਅਮੁਲੀਕ ਲਾਲ ਏਹਿ ਰਤਨ॥
(੨) ਸੁਨਤ ਕਮਾਵਤ ਹੋਤ ਉਧਾਰ॥ ਆਪਿ ਤਰੈ ਲੋਕਹ ਨਿਸਤਾਰ॥
(੩) ਸਫਲ ਜੀਵਨੁ ਸਫਲੁ ਤਾ ਕਾ ਸੰਗੁ॥ ਜਾ ਕੈ ਮਨਿ ਲਾਗਾ ਹਰਿ ਰੰਗੁ॥
(੪) ਜੈ ਜੈ ਸਬਦੁ ਅਨਾਹਦੁ ਵਾਜੈ॥ ਸੁਨਿ ਸੁਨਿ ਅਨਦ ਕਰੇ ਪ੍ਰਭੁ ਗਾਜੈ॥
(੫) ਪ੍ਰਗਟੇ ਗੁਪਾਲ ਮਹਾਂਤ ਕੈ ਮਾਥੇ॥ ਨਾਨਕ ਉਧਰੇ ਤਿਨ ਕੈ ਸਾਥੇ॥੩॥

ਅਨੁਵਾਦਿ

(੧) ਬਚਨ ਸਾਧ ਦੇ ਉੱਤਮ ਸਭ ਤੋਂ, ਪਿਆਰੇ ਸਿਫ਼ਤ ਪ੍ਰਭ ਦੀ ਬਾਣੀ॥
ਇਹ ਅਣਮੁੱਲੇ ਲਾਲ ਪਿਆਰੇ, ਰਤਨ ਪਦਾਰਥ ਇਸ ਨੂੰ ਜਾਣੀ॥
(੨) ਇਸ ਨੂੰ ਸੁਣ ਕੇ, ਇਸ ਨੂੰ ਮੰਨ ਕੇ, ਤੇਰਾ ਪਿਆਰੇ ਹੋਊ ਉਧਾਰ॥
ਆਪ ਤਰੇਂਗਾ ਇਸ ਦੀ ਰਾਹੀਂ, ਲੋਕਾਂ ਦਾ ਹੋਵੇ ਨਿਸਤਾਰ॥
(੩) ਸਫ਼ਲ ਜੀਵਨ ਹੈ ਉਸ ਪ੍ਰਾਨੀ ਦਾ, ਸਫਲ ਉਸ ਦਾ ਸੰਗ ਹੈ ਪਿਆਰੇ॥
ਜਿਸ ਪ੍ਰਾਨੀ ਦੇ ਮਨ ਨੂੰ ਚੜ੍ਹਿਆ, ਪ੍ਰਭੂ ਨਾਮ ਦਾ ਰੰਗ ਹੈ ਪਿਆਰੇ॥
(੪) ਚੜ੍ਹਦੀ ਕਲਾ ਦੀ ਲਹਿਰ ਜਿਹੀ ਇਕ, ਉਸ ਪ੍ਰਾਨੀ ਨੂੰ ਸੁਣਦੀ ਜਾਪੇ॥
ਸੁਣ ਸੁਣ ਕੇ ਉਹ ਖੁਸ਼ ਹੋਏ ਪ੍ਰਾਨੀ, ਉਸ ਦੇ ਵਿਚ ਬੋਲੇ ਪ੍ਰਭ ਆਪੇ॥
(੫) ਗੋਪਾਲ ਪ੍ਰਭ ਉੱਚ ਕਰਨੀ ਵਾਲਾ, ਮੱਥੇ ਉਸਦੇ ਨੂਰ ਪਿਆਰੇ॥
ਐ ਮਨ ਐਸੇ ਜਨ ਦੀ ਸੰਗਤ, ਨੂਰੀ ਹੋਰ ਅਨੇਕਾਂ ਤਾਰੇ॥

(੧) ਸਰਨਿ ਜੋਗੁ ਸੁਨਿ ਸਰਨੀ ਆਏ॥ ਕਰਿ ਕਿਰਪਾ ਪ੍ਰਭ ਆਪ ਮਿਲਾਏ॥
(੨) ਮਿਟਿ ਗਏ ਬੈਰ ਭਏ ਸਭ ਰੇਨ॥ ਅਮ੍ਰਿਤ ਨਾਮੁ ਸਾਧ ਸੰਗਿ ਲੈਨ॥
(੩) ਸੁਪ੍ਰਸੰਨ ਭਏ ਗੁਰਦੇਵ॥ ਪੂਰਨ ਹੋਈ ਸੇਵਕ ਕੀ ਸੇਵ॥
(੪) ਆਲ ਜੰਜਾਲ ਬਿਕਾਰ ਤੇ ਰਹਤੇ॥ ਰਾਮ ਨਾਮ ਸੁਨਿ ਰਸਨਾ ਕਹਤੇ॥
(੫) ਕਰ ਪ੍ਰਸਾਦੁ ਦਇਆ ਪ੍ਰਭਿ ਧਾਰੀ॥ ਨਾਨਕ ਨਿਬਹੀ ਖੇਪ ਹਮਾਰੀ॥੪॥

ਅਨੁਵਾਦਿ

(੧) ਸਰਨ ਆਇਆ ਦਾ ਪ੍ਰਭ ਰਖਵਾਲਾ, ਸਿਫਤ ਉਸਦੀ ਸੁਣ ਸਰਨੀ ਆਏ॥
ਕਰ ਕ੍ਰਿਪਾ ਮੇਰੇ ਪ੍ਰਭੂ ਪਿਆਰੇ, ਸਰਨ ਆਏ ਉਸ ਆਪ ਮਿਲਾਏ॥
(੨) ਮਿਟ ਗਏ ਵੈਰ ਵਿਰੋਧ ਨੇ ਸਾਰੇ, ਚਰਨ ਧੂੜ ਹਾਂ ਸਭ ਦੀ ਹੋਏ॥
ਸਾਧ ਸੰਗਤ ਵਿਚ ਮਿਲ ਕੇ ਪਿਆਰੇ, ਪ੍ਰਭੂ ਨਾਮ ਦੇ ਸੰਗ ਪਰੋਏ॥
(੩) ਮੇਹਰ ਹੋਈ ਹੈ ਬਹੁਤ ਹੀ ਐ ਮਨ ਗੁਰੂ ਦੇਵ ਵੀ ਹੋਏ ਨਿਹਾਲ॥
ਪੂਰਨ ਹੋ ਗਈ ਸੇਵ ਅਸਾਡੀ, ਸਿਮਰਨ ਕਰ ਕੇ ਪੁਰਖ ਅਕਾਲ॥
(੪) ਸਭ ਝੰਜਟ ਜੰਜਾਲਾਂ ਕੋਲੋਂ ਬਚ ਗਏ ਹਰ ਵਿਕਾਰ ਤੋਂ ਪਿਆਰੇ॥
ਨਾਮ ਪ੍ਰਭੂ ਦਾ ਸੁਣ ਕੇ ਹਰਦਮ, ਜੀਭਾ ਪ੍ਰਭ ਦਾ ਨਾਮ ਪੁਕਾਰੇ॥
(੫) ਕਰ ਕ੍ਰਿਪਾ ਦਾਤਾਰ ਦਿਆਲੂ, ਨਜ਼ਰ ਮੇਹਰ ਦੀ ਕੀਤੀ ਭਾਰੀ॥
ਸਫ਼ਲ ਹੋ ਗਿਆ ਵਣਜ ਅਸਾਂ ਦਾ, ਸਤਿਗੁਰ ਦੇ ਜਾਵਾਂ ਬਲਿਹਾਰੀ॥

(੧) ਪ੍ਰਭ ਕੀ ਉਸਤਤਿ ਕਰਹੁ ਸੰਤ ਮੀਤ॥ ਸਾਵਧਾਨ ਏਕਾਗਰ ਚੀਤ॥
(੨) ਸੁਖਮਨੀ ਸਹਜ ਗੋਬਿੰਦ ਗੁਨ ਨਾਮ॥ ਜਿਸੁ ਮਨਿ ਬਸੈ ਸੁ ਹੋਤ ਨਿਧਾਨ॥
(੩) ਸਰਬ ਇਛਾ ਤਾ ਕੀ ਪੂਰਨ ਹੋਇ॥ ਪ੍ਰਧਾਨ ਪੁਰਖੁ ਪ੍ਰਗਟੁ ਸਭ ਲੋਇ॥
(੪) ਸਭ ਤੇ ਊਚ ਪਾਏ ਅਸਥਾਨੁ॥ ਬਹੁਰਿ ਨ ਹੋਵੈ ਆਵਨ ਜਾਨੁ॥
(੫) ਹਰਿ ਧਨੁ ਖਾਟਿ ਚਲੈ ਜਨੁ ਸੋਇ॥ ਨਾਨਕ ਜਿਸਹਿ ਪਰਾਪਤਿ ਹੋਇ॥੫॥

ਅਨੁਵਾਦ

(੧) ਸੰਤ ਮੀਤ ਐ ਮੇਰੇ ਪ੍ਰਾਨੀ, ਪ੍ਰਭ ਦੀ ਉਸਤਤ ਦੇ ਗੁਣ ਗਾਈਏ॥
ਇਕ ਮਨ ਇਕ ਚਿੱਤ ਹੋ ਕੇ ਪਿਆਰੇ, ਸਿਮਰਨ ਦੇ ਵਿਚ ਬਿਰਤੀ ਲਾਈਏ॥
(੨) ਸੁੱਖਾਂ ਦੀ ਇਹ ਮਣੀ ਪਿਆਰੇ, ਹੋ ਅਡੋਲ ਪ੍ਰਭੂ ਗੁਣ ਗਾਉਣਾ॥
ਨਾਮ ਪ੍ਰਭੂ ਦਾ ਚਿੱਤ ਵਸਾਉਣਾ, ਗੁਣ ਦਾ ਨਾਮ ਖਜ਼ਾਨਾ ਪਾਉਣਾ॥
(੩) ਸਿਮਰਨ ਵਿਚ ਜੋ ਸੁਰਤੀ ਲਾਵੇ, ਮਨ ਚਾਹਤ ਫਲ ਪ੍ਰਾਨੀ ਪਾਵੇ॥
ਪੁਰਖਾਂ ਵਿਚ ਪ੍ਰਧਾਨ ਸਦਾਵੇ, ਉਹ ਜਗ ਤੇ ਉੱਘਾ ਹੋ ਜਾਵੇ॥
(੪) ਸਭ ਤੋਂ ਉੱਚਾ ਰੁਤਬਾ ਪਾ ਕੇ, ਉਸ ਅਸਥਾਨ ਉੱਤੇ ਪੁੱਜ ਜਾਵੇ॥
ਜਿਸ ਅਸਥਾਨ ਤੋਂ ਮੁੜ ਕੇ ਬੰਦਾ, ਜਨਮ ਮਰਨ ਦੇ ਗੇੜ ਨਾ ਆਵੇ॥
(੫) ਹਰੀ ਨਾਮ ਦਾ ਧਨ ਵੀ ਪ੍ਰਾਨੀ, ਸੋ ਹੀ ਏਥੋਂ ਖੱਟ ਕੇ ਜਾਵੇ॥
ਮਿਲੇ ਦਾਤ ਜਿਸ ਨੂੰ ਇਹ ਪਿਆਰੇ, ਉਹ ਹੀ ਜੱਸ ਦਰਗਾਹੇ ਪਾਵੇ॥

(੧) ਖੇਮਿ ਸਾਂਤਿ ਰਿਧਿ ਨਵ ਨਿਧਿ॥ ਬੁਧਿ ਗਿਆਨੁ ਸਰਬ ਤਹ ਸਿਧਿ॥
(੨) ਬਿਦਿਆ ਤਪੁ ਜੋਗੁ ਪ੍ਰਭ ਧਿਆਨੁ॥ ਗਿਆਨੁ ਸ੍ਰੇਸਟ ਊਤਮ ਇਨਨਾਨੁ॥
(੩) ਚਾਰਿ ਪਦਾਰਥ ਕਮਲ ਪ੍ਰਗਾਸ॥ ਸਭ ਕੈ ਮਧਿ ਸਗਲ ਤੇ ਉਦਾਸ॥
(੪) ਸੁੰਦਰੁ ਚਤੁਰੁ ਤਤ ਕਾ ਬੇਤਾ॥ ਸਮ ਦਰਸੀ ਏਕ ਦ੍ਰਿਸਟੇਤਾ॥
(੫) ਇਹ ਫਲ ਤਿਸੁ ਜਨ ਕੈ ਮੁਖਿ ਭਨੇ॥ ਗੁਰ ਨਾਨਕ ਨਾਮ ਬਚਨ ਮਨਿ ਸੁਨੇ॥੬॥

ਅਨੁਵਾਦ

(੧) ਅਟੱਲ ਸੁਖ ਤੇ ਪਿਆਰੇ ਰਿਧੀਆਂ, ਹਾਸਲ ਹੋਣ ਨਾਲੇ ਨੌਂ ਨਿਧੀਆਂ॥
ਸਿੱਧ ਕਰੋ ਕਈ ਪਿਆਰੇ ਸਿਧੀਆਂ, ਅਕਲ ਗਿਆਨ ਤੇ ਨਿਰਮਲ ਬੁਧੀਆਂ॥
(੨) ਵਿੱਦਿਆ, ਤਪ, ਜੋਗ ਵੀ ਪਾ ਕੇ, ਮਨ ਵਿਚ ਪ੍ਰਭ ਦਾ ਧਿਆਨ ਲਗਾਵੇ॥
ਉਤਮ ਗਿਆਨ ਪ੍ਰਾਪਤ ਕਰ ਕੇ, ਹਰ ਤੀਰਥ ਇਸ਼ਨਾਨ ਲਈ ਜਾਵੇ॥
(੩) ਚਾਰ ਪਦਾਰਥ ਪਾ ਕੇ ਪ੍ਰਾਨੀ, ਹਿਰਦੇ ਪ੍ਰਭ ਦਾ ਪਾਵੇ ਨੂਰ॥
ਹਰ ਇਕ ਦੇ ਵਿਚ ਰਹਿ ਕੇ ਬੰਦਾ, ਦਿਲੋਂ ਰਹੇ ਉਪਰਾਮ ਹਜ਼ੂਰ॥
(੪) ਸੋਹਣਾ, ਚਤੁਰ, ਪ੍ਰਭੂ ਦਾ ਮਹਿਰਮ, ਹਰ ਇਕ ਪ੍ਰਭ ਦੀ ਰਮਜ਼ ਪਛਾਣੇਂ॥
ਇਕ ਨਜ਼ਰ ਥੀਂ ਸਭ ਨੂੰ ਵੇਖੇ, ਇਕੋ ਜਿਹਾ ਹਰ ਇਕ ਨੂੰ ਜਾਣੇ॥
(੫) ਇਹ ਸਾਰੇ ਫਲ ਉਸ ਨੂੰ ਮਿਲਦੇ, ਜੋ ਮੁੱਖੋਂ ਪ੍ਰਭ ਨਾਮ ਉਚਾਰੇ॥
ਸਤਿਗੁਰ ਦੇ ਇਹ ਬਚਣ ਅਮੋਲਕ, ਮਨ ਲਾ ਕੇ ਜੋ ਸੁਣਦਾ ਪਿਆਰੇ॥

(੧) ਇਹੁ ਨਿਧਾਨੁ ਜਪੈ ਮਨਿ ਕੋਇ॥ ਸਭ ਜੁਗ ਮਹਿ ਤਾ ਕੀ ਗਤਿ ਹੋਇ॥
(੨) ਗੁਣ ਗੋਬਿੰਦ ਨਾਮ ਧੁਨਿ ਬਾਣੀ॥ ਸਿਮ੍ਰਿਤਿ ਸਾਸਤ੍ਰ ਬੇਦ ਬਖਾਣੀ॥
(੩) ਸਗਲ ਮਤਾਂਤ ਕੇਵਲ ਹਰਿ ਨਾਮ॥ ਗੋਬਿੰਦ ਭਗਤ ਕੈ ਮਨਿ ਬਿਸ੍ਰਾਮ॥
(੪) ਕੋਟਿ ਅਪ੍ਰਾਧ ਸਾਧ ਸੰਗਿ ਮਿਟੈ॥ ਸੰਤ ਕ੍ਰਿਪਾ ਤੇ ਜਮ ਤੇ ਛੁਟੈ॥
(੫) ਜਾ ਕੈ ਮਸਤਕਿ ਕਰਮ ਪ੍ਰਭਿ ਪਾਏ। ਸਾਧ ਸਰਣਿ ਨਾਨਕ ਤੇ ਆਏ॥੭॥

ਅਨੁਵਾਦਿ

(੧) ਇਹ ਜੋ ਨਾਮ ਖਜ਼ਾਨਾ ਪ੍ਰਾਨੀ, ਆਪਣੇ ਮਨ ਦੇ ਵਿਚ ਵਸਾਵੈ॥
ਆਤਮਕ ਉਚ ਅਵਸਥਾ ਪਾ ਕੇ, ਜੀਵਨ ਸੁੱਖਾਂ ਵਿਚ ਬਤਾਵੇ॥
(੨) ਗੋਬਿੰਦ ਦੇ ਗੁਣ ਨਾਮ ਦੇ ਰੌਂ ਵਿਚ, ਮੁੱਖੋਂ ਜਿਹੜਾ ਪੁਰਸ਼ ਉਚਾਰੇ॥
ਸਿਮ੍ਰਤੀਆਂ, ਸ਼ਾਸਤ੍ਰਾਂ ਤੇ ਵੇਦਾਂ, ਏਹੋ ਬਾਤ ਹੈ ਦੱਸੀ ਪਿਆਰੇ॥
(੩) ਸਭ ਮਤਾਂ ਵਿਚ ਉਤਮ ਮੰਨਿਆ, ਕੇਵਲ ਪ੍ਰਭ ਦਾ ਨਾਮ ਹੈ ਪਿਆਰੇ॥
ਭਗਤ ਜਨਾਂ ਦੇ ਦਿਲ 'ਚ ਐ ਮਨ, ਕੀਤਾ ਜਿਸ ਬਿਸ੍ਰਾਮ ਹੈ ਪਿਆਰੇ॥
(੪) ਸਾਧ ਦੀ ਸੰਗਤ ਕਰਿਆ ਬੰਦੇ, ਕੋਟ ਪਾਪ ਅਪਰਾਧ ਮਿਟਾਵੈ॥
ਸੰਤਾਂ ਦੀ ਕ੍ਰਿਪਾ ਤੋਂ ਐ ਮਨ, ਇਹ ਨਰ ਜਮੋਂ ਖੁਲਾਸੀ ਪਾਵੇ॥
(੫) ਭ ਾਗਵਾਨ ਉਹ ਪ੍ਰਾਨੀ ਜਾਣੋਂ, ਜੀਹਨਾਂ ਮਸਤਕ ਲੇਖ ਲਿਖਾਏ॥
ਮੇਹਰ ਉਨ੍ਹਾਂ ਤੇ ਕੀਤੀ ਪ੍ਰਭ ਨੇ, ਪਿਆਰੇ ਸਾਧ ਸਰਨ ਸੋ ਆਏ॥

(੧) ਜਿਸੁ ਮਨਿ ਬਸੈ ਸੁਨੈ ਲਾਇ ਪ੍ਰੀਤਿ॥ ਤਿਸੁ ਜਨ ਆਵੈ ਹਰਿ ਪ੍ਰਭੁ ਚੀਤਿ॥
(੨) ਜਨਮ ਮਰਨ ਤਾ ਕਾ ਦੂਖੁ ਨਿਵਾਰੇ॥ ਦੁਲਭ ਦੇਹ ਤਤਕਾਲ ਉਧਾਰੈ॥
(੩) ਨਿਰਮਲ ਸੋਭਾ ਅੰਮ੍ਰਿਤ ਤਾ ਕੀ ਬਾਨੀ॥ ਏਕੁ ਨਾਮੁ ਮਨ ਮਾਹਿ ਸਮਾਨੀ॥
(੪) ਦੂਖ ਰੋਗ ਬਿਨਸੇ ਭੈ ਭਰਮ॥ ਸਾਧ ਨਾਮ ਨਿਰਮਲ ਤਾ ਕੇ ਕਰਮ॥
(੫) ਸਭ ਤੇ ਊਚ ਤਾ ਕੀ ਸੋਭਾ ਬਨੀ॥ ਨਾਨਕ ਇਹ ਗੁਣਿ ਨਾਮੁ ਸੁਖਮਨੀ॥੮॥੨੪॥

ਅਨੁਵਾਦਿ

(੧) ਜਿਸ ਮਨ ਵਸਦਾ ਨਾਮ ਪ੍ਰਭੂ ਦਾ, ਨਾਮ ਸੁਣੇਂ ਉਹ ਪ੍ਰੇਮ ਦੇ ਨਾਲ॥
ਉਸ ਨੂੰ ਚੇਤੇ ਰਹਿੰਦਾ ਹਰ ਪ੍ਰਭ, ਜਿਸ ਤੇ ਹੋਵੇ ਆਪ ਦਿਆਲ॥
(੨) ਜਨਮ ਮਰਨ ਦਾ ਦੁਖੜਾ ਉਸ ਦਾ, ਸਤਿਗੁਰ ਦੇਵੇ ਆਪ ਨਿਵਾਰ॥
ਉਸ ਪ੍ਰਾਨੀ ਦੀ ਦੁਰਲਭ ਦੇਹ ਦਾ, ਪਲ ਵਿਚ ਹੋ ਜਾਂਦੈ ਉਧਾਰ॥
(੩) ਨਿਰਮਲ ਉਸ ਦੀ ਸੋਭਾ ਹੋਵੇ, ਅੰਮ੍ਰਿਤ ਵਰਗੇ ਉਸ ਦੇ ਬੋਲ॥
ਉਸ ਦੇ ਮਨ ਸਮਾਇਆ ਰਹਿੰਦਾ, ਨਾਮ ਮੇਰੇ ਪ੍ਰਭ ਦਾ ਅਣਮੋਲ॥
(੪) ਦੁੱਖ, ਰੋਗ, ਡਰ, ਵਹਿਮ ਓਸ ਦੇ, ਹੋ ਜਾਂਦੇ ਨੇ ਸਾਰੇ ਨਾਸ॥
ਸਾਧ ਨਾਮ ਉਸ ਦਾ ਪੈ ਜਾਂਦਾ, ਉਹ ਬਣ ਜਾਵੇ ਨਿਰਮਲ ਖਾਸ॥
(੫) ਸਭ ਤੋਂ ਉੱਚੀ ਸੋਭਾ ਉਸ ਦੀ, ਪਰਲੋ ਤੀਕ ਹੈ ਰਹਿਣੀ ਬਣੀ॥
ਪਿਆਰੇ ਇਹਨਾਂ ਗੁਣਾਂ ਦੇ ਸਦਕੇ, ਇਸ ਬਾਣੀ ਦਾ ਨਾਮ ਸੁਖਮਨੀ॥

ਸਾਡੇ ਸਹਿਯੋਗੀ

1. ਸ. ਹਰਗੋਬਿੰਦ ਸਿੰਘ ਜੀ ਗਰੇਵਾਲ, ਯੂ.ਕੇ, ਬਿਡਸਨ ਪਿਛੋਕੜ ਲੁਧਿਆਣਾ।
2. ਮੇਰੇ ਚਾਚਾ ਜੀ ਦੇ ਵੱਡੇ ਸਪੁੱਤਰ ਮੇਰੇ ਵੀਰ ਸ. ਹਰਭਜਨ ਸਿੰਘ ਜੀ ਜੱਬਲ, ਯੂ.ਕੇ. ਸਲੋਹ ਪਿਛੋਕੜ ਮਾਨਾ ਤਲਵੰਡੀ ਜ਼ਿਲ੍ਹਾ ਕਪੂਰਥਲਾ।
3. ਸ. ਹਰੀ ਸਿੰਘ ਮਥਾਰੂ, ਕੋਆਰਡੀਨੇਟਰ ਸੰਤ ਸਿਪਾਹੀ ਵਿਚਾਰ ਮੰਚ ਗੁੜਗਾਉਂ।
4. ਸ. ਅਜੀਤ ਸਿੰਘ ਊਭੀ, ਯੂ.ਕੇ. ਬਰਮਿੰਘਮ, ਪਿਛੋਕੜ ਮਲੀਆਂ, ਨਜ਼ਦੀਕ ਕਰਤਾਰਪੁਰ, ਜ਼ਿਲ੍ਹਾ ਜਲੰਧਰ।
5. ਭਾਈ ਕੁਲਤਾਰ ਸਿੰਘ ਰਾਗੀ ਪੁੱਤਰ ਭਾਈ ਅਵਤਾਰ ਸਿੰਘ ਰਾਗੀ, ਦਿੱਲੀ, ਪਿਛੋਕੜ ਸੈਦਪੁਰ, ਨਜ਼ਦੀਕ ਸੁਲਤਾਨਪੁਰ ਲੋਧੀ।
6. ਸ. ਇੰਦਰਜੀਤ ਘੁੰਗਰਾਲੀ, ਮੁੱਖ ਸੰਪਾਦਕ 'ਸਾਡਾ ਪੰਜਾਬ' ਜਲੰਧਰ।
7. ਸ. ਅਮਰਜੀਤ ਸਿੰਘ ਜੀ ਮਦਾਨ, ਪ੍ਰੀਤ ਵਾਚ ਕੰਪਨੀ, ਕਪੂਰਥਲਾ।
8. ਸ. ਕਰਮਜੀਤ ਸਿੰਘ ਇੰਜ. ਤੇ ਬੀਬੀ ਹਰਜਿੰਦਰ ਕੌਰ, 12-ਬੀ, ਸਿਲਵਰ ਹਾਈਟਸ ਨੇੜੇ ਵਡਾਲਾ ਚੌਂਕ ਜਲੰਧਰ।
9. ਸੁਰਿੰਦਰ ਸਿੰਘ ਚੌਧਰੀ ਐਮ.ਐਲ.ਏ. ਸਪੁੱਤਰ ਸਵ.ਚੌਧਰੀ ਜਗਜੀਤ ਸਿੰਘ, ਪ੍ਰਧਾਨ ਐੱਮ.ਜੀ.ਐੱਸ., ਜਨਤਾ ਕਾਲਜ, ਕਰਤਾਰਪੁਰ।
10. ਸ. ਹਰਦੀਪ ਸਿੰਘ ਜੀ ਘਟਾਉੜਾ ਮਾਲਕ, ਆਤਮਾ ਮਕੈਨੀਕਲ ਵਰਕਸ, ਜੀ.ਟੀ. ਰੋਡ ਕਰਤਾਰਪੁਰ।
11. ਰਮੇਸ਼ ਕੁਮਾਰ ਮਾਘੋ ਜੀ ਜਲੰਧਰ, ਨਜਦੀਕ ਡੀ.ਏ.ਵੀ. ਫਾਟਕ, ਜਲੰਧਰ।
12. ਸ. ਗੁਰਚਰਨ ਸਿੰਘ 'ਚਰਨ' ਪ੍ਰਧਾਨ ਕਵੀ ਸਭਾ ਦਿੱਲੀ।
13. ਗਿਆਨੀ ਰਣਜੀਤ ਕੌਰ, ਬੀ.ਏ. ਡੁਬਈ
14. ਭਾਈ ਸੁਰਿੰਦਰ ਸਿੰਘ ਹੈੱਡ ਗ੍ਰੰਥੀ, ਗੁਰਦੁਆਰਾ ਅਜਮਾਨ, ਡੁਬਈ।
15. ਗਿਆਨੀ ਅਮਰ ਇਕਬਾਲ ਸਿੰਘ ਜੀ, ਕਥਾ ਵਾਚਕ ਲੁਧਿਆਣਾ।
16. ਗਿਆਨੀ ਰਘਬੀਰ ਸਿੰਘ ਦੀਵਾਨਾ, ਪੰਥ ਪ੍ਰਸਿੱਧ ਰਾਗੀ, ਭੋਗਪੁਰ।
17. ਸ. ਬਲਦੇਵ ਸਿੰਘ ਬੁਲੰਦਪੁਰੀ ਸਾਹਿਬ, ਮੁੱਖ ਸੇਵਾਦਾਰ ਦਰਬਾਰ ਸ੍ਰੀ ਗੁਰੂ ਗ੍ਰੰਥ ਸਾਹਿਬ, ਨਜ਼ਦੀਕ ਮਹਿਤਪੁਰ।
18. ਡਾ. ਸਰਬਜੀਤ ਕੌਰ ਸੰਧਾਵਲੀਆ, ਪ੍ਰਿੰਸੀਪਲ ਸ਼ਾਇਰ ਅਤੇ ਸਾਹਿਤਕਾਰ।
19. ਗਿਆਨੀ ਸੁਖਵਿੰਦਰ ਸਿੰਘ ਕਥਾ ਵਾਚਕ, ਤਰਨਤਾਰਨੀ, ਹਾਲ ਕਾਕੜ ਕਲਾਂ, ਸ਼ਾਹਕੋਟ
20. ਪ੍ਰਸਿੱਧ ਢਾਡੀ ਜੱਥਾ ਸ. ਸਰੂਪ ਸਿੰਘ ਜੀ ਕੁੜਿਆਣਾ, ਨਵਾਂਸ਼ਹਿਰ
21. ਡਾ. ਰਾਜਿੰਦਰ ਸਿੰਘ ਜੀ, ਸੰਪਾਦਕ ਖੁਸ਼ਖਬਰੀ, ਜਲੰਧਰ।

22. ਸ੍ਰੀ ਗੀ.ਐਲ. ਲੱਕੀ ਜੀ, ਜਨਰਲ ਸਕੱਤਰ ਮਹਾਂ ਕਵੀ ਸੰਤੋਖ ਸਿੰਘ।
23. ਡਾ. ਸਰਵਨ ਸਿੰਘ ਜੀ ਠੇਟੀ, ਐਮ.ਬੀ.ਬੀ.ਐੱਸ., ਸੁਲਤਾਨਪੁਰ ਲੋਧੀ।
24. ਸ. ਤਰਲੋਚਨ ਸਿੰਘ ਜੀ ਚਾਨਾ, ਮੈਂਬਰ ਗੁਰਦੁਆਰਾ ਬੇਬੇ ਨਾਨਕੀ, ਸੁਲਤਾਨਪੁਰ ਲੋਧੀ।
25. ਸ. ਜੈਪਾਲ ਸਿੰਘ ਜੀ, ਯੂ.ਕੇ., ਮੈਂਬਰ ਗੁਰਦੁਆਰਾ ਬੇਬੇ ਨਾਨਕੀ ਜੀ, ਸੁਲਤਾਨਪੁਰ ਲੋਧੀ।
26. ਸ. ਰਤਨ ਸਿੰਘ, ਪ੍ਰਧਾਨ ਗੁਰਦੁਆਰਾ ਅਜਮਾਨ, ਡੁਬਈ, ਹਾਲ ਕਾਕੜ ਕਲਾਂ, ਸ਼ਾਹਕੋਟ
27. ਬਾਬਾ ਲੀਡਰ ਸਿੰਘ ਜੀ (ਮੌਜੂਦਾ ਮੁਖੀ) ਗੁਰਦੁਆਰਾ ਗੁਰਸਰ ਸਾਹਿਬ, ਪਾਤਸ਼ਾਹੀ ਛੇਵੀਂ, ਸੈਫਲਾਬਾਦ, ਕਪੂਰਥਲਾ, ਪੰਜਾਬ।
28. ਦਾਸ ਦਇਆ ਸਿੰਘ (ਮੁੱਖ ਸੇਵਾਦਾਰ) ਗੁਰਦੁਆਰਾ ਟਾਹਲੀ ਸਾਹਿਬ ਪਾਤਸ਼ਾਹੀ ਛੇਵੀਂ ਬਲ੍ਹੇਰ ਖਾਨਪੁਰ, ਕਪੂਰਥਲਾ, ਪੰਜਾਬ।
29. ਸ. ਗੁਰਦਿਆਲ ਸਿੰਘ ਮੈਨੇਜਰ ਗੁਰਦੁਆਰਾ ਬੇਬੇ ਨਾਨਕੀ ਜੀ, ਸੁਲਤਾਨਪੁਰ ਲੋਧੀ।



ਅਨੂਪ ਸਿੰਘ 'ਨੂਰੀ'

ਬਾਣੀ ਦੇ ਵਾਰਤਕ ਟੀਕੇ ਤਾਂ ਕਈ ਵਿਦਵਾਨਾਂ ਨੇ ਕੀਤੇ ਹਨ ਪਰ ਕਵੀ ਅਨੂਪ ਸਿੰਘ ਨੂਰੀ ਨੇ ਜਪੁਜੀ ਅਤੇ ਸੁਖਮਨੀ ਦਾ ਕਾਵਿਕ ਅਨੁਵਾਦ ਕਰਕੇ ਬੇਹੱਦ ਮਾਣ ਪ੍ਰਾਪਤ ਕੀਤਾ। ਉਹ ਹੁਣ ਤੱਕ ਡੇਢ ਦਰਜਨ ਧਾਰਮਿਕ ਕਿਤਾਬਾਂ ਪਾਠਕਾਂ ਦੀ ਝੋਲੀ ਪਾ ਚੁੱਕੇ ਹਨ। ਉਹ ਮਾਲ ਵਿਭਾਗ ਵਿਚ ਬਤੌਰ ਕਾਨੂੰਨਗੋ ਸੇਵਾ ਮੁਕਤ ਹੋਣ ਤੋਂ ਬਾਅਦ 8 ਸਾਲ ਗੁਰਦੁਆਰਾ ਬੇਬੇ ਨਾਨਕੀ, ਸੁਲਤਾਨਪੁਰ ਵਿਖੇ ਮੈਨੇਜਰ ਰਹੇ।

ਪੁਸਤਕ ਸੁਖਮਨੀ ਦੇ ਨੂਰ ਸਾਹਿਤ ਸਭਾ ਨੰਦਪੁਰ ਕਲੌੜ ਵੱਲੋਂ ਜਿਥੇ ਗਿਆਨੀ ਦਿੱਤ ਸਿੰਘ ਐਵਾਰਡ ਨਾਲ ਨਿਵਾਜ਼ਿਆ ਗਿਆ, ਉਥੇ ਲੇਖਕ ਰਾਮਗੜ੍ਹੀਆ ਯੂਥ ਆਰਗੇਨਾਈਜੇਸ਼ਨ ਵੱਲੋਂ ਉੱਤਮ ਸਾਹਿਤਕਾਰ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ ਹੈ।

ਮੈਂ ਅਤੇ ਮੇਰੀ ਧਰਮ ਪਤਨੀ ਪ੍ਰੋ. ਡਾ. ਬਲਵਿੰਦਰ ਕੌਰ ਨੂਰੀ ਸਾਹਿਬ ਦੇ ਇਸ ਕਾਰਜ ਲਈ ਮੁਬਾਰਕ ਦਿੰਦੇ ਹੋਏ ਉਨ੍ਹਾਂ ਦੀ ਸਰੀਰਕ ਤੰਦਰੁਸਤੀ ਅਤੇ ਲੰਮੀ ਉਮਰ ਦੀ ਕਾਮਨਾ ਕਰਦੇ ਹਾਂ।

-ਡਾ. ਗੋਬਿੰਦ ਸਿੰਘ

ਪ੍ਰਿੰਸੀਪਲ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ

ਭਗਤਾ ਭਾਈ ਕਾ, ਬਠਿੰਡਾ

5 ਆਬ
Parkashan, Jalandhar

1-2 Desh Bhagat Yadgar Building
G.T. Road, Jalandhar, Punjab, India
Phone : 98140-87063
5aabparkashan@gmail.com
www.5aabparkashan.com

₹ 350/-